Voice of Social Concerns
Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com
ਸਾਲ-5, ਅੰਕ-2, ਮਾਰਚ 2015
Website: www.ppapmg.com

HARBANS SINGH 416-817-7142 DEVINDER TOOR 416-902-9372 MASTER BHAJAN SINGH 403-455-4220 Registration No. 210836300

## ਸੰਪਾਦਕੀ



ਸ਼ਹੀਦੇ ਰਤਨ, ਫ਼ਕਰ-ਏ-ਕੌਮ ਅਤੇ ਜੁਝਾਰੂ ਸੋਚ ਦੇ ਮਾਲਕ ਸ੍ਰ. ਭਗਤ ਸਿੰਘ ਦਾ ਨਾਂ ਲੈਂਦਿਆਂ ਹੀ ਸਾਡਾ ਸਿਰ ਉਨ੍ਹਾਂ ਪ੍ਰਤੀ ਸਤਿਕਾਰ ਨਾਲ ਝੁੱਕ ਜਾਂਦਾ ਹੈ। 'ਪੱਗੜੀ ਸੰਭਾਲ ਜੱਟਾ' ਲਹਿਰ ਦੇ ਬਾਨੀ ਸ੍ਰ. ਅਜੀਤ ਸਿੰਘ ਦੇ ਅਣਖੀਲੇ ਭਤੀਜੇ ਨੇ ਪਹਿਲੀ ਕਿਲਕਾਰੀ ਮਿਤੀ 28.9.1907 ਈ. ਨੂੰ ਬੰਗੇ ਚੱਕ, ਜ਼ਿਲ੍ਹਾ ਲਾਇਲਪੁਰ (ਪਾਕਿਸਤਾਨ) ਦੀ ਧਰਤੀ 'ਤੇ ਮਾਰੀ। ਇਸ ਕ੍ਰਾਂਤੀਕਾਰੀ ਕਿਲਕਾਰੀ ਦੇ ਵੱਜਦਿਆਂ ਹੀ ਗੋਰੀ ਸਰਕਾਰ ਅੰਦਰ ਸਹਿਮ ਦੀ ਭਾਵਨਾ ਪੈਦਾ ਹੋ ਗਈ। ਜਿਸਦਾ ਪ੍ਰਤੱਖ ਰੂਪ ਜਲ੍ਹਿਆਂਵਾਲੇ ਬਾਗ ਦੀ ਘਟਨਾ ਤੋਂ ਬਾਅਦ ਅੰਗਰੇਜ਼ੀ ਸਰਕਾਰ ਨੇ ਆਪਣੀ ਅੱਖੀਂ ਵੇਖਿਆ। ਜਵਾਲਾਮੁਖੀ ਕਹਿਰ ਵਿਚ ਬਦਲ ਗਈ। ਉਸਨੇ ਅੰਗਰੇਜ਼ੀ ਸਰਕਾਰ ਦੀਆਂ ਜੜ੍ਹਾਂ ਪੁੱਟਣ ਲਈ ਸਿਰ ਤੋੜ ਯਤਨ ਕੀਤੇ। ਭਾਰਤ ਵਿਚੋਂ ਗੋਰੀ ਸਰਕਾਰ ਨੂੰ ਕੱਢਣ ਲਈ ਕਈ ਵਿਚਾਰਾਂ ਅਤੇ ਲਹਿਰਾਂ ਨੂੰ ਜਨਮ ਦਿੱਤਾ ਅਤੇ ਇਨ੍ਹਾਂ ਨਾਲ ਰਲ ਕੇ ਮੋਢੀ ਦੀ ਭੂਮਿਕਾ ਨਿਭਾਈ ਸ੍ਰ. ਭਗਤ ਸਿੰਘ ਨੇ ਆਪਣੇ ਸੁਪਨਿਆਂ ਦਾ ਭਾਰਤ ਸਿਰਜਣ ਲਈ ਕੋਈ ਕਸਰ ਬਾਕੀ ਨਾ ਛੱਡੀ। ਚੜ੍ਹੀ ਜਵਾਨੀ ਵਿਚ ਮੌਤ ਨੂੰ ਗਲੇ ਲਗਾ, ਰਾਹੋਂ ਕੁਰਾਹ ਕਰਦਾ ਯੋਧਾ ਦੇਸ਼ ਦੀ ਆਜ਼ਾਦੀ ਲਈ ਪੈੜਾਂ ਪਾਉਂਦਾ ਰਿਹਾ। ਗੋਰੀ ਸਰਕਾਰ ਦੇ ਲਾਲਚ ਅਤੇ ਤਸੀਹਿਆਂ ਦੀ ਪ੍ਰਵਾਹ ਕੀਤੇ ਬਿਨਾਂ ਸਰਦਾਰ ਨੇ ਭਾਰਤ ਮਾਂ ਨੂੰ ਰੱਜਵਾਂ ਪਿਆਰ ਦਿੱਤਾ। ਆਖਰ 1929 ਈ. ਵਿਚ ਹੋਈ ਅਸੈਂਬਲੀ ਬੰਬ ਘਟਨਾ ਤਹਿਤ ਸ੍ਰ. ਭਗਤ ਸਿੰਘ ਨੂੰ ਜੇਲ੍ਹ ਵਿਚ ਡੱਕ ਦਿੱਤਾ ਗਿਆ। ਜੇਲ੍ਹ ਜੀਵਨ ਦੌਰਾਨ ਕਈ ਗੈਰ ਕਾਨੂੰਨੀ ਧਾਰਾਵਾਂ ਲਗਾ ਕੇ ਉਸਦੀ ਰਿਹਾਈ ਤੇ ਪ੍ਰਸ਼ਨਚਿੰਨ੍ਹ ਲਗਾ ਦਿੱਤਾ। ਫਿਰ ਵੀ ਜੇਲ੍ਹ ਵਿਚ ਬੈਠਾ ਇਹ ਜਨੂੰਨੀ ਯੋਧਾ ਆਜ਼ਾਦੀ ਪ੍ਰਵਾਨਿਆਂ ਲਈ ਇਕ ਦੀਪ ਵਾਂਗ ਜਗਦਾ ਰਿਹਾ, ਏਥੇ ਹੀ ਵਸ ਨਹੀਂ ਗੋਰੀ ਸਰਕਾਰ ਦੇ ਕਾਲੇ ਕਾਨੂੰਨ ਵੀ ਇਸ ਦੀਪ ਦੀ ਰੌਸ਼ਨੀ ਘੱਟ ਨਾ ਕਰ ਸਕੇ। ਸਰਦਾਰ ਦੇ ਖੌਫ਼ ਤੋਂ ਡਰਦਿਆਂ ਅੰਗਰੇਜ਼ੀ ਹਕੂਮਤ ਨੇ ਇਸ ਨੂੰ ਫਾਂਸੀ ਦੀ ਸਜ਼ਾ ਸੁਣਾ ਦਿੱਤੀ ਪਰ ਇਹ ਸਜ਼ਾ ਵੀ ਆਜ਼ਾਦੀ ਪ੍ਰਵਾਨੇ ਦੇ ਤੇਵਰਾਂ ਨੂੰ ਠੰਡਾ ਨਾ ਕਰ ਸਕੀ। 23 ਮਾਰਚ 1931 ਨੂੰ ਸ੍ਰ. ਭਗਤ ਸਿੰਘ ਨੇ ਧਰਤੀ ਮਾਂ ਅੱਗੇ ਪ੍ਰਣਾਮ ਕਰਦਿਆਂ ਚਾਈਂ-ਚਾਈਂ ਫਾਂਸੀ ਦੇ ਫੰਦੇ ਨੂੰ ਚੁੰਮ ਲਿਆ। ਫਾਂਸੀ ਚੜ੍ਹਨ ਤੋਂ ਬਾਅਦ ਵੀ ਇਹ ਯੋਧਾ ਆਜ਼ਾਦੀ ਦੇ ਸੌਦਾਗਰਾਂ ਲਈ ਚਾਨਣ ਮੁਨਾਰਾ ਹੋ ਨਿਬੜਿਆ। ਇਸ ਤੋਂ ਅੱਗੇ ਆਜ਼ਾਦੀ ਸੌਦਾਗਰਾਂ ਨੇ ਆਪਣੀਆਂ ਜਾਨਾਂ ਤੇ ਖੇਡ ਕੇ ਆਪਣੇ ਵਤਨ ਨੂੰ ਆਜ਼ਾਦ ਕਰਵਾ ਲਿਆ।

ਪਰ ਅੱਜ ਇਕ ਗੱਲ ਸਾਨੂੰ ਵਾਰ ਵਾਰ ਸਤਾ ਰਹੀ ਹੈ ਕਿ ਆਜ਼ਾਦੀ ਦੇ 68 ਸਾਲ ਪੂਰੇ ਹੋਣ ਦੇ ਬਾਵਜੂਦ ਅਸੀਂ ਸ਼ਹੀਦਾਂ ਦੇ ਸੁਪਨਿਆਂ ਦਾ ਭਾਰਤ ਸਿਰਜਣ ਵਿਚ ਕਾਮਯਾਬ ਨਹੀਂ ਹੋਏ? ਸਾਡੀਆਂ ਸਰਕਾਰਾਂ ਨਾਕਾਮ ਕਿਉਂ ਰਹੀਆਂ? ਸਾਡੇ ਸੰਵਿਧਾਨ ਵਿਚ ਕੀ ਕਮਜ਼ੋਰੀਆਂ ਹਨ? ਇਹ ਸਾਰੇ ਸਵਾਲ ਅੱਜ ਦੇ ਰਾਜ ਨੇਤਾਵਾਂ ਉਪਰ ਅੱਖਾਂ ਗੱਡੀ ਖੜ੍ਹੇ ਹਨ। ਜਿਹੜੇ ਦੇਸ਼ ਪ੍ਰਤੀ ਵਫਾਦਾਰੀ ਹੋਣ ਦਾ ਫੋਕਾ ਢੌਂਗ ਕਰਕੇ ਸਾਡੇ ਸ਼ਹੀਦਾਂ ਦਾ ਅਪਮਾਨ ਕਰ ਰਹੇ ਹਨ। ਸਾਡੀਆਂ ਸਾਬਕਾ ਅਤੇ ਮੌਜੂਦਾ ਸਰਕਾਰਾਂ ਝੂਠ ਮਾਰ ਮਾਰ ਕੇ ਭੋਲੀ ਭਾਲੀ ਜਨਤਾ ਨੂੰ ਗੁੰਮਰਾਹ ਕਰ ਰਹੀਆਂ ਹਨ ਅਤੇ ਕਾਰਪੋਰੇਟ ਘਰਾਣਿਆਂ ਲਈ ਦਲਾਲੀ ਦਾ ਕੰਮ ਕਰ ਰਹੀਆਂ ਹਨ। ਕੁਝ ਸਮਾਂ ਪਹਿਲਾਂ ਜਿਹੜੀ ਜਨਤਾ ਮੋਦੀ ਸਰਕਾਰ ਨੂੰ ਲਿਆਉਣ ਲਈ ਤਰਲੋਮੱਛੀ ਹੋ ਰਹੀ ਸੀ। ਉਸ ਸਮੇਂ ਠੰਡੇ ਸਾਹ ਭਰਦੀ ਨਜ਼ਰ ਆਈ ਜਦੋਂ ਸਾਡੇ ਦੇਸ਼ ਦੇ ਰਹਿਨੁਮਾ ਮੋਦੀ ਸਾਹਿਬ ਦੇ ਪਹਿਰਾਵੇ ਦੀ ਨਿਲਾਮੀ 4 ਕਰੋੜ 31 ਲੱਖ 'ਤੇ ਜਾ ਛੁੱਟੀ ਜਿਸ ਨਾਲ ਜਨਤਾ ਦੇ ਦਿਲਾਂ ਵਿਚ ਬਚੇ ਸਭ ਭਰਮ ਭੁਲੇਖੇ ਦੂਰ ਹੋ ਗਏ।ਉਹ ਸਮਝ ਗਏ ਕਿ ਸਾਡੇ ਦੇਸ਼ ਦੀਆਂ ਦਲਾਲ ਸਰਕਾਰਾਂ ਅੰਬਾਨੀ ਅਤੇ ਦਲੀਪ ਸਾਂਘਵੀ ਵਰਗੇ ਕਾਰਪੋਰੇਟ ਘਰਾਣਿਆਂ ਦੀਆਂ ਕਠਪੁਤਲੀਆਂ ਹਨ। ਇਸੇ ਲਈ ਇਨ੍ਹਾਂ ਪਿਛਲੱਗੂ ਅਤੇ ਚਾਪਲੂਸ ਨੇਤਾਵਾਂ ਨੇ ਸਾਡੀ ਆਜ਼ਾਦੀ ਦੇ ਅਰਥ ਬਦਲ ਕੇ ਰੱਖ ਦਿੱਤੇ। ਇਸ ਦੇ ਨਾਲ ਹੀ ਗਰੀਬੀ ਵਿਚ ਪਿਸਦੇ ਵਰਗ ਦੀ ਆਸ ਸਾਡੇ ਸ਼ਹੀਦਾਂ ਦੇ ਸੁਪਨਿਆਂ ਵਾਂਗ ਚਕਨਾਚੂਰ ਹੋ ਗਈ। ਇਸ ਟੁੱਟੀ ਆਸ ਨੂੰ ਗੰਢਣ ਲਈ ਅੱਜ ਨਾ ਤਾਂ ਸਾਡਾ ਬੁੱਧੀਜੀਵੀ ਵਰਗ ਅੱਗੇ ਆ ਰਿਹਾ ਹੈ ਅਤੇ ਨਾ ਹੀ ਨਸ਼ਿਆਂ ਵਿਚ ਗਰਕੀ ਨੌਜਵਾਨ ਪੀੜ੍ਹੀ। ਅੰਤ ਸਾਰੀਆਂ ਸੰਭਾਵਨਾਵਾਂ ਨੂੰ ਭਾਂਪਦੇ ਹੋਏ ਇਹੀ ਕਿਹਾ ਜਾ ਸਕਦਾ ਹੈ ਕਿ ਅੱਜ ਤੋਂ ਬਾਅਦ ਸਾਡੀ ਧਰਤੀ ਮਾਂ ਦੀ ਕੁੱਖੋਂ ਭਗਤ ਸਿੰਘ ਵਰਗੇ ਸੂਰਮੇ ਜੰਮਦੇ ਨਜ਼ਰ ਨਹੀਂ ਆਉਣਗੇ। ਐਨਾ ਕਹਿੰਦਾ ਹੋਇਆ ਅੱਗੇ ਆਪਣੇ ਵਲੋਂ ਚਾਰ ਸੱਤਰਾਂ ਸ੍ਰ. ਭਗਤ ਸਿੰਘ ਦੀ ਸ਼ਰਧਾਂਜਲੀ ਹਿੱਤ ਲਿਖ ਰਿਹਾ ਹਾਂ:

ਜਦੋਂ ਜ਼ਾਲਮਾਂ ਅੱਤ ਮਚਾਈ,
ਸਾਡੀ ਧਰਤੀ ਮਾਂ ਕੁਰਲਾਈ।
ਉਦੋਂ ਆਪਣੀ ਅਣਖ ਦਿਖਾਈ,
ਜ਼ੋਰ, ਜਵਾਨੀ, ਚਾਵਾਂ ਨੇ।
ਹੁਣ ਨਾ ਭਗਤ ਸਿੰਘ ਯੋਧੇ,
ਏਥੇ ਜੰਮਣੇ ਮਾਵਾਂ ਨੇ।

- ਹਰਬੰਸ ਸਿੰਘ



11

Anger pours out on the streets of the capital against nconstitutional, anti-farmer Land Ordinance



17

ਹਰ ਧੜਕਣ ਪਰ ਖ਼ੌਫ਼ ਕੇ ਪਹਿਰੇ, ਹਰ ਆਂਸੂ ਪਰ ਪਾਬੰਦੀ !



22

ਔਰਤ ਅਪਰਾਧਾਂ ਦੇ ਖਾਤਮੇ ਲਈ ਨਿੱਜੀ ਮਾਲਕੀ ਦਾ ਖਾਤਮਾ ਜ਼ਰੂਰੀ



33

ਦਿੱਲੀ ਹੁਣ ਦੂਰ ਨਹੀਂ

SUPER VISA INSURANCE
PUNJAB INSURANCE INC.
• Life Insurance • Mortgage Insurance
• Critical Illness Insurance • Disability Insurance
• RESP, RRSP
www.punjabinsurance.ca



Sherjang Singh Rana
416.910.9000



Ravinder Singh Basra
416.845.6232

# ਭਾਰਤੀ ਸਿਆਸਤਦਾਨਾਂ ਦੀ ਮੌਕਾਪ੍ਰਸਤੀ ਅਤੇ ਸ਼ਹੀਦ ਭਗਤ ਸਿੰਘ ਵਿਚਾਰ



ਜਸਵੰਤ ਜੀਰਖ

ਰਾਜ ਗੱਦੀਆਂ ਅਤੇ ਅਖੌਤੀ ਧਾਰਮਿਕ ਸੰਸਥਾਵਾਂ ਦੇ ਆਗੂਆਂ ਦੀਆਂ ਕੁਰਸੀਆਂ ’ਤੇ ਬਿਰਾਜਮਾਨ ਬਾਬਰ ਅਤੇ ਔਰੰਗਜੇਬ ਦੇ ਵਾਰਸ ਆਪਣੇ ਆਪ ਨੂੰ ਧਰਮ ਦੇ ਰਾਖੇ ਕਹਾਉਂਦੇ ਫੁੱਲੇ ਨਹੀਂ ਸਮਾਉਂਦੇ। ਬਾਰੇ ਬਾਰੇ ਸਿੱਖਾਂ ਦੀਆਂ ਕੁਰਬਾਨੀਆਂ ਦਾ ਢੰਡੋਰਾ ਪਿੱਟ ਰਹੇ ਅਖੌਤੀ ਸਿੱਖ ਆਗੂਆਂ ਵਲੋਂ ਗ਼ਦਰੀ ਬਾਬਿਆਂ, ਭਗਤ ਸਰਾਭਿਆਂ ਅਤੇ ਬੱਬਰ ਅਕਾਲੀਆਂ ਨੂੰ ਆਪਣੇ ਪੁਰਖੇ ਕਹਿੰਦਿਆਂ ਭੋਰਾ ਵੀ ਸ਼ਰਮਾ ਨਹੀਂ ਆਉਂਦੀ। ਪਰ ਇਨ੍ਹਾਂ ਦੀ ਜ਼ੁਬਾਨ ਨੂੰ ਉਦੋਂ ਤਾਲਾ ਲੱਗ ਜਾਂਦਾ ਹੈ ਜਦੋਂ ਇਨ੍ਹਾਂ ਦੇ ਦਾਦੇ ਪੜਦਾਦਿਆਂ, ਨਾਨਿਆਂ ਦਾ ਇਤਿਹਾਸ ਇਨ੍ਹਾਂ ਦੇ ਮੂੰਹ ’ਤੇ ਥੁੱਕਦਾ ਹੈ। ਕਿਉਂਕਿ ਇਨ੍ਹਾਂ ਦੇ ਵਡੇਰਿਆਂ ਦੇ ਕਾਰਨਾਮੇ ਕੋਈ ਬਹਾਦਰਾਂ ਵਾਲੇ ਨਹੀਂ ਸਗੋਂ ਗਦਾਰਾਂ ਵਾਲੇ ਹਨ, ਜਿਹੜੇ ਅੰਦਰੇਜ਼ਾਂ ਦੇ ਚਾਪਲੂਸ ਬਣੇ ਹੋਏ ਸਨ। ਅੰਗਰੇਜ਼ਾਂ ਨੂੰ ਖ਼ੁਸ਼ ਕਰਨ ਲਈ ਉਹ ਪੰਜਾਬ ਦੇ ਖ਼ੂਹਾਂ ਵਿਚ ਇਸ ਕਰਕੇ ਗੋਹਾ ਘੋਲ ਦਿੰਦੇ ਸਨ ਤਾਂ ਕਿ ਦੇਸ਼ ਦੀ ਆਜ਼ਾਦੀ ਲਈ ਵਿਦਰੋਹ ਕਰਨ ਵਾਲੇ ਬੱਬਰ, ਗ਼ਦਰੀ ਉਨ੍ਹਾਂ ਵਿਚੋਂ ਪਾਣੀ ਨਾ ਪੀ ਸਕਣ। ਜਲਿਆਂਵਾਲਾ ਬਾਗ ਵਿਚ ਅਨੇਕਾਂ ਪੰਜਾਬੀਆਂ ਦੇ ਕਾਤਲ ਅੰਗਰੇਜ਼ ਨੂੰ ਸਿਰੋਪੇ ਦੇ ਕੇ ਸਨਮਾਨਿਤ ਕਰਨ ਵਾਲੇ ਵੀ ਇਨ੍ਹਾਂ ਵਿਚੋਂ ਹੀ ਸਨ। ਅੰਗਰੇਜ਼ਾਂ ਦੀ ਚਾਪਲੂਸੀ ਦੇ ਇਵਜ਼ ਅਤੇ ਭਾਰਤੀ ਲੋਕਾਂ ਨਾਲ ਗਦਾਰੀਆਂ ਕਰਨ ਬਦਲੇ ਹੀ ਉਨ੍ਹਾਂ ਨੂੰ ਜਗੀਰਾਂ ਅਤੇ ਜ਼ੈਲਦਾਰੀਆਂ ਦੇ ਕੇ ਅੰਗਰੇਜ਼ਾਂ ਵਲੋਂ ਆਪਣੀ ਸੇਵਾ ਦਾ ਮੁੱਲ ਤਾਰਿਆ ਗਿਆ ਸੀ। ਇਸ ਤਰ੍ਹਾਂ ਨਾ ਬੱਬਰ ਤੇ ਨਾ ਗਦਰੀ ਅਤੇ ਨਾ ਹੀ ਭਗਤ ਸਿੰਘ ਤੇ ਸਰਾਭੇ ਵਰਗੇ ਅਨੇਕਾਂ ਸੂਰਬੀਰ ਇਨ੍ਹਾਂ ’ਚੋਂ ਸਨ। ਇਨ੍ਹਾਂ ਯੋਧਿਆਂ ਦੀਆਂ ਕੁਰਬਾਨੀਆਂ ਆਪਣੀਆਂ ਗੱਦੀਆਂ ਸਲਾਮਤ ਰੱਖਣ ਲਈ ਵਰਤਕੇ ਸਿਆਸੀ ਰੋਟੀਆਂ ਸੇਕਣ ਵਾਲੇ ਅਖੌਤੀ ਲੀਡਰਾਂ ਨੂੰ ਕੀ ਹੱਕ ਹੈ ਕਿ ਉਹ ਕਿਰਤੀ ਲੋਕਾਂ ਦੀ ਆਜ਼ਾਦੀ ਲਈ ਕੁਰਬਾਨ ਹੋਣ ਵਾਲੇ ਸ਼ਹੀਦਾਂ ਦਾ ਨਾਮ ਆਪਣੀ ਜ਼ੁਬਾਨ ’ਤੇ ਲਿਆਉਣ? ਜੇ ਅੰਗਰੇਜ਼ ਰਾਜ ਸਮੇਂ ਹੱਕ ਮੰਗਦੇ ਲੋਕਾਂ ਉਪਰ ਲਾਠੀਆਂ, ਗੋਲੀਆਂ ਚਲਾਈਆਂ ਜਾਂਦੀਆਂ ਸਨ ਤਾਂ ਅੱਜ ਅੰਗਰੇਜ਼ਾਂ ਤੋਂ ਬਾਅਦ ਵੀ ਉਨ੍ਹਾਂ ਦੀਆਂ ਗੱਦੀਆਂ ’ਤੇ ਬੈਠੇ ਭਾਰਤੀ ਹਾਕਮਾਂ ਵਲੋਂ ਉਹੀ ਕੁਝ ਸ਼ਰੇਆਮ ਕੀਤਾ ਜਾ ਰਿਹਾ ਹੈ। ਹੱਕ ਮੰਗਦੇ ਮਜ਼ਦੂਰਾਂ, ਕਿਸਾਨਾਂ, ਬੇਰੁਜ਼ਗਾਰਾਂ, ਮੁਲਾਜ਼ਮਾਂ ਨੂੰ ਆਏ ਰੋਜ਼ ਸੜਕਾਂ ’ਤੇ ਕੁੱਟਿਆ ਜਾ ਰਿਹਾ ਹੈ ਤੇ ਉਨ੍ਹਾਂ ਦੀਆਂ ਪੱਗਾਂ ਤੇ ਚੁੰਨੀਆਂ ਪੈਰਾਂ ਹੇਠ ਲਤਾੜੀਆਂ ਜਾ ਰਹੀਆਂ ਹਨ। ਵਿਦੇਸ਼ਾਂ ਵਿਚ ਸਿੱਖਾਂ ਦੀਆਂ ਪੱਗਾਂ ਦੀ ਬੇਇੱਜ਼ਤੀ ਬਾਰੇ ਬੋਲਣ ਵਾਲੇ ਧਾਰਮਿਕ ਮੁਖੀਆਂ ਨੂੰ ਪੰਜਾਬ ਵਿਚ ਰੁਲ ਰਹੀਆਂ ਪੱਗਾਂ ਅਤੇ ਧੀਆਂ ਦੀਆਂ ਚੁੰਨੀਆਂ ਨਹੀਂ ਦਿਸ ਰਹੀਆਂ। ਇਹ ਵੀ ਹਕੂਮਤਾਂ ਦੀ ਸੁਰ ਵਿਚ ਸੁਰ ਮਿਲਾਕੇ ਇਸ ਗੱਲ ਦੀ ਹਾਮੀ ਭਰ ਰਹੇ ਹਨ ਕਿ ਉਨ੍ਹਾਂ ਨੂੰ ਕਿਸੇ ਅਸੂਲ ਦੀ ਨਹੀਂ ਸਗੋਂ ਹਕੂਮਤਾਂ ਦੀ ਲੋੜ ਹੈ। ਸਿੱਖੀ ਦੇ ਨਾਂ ਤੇ ਸਿਆਸਤ ਅਤੇ ਧਰਮਾਂ ਦੀ ਗੱਲ ਕਰਨ ਵਾਲਿਆਂ ਕੋਲ ਕੀ ਇਨ੍ਹਾਂ ਗੱਲਾਂ ਦਾ ਕੋਈ ਜਵਾਬ ਹੈ?

ਪਿਛਲੇ ਸਮੇਂ ਵਿਚ ਪੰਜਾਬ ਦੀ ਅਕਾਲੀ ਸਰਕਾਰ ਤੋਂ ਵੱਖ ਹੋਏ ਸਾਬਕਾ ਮੰਤਰੀ (ਮਨਪ੍ਰੀਤ ਸਿੰਘ ਬਾਦਲ) ਵਲੋਂ ਆਪਣੀ ਵੱਖਰੀ ਪਾਰਟੀ ਬਣਾਕੇ ਸ਼ਹੀਦ ਭਗਤ ਸਿੰਘ ਦਾ ਨਾਂ ਵਰਤਕੇ ਸਿਸਟਮ ਬਦਲਣ ਦਾ ਅਡੰਬਰ ਰਚਿਆ ਗਿਆ। ਪੰਜਾਬ ਵਿਚ ਦੋ ਖੱਬੇ ਪੱਖੀ ਅਖਵਾਉਣ ਵਾਲੀਆਂ ਪਾਰਟੀਆਂ (ਸੀ. ਪੀ. ਆਈ. ਅਤੇ ਸੀ. ਪੀ. ਆਈ. ਐਮ.) ਨੇ ਵੀ ਇਸ ਦਾ ਸਮਰਥਨ ਕੀਤਾ। ਇਸ ਦਾ ਅਸਲ ਚਿਹਰਾ ਉਦੋਂ ਵੇਖਣ ਨੂੰ ਮਿਲਿਆ ਜਦੋਂ ਪੰਜਾਬ ਵਿਚ ਲੁਧਿਆਣਾ ਦੇ ਪੰਜਾਬੀ ਭਵਨ ਵਿਖੇ ਇਨ੍ਹਾਂ ਵਲੋਂ ਇਕ ਬੁੱਧੀਜੀਵੀ ਕਾਨਫਰੰਸ ਕੀਤੀ ਗਈ। ਇਸ ਕਾਨਫਰੰਸ ਵਿਚ ਜਿਥੇ ਹੋਰ ਲੋਕਾਂ ਵਲੋਂ ਵੀ ਕਈ ਤਰ੍ਹਾਂ ਦੇ ਸਵਾਲ ਸ੍ਰ. ਮਨਪ੍ਰੀਤ ਸਿੰਘ ਬਾਦਲ ਨੂੰ ਕੀਤੇ ਗਏ, ਉਥੇ ਮੈਨੂੰ ਵੀ ਆਪਣੇ ਸਵਾਲ ਕਰਨ ਦਾ ਮੌਕਾ ਮਿਲਿਆ। ਮੇਰਾ ਪਹਿਲਾ ਸਵਾਲ ਸੀ ਕਿ ਤੁਸੀਂ ਇਕ ਪਾਸੇ ਤਾਂ ਸ਼ਹੀਦ ਭਗਤ ਸਿੰਘ ਵਾਲੇ ਇਨਕਲਾਬ ਦੀ ਗੱਲ ਕਰਕੇ ਇਥੇ ਸਿਸਟਮ ਬਦਲਣ ਦੇ ਹਾਮੀ ਹੋ, ਪਰ ਦੂਜੇ



ਪਾਸੇ ਅਜਿਹੀਆਂ ਵਿਦੇਸ਼ੀ ਕੰਪਨੀਆਂ ਨੂੰ ਦੇਸ਼ ਵਿਚ ਵਪਾਰ ਕਰਨ ਦੇ ਸੱਦੇ ਦੇ ਰਹੇ ਹੋ ਜਿਨ੍ਹਾਂ ’ਚੋਂ ਇਕ ਨੇ ਸ਼ਹੀਦ ਭਗਤ ਸਿੰਘ ’ਤੇ ਅਨੇਕਾਂ ਹੋਰ ਦੇਸ਼ ਭਗਤਾਂ ਨੂੰ ਫਾਂਸੀਆਂ ’ਤੇ ਲਟਕਾਉਣ ਦੀ ਭੂਮਿਕਾ ਨਿਭਾਈ। ਦੂਜਾ ਸਵਾਲ ਸੀ ਕਿ ਪੰਜਾਬ ਵਿਚ ਜਿਹੜੀਆਂ ਖੱਬੀਆਂ ਅਖ਼ਵਾਉਣ ਵਾਲੀਆਂ ਪਾਰਟੀਆਂ ਨਾਲ ਤੁਸੀਂ ਸਮਝੌਤਾ ਕੀਤਾ ਹੋਇਆ ਹੈ ਉਹ ਵਿਦੇਸ਼ੀ ਕੰਪਨੀਆਂ ਨੂੰ ਭਾਰਤ ਵਿਚ ਬੁਲਾਉਣ ਦਾ ਵਿਰੋਧ ਕਰ ਰਹੀਆਂ ਹਨ, ਇਹ ਬੇਅਸੂਲਾ ਸਮਝੌਤਾ ਕਿਵੇਂ ਹੋ ਗਿਆ? ਤੀਜਾ ਸਵਾਲ ਸੀ ਕਿ ਜਿਹੜੀਆਂ ਕੰਪਨੀਆਂ ਰਾਹੀਂ ਤੁਸੀਂ ਦੇਸ਼ ਦੀ ਤਰੱਕੀ ਦੀ ਗੱਲ ਕਰ ਰਹੇ ਹੋ, ਉਨ੍ਹਾਂ ਦਾ ਕੰਮ ‘ਸਦਮਾ ਸਿਧਾਂਤ’ ਨਾਂ ਦੀ ਪੁਸਤਕ ਵਿਚ ਵੇਖਿਆ ਜਾ ਸਕਦਾ ਹੈ ਕਿ ਉਹ ਕਿਵੇਂ ਸਦਮੇਂ (ਦੁੱਖ) ਪੈਦਾ ਕਰਕੇ ਫਿਰ ਉਨ੍ਹਾਂ ਨੂੰ ਦੂਰ ਕਰਨ ਲਈ ਕਾਨੂੰਨ ਬਣਾਉਣ ਦੇ ਨਾਮ ’ਤੇ ਲੋਕਾਂ ਨੂੰ ਲੁੱਟਦੀਆਂ ਹਨ। ਇਨ੍ਹਾਂ ਸਵਾਲਾਂ ਦਾ ਕੋਈ ਤਸੱਲੀਬਖਸ਼ ਜਵਾਬ ਦੇਣ ਦੀ ਬਜਾਏ ਸ੍ਰ. ਮਨਜੀਤ ਸਿੰਘ ਇਹ ਗੱਲ ਕਹਿ ਗਏ ਕਿ ਮੈਂ ਕਿਸੇ ਦੇ ਪਿਛੇ ਲੱਗ ਕੇ ਚੱਲਣ ਵਾਲਾ ਨਹੀਂ। ਇਹੋ ਜਿਹਾ ਸੀ ਉਸ ਦਾ ਖੱਬੀਆਂ ਕਹਾਉਣ ਵਾਲੀਆਂ ਪਾਰਟੀਆਂ ਨਾਲ ਸਮਝੌਤਾ। ਇਥੇ ਇਹ ਦੱਸਣ ਤੋਂ ਮੇਰਾ ਭਾਵ ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਤੋਂ ਹੈ ਕਿ ਕਿਵੇਂ ਸ਼ਹੀਦਾਂ ਦਾ ਨਾਮ ਵਰਤਕੇ ਇਹ ਸਿਆਸੀ ਲੋਕ ਆਪਣਾ ਉੱਲੂ ਸਿੱਧਾ ਕਰਨ ਲਈ ਲੋਕਾਂ ਨੂੰ ਗੁੰਮਰਾਹ ਕਰਨ ’ਚ ਦੇਰੀ ਨਹੀਂ ਲਾਉਂਦੇ। ਅਖੀਰ ਇਲੈਕਸ਼ਨਾਂ ਵਿਚ ਉਸ ਦਾ ਜੋ ਹਸਰ ਹੋਇਆ ਉਹ ਸਭ ਜਾਣਦੇ ਹਨ ਕਿ ਇਕ ਵੀ ਸੀਟ ਨਹੀਂ ਜਿੱਤ ਸਕਿਆ।

ਆਰ. ਐਸ. ਐਸ. ਦੀ ਅਗਵਾਈ ਹੇਠ ਚਲ ਰਹੀ ਭਾਰਤੀ ਜਨਤਾ ਪਾਰਟੀ (ਬੀ. ਜੇ. ਪੀ.) ਅਤੇ ਇਸ ਨਾਲ ਸਬੰਧਤ ਧਾਰਮਿਕ ਹਿੰਦੂ ਸੰਸਥਾਵਾਂ ਵੀ ਸ਼ਹੀਦਾਂ ਦੀ ਵਿਚਾਰਧਾਰਾ ਨੂੰ ਆਪਣੇ ਰੰਗ ਵਿਚ ਢਾਲਕੇ ਲੋਕਾਂ ਵਿਚ ਪ੍ਰਚਾਰਨ ਤੋਂ ਪਿਛੇ ਨਹੀਂ। ਉਨ੍ਹਾਂ ਨੇ ਵੀ ਸ਼ਹੀਦ ਭਗਤ ਸਿੰਘ ਨੂੰ ਆਰੀਆ ਸਮਾਜੀ ਬਣਾਕੇ ਪੇਸ਼ ਕਰਨ ਲਈ ਆਪਣੇ ਹੱਥ ਕੰਡੇ ਵਰਤਣ ਤੋਂ ਗੁਰੇਜ਼








ਨਹੀਂ ਕੀਤਾ। ਇਨ੍ਹਾਂ ਵਲੋਂ ਕਦੀ ਸ਼ਹੀਦ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਦੇ ਬੁੱਤਾਂ ਨੂੰ ਕੱਚੀ ਲੱਸੀ ਨਾਲ ਨਹਾਉਣ ਅਤੇ ਕਦੀ ਉਨ੍ਹਾਂ ਬੁੱਤਾਂ ਦੇ ਗਲਾਂ ਵਿਚ ਆਪਣੀ ਸਿਆਸੀ ਪਾਰਟੀ ਦੇ ਚੋਣ ਨਿਸ਼ਾਨਾਂ ਵਾਲੇ ਹਾਰ ਪਹਿਨਾਕੇ ਹੋਸ਼ੀ ਖੇਡ ਖੇਡੀ ਜਾਂਦੀ ਹੈ। ਇਸ ਦੀ ਤਾਜ਼ਾ ਉਦਾਹਰਣ ਹੁਣੇ ਹੋਈਆਂ ਦਿੱਲੀ ਚੋਣਾਂ ਦੌਰਾਨ ਕਿਰਨ ਬੇਦੀ ਵਲੋਂ ਲਾਲਾ ਲਾਜਪਤ ਰਾਏ ਦੇ ਬੁੱਤ ਨੂੰ ਆਪਣੇ ਗਲ ਵਿਚੋਂ ਹਾਰ ਉਤਾਰਕੇ ਬੁੱਤ ਕੇ ਗਲ ਵਿਚ ਪਾਉਂਦਿਆਂ ਵੇਖੀ ਜਾ ਸਕਦੀ ਹੈ। ਸ਼ਹੀਦ ਭਗਤ ਸਿੰਘ ਤੇ ਉਸਦੇ ਸਾਥੀਆਂ ਦੇ ਜਗਰਾਉਂ ਪੁਲ ਲੁਧਿਆਣਾ ਵਿਖੇ ਲੱਗੇ ਬੁੱਤਾਂ ਨਾਲ ਤਾਂ ਇਹ ਖਿਲਵਾੜ ਅਕਸਰ ਹੀ ਹੁੰਦਾ ਰਹਿੰਦਾ ਹੈ। ਸ਼ਹੀਦ ਭਗਤ ਸਿੰਘ ਦੀ ਧਰਮਾਂ ਪ੍ਰਤੀ ਕੀ ਪਹੁੰਚ ਸੀ, ਉਸ ਸਬੰਧੀ ਇਨ੍ਹਾਂ ਹਰ ਕਿਸਮ ਦੇ ਧਰਮਾਂ ਵਾਲਿਆਂ ਨੂੰ ਕੋਈ ਸਰੋਕਾਰ ਨਹੀਂ। ਇਨ੍ਹਾਂ ਨੇ ਤਾਂ ਉਸ ਨੂੰ ਵਿੰਗੇ ਟੇਢੇ ਢੰਗ ਨਾਲ ਆਪਣੇ ਧਰਮ ਦੀ ਵਲਗਣ ਵਿਚ ਲਿਆਕੇ ਆਪਣੀਆਂ ਸਿਆਸੀ ਚੌਧਰਾਂ ਲਈ ਵਰਤਕੇ ਲੋਕਾਂ ਦੇ ਅੱਖੀਂ ਘੱਟਾ ਪਾਉਣਾ ਹੁੰਦਾ ਹੈ। ਧਰਮਾਂ ਬਾਰੇ ਸ਼ਹੀਦ ਭਗਤ ਸਿੰਘ ਦੇ ਵਿਚਾਰਾਂ ਦੀ ਪੁਸ਼ਟੀ ਉਨ੍ਹਾਂ ਦੀ ਆਪਣੀ ਲਿਖਤ ਰਾਹੀਂ ਸਪਸ਼ਟ ਹੈ, ਉਨ੍ਹਾਂ ਕਿਹਾ ਸੀ ਕਿ "ਜਿਹੜਾ ਧਰਮ ਇਨਸਾਨ ਨੂੰ ਇਨਸਾਨ ਤੋਂ ਵੱਖ ਕਰੇ, ਮੁਹੱਬਤ ਦੀ ਥਾਂ ਉਨ੍ਹਾਂ ਨੂੰ ਇਕ ਦੂਜੇ ਨਾਲ ਨਫ਼ਰਤ ਕਰਨੀ ਸਿਖਾਵੇ, ਅੰਧ ਵਿਸ਼ਵਾਸਾਂ ਨੂੰ ਉਤਸ਼ਾਹਿਤ ਕਰਕੇ ਲੋਕਾਂ ਦੇ ਬੌਧਿਕ ਵਿਕਾਸ 'ਚ ਰੁਕਾਵਟ ਬਣੇ, ਦਿਮਾਗਾਂ ਨੂੰ ਖੁੰਢਾ ਕਰੇ, ਉਹ ਕਦੇ ਵੀ ਮੇਰਾ ਧਰਮ ਨਹੀਂ ਹੋ ਸਕਦਾ।"

ਮੌਕਾਪ੍ਰਸਤ ਸਿਆਸਤਦਾਨ ਸ਼ਹੀਦਾਂ ਦੇ ਪਰਿਵਾਰਾਂ ਨੂੰ ਵੀ ਕਈ ਵਾਰ ਆਪਣੀ ਗੰਦੀ ਸਿਆਸਤ ਦਾ ਹਿੱਸਾ ਬਣਾਉਣ ਵਿਚ ਕਾਮਯਾਬ ਹੋ ਜਾਂਦੇ ਹਨ। ਜਿਵੇਂ ਕਿ ਪਿਛਲੇ ਸਮੇਂ ਵਿਚ ਸ਼ਹੀਦ ਭਗਤ ਸਿੰਘ ਦੇ ਸਾਥੀ ਸ਼ਹੀਦ ਸੁਖਦੇਵ ਜੋ ਲੁਧਿਆਣਾ ਦੇ ਜੰਮਪਲ ਸਨ, ਦੇ ਪਰਿਵਾਰਕ ਮੈਂਬਰ ਨੂੰ ਵੋਟਾਂ ਵਿਚ ਖੜ੍ਹਾ ਕਰਕੇ ਸ਼ਹੀਦ ਦੀ ਕੁਰਬਾਨੀ ਨੂੰ ਸ਼ਹੀਦਾਂ ਦੀ ਵਿਚਾਰਧਾਰਾ ਦੇ ਉਲਟ ਵਰਤਕੇ ਨਿੱਜੀ ਲਾਭ ਲੈਣ ਦੀ ਨਾਕਾਮ ਕੋਸ਼ਿਸ਼ ਕੀਤੀ ਗਈ। ਇਸੇ ਤਰ੍ਹਾਂ ਸ਼ਹੀਦ ਸੁਖਦੇਵ ਦੀ ਥਾਪਰ ਬਰਾਦਰੀ ਦੇ ਕੁਝ ਚੌਧਰੀ ਉਸਦੇ ਨਾਮ ਨਾਲ ਥਾਪਰ ਜੋੜਕੇ (ਮਹੱਲਾ ਨੌ ਘਰਾ ਲੁਧਿਆਣਾ) ਤੇ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਲੁਧਿਆਣਾ ਦੇ ਕੁਝ ਇਨਸਾਫ਼ਪਸੰਦ ਅਤੇ ਜਮਹੂਰੀ ਮੈਂਬਰਾਂ ਤੇ ਆਧਾਰਤ ਇਕ ਕਮੇਟੀ ਰਾਹੀਂ ਇਸ ਸ਼ਹੀਦ ਦੀ ਯਾਦਗਾਰ ਬਣਾਕੇ ਉਸ ਦਾ ਬੁੱਤ ਸਥਾਪਤ ਕੀਤਾ ਗਿਆ। ਇਸ ਕਮੇਟੀ ਵਲੋਂ ਸ਼ਹੀਦ ਸੁਖਦੇਵ ਦੀ ਯਾਦਗਾਰ ਦਰਸਾਉਂਦਾ ਇਕ ਪੱਥਰ ਵੀ ਬੁੱਤ ਦੇ ਹੇਠ ਲਗਾਇਆ ਗਿਆ, ਜਿਸ ਨੂੰ ਥਾਪਰ ਬਰਾਦਰੀ ਦੇ ਨਾਂ 'ਤੇ ਬਣੇ ਟਰੱਸਟੀ ਆਗੂਆਂ ਨੇ ਉਖਾੜਕੇ, ਉਥੇ ਆਪਣੇ ਥਾਪਰ ਟਰੱਸਟ ਦਾ ਪੱਥਰ ਲਗਾਕੇ ਅਤਿ ਘਟੀਆ ਕਾਰਵਾਈ ਕੀਤੀ ਗਈ, ਜਿਸ ਤੋਂ ਸਪਸ਼ਟ ਹੈ ਕਿ ਉਹ ਸ਼ਹੀਦ ਸੁਖਦੇਵ ਨੂੰ ਸਿਰਫ਼ ਤੇ ਸਿਰਫ਼ ਥਾਪਰ ਬਰਾਦਰੀ ਤੱਕ ਹੀ ਸੀਮਤ ਕਰਕੇ ਉਸ ਦੀ ਕੁਰਬਾਨੀ ਨੂੰ ਆਪਣੇ ਕੋਝੇ ਮੰਤਵਾਂ ਲਈ ਵਰਤਣਾ ਚਾਹੁੰਦੇ ਹਨ। ਸ਼ਹੀਦ ਸੁਖਦੇਵ ਦੇ ਜਨਮ ਦਿਨ ਤੇ ਪੂਜਾ, ਪਾਠ ਅਤੇ ਹਵਨ ਆਦਿ ਕਰਕੇ ਵੀ ਸ਼ਹੀਦ ਭਗਤ ਸਿੰਘ ਦੇ ਇਸ ਸਾਥੀ ਦੀ ਵਿਚਾਰਧਾਰਾ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ। ਜਦੋਂਕਿ ਸ਼ਹੀਦ ਭਗਤ ਸਿੰਘ ਅਨੁਸਾਰ "ਪੂਜਾ, ਪਾਠ ਭਗਤੀ ਅਤੇ ਅਰਦਾਸਾਂ ਅੰਤ ਦੀ ਗਰਮੀ ਜਾਂ ਅੰਤ ਦੀ ਸਰਦੀ ਤੋਂ ਨਹੀਂ ਬਚਾਅ ਸਕਦੀਆਂ।" ਉਸਦੇ ਇਹ ਕਹਿਣ ਦਾ ਅਰਥ ਹੈ ਕਿ ਇਸ ਤਰ੍ਹਾਂ ਦੇ ਵਿਸ਼ਵਾਸਾਂ ਨਾਲ ਸਾਡੀ ਜ਼ਿੰਦਗੀ ਦੇ ਦੁੱਖ ਦੂਰ ਨਹੀਂ ਹੋ ਸਕਦੇ।

ਇਨ੍ਹਾਂ ਸ਼ਹੀਦਾਂ ਦੀ ਵਿਗਿਆਨਕ ਵਿਚਾਰਧਾਰਾ ਨੂੰ ਖੋਰਾ ਲਾਉਣ ਲਈ ਪੱਬਾਂ ਭਾਰ ਹੋਈ ਮੋਦੀ ਸਰਕਾਰ ਵੀ ਪਿਛੇ ਨਹੀਂ ਰਹਿਣਾ ਚਾਹੁੰਦੀ। ਉਸ ਵਲੋਂ ਵੀ ਹੁਣ ਵਿਦਿਅਕ ਸਿਲੇਬਸ ਵਿਚ ਰਮਾਇਣ ਅਤੇ ਮਹਾਂਭਾਰਤ ਨੂੰ ਸ਼ਾਮਲ ਕਰਨ ਦੇ ਮਨਸੂਬੇ ਬਣਾਕੇ ਵਿਗਿਆਨਕ ਵਿਚਾਰਧਾਰਾ ਉਪਰ ਕੋਝੇ ਹਮਲੇ ਕੀਤੇ ਜਾ ਰਹੇ ਹਨ। ਇਨ੍ਹਾਂ ਵਲੋਂ ਇਹ ਕਹਿਣਾ ਕਿ ਗਣੇਸ਼ ਜੀ ਦੇ ਸਿਰ ਉਪਰ ਹਾਥੀ ਦਾ ਸਿਰ ਲਗਾਉਣਾ ਉਸ ਵੇਲੇ ਦੀ ਮੈਡੀਕਲ ਸਰਜਰੀ ਦਾ ਕ੍ਰਿਸ਼ਮਾ ਹੈ, ਵੀ ਇਤਿਹਾਸ ਨੂੰ ਪੁੱਠਾ ਗੇੜਾ ਦੇਣ ਦੇ ਬਰਾਬਰ ਹੈ। ਸ਼ਹੀਦ ਭਗਤ ਸਿੰਘ ਦੀ ਵਿਗਿਆਨਕ ਵਿਚਾਰਧਾਰਾ ਨੂੰ ਖੋਰਾ ਲਾਉਣ ਲਈ ਅਤੇ ਪਿਛਾਖੜੀ ਵਿਚਾਰਧਾਰਾ ਨੂੰ ਪ੍ਰਫੁੱਲਤ ਕਰਨ ਦੇ ਇਹ ਕੋਝੇ ਯਤਨ ਹਨ। ਸ਼ਹੀਦ ਭਗਤ ਸਿੰਘ ਦੇ ਲਿਖੇ ਅਨੁਸਾਰ ਕਿ "ਜਿਹੜਾ ਵੀ ਮਨੁੱਖ ਪ੍ਰਗਤੀ ਦਾ ਹਾਮੀ ਹੈ, ਉਸ ਨੂੰ ਲਾਜ਼ਮੀ ਤੌਰ 'ਤੇ ਪੁਰਾਣੇ ਵਿਸ਼ਵਾਸਾਂ ਦੀ ਹਰ ਗੱਲ ਦੀ ਆਲੋਚਨਾ ਕਰਨੀ ਪਵੇਗੀ, ਇਹਦੇ ਵਿਚ ਅਵਿਸ਼ਵਾਸ ਪ੍ਰਗਟ ਕਰਨਾ ਪਏਗਾ ਤੇ ਇਹਦੇ ਹਰ ਪਹਿਲੂ ਨੂੰ ਵੰਗਾਰਨਾ ਪਏਗਾ। ਪ੍ਰਚਲਤ ਵਿਸ਼ਵਾਸਾਂ ਦੀ ਇਕੱਲੀ-ਇਕੱਲੀ ਗੱਲ ਦੀ ਬਾਦਲੀਲ ਪੁਣਛਾਣ ਕਰਨੀ ਪਏਗੀ। ਜੇ ਕੋਈ ਦਲੀਲ ਨਾਲ ਕਿਸੇ ਸਿਧਾਂਤ ਜਾਂ ਫਲਸਫੇ ਵਿਚ ਵਿਸ਼ਵਾਸ ਕਰਨ ਲੱਗਦਾ ਹੈ ਤਾਂ ਉਹ ਵਿਸ਼ਵਾਸ ਸਰਾਹੁਣਯੋਗ ਹੈ, ਉਹਦੀ ਦਲੀਲ ਗਲਤ ਜਾਂ ਉਕਾ ਹੀ ਬੇਬੁਨਿਆਦ ਹੋ ਸਕਦੀ ਹੈ, ਪਰ ਉਸ ਨੂੰ ਠੀਕ ਰਾਹ 'ਤੇ ਲਿਆਂਦਾ ਜਾ ਸਕਦਾ ਹੈ ਕਿਉਂਕਿ ਤਰਕਸ਼ੀਲਤਾ ਉਹਦੀ ਜ਼ਿੰਦਗੀ ਦਾ ਧਰੂ ਤਾਰਾ ਹੁੰਦੀ ਹੈ ਪਰ ਨਿਰਾ ਵਿਸ਼ਵਾਸ ਅਤੇ ਅੰਨ੍ਹਾ ਵਿਸ਼ਵਾਸ ਖਤਰਨਾਕ ਹੁੰਦਾ ਹੈ। (ਸ਼ਹੀਦ ਭਗਤ ਸਿੰਘ)

ਭਾਰਤ ਦੇ ਨਵੇਂ ਬਣੇ ਪ੍ਰਧਾਨ ਮੰਤਰੀ ਨੇ ਹਾਲ ਹੀ ਵਿਚ ਹੋਈਆਂ ਦਿੱਲੀ ਵਿਧਾਨ ਸਭਾ ਚੋਣਾਂ ਜਿੱਤਣ ਲਈ ਕਈ ਤਰ੍ਹਾਂ ਦੇ ਹੱਥਕੰਡੇ ਵਰਤਣ ਦੀ ਕੋਸ਼ਿਸ਼ ਕੀਤੀ ਜਿਨ੍ਹਾਂ ਵਿਚ ਇਕ ਹੱਥਕੰਡਾ ਆਪ ਨੂੰ ਨਸੀਬ ਵਾਲਾ ਪ੍ਰਧਾਨ ਮੰਤਰੀ ਘੋਸ਼ਿਤ ਕਰਨ ਵਾਲਾ ਵੀ ਸੀ। ਦੂਜੇ ਪਾਸੇ ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਅਨੁਸਾਰ ਨਸੀਬਵਾਦੀ (ਕਿਸਮਤਵਾਦੀ) ਕੌਣ ਹੁੰਦੇ ਹਨ, ਉਨ੍ਹਾਂ ਦੀ ਆਪਣੀ ਲਿਖਤ ਅਨੁਸਾਰ ਵੇਖੋ "ਤੁਸੀਂ ਹਰ ਗੱਲ ਲਈ ਰੱਬ ਵਲ ਵੇਖਦੇ ਹੋ, ਇਸ ਲਈ ਤੁਸੀਂ ਕਿਸਮਤਵਾਦੀ ਅਤੇ ਨਿਰਾਸ਼ਾਵਾਦੀ ਹੋ। ਕਿਸਮਤਵਾਦ ਮਿਹਨਤ ਤੋਂ ਭੱਜਣ ਦਾ ਇਕ ਰਸਤਾ ਹੈ, ਕਮਜ਼ੋਰ, ਕਾਇਰ ਤੇ ਭਗੌੜੇ ਲੋਕਾਂ ਦੀ ਆਖਰੀ ਪਨਾਹ''। (ਸ਼ਹੀਦ ਭਗਤ ਸਿੰਘ) ਇਸ ਤੋਂ ਸਪਸ਼ਟ ਹੈ ਕਿ ਸਾਡੇ ਦੇਸ਼ ਦੇ ਸਿਆਸੀ ਨੇਤਾਵਾਂ ਦਾ ਸਾਡੇ ਕੌਮੀ ਸ਼ਹੀਦਾਂ ਨਾਲ ਕੋਈ ਮੇਲ ਨਹੀਂ।

ਦਿੱਲੀ ਵਿਧਾਨ ਸਭਾ ਦੀਆਂ ਤਾਜ਼ੀਆਂ ਚੋਣਾਂ ਦੌਰਾਨ ਵੱਡੀ ਪੱਧਰ 'ਤੇ ਜਿੱਤ ਹਾਸਲ ਕਰਨ ਵਾਲੀ ਆਮ ਆਦਮੀ ਪਾਰਟੀ 'ਆਪ' ਦੇ ਮੁੱਖ ਆਗੂ ਅਰਵਿੰਦ ਕੇਜਰੀਵਾਲ ਜਿਨ੍ਹਾਂ ਵਲੋਂ ਹੁਣੇ ਹੁਣੇ ਦਿੱਲੀ ਦੇ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ ਹੈ, ਉਪਰ ਲੋਕਾਂ ਨੇ ਬਹੁਤ ਵੱਡੀਆਂ ਉਮੀਦਾਂ ਲਾਈਆਂ ਹੋਈਆਂ ਹਨ। ਇਨ੍ਹਾਂ ਵਲੋਂ ਵੀ ਜਿਥੇ ਆਪਣੀਆਂ ਸਟੇਜਾਂ ਉਪਰ ਸ਼ਹੀਦ ਭਗਤ ਸਿੰਘ ਵਲੋਂ ਦਿੱਤੇ ਇਨਕਲਾਬ-ਜ਼ਿੰਦਾਬਾਦ ਦੇ ਨਾਅਰੇ ਲਗਾਏ ਜਾਂਦੇ ਹਨ, ਉਥੇ ਹੀ ਮਹਾਤਮਾ ਗਾਂਧੀ ਦੇ ਵੀ ਗੁਣਗਾਨ ਕੀਤੇ ਜਾਂਦੇ ਹਨ। ਇਸ ਨੂੰ ਵੀ ਜੇ ਮੌਕਾਪ੍ਰਸਤੀ ਨਹੀਂ ਤਾਂ ਹੋਰ ਕੀ ਕਿਹਾ ਜਾ ਸਕਦਾ ਹੈ? ਕਿਉਂਕਿ ਸ਼ਹੀਦ ਭਗਤ ਸਿੰਘ ਦੇ ਇਨਕਲਾਬ ਅਤੇ ਮਹਾਤਮਾ ਗਾਂਧੀ ਦੇ ਅਖੌਤੀ ਸਵਰਾਜ ਦਾ ਜ਼ਮੀਨ ਅਸਮਾਨ ਦਾ ਫਰਕ ਹੈ। ਇਨ੍ਹਾਂ ਦੋਹਾਂ ਦੀ ਵਿਚਾਰਧਾਰਾ ਦਾ ਕੋਈ ਮੇਲ ਹੀ ਨਹੀਂ ਪਰ ਕੇਜਰੀਵਾਲ ਜੀ ਇਨਟ੍ਹਾਂ ਦੋਨਾਂ ਨੂੰ ਸਿਸਟਮ ਦੀ ਤਬਦੀਲੀ ਲਈ ਵਰਤਣ ਦੀ ਵਕਾਲਤ ਕਰ ਰਹੇ ਹਨ। ਗਾਂਧੀ ਨੇ ਕਦੇ ਵੀ ਅੰਗਰੇਜ਼ੀ ਰਾਜ ਵਿਰੁੱਧ ਸਿਸਟਮ ਬਦਲਣ ਦਾ ਹੁੰਗਾਰਾ ਨਹੀਂ ਭਰਿਆ ਜਦੋਂਕਿ ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀ ਅੰਗਰੇਜ਼ੀ ਰਾਜ ਦਾ ਖੁਰਾ-ਖੋਜ ਖਤਮ ਕਰਕੇ ਇਥੇ ਨਵਾਂ ਪ੍ਰਬੰਧ ਉਸਾਰਨ ਦੀ ਲੜਾਈ ਲੜ ਰਹੇ ਸਨ। ਸੋ ਸ਼ਹੀਦ ਭਗਤ ਸਿੰਘ ਵਲੋਂ ਸ਼ੁਰੂ ਕੀਤੀ ਇਨਕਲਾਬ ਦੀ ਲੜਾਈ ਨੂੰ ਗਾਂਧੀਵਾਦ ਨਾਲ ਰਲਗੱਡ ਕਰਕੇ ਕੇਜਰੀਵਾਲ ਜੀ ਇਕ ਮਿਆਨ ਵਿਚ ਦੋ ਤਲਵਾਰਾਂ ਪਾ ਕੇ ਕਿਵੇਂ ਅੱਗੇ ਚਲਦੇ ਹਨ, ਇਹ ਆਉਣ ਵਾਲਾ ਸਮਾਂ ਹੀ ਸਪਸ਼ਟ ਕਰੇਗਾ।

ਸੋ ਅੱਜ ਵੋਟਾਂ ਬਟੋਰਨ ਲਈ ਲਾਏ ਜਾਂਦੇ ਲੋਕ ਲਭਾਊ ਨਾਅਰਿਆਂ ਨੂੰ ਪਰਖਣ ਦੀ ਬਹੁਤ ਵੱਡੀ ਲੋੜ ਹੈ ਜਿਹੜੇ ਕਿ ਮੌਜੂਦਾ ਸਾਰੀਆਂ ਹੀ ਸਿਆਸੀ ਪਾਰਟੀਆਂ ਵਲੋਂ ਲੋਕਾਂ ਨੂੰ ਮੂਰਖ ਬਣਾਉਣ ਲਈ ਵਰਤੇ ਜਾਂਦੇ ਹਨ। ਜਦੋਂ ਤੱਕ ਆਮ ਲੋਕ ਇਹ ਨਹੀਂ ਸਮਝਣਗੇ, ਉਦੋਂ ਤੱਕ ਇਹ ਸਿਆਸੀ ਲੋਕ ਆਮ ਜਨਤਾ ਦੇ ਅੱਖੀਂ ਘੱਟਾ ਪਾਉਣ ਲਈ ਸਫ਼ਲ ਹੁੰਦੇ ਰਹਿਣਗੇ ਅਤੇ ਸ਼ਹੀਦ ਭਗਤ ਸਿੰਘ ਹੋਰਾਂ ਵਲੋਂ ਚਿਤਵੇ ਬਰਾਬਰਤਾ ਵਾਲੇ ਇਨਸਾਫ਼ ਪਸੰਦ ਅਤੇ ਜਮਹੂਰੀ ਕਦਰਾਂ ਕੀਮਤਾਂ ਵਾਲੇ ਰਾਜ ਪ੍ਰਬੰਧ ਨੂੰ ਸਥਾਪਤ ਕਰਨ ਨਾਲ ਖਿਲਵਾੜ ਹੁੰਦਾ ਰਹੇਗਾ।

98151-69825

# ਸ਼ਹੀਦ ਭਗਤ ਸਿੰਘ ਸਮਾਜ ਲਈ ਜੂਝਣ ਵਾਲਿਆਂ ਦਾ ਚਾਨਣ ਮੁਨਾਰਾ

ਗੁਰਚਰਨ ਪੱਖੋਕਲਾਂ



ਜਦ ਵੀ ਦੇਸ ਦਾ ਕੋਈ ਨੌਜਵਾਨ ਸਮਾਜ ਸੁਧਾਰ ਦੀਆਂ ਸੋਚਾਂ ਵਿੱਚੋਂ ਸਮਾਜ ਵਿੱਚ ਹਿੰਮਤ ਦਾ ਕੋਈ ਕਦਮ ਪੁੱਟਦਾ ਹੈ ਤਦ ਭਗਤ ਸਿੰਘ ਦੀ ਜੀਵਨ ਯਾਤਰਾ ਉਸਦਾ ਰਾਹ ਜ਼ਰੂਰ ਰੁਸਨਾਉਂਦੀ ਹੈ। ਸਮਾਜ ਸੁਧਾਰ ਲਈ ਸੋਚਣ ਵਾਲਿਆਂ ਦੇ ਪੈਰਾਂ ਦਾ ਸਫਰ ਕਰਾਂਤੀਆਂ ਤੋਂ ਲੈਕੇ ਕਿਸੇ ਨੂੰ ਦੋ ਵਕਤ ਦੀ ਰੋਟੀ ਦੇਣ ਤੱਕ ਵੀ ਹੋ ਸਕਦਾ ਹੈ। ਕੋਈ ਵੀ ਨੌਜਵਾਨ ਜਦ ਦੁਨੀਆਂ ਵਿੱਚ ਚੱਲ ਰਹੇ ਲੁੱਟ ਖਸੁੱਟ ਦੇ ਧੰਦੇ ਦੇਖਦਾ ਹੈ ਤਦ ਹੀ ਉਸਦੇ ਮਨ ਵਿੱਚ ਇਹਨਾਂ ਪ੍ਰਤੀ ਵਿਦਰੋਹ ਦੀਆਂ ਸੋਚਾਂ ਸੁਰੂ ਹੋ ਜਾਂਦੀਆਂ ਹਨ। ਇਸ ਤਰਾਂ ਦੀਆਂ ਭਾਵਨਾਵਾਂ ਸਿਰਫ ਕੁਦਰਤ ਵੱਲੋਂ ਚੰਗੀ ਸੋਚ ਵਾਲੇ ਪਾਕਿ ਸਾਫ ਇਨਸਾਨਾਂ ਵਿੱਚ ਹੀ ਭਰੀਆਂ ਜਾਂਦੀਆਂ ਹਨ। ਸਮਾਜ ਦਾ ਵਿਗੜਿਆਂ ਬੇਇਖਲਾਕਾ ਤਬਕਾ ਸਦਾ ਉਸਾਰੂ ਸੋਚ ਵਾਲਿਆਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕਰਦਾ ਹੈ। ਸੋ ਚੰਗੀ ਸੋਚ ਵਾਲਿਆਂ ਨੂੰ ਜਦ ਵੀ ਇਸ ਰਸਤੇ ਤੇ ਤੁਰਨ ਦਾ ਹੌਸਲਾ ਪੈਂਦਾਂ ਹੈ ਤਦ ਜ਼ਰੂਰ ਹੀ ਇੱਕ ਵਾਰ ਭਗਤ ਸਿੰਘ ਵਰਗੇ ਨੌਜਵਾਨ ਸਹੀਦਾਂ ਦੀ ਰੂਹ ਆਪਣੇ ਵੱਲ ਜ਼ਰੂਰ ਖਿਚਦੀ ਹੈ । ਜਿਹੜਾ ਨੌਜਵਾਨ ਭਗਤ ਸਿੰਘ ਵਰਗੀਆਂ ਪਾਕਿ ਪਵਿੱਤਰ ਰੂਹਾਂ ਤੋਂ ਸੇਧਾ ਲੈਣ ਲੱਗ ਜਾਵੇ ਉਹ ਹੀ ਸਾਬਤ ਕਦਮੀਂ ਸਮਾਜ ਸੇਵਾ ਦਾ ਲੰਬਾਂ ਪੰਧ ਤੈਅ ਕਰਦਾ ਹੈ। ਲੋਕ ਭਲਾਈ ਵਾਲਿਆਂ ਦੇ ਇਸ ਬਿੱਖੜੇ ਪੈਡਿਆਂ ਤੇ ਤੁਰਨ ਸਮੇਂ ਪੈਰਾਂ ਥੱਲੇ ਕੰਡਿਆਂ ਦਾ ਹੜ ਆਉਂਦਾ ਹੀ ਹੈ ਜਿਸ ਦੇ ਕਾਰਨ ਬਹੁਤ ਸਾਰੇ ਨੌਜਵਾਨ ਅੱਧ ਵਿਚਕਾਰ ਹੀ ਇਹਨਾਂ ਰਸਤਿਆਂ ਨੂੰ ਛੱਡ ਕੇ ਬਹੁਤ ਹੀ ਨਿਵਾਨਾਂ ਦਾ ਸਫਰ ਤੈਅ ਕਰ ਜਾਂਦੇ ਹਨ। ਜਿਨ੍ਹਾਂ ਨੇ ਸਮਾਜ ਨੂੰ ਸਾਫ ਸੁਥਰਾ ਕਰਨਾ ਹੁੰਦਾ ਹੈ ਜਦ ਉਹ ਹੀ ਥਿੜਕ ਜਾਣ ਤਦ ਉਹ ਗਦਾਰ ਵੀ ਬਹੁਤ ਵੱਡੇ ਸਿੱਧ ਹੁੰਦੇ ਹਨ। ਵਰਤਮਾਨ ਰਾਜਸੱਤਾ ਦੇ ਕਾਰਨ ਸਮਾਜ ਜੋ ਦੁੱਖ ਭੋਗ ਰਿਹਾ ਹੈ ਇਸਦਾ ਕਾਰਨ ਵੀ ਇਹੋ ਹੈ ਕਿ ਕਿਸੇ ਵਕਤ ਸਮਾਜ ਸੁਧਾਰ ਵਾਲੇ ਨੌਜਵਾਨ ਲੁਟੇਰੀ ਰਾਜਸੱਤੇ ਦੇ ਵੱਡੇ ਕੁਹਾੜੇ ਦੇ ਦਸਤੇ ਬਣੇ ਹੋਏ ਹਨ ਜਿੰਹਨਾਂ ਦੇ ਸਹਾਰੇ ਸਮਾਜ ਦੇ ਸਿਆਣੇ ਵਰਗ ਦੀ ਸੋਚ ਖੁੰਢੀ ਕੀਤੀ ਜਾਣੀ ਸੌਖੀ ਹੋ ਜਾਂਦੀ ਹੈ।

ਭਾਰਤ ਦੀ ਅਜਾਦੀ ਦੇ ਸੰਘਰਸ਼ ਦੌਰਾਨ ਸ਼ਹੀਦੀ ਦੇਕੇ ਭਗਤ ਸਿੰਘ ਨੇ ਨੌਜਵਾਨਾਂ ਵਿੱਚ ਜੋ ਕਰਾਂਤੀ ਦੀ ਲਹਿਰ ਦੇ ਬੀਜ ਬੀਜੇ ਸਨ ਦੇ ਕਾਰਨ ਹੀ ਅਜਾਦੀ ਦਾ ਸੰਘਰਸ਼ ਮੁਕਾਮ ਤੱਕ ਅੱਪੜ ਸਕਿਆਂ ਸੀ। ਇਸ ਰਾਹ ਨੂੰ ਹੋਰ ਵੀ ਬਹੁਤ ਸਾਰੇ ਨੌਜਵਾਨਾਂ ਨੇ ਸ਼ਹੀਦੀਆਂ ਪਾਕੇ ਰੁਸਨਾਇਆ ਸੀ ਜਿਨ੍ਹਾਂ ਵਿੱਚ ਸ਼ਹੀਦ ਊਧਮ ਸਿੰਘ, ਸੁਖਦੇਵ, ਚੰਦਰ ਸੇਖਰ ਅਜਾਦ, ਕਰਤਾਰ ਸਿੰਘ ਸਰਾਭਾ ਵਿਸ਼ੇਸ਼ ਮੀਲ ਪੱਥਰ ਹਨ। ਭਗਤ ਸਿੰਘ ਇਨ੍ਹਾਂ ਵਿੱਚ ਇੱਕ ਵਕਤੀ ਸ਼ਹੀਦ ਹੀ ਨਹੀਂ ਸੀ ਸਗੋਂ ਇੱਕ ਵਿਚਾਰਧਾਰਾ ਦਾ ਪੱਥ ਪ੍ਰਦਸਕ ਵੀ ਸੀ । ਜਦੋਂ ਅਸੀਂ ਭਗਤ ਸਿੰਘ ਦੀ ਜੀਵਨ ਯਾਤਰਾ ਬਾਰੇ ਜਾਨਣ ਦੀ ਕੋਸ਼ਿਸ਼ ਕਰਦੇ ਹਾਂ ਤਦ ਉਹ ਆਪਣੀ ਜ਼ਿੰਦਗੀ ਵਿੱਚ ਕਦੇ ਵੀ ਜੜ ਅਵਸਥਾ ਜਾਂ ਵਿਰਾਮ ਦੀ ਸਥਿਤੀ ਵਿੱਚ ਨਹੀਂ ਆਇਆ। ਹਰ ਸੰਘਰਸ਼ ਦੌਰਾਨ ਉਸਨੇ ਨਵਾਂ ਸਿੱਖਣ ਅਤੇ ਸਿਖਾਉਣ ਦੀ ਕੋਸ਼ਿਸ਼ ਕੀਤੀ ਹੈ। ਆਪਣੇ ਪਰਿਵਾਰ ਦੇ ਵੱਡਿਆਂ ਤੋਂ ਉਸਨੇ ਦੇਸ਼ ਅਤੇ ਸਮਾਜ ਲਈ ਕੁੱਝ ਕਰਨ ਦਾ ਜਜਬਾ ਲਿਆ। ਇਹਨਾਂ ਜਜ਼ਬਿਆਂ ਦੇ ਲਈ ਜਦ ਉਸਨੇ ਨੌਜਵਾਨ ਸਭਾ ਦੇ ਨਾਲ ਜੁੜਕੇ ਸੰਘਰਸ਼ ਕੀਤਾ ਅਤੇ ਕਿਸੇ ਵਕਤ ਜਦ ਉਸਨੂੰ ਇਸ ਸੰਗਠਨ ਤੋਂ ਕਿਸੇ ਕਾਰਨ ਵੱਖ ਕੀਤਾ ਜਾਣ ਲੱਗਿਆ ਸੀ ਤਦ ਭਗਤ ਸਿੰਘ ਨੇ ਹੱਦ ਦਰਜੇ ਦੀ ਹਲੀਮੀ ਨਿਮਰਤਾ ਦਿਖਾਉਂਦਿਆਂ ਹੋਇਆਂ ਆਪਣੇ ਉਸ ਸੰਗਠਨ ਨਾਲ ਰਹਿਣ ਵਿੱਚ ਹਰ ਹੀਲਾ ਵਰਤਦਿਆਂ ਸਫਲ ਕੋਸ਼ਿਸ਼ਾਂ ਕੀਤੀਆਂ। ਵਕਤ ਦੇ ਨਾਲ ਨੌਜਵਾਨ ਭਾਰਤ ਸਭਾ ਦਾ ਚਮਕਦਾ ਸਿਤਾਰਾ ਭਗਤ ਸਿੰਘ ਹੀ ਸਿੱਧ ਹੋਇਆਂ। ਭਗਤ ਸਿੰਘ ਦਾ ਇਹ ਵਰਤਾਰਾ ਸਾਨੂੰ ਸਿਖਾਉਂਦਾ ਹੈ ਕਿ ਲੋਕ ਸੰਘਰਸ਼ ਹਮੇਸ਼ਾ ਸੰਗਠਨਾਂ ਦੇ ਸਹਾਰੇ ਹੀ ਜਿੱਤੇ ਜਾ ਸਕਦੇ ਹਨ। ਉਸ ਵਕਤ ਦੁਨੀਆਂ ਵਿੱਚ ਚੱਲ ਰਹੀ ਸਮਾਜਵਾਦ ਅਤੇ ਤਰਕ ਦੀ ਹਨੇਰੀ ਦਾ ਭਗਤ ਸਿੰਘ ਦੀ ਜ਼ਿੰਦਗੀ ਦੇ ਆਮ ਨੌਜਵਾਨਾਂ ਦੀ ਤਰ੍ਹਾਂ ਪੂਰਾ-ਪੂਰਾ ਅਸਰ ਹੋਇਆ ਸੀ ਪਰ ਭਗਤ ਸਿੰਘ ਸਦਾ ਸਿੱਖਣ ਦੀ ਬਿਰਤੀ ਵਾਲਾ ਨੌਜਵਾਨ ਸੀ ਜਿਸ ਨੇ ਕਦੇ ਵੀ ਸਮੇਂ ਦੇ ਨਾਲ ਨਵਾਂ ਸਿੱਖਣ ਤੋਂ ਮੁੱਖ ਨਹੀਂ ਮੋੜਿਆ ਸੀ।

ਵਰਤਮਾਨ ਸਮੇਂ ਦੀਆਂ ਰਾਜਨੀਤਕ ਪਾਰਟੀਆਂ, ਸਮਾਜ ਸੇਵੀ ਅਖਵਾਉਂਦੇ ਲੋਕ, ਧਰਮਾਂ ਦੀ ਆੜ ਵਿੱਚ ਵਪਾਰ ਕਰਨ ਵਾਲੇ ਲੋਕ ਭਾਵੇਂ ਭਗਤ ਸਿੰਘ ਦੀ ਸਖਸੀਅਤ ਨੂੰ ਧੁੰਦਲਾਂ ਕਰਕੇ ਆਪਣੇ ਹਿੱਤਾਂ ਦੀ ਪੂਰਤੀ ਕਰਨ ਲਈ ਸਹੀਦਾਂ ਦੀ ਕੁਰਬਾਨੀ ਨੂੰ ਮੋਹਰਾ ਬਣਾਕੇ ਵਰਤਣ ਦੀ ਕੋਸ਼ਿਸ਼ ਕਰਦੇ ਹਨ ਪਰ ਭਗਤ ਸਿੰਘ ਦਾ ਹਰ ਰੂਪ ਸਮਾਜ ਦੇ ਦੱਬੇ ਕੁਚਲੇ ਲੋਕਾਂ ਦੀ ਅਵਾਜ ਬਨਣ ਵਾਲਿਆਂ ਦਾ ਹੀ ਪੱਖ ਪੂਰਦਾ ਹੈ। ਭਗਤ ਸਿੰਘ ਦੀ ਸ਼ਖਸੀਅਤ ਵਿੱਚੋਂ ਭਾਰਤੀ ਸਭਿਆਚਾਰ ਅਤੇ ਪੰਜਾਬੀ ਸਭਿਆਚਾਰ ਦਾ ਰੂਪ ਤਾਂ ਬੋਲਦਾ ਹੀ ਹੈ ਪਰ ਕਿਸੇ ਉਸ ਵਿਚਾਰ ਦੀ ਤਰਜਮਾਨੀ ਨਹੀਂ ਕਰਦਾ ਜਿਸ ਵਿੱਚ ਕੱਟੜਤਾ ਜਾਂ ਨਿੱਜੀ ਹਿੱਤਾਂ ਵਾਲਾ ਵਿਚਾਰ ਪਨਪਦਾ ਹੋਵੇ। ਅੰਤਲੇ ਦਿਨਾਂ ਵਿੱਚ ਸਿਰ ਸਜਾਈ ਸੋਹਣੀ ਪੱਗ ਪੰਜਾਬੀ ਵਿਰਸੇ ਦੀ ਬਾਤ ਪਾਉਂਦੀ ਹੈ। ਭਗਤ ਸਿੰਘ ਇਨਸਾਨੀਅਤ ਦੇ ਧਰਮ ਦਾ ਮੁਦਈ ਹੁੰਦੇ ਹੋਇਆਂ ਧੜਿਆਂ ਦੇ ਧਰਮ ਤੋਂ ਉੱਪਰ ਦੀ ਸੋਚ ਨੂੰ ਪਰਣਾਇਆਂ ਮਨੁੱਖ ਸੀ। ਨੌਜਵਾਨੀ ਦੀ ਉਮਰ ਵਿੱਚ ਹੀ ਉੱਚੀਆਂ ਸੋਚਾਂ ਵਾਲਾ ਪੂਰਨ ਮਨੁੱਖ ਵਾਲੇ ਕਿਰਦਾਰ ਦਾ ਮਾਲਕ ਭਗਤ ਸਿੰਘ ਨੌਜਵਾਨਾਂ ਨੂੰ ਉੱਚੇ ਆਚਰਨ ਨਾਲ ਸੰਘਰਸ ਦਾ ਰਾਹੀ ਬਣਾਉਂਦਾ ਹੈ। ਹਰ ਨੌਜਵਾਨ ਲਈ ਭਗਤ ਸਿੰਘ ਦਾ ਜੀਵਨ ਅਤੇ ਵਿਚਾਰ ਦਰਸ਼ਨ ਸਦਾ ਪਰੇਰਨਾ ਸਰੋਤ ਬਣਿਆਂ ਰਹੇਗਾ।

ਪਿੰਡ ਪੱਖੋ ਕਲਾਂ ਜਿਲਾ ਬਰਨਾਲਾ
9417727245

# ਕਿਵੇਂ ਵਿਕਸਤ ਹੋਈ ਭਗਤ ਦੀ ਰਾਜਸੀ ਸਮਤ

**ਨਰਭਿੰਦਰ**



ਭਾਰਤੀ ਇਨਕਲਾਬੀ ਤਹਿਰੀਕ ਵਿਚ 1928 ਵਰ੍ਹਾ ਬੜਾ ਮਹੱਤਵਪੂਰਨ ਹੈ। ਜੇ ਕਹੀਏ ਤਾਂ 1914-15 ਦੇ ਸਾਲਾਂ ਪਿਛੋਂ ਭਾਵ ਗ਼ਦਰ ਪਾਰਟੀ ਦੀਆਂ ਸਰਗਰਮੀਆਂ ਅਤੇ ਉਨ੍ਹਾਂ ਉਤੇ ਚਲੇ ਰਾਜਨੀਤਕ ਕੇਸਾਂ ਅਤੇ ਦਿੱਤੀਆਂ ਫਾਸੀਆਂ ਅਤੇ ਸਜ਼ਾਵਾਂ ਪਿਛੋਂ ਭਾਰਤੀ ਇਨਕਲਾਬੀ ਲਹਿਰ ਵਿਚ ਇਕ ਨਵਾਂ ਜੋਸ਼ ਨਵੀਂ ਦ੍ਰਿੜਤਾ, ਨਵਾਂ ਸੰਕਲਪ ਅਤੇ ਨਵੀਂ ਰੂਹ ਧੜਕਣ ਲੱਗੀ ਸੀ। 1919 ਦੀ ਜਲਿਆਂਵਾਲੇ ਬਾਗ ਦੀ ਘਟਨਾ ਤੋਂ ਲੈ ਕੇ 1922 ਤੱਕ ਜਿਹੜੀ ਇਕ ਪੀੜਾ ਦਾਇਕ ਚੀਸ ਰਿਸ ਰਹੀ ਸੀ, ਉਹਨੇ 1928 'ਚ ਇਕ ਨਵੀਂ ਕਰਵਟ ਲਈ ਸੀ। 1928 ਦੇ ਸਾਲ ਨੂੰ ਵੇਖੀਏ ਤਾਂ ਸਮੁੱਚੇ ਭਾਰਤ ਵਿਚ ਨੌਜਵਾਨਾਂ ਦੀਆਂ ਟੋਲੀਆਂ ਦੀਆਂ ਟੋਲੀਆਂ ਇਨਕਲਾਬੀ ਬਣ ਕੇ ਵਿਦੇਸ਼ੀ ਹੁਕਮਰਾਨਾਂ ਨਾਲ ਟੱਕਰ ਲੈਣ ਉਤੇ ਉਤਾਰੂ ਸਨ। ਸ਼ਹੀਦ ਭਗਤ ਸਿੰਘ ਦੀ ਜ਼ਿੰਦਗੀ ਦੇ ਇਹੋ ਸਾਲ 1928 ਤੋਂ ਲੈ ਕੇ 1931 ਤੱਕ ਸੁਨਹਿਰੀ ਵਰ੍ਹੇ ਹਨ। ਸਿਰਫ਼ ਭਗਤ ਸਿੰਘ ਦੇ ਹੀ ਨਹੀਂ ਸਮੁੱਚੀ ਇਨਕਲਾਬੀ ਲਹਿਰ ਦੇ ਲਈ ਇਹ ਸਾਲ ਇਕ ਸੰਗਰਾਮੀ (Trasitional) ਕਾਇਆ ਕਲਪ ਦੇ ਸਾਲ ਸਨ।

ਹਿੰਦੋਸਤਾਨ ਰੀਪਬਲਿਕ ਐਸੋਸੀਏਸ਼ਨ ਦਾ ਗਠਨ 1923 ਵਿਚ ਸਚੀਂਦਰਨਾਥ ਸੁਨਿਆਲ ਦੀ ਅਗਵਾਈ 'ਚ ਹੋਇਆ ਸੀ। ਇਹਦੇ ਪਹਿਲੇ ਐਲਾਨਨਾਮੇ ਨੂੰ ਜੇ ਵੇਖੀਏ ਤਾਂ ਇਸ ਉਤੇ ਉਸ ਸਮੇਂ ਦੀਆਂ ਵਿਦੇਸ਼ੀ ਇਨਕਲਾਬੀ ਲਹਿਰਾਂ ਦਾ ਗੂੜ੍ਹਾ ਪ੍ਰਭਾਵ ਸੀ। ਭਾਵ ਸਮਾਜਵਾਦ ਦਾ ਅਸਿੱਧਾ ਪ੍ਰਭਾਵ ਸੀ। ਮਿਸਾਲ ਲਈ ਐਲਾਨਨਾਮੇ ਵਿਚ ਦਰਜ ਹੈ, "ਇਕ ਇਨਕਲਾਬੀ ਪਾਰਟੀ ਇਨ੍ਹਾਂ ਅਰਥਾਂ ਵਿਚ ਕੌਮੀ ਨਾ ਹੋ ਕੇ ਕੌਮਾਂਤਰੀ ਹੈ ਕਿ ਇਨ੍ਹਾਂ ਅੰਤਿਮ ਨਿਸ਼ਾਨਾ ਵਿਸ਼ਵ ਵਿਚ ਮੇਲਜੋਲ ਅਤੇ ਭਾਈਚਾਰਾ ਸਥਾਪਤ ਕਰਨਾ ਹੈ। ਇਹ ਵੱਖ-ਵੱਖ ਰਾਸ਼ਟਰਾਂ ਅਤੇ ਰਾਜਾਂ (ਦੇਸ਼ਾਂ) ਦੇ ਵਿਚਕਾਰ ਦੁਸ਼ਮਣੀਆਂ ਦੀ ਥਾਂ ਸਹਿਯੋਗ ਚਾਹੁੰਦੀ ਹੈ ਅਤੇ ਇਨ੍ਹਾਂ ਅਰਥਾਂ ਵਿਚ ਭਾਰਤ ਬੀਤੇ ਸੁਨਹਿਰੀ ਇਤਿਹਾਸ ਦੇ ਮਹਾਨ ਰਿਸ਼ੀਆਂ ਅਤੇ ਅੱਜ ਦੇ ਬਾਲਸ਼ਵਿਕ ਰੂਸ ਦਾ ਅਧਿਐਨ ਕਰੇਗੀ।" ਭਾਵ ਦੋਹਾਂ ਤੋਂ ਸਿੱਖਿਆ ਲਵੇਗੀ। ਇਹ ਗੱਲ ਅੱਜ ਤੋਂ ਲਗਭਗ 90 ਸਾਲ ਪਹਿਲਾਂ ਇਨਕਲਾਬੀਆਂ ਨੇ ਕਹੀ ਹੈ। ਕਿਸੇ ਲਹਿਰ ਦਾ ਖਾਸਾ ਕੌਮੀ ਨਹੀਂ ਕੌਮਾਂਤਰੀ ਹੁੰਦਾ ਹੈ ਅਤੇ ਹੋਣਾ ਚਾਹੀਦਾ ਹੈ। ਭਾਵ ਦੁਨੀਆ ਦੇ ਸਾਰੇ ਰਾਸ਼ਟਰ (ਦੇਸ਼) ਆਪਸੀ ਬਰਾਬਰਤਾ ਦੀ ਯਥਾਰਥਵਾਦੀ ਜ਼ਮੀਨ ਉਤੇ ਖੜ੍ਹੇ ਹੋਣ। ਕੋਈ ਰਾਸ਼ਟਰ ਕਿਸੇ ਦੀ ਲੁੱਟ ਨਾ ਕਰੇ ਤਾਂ ਹੀ ਵਿਸ਼ਵ ਦਾ ਭਾਈਚਾਰਾ ਕਾਇਮ ਹੋ ਸਕਦਾ ਹੈ। ਦੂਸਰਾ ਸਾਨੂੰ ਆਪਣੀ ਇਤਿਹਾਸਕ ਵਿਰਾਸਤ ਉਤੇ ਮਾਣ ਹੋਣਾ ਚਾਹੀਦਾ ਹੈ। ਭਾਵ ਵਿਰਾਸਤ ਦੇ ਇਨਕਲਾਬੀ ਅੰਸ਼ ਸਾਡਾ ਸਰਮਾਇਆ ਹਨ। ਆਪਣੇ ਅਤੀਤ ਦੀਆਂ ਅਗਾਂਹਵਧੂ ਅਤੇ ਵਿਗਿਆਨਕ ਕਦਰਾਂ-ਕੀਮਤਾਂ, ਵਿਚਾਰਧਾਰਾਵਾਂ ਨੂੰ ਵਿਕਸਤ ਕਰਕੇ ਉਨ੍ਹਾਂ ਨੂੰ ਆਧੁਨਿਕ ਬਾਲਸ਼ਵਿਕ ਆਦਰਸ਼ਾਂ ਨਾਲ ਜੋੜ ਕੇ ਆਪਣੀ ਵਿਚਾਰਧਾਰਕ ਦਾਰਸ਼ਨਿਕ ਸਮਝ ਵਿਕਸਤ ਕਰਨੀ ਚਾਹੀਦੀ ਹੈ।

ਸਚੀਂਦਰਨਾਥ ਸਨਿਆਲ ਤੋਂ ਸ਼ਹੀਦ ਭਗਤ ਸਿੰਘ ਤੱਕ ਵਿਚਾਰਾਂ ਦਾ ਸਫ਼ਰ ਉਪਰੋਕਤ ਧਰਾਤਲ ਤੋਂ ਹੀ ਪਛਾਣਿਆ ਜਾ ਸਕਦਾ ਹੈ। ਹਾਲਾਂਕਿ ਸਚੀਂਦਰਨਾਥ ਸਨਿਆਲ ਸਿਰਫ਼ ਮੱਧਵਰਗੀ ਨੌਜਵਾਨਾਂ ਨੂੰ ਹੀ ਅਜਿਹੇ ਵਿਚਾਰਾਂ ਦਾ ਵਾਹਕ ਮੰਨਦੇ ਸਨ ਪਰ ਭਗਤ ਸਿੰਘ ਇਸ ਤੋਂ ਅੱਗੇ ਮਜ਼ਦੂਰਾਂ ਕਿਸਾਨਾਂ ਤੱਕ ਪਹੁੰਚੇ। ਸਚੀਂਦਰਨਾਥ ਦਾ ਮਤ ਸੀ, "ਸਿਰਫ਼ ਮੱਧ ਵਰਗ ਦੇ ਨੌਜਵਾਨ ਹੀ ਅਗਵਾਈ ਦੇਣ ਦੀ ਸਮਰੱਥਾ ਰੱਖਦੇ ਹਨ ਜਦੋਂਕਿ ਮਜ਼ਦੂਰ ਅਤੇ ਕਿਸਾਨ ਇਨਕਲਾਬੀ ਫੌਜ ਦੇ ਸਿਪਾਹੀ ਦੇ ਤੌਰ 'ਤੇ ਕੰਮ ਕਰਨਗੇ।" ਇਹ ਧਾਰਨਾ ਉਸ ਇਨਕਲਾਬੀ ਧਰਾਤਲ 'ਚੋਂ ਉਪਜੀ ਸੀ ਜਿਹੜੀ ਫਰਾਂਸ ਦੇ ਇਨਕਲਾਬੀ ਅਤੇ ਭਾਰਤ 'ਚ ਗ਼ਦਰ ਲਹਿਰ ਦੀ ਵਿਰਾਸਤ ਸੀ ਪਰ ਭਗਤ ਸਿੰਘ 19 ਅਕਤੂਬਰ 1929 ਨੂੰ ਪੰਜਾਬ ਸਟੂਡੈਂਟ ਕਾਂਗਰਸ ਦੇ ਨਾਂ ਆਪਣੇ ਸੰਦੇਸ਼ ਵਿਚ ਕਹਿੰਦੇ ਹਨ, " ਅੱਜ ਅਸੀਂ ਨੌਜਵਾਨਾਂ ਨੂੰ ਬੰਬ ਅਤੇ ਪਿਸਤੌਲ ਅਪਣਾਉਣ ਲਈ ਨਹੀਂ ਕਹਿ ਸਕਦੇ। ਇਨ੍ਹਾਂ ਨੇ ਸਨਅਤੀ ਖੇਤਰ ਦੀਆਂ ਬਸਤੀਆਂ ਅਤੇ ਪਿੰਡਾਂ ਦੇ ਟੁੱਟੇ ਫੁੱਟੇ ਝੌਂਪੜਿਆਂ ਵਿਚ ਕਰੋੜਾਂ ਲੋਕਾਂ ਨੂੰ ਜਗਾਉਣਾ ਹੈ।" ਭਾਵ ਬੁਨਿਆਦੀ ਵਰਗਾਂ ਨੂੰ ਜਥੇਬੰਦ ਕਰਨ ਦਾ ਕਾਰਜ ਹੱਥ ਲੈਣਾ।

ਅਸੀਂ ਫਿਰ 1928 ਦੇ ਵਰ੍ਹੇ ਉਤੇ ਨਿਗਾਹ ਮਾਰੀਏ। ਦੇਸ਼ ਭਰ 'ਚ ਅੰਗਰੇਜ਼ੀ ਰਾਜ ਵਿਰੁੱਧ ਲਹਿਰਾਂ ਚਲ ਰਹੀਆਂ ਸਨ ਪ੍ਰਦਰਸ਼ਨ ਹੋ ਰਹੇ ਹਨ। 'ਸਾਈਮਨ ਵਾਪਸ ਜਾਓ ਦੇ ਨਾਅਰੇ ਲੱਗ ਰਹੇ ਸਨ। ਇਸੇ ਦੌਰਾਨ ਲਾਲਾ ਲਾਜਪਤ ਰਾਏ ਬਰਤਾਨਵੀ ਪੁਲਿਸ ਦੇ ਤਸ਼ੱਦਦ ਨਾਲ ਮਾਰੇ ਜਾਂਦੇ ਹਨ। ਭਾਵ ਬਰਤਾਨਵੀ ਹਾਕਮ ਲਾਲਾ ਜੀ ਦੀ ਹੱਤਿਆ ਕਰ ਦਿੰਦੇ ਹਨ। 1928 ਦਾ ਹੀ ਉਹ ਇਤਿਹਾਸਕ ਦਿਨ ਹੈ ਭਾਵ 8 ਸਤੰਬਰ (1928) ਜਦੋਂ ਇਨਕਲਾਬੀ ਸੰਗਠਨ ਵਿਚ ਸਮਾਜਵਾਦ ਸ਼ਬਦ ਉਤੇ ਭਰਵੀਂ ਬਹਿਸ ਚਲਦੀ ਹੈ ਅਤੇ ਇਸ ਸ਼ਬਦ ਨੂੰ ਅਪਣਾ ਲਿਆ ਜਾਂਦਾ ਹੈ। ਇੰਡੀਅਨ ਰੀਪਬਲਿਕਨ ਐਸੋਸੀਏਸ਼ਨ ਦਾ ਨਾਂ ਬਦਲ ਕੇ ਇੰਡੀਅਨ ਸੋਸ਼ਲਿਸਟ ਰੀਪਬਲਿਕਨ ਐਸੋਸੀਏਸ਼ਨ (H.S.R.A.) ਰੱਖ ਦਿੱਤਾ ਜਾਂਦਾ ਹੈ। ਭਾਵ ਇਨਕਲਾਬੀ ਲਹਿਰ ਦਾ ਪੂਰਾ ਚਰਿੱਤਰ ਹੀ ਤਬਦੀਲ ਹੋ ਜਾਂਦਾ ਹੈ। ਇਸ ਸ਼ਬਦ ਨੂੰ ਧਾਰਨ ਕਰਨ ਤੋਂ ਪਹਿਲਾਂ ਇਕ ਲੰਮੀ ਬਹਿਸ ਚਲਦੀ ਹੈ। ਇਸ ਵਿਚਾਰ ਤੱਕ ਸੰਗਠਨ ਕਿਵੇਂ ਪਹੁੰਚਿਆ ਅਤੇ ਇਥੋਂ ਤੱਕ ਲਿਜਾਣ ਵਿਚ ਭਗਤ ਸਿੰਘ ਭੂਮਿਕਾ ਕੀ ਸੀ ਇਹੋ ਅੱਜ ਦੀ ਇਨਕਲਾਬੀ ਲਹਿਰ ਲਈ ਸਿੱਖਣਯੋਗ ਬਹੁਮੁੱਲਾ ਅਧਿਆਏ ਹੈ। ਇਸ ਇਨਕਲਾਬੀ ਦਰਸ਼ਨ ਦੀ ਵਿਆਖਿਆ ਕਰਦੀਆਂ ਪੰਜ ਅਹਿਮ ਦਸਤਾਵੇਜ਼ਾਂ ਹਨ ਜਿਨ੍ਹਾਂ ਦਾ ਮੁਲਅੰਕਣ ਜ਼ਰੂਰੀ ਏ। ਪਹਿਲਾ ਹੈ ਲਾਹੌਰ ਵਿਚ ਗਠਿਤ ਕੀਤੀ ਨੌਜਵਾਨ ਭਾਰਤ ਸਭਾ ਦਾ ਐਲਾਨਨਾਮਾ (ਅਪ੍ਰੈਲ 1928), ਦੂਸਰਾ ਅਸੈਂਬਲੀ ਬੰਬ ਕਾਂਡ ਵੇਲੇ ਭਗਤ ਸਿੰਘ ਅਤੇ ਬੀ. ਕੇ. ਦੱਤ ਵਲੋਂ 6 ਜੂਨ 1928 ਨੂੰ ਦਿੱਤਾ ਗਿਆ ਬਿਆਨ। ਤੀਸਰਾ ਕਾਂਗਰਸ ਦਾ ਜਦੋਂ ਲਾਹੌਰ ਇਜਲਾਸ ਚਲ ਰਿਹਾ ਸੀ ਤਾਂ ਹਿੰਦੋਸਤਾਨੀ ਸਮਾਜਵਾਦੀ ਰਿਪਬਲਿਕਨ ਐਸੋਸੀਏਸ਼ਨ ਵਲੋਂ ਵੰਡਿਆ ਗਿਆ ਐਲਾਨਨਾਮਾ (1929), ਚੌਥਾ 26 ਜਨਵਰੀ 1930 ਨੂੰ ਵੰਡਿਆ ਗਿਆ ਦਸਤਾਵੇਜ਼ 'ਬੰਬ ਦਾ ਦਰਸ਼ਨ', ਪੰਜਵਾਂ ਹੈ 2 ਫਰਵਰੀ 1931 ਨੂੰ ਜਾਰੀ ਕੀਤਾ 'ਇਨਕਲਾਬੀ ਪ੍ਰੋਗਰਾਮ ਦਾ ਖਰੜਾ। ਇਹ ਪੰਜ ਉਹ ਇਤਿਹਾਸਕ ਦਸਤਾਵੇਜ਼ ਹਨ ਜਿਨ੍ਹਾਂ ਦੇ ਆਧਾਰਤ ਅਸੀਂ ਉਸ ਦੌਰ ਦੀ ਇਨਕਲਾਬੀ ਲਹਿਰ ਵਿਚ ਆਈ ਵਿਚਾਰਧਾਰਕ ਤਬਦੀਲੀ ਨੂੰ ਚਿੰਤਨ ਕਰ ਸਕਦੇ ਹਾਂ।

ਅਸੈਂਬਲੀ ਬੰਬ ਕਾਂਡ 'ਚ ਜਿਹੜਾ ਬਿਆਨ ਭਗਤ ਸਿੰਘ ਨੇ ਦਿੱਤਾ ਉਹ ਅਜਿਹਾ ਇਤਿਹਾਸਕ ਬਿਆਨ ਹੈ ਜਿਸ ਵਿਚ ਉਨ੍ਹਾਂ ਸਮਾਜਵਾਦ ਪ੍ਰਤੀ ਆਪਣੀ ਨਿਰਚਾ ਅਤੇ ਪ੍ਰਤੀਬੱਧਤਾ ਹੀ ਨਹੀਂ ਪ੍ਰਗਟ ਕੀਤੀ ਸਗੋਂ ਹਿੰਦੋਸਤਾਨ ਵਿਚ ਉਠੀ ਨਵੀਂ ਇਨਕਲਾਬੀ ਲਹਿਰ ਦੇ ਪ੍ਰੇਰਨਾ ਸਰੋਤ-ਗੁਰੂ ਗੋਬਿੰਦ ਸਿੰਘ, ਸ਼ਿਵਾ ਜੀ, ਕਮਾਲ ਪਾਸ਼ਾ, ਰਿਜ਼ਾ ਖਾਂ, ਵਾਸ਼ਿੰਗਟਨ, ਮੈਰੀ ਬਾਲਡੀ, ਲਾਯਾਫੇਟ ਅਤੇ ਲੈਨਿਨ ਨੂੰ ਪ੍ਰਵਾਨ ਕੀਤਾ। ਭਾਵ ਇਨ੍ਹਾਂ ਦੇ ਪੈਰ ਚਿੰਨ੍ਹਾਂ ਉਤੇ ਚਲਦਿਆਂ ਹੀ ਉਹ ਬਰਤਾਨਵੀ ਹਾਕਮਾਂ ਵਿਰੁੱਧ ਜੰਗ ਵਿਚ ਕੁੱਦੇ ਹਨ। ਇਸ ਬਿਆਨ 'ਚ ਭਗਤ ਸਿੰਘ ਕਹਿੰਦੇ ਹਨ, "ਕਿਉਂਕਿ ਭਾਰਤ ਵਿਚ ਵਿਦੇਸ਼ੀ ਸਰਕਾਰ ਅਤੇ ਸਾਡੇ ਕੌਮੀ ਆਗੂ ਦੋਵੇਂ ਹੀ ਇਸ ਅੰਦੋਲਨ ਦੇ ਪ੍ਰਤੀ ਉਦਾਸੀਨ ਲਗਦੇ ਹਨ ਅਤੇ ਜਾਣ ਬੁਝ ਕੇ ਉਨ੍ਹਾਂ ਦੀ ਆਵਾਜ਼ ਨੂੰ ਸੁਣਨ ਦੀ ਥਾਂ ਕੰਨ ਬੰਦ ਕਰਨ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ। ਆਖਿਰ ਅਸੀਂ ਆਪਣਾ ਫਰਜ਼ ਸਮਝਿਆ ਕਿ ਅਸੀਂ ਇਕ ਅਜਿਹੀ ਚਿਤਾਵਨੀ ਦੇਈਏ ਕਿ ਜਿਹਦੇ ਨਾਲ ਉਨ੍ਹਾਂ ਨੂੰ ਨਜ਼ਰ-ਅੰਦਾਜ਼ ਨਾ ਕੀਤਾ ਜਾਵੇ।" ਭਾਵ ਬੰਬ ਸੁੱਟਣਾ ਇਕ ਵਿਸ਼ੇਸ਼ ਇਤਿਹਾਸਕ ਮੰਤਵ ਲਈ ਹੈ-ਇਹੀ ਕਾਰਨ ਹੈ ਕਿ ਹੱਥ ਪਰਚੇ 'ਚ ਇਨਕਲਾਬੀ ਵੇਲਾਂ ਬੋਲੇ ਕੰਨਾਂ ਨੂੰ ਸੁਣਾਉਣ'-ਦਾ ਹੋਕਰਾ ਦਿੱਤਾ ਗਿਆ ਹੈ। ਫਰਾਂਸ ਦੇ ਮਹਾਨ ਇਨਕਲਾਬੀ ਵੇਲਾਂ ਤੋਂ ਪ੍ਰੇਰਨਾ ਲਈ ਸੀ ਭਗਤ ਸਿੰਘ ਨੇ। ਵੇਲਾਂ ਨੇ ਜਿਹਨੂੰ ਅਰਾਜਕਤਾਵਾਦੀ ਵੀ ਕਿਹਾ ਜਾਂਦਾ ਸੀ ਉਨ੍ਹਾਂ ਨੇ ਫਰਾਂਸੀਸੀ ਅਸੈਂਬਲੀ 'ਚ ਬੰਬ ਸੁਟਿਆ ਸੀ ਅਤੇ ਨਾਲ ਹੀ ਬੋਲ ਬੋਲੇ ਸਨ-"ਬੋਲਿਆਂ ਨੂੰ ਸੁਣਾਉਣ ਲਈ ਧਮਾਕਿਆਂ ਦੀ ਆਵਾਜ਼ ਜ਼ਰੂਰੀ ਹੈ" ਉਨ੍ਹਾਂ ਦੇ ਸੰਗਠਨ ਦੇ ਅਜਿਹੇ ਹੀ ਵਿਚਾਰਾਂ ਵਾਲਾ ਪਰਚਾ ਵੀ ਅਸੈਂਬਲੀ 'ਚ ਸੁਟਿਆ ਸੀ। ਇਸ ਦੌਰ ਤੱਕ ਉਹ ਇਸ ਸਿੱਟੇ ਤੱਕ ਪਹੁੰਚ ਗਏ ਸਨ ਕਿ 'ਨਾ ਮਿਲਵਰਤਨ' ਅਤੇ 'ਬਾਈਕਾਟ' ਵਰਗੇ ਨਾਅਰੇ ਕੌਮੀ ਮੁਕਤੀ ਸੰਘਰਸ਼ ਨੂੰ ਅੱਗੇ ਲਿਜਾਣ ਵਿਚ ਸਹਾਈ ਹੋਣ ਵਾਲੇ ਨਹੀਂ। ਇਨ੍ਹਾਂ ਨਾਅਰਿਆਂ ਹੇਠ ਇਕ ਕਾਇਰਤਾ ਛੁਪੀ ਹੋਈ ਹੈ। ਮਾਮੂਲੀ ਤੋਂ ਮਾਮੂਲੀ ਬਰਤਾਨਵੀ ਅਧਿਕਾਰੀ ਵੀ ਭਾਰਤੀ ਲੋਕਾਂ ਉਤੇ ਅੰਨ੍ਹੇ ਜ਼ੁਲਮ ਢਾਹ ਸਕਦਾ ਹੈ। ਅਜਿਹੀ ਹਾਲਤ ਵਿਚ ਇਕ ਚੁੱਪ ਨੂੰ, ਇਕ ਦਹਿਸ਼ਤ ਨੂੰ ਇਕ ਠਹਿਰਾਓ ਨੂੰ ਤੋੜਨ ਦੀ ਲੋੜ ਹੈ। ਲਾਲਾ ਲਾਜਪਤ ਰਾਏ ਦੇ ਕਤਲ ਦਾ ਬਦਲਾ ਇਕ ਅੰਗਰੇਜ਼ ਕਰਮਚਾਰੀ ਨੂੰ ਮਾਰਕੇ ਲੈਣ ਪਿਛੇ ਜਿਹੜੀ ਸੋਚ ਤੇ ਫਲਸਫਾ ਕੰਮ ਕਰ ਰਿਹਾ ਸੀ ਉਹ ਇਹੋ ਸੀ ਕਿ ਭਾਰਤੀ ਲੋਕਾਂ ਨੂੰ ਵਿਸ਼ੇਸ਼ ਕਰਕੇ ਨੌਜਵਾਨ ਪੀੜ੍ਹੀ ਨੂੰ, ਨਿਰਾਸ਼ਾ 'ਚੋਂ ਕਿਵੇਂ ਕੱਢਿਆ ਜਾਵੇ, ਉਨ੍ਹਾਂ ਦੀ ਬੇਗੈਰਤੀ ਦੀ ਚਾਦਰ ਕਿਵੇਂ ਲਾਹੀ ਜਾਵੇ ਉਨ੍ਹਾਂ ਅੰਦਰ ਹਿੰਮਤ ਅਤੇ ਇਨਕਲਾਬੀ ਸਪਿਰਟ ਕਿਵੇਂ ਪੈਦਾ ਕੀਤੀ ਜਾਵੇ। ਇਕ ਚਿੰਗਾੜੀ ਸੁੱਟਣ ਦਾ ਸਮਾਨ ਸੀ ਤਾਂ ਕਿ ਪੂਰਾ ਜੰਗਲ ਧੁਖਣ ਲੱਗੇ। ਦੇਖਣ ਨੂੰ ਇਹ ਅਰਾਜਕਤਾਵਾਦੀ ਕਦਮ ਲਗਦੇ ਹਨ ਪਰ ਭਗਤ ਸਿੰਘ ਤਾਂ ਅਰਾਜਕਤਾਵਾਦ ਸਬੰਧੀ ਆਪਣੇ ਵਿਚਾਰ ਪਹਿਲਾਂ ਹੀ ਮਈ 1928 ਵਿਚ ਕਿਰਤੀ ਪਰਚੇ 'ਚ ਇਕ ਲੇਖ ਲਿਖ ਕੇ ਸਾਫ਼ ਕਰ ਚੁੱਕਾ ਸੀ। ਮਨੁੱਖ ਦੀ ਮੁੱਢ ਕਦੀਮੀ ਇੱਛਾ ਆਜ਼ਾਦੀ ਹਾਸਲ ਕਰਨਾ ਰਹੀ ਹੈ। ਆਜ਼ਾਦੀ ਹਾਸਲ ਕਰਨ ਦਾ ਪਹਿਲਾ ਪੜਾਅ ਹੈ ਵਿਦਰੋਹ ਕਰਨਾ। ਜਬਰ ਜ਼ੁਲਮ ਤੇ ਅਨਿਆਂ ਵਿਰੁੱਧ ਵਿਦਰੋਹ। ਕੀ ਸਿਰਜਣਾ ਹੈ ਇਹ ਚਿੰਤਨ ਦਾ ਵਿਸ਼ਾ ਹੈ। ਸ਼ਹੀਦ ਭਗਤ ਸਿੰਘ ਦੇ ਕਿਰਤੀ 'ਚ ਛਪੇ ਅਰਾਜਕਤਾਵਾਦ ਉਤੇ ਤਿੰਨ ਲੇਖ ਬਹੁਤ ਹੀ ਮਹੱਤਵਪੂਰਨ ਹਨ। ਮਈ-ਜੂਨ ਤੇ ਜੁਲਾਈ 1928 ਵਿਚ ਲਿਖੇ ਇਹ ਤਿੰਨੇ ਲੇਖ ਉਹਦੇ ਅੰਦਰ ਆ ਰਹੀ ਇਕ ਇਨਕਲਾਬੀ ਤੋਂ ਇਕ ਚਿੰਤਕ ਵਾਲੀ ਤਬਦੀਲੀ ਨੂੰ ਪ੍ਰਗਟ ਕਰਦੇ ਹਨ। ਇਹ ਇਨਕਲਾਬੀ ਆਪਣੇ ਦੌਰ ਦੀਆਂ ਲਹਿਰਾਂ ਦਾ ਕਿੰਨਾ ਗਹਿਰਾ ਅਧਿਐਨ ਕਰ ਰਹੇ ਸਨ ਇਸੇ ਲੇਖ ਲੜੀ ਤੋਂ ਸਪਸ਼ਟ ਹੁੰਦਾ ਹੈ। ਸ਼ਹੀਦ ਭਗਤ ਸਿੰਘ ਨੂੰ "ਆਰਾਜਕਤਾਵਾਦ ਨੂੰ ਭਾਰਤੀ ਕੌਮੀ ਇਨਕਲਾਬੀ ਲਹਿਰ ਦੇ ਲਈ ਯੁੱਧਨੀਤਕ ਵਿਚਾਰਧਾਰਾ ਦੇ ਰੂਪ ਵਿਚ ਹਮੇਸ਼ਾ ਪ੍ਰਸੰਗਿਕ ਅਤੇ ਢੁਕਵਾਂ ਮੰਨਿਆ ਸੀ।" ਉਹ ਆਪਣੇ ਇਨ੍ਹਾਂ ਲੇਖਾਂ 'ਚ ਇਕ ਯੂਨਾਨੀ ਦਾਰਸ਼ਨਿਕ ਦੇ ਵਿਚਾਰਾਂ ਨੂੰ ਵੀ ਵਰਤਦਾ ਹੈ ਜਿਸ 'ਚ ਉਹਨੇ ਕਿਹਾ ਸੀ, "ਅਸੀਂ ਨਾ ਹਾਕਮ ਬਣਨਾ ਚਾਹੁੰਦੇ ਹਾਂ ਨਾ ਹੀ ਪ੍ਰਜਾ।" ਇਹੀ ਕਾਰਨ ਹੈ ਕਿ ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੀ ਇਨਕਲਾਬੀ ਲਹਿਰ ਨੇ ਬਹੁਤ ਛੋਟੀ ਅਤੇ ਬਚਪਨ ਦੀ ਅਵਸਥਾ ਵਿਚ ਹੀ ਬਰਤਾਨਵੀ ਹਾਕਮਾਂ ਵਿਰੁੱਧ ਚਲ ਰਹੇ ਭਾਰਤੀ ਲੋਕਾਂ ਦੇ ਮੁਕਤੀ ਸੰਘਰਸ਼ ਵਿਚ ਇਕ ਨਵੀਂ ਇਨਕਲਾਬੀ ਰੂਹ ਫੂਕ ਦਿੱਤੀ। ਦੇਸ਼ ਦੀ ਜੁਆਨੀ 'ਚ ਜੋਸ਼, ਹਿੰਮਤ, ਸਿਰੜ ਅਤੇ ਮਰ ਮਿਟਣ ਦਾ ਜਜ਼ਬਾ ਤੇ ਹੌਂਸਲਾ ਪੈਦਾ ਕੀਤਾ। ਭਗਤ ਸਿੰਘ ਨੇ ਅਰਾਜਕਤਾਵਾਦ ਤੋਂ ਵੀ ਸਿੱਖਿਆ ਅਤੇ ਇਸ ਨੂੰ ਜਮੂਦ ਦੀ ਸਥਿਤੀ ਤੋੜਨ ਲਈ ਵਰਤਿਆ। ਕਿਸੇ ਇਨਕਲਾਬੀ ਲਹਿਰ ਦੇ ਵਿਕਾਸ ਲਈ ਕਿਹੜੀ ਯੁੱਧਨੀਤਕ ਲਾਈਨ ਕਦੋਂ 'ਧਰਮ' ਬਣ ਜਾਂਦੀ ਹੈ ਇਹ ਇਕ ਸਿਆਣੀ ਦੂਰ ਅੰਦੇਸ਼ੀ ਲੀਡਰਸ਼ਿਪ ਉਤੇ ਨਿਰਭਰ ਕਰਦੀ ਹੈ। ਹਾਲਾਂਕਿ ਭਗਤ ਸਿੰਘ ਆਪਣੀਆਂ ਲਿਖਤਾਂ, ਬਿਆਨਾਂ ਅਤੇ ਨਾਅਰਿਆਂ 'ਚ ਆਪਣੇ ਵਿਚਾਰਧਾਰਕ ਟੀਚੇ, ਉਦੇਸ਼ ਅਤੇ ਮੰਜ਼ਿਲ ਨੂੰ ਬੜਾ ਸਾਫ਼ ਸਾਫ਼ ਰੱਖਦੇ ਹਨ। ਇਕ ਲੁੱਟ ਰਹਿਤ, ਵਰਗ ਅਤੇ ਵਰਨ ਰਹਿਤ, ਹਕੂਮਤ ਰਹਿਤ ਇਕ ਸਮਾਜਿਕ ਪ੍ਰਬੰਧ ਕਾਇਮ ਕਰਨਾ, ਜਿਹੜਾ ਸਮਾਜਵਾਦ ਦੇ ਆਦਰਸ਼ਾਂ ਦੇ ਆਧਾਰਤ ਹੋਵੇਗਾ। ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀ, ਰੂਸ ਦੇ ਇਨਕਲਾਬ ਅਤੇ ਲੈਨਿਨ ਦੀ ਦ੍ਰਿਸ਼ਟੀ ਦੇ ਕਾਇਲ ਸਨ। ਮਜ਼ਦੂਰਾਂ ਕਿਸਾਨਾਂ ਦੀਆਂ ਜਥੇਬੰਦੀਆਂ ਉਸਾਰ ਕੇ ਹਰ ਕਿਸਮ ਦੇ ਸੰਵਿਧਾਨਕ ਢਾਂਚਿਆਂ ਦੀ ਵਰਤੋਂ ਕਰਦਿਆਂ, ਇਨਕਲਾਬੀ ਲੋਕ ਚੇਤਨਾ ਪੈਦਾ ਕਰਦਿਆਂ ਇਕ ਸਮਝੌਤਾ ਰਹਿਤ ਲੜਾਈ ਲੜਨ ਦੀ ਇੱਛਾ ਰੱਖਦੇ ਸਨ। ਇਹ ਉਨ੍ਹਾਂ ਦੀਆਂ ਉਨ੍ਹਾਂ ਦਸਤਾਵੇਜ਼ਾਂ ਤੋਂ ਬਹੁਤ ਸਾਫ਼ ਝਲਕਦਾ ਹੈ। ਇਹ ਦੂਰ ਅੰਦੇਸ਼ੀ ਇਨਕਲਾਬੀ 1928 'ਚ ਹੀ ਜਾਣ ਗਏ ਸਨ ਕਿ ਅੰਗਰੇਜ਼ੀ ਹਕੂਮਤ ਇਕ ਦਿਨ ਜ਼ਰੂਰ ਉਨ੍ਹਾਂ ਲੋਕਾਂ ਦੇ ਹੱਥਾਂ 'ਚ ਸੌਂਪ ਕੇ ਜਾਵੇਗੀ ਜਿਹੜੇ ਗੋਡੇ ਟੇਕੂ ਹਨ, ਸਮਝੌਤਾਪ੍ਰਸਤ ਹਨ ਅਤੇ ਡਾਵਾਂਡੋਲ ਹਨ। ਇਸੇ ਕਰਕੇ ਉਨ੍ਹਾਂ ਨੇ ਅਜਿਹੀ ਕਿਸੇ ਵੀ ਸੱਤਾ ਤਬਦੀਲੀ ਨੂੰ ਪ੍ਰਵਾਨ ਨਾ ਕਰਨ ਦਾ

ਹੋਕਰਾ ਦਿੱਤਾ-ਅੰਗਰੇਜ਼ 'ਗੋਰੇ' ਹੋਣ ਜਾਂ 'ਕਾਲੇ'- ਜਦੋਂ ਤੱਕ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਦਾ ਸਿਲਸਿਲਾ ਖਤਮ ਨਹੀਂ ਹੁੰਦਾ ਜੰਗ ਜਾਰੀ ਰਹਿਣੀ ਚਾਹੀਦੀ ਹੈ। ਇਹੋ ਕਾਰਨ ਹੈ ਕਿ ਉਨ੍ਹਾਂ ਇਨਕਲਾਬੀ ਲਹਿਰ ਦੇ ਵਿਆਪਕ ਦੇਸ਼ ਵਿਆਪਕੀ ਪਸਾਰੇ ਅਤੇ ਵਿਦੇਸ਼ਾਂ ਵਿਚੋਂ ਅਜਿਹੀ ਲਹਿਰ ਲਈ ਹਮਾਇਤ ਹਾਸਲ ਲਈ ਅਸੈਂਬਲੀ 'ਚ ਬੰਬ ਸੁੱਟ ਕੇ ਇਕ ਨਵਾਂ ਅਤੇ ਨਿਵੇਕਲਾ ਰਾਹ ਦਿੱਤਾ। ਹਾਲਾਂਕਿ ਭਾਰਤ ਵਿਚ, ਭਾਰਤੀ ਕਮਿਊਨਿਸਟ ਪਾਰਟੀ ਹੋਂਦ 'ਚ ਆ ਚੁੱਕੀ ਸੀ ਅਤੇ ਉਹ ਦੇ ਕਈ ਕੇਂਦਰ ਵੀ ਇਸ ਦੌਰ ਤੱਕ ਉਤਰ ਆਏ ਸਨ ਪਰ ਉਸ ਦੀ ਲੋਕਾਂ 'ਚ ਸ਼ਾਖ ਬਹੁਤ ਪੇਤਲੀ ਸੀ ਜਾਂ ਕਹੋ ਨਾਂ ਦੇ ਬਰਾਬਰ ਸੀ। ਸ਼ਹੀਦ ਭਗਤ ਸਿੰਘ ਅਤੇ ਉਹਦੇ ਸਾਥੀਆਂ ਵਿਚ ਅਜਿਹੀ ਵਿਚਾਰਧਾਰਕ ਤਬਦੀਲੀ 1924-28 ਦੇ ਦੌਰਾਨ ਆਈ। ਇਹ ਉਹ ਦੌਰ ਸੀ ਜਦੋਂ ਮੱਧ ਵਰਗ 'ਚੋਂ ਬੌਧਿਕ ਤਬਕਾ ਇਨਕਲਾਬੀ ਵਿਚਾਰਾਂ ਵੱਲ ਖਿੱਚਿਆ ਹੋਇਆ ਸੀ। ਭਗਤ ਸਿੰਘ ਨੂੰ ਲਿਖਣ ਦੀ ਚੇਟਕ ਤਾਂ 'ਪ੍ਰਤਾਪ' 'ਚ ਛਪਣ ਤੋਂ ਪਹਿਲਾਂ ਲੱਗ ਚੁੱਕੀ ਸੀ। ਪੰਜਾਬੀ ਭਾਸ਼ਾ ਅਤੇ ਲਿਪੀ ਦੀ ਸਮੱਸਿਆ ਉਤੇ ਉਨ੍ਹਾਂ 1924 ਵਿਚ ਹੀ ਲੇਖ ਲਿਖ ਦਿੱਤਾ ਸੀ ਜਦੋਂ ਉਹ ਅਜੇ 17 ਸਾਲਾਂ ਦੇ ਹੀ ਸਨ। ਪਰ ਇਨਕਲਾਬੀ ਲਹਿਰ ਪ੍ਰਤੀ ਗੰਭੀਰ ਅਧਿਐਨ ਉਨ੍ਹਾਂ ਨੇ ਗਣੇਸ਼ ਸੰਕਰ ਵਿਦਿਆਰਥੀ ਦੇ 'ਪ੍ਰਤਾਪ' ਅਖ਼ਬਾਰ, ਸੋਹਨ ਸਿੰਘ ਜੋਸ਼ ਵਲੋਂ ਕੱਢੇ ਜਾਂਦੇ 'ਕਿਰਤੀ' ਪਰਚੇ ਲਈ ਲਿਖੇ ਲੇਖਾਂ ਦੌਰਾਨ ਹੀ ਸ਼ੁਰੂ ਕੀਤਾ। ਭਗਤ ਸਿੰਘ ਅਤੇ ਉਹਦੇ ਸਾਥੀਆਂ ਨੇ ਆਪਣੇ ਇਨਕਲਾਬੀ ਸੰਗਠਨ ਦੇ ਵਿਸਥਾਰ ਅਤੇ ਮਜ਼ਬੂਤੀ ਲਈ ਵਿਦੇਸ਼ੀ ਇਨਕਲਾਬੀ ਲਹਿਰਾਂ ਦਾ ਅਧਿਐਨ ਕਰਨਾ ਸ਼ੁਰੂ ਕੀਤਾ ਤਾਂ ਪਹਿਲਾਂ ਪਹਿਲ ਉਹ ਰੂਸ ਦੇ ਬਾਕੂਨਿਨ, ਇਟਲੀ ਦੇ ਮੈਜਿਨੀ, ਫਰਾਂਸ ਦੇ ਦਾਰਸ਼ਨਿਕ ਪਰੂਦੋ ਅਤੇ ਪ੍ਰਿੰਸ ਕਰੋਪਾਟਕਿਨ, ਏਮਾਗੋਲਡਮੈਨ ਅਲੈਗਜੈਂਡਰ ਬ੍ਰੇਕਮੈਨ ਤੋਂ ਪ੍ਰਭਾਵਤ ਹੋਏ ਸਨ। ਨੈਸ਼ਨਲ ਕਾਲਜ ਲਾਹੌਰ 'ਚ ਉਨ੍ਹਾਂ ਦਰਮਿਆਨ ਪੜ੍ਹਨ ਦੀ ਰੁਚੀ ਵਿਕਸਤ ਹੋਈ। ਇਥੇ ਹੀ ਸੁਖਦੇਵ, ਭਗਵਤੀ ਚਰਨ ਵੋਹਰਾ ਅਤੇ ਰਾਜਾ ਰਾਮ ਸ਼ਾਸਤਰੀ ਨਾਲ ਮੇਲ ਮਿਲਾਪ ਵਧਿਆ। ਰਾਜਾ ਰਾਮ ਸ਼ਾਸਤਰੀ ਲਾਹੌਰ ਦੀ ਦਵਾਰਕਾ ਦਾਸ ਲਾਇਬ੍ਰੇਰੀ ਦਾ ਲਾਇਬ੍ਰੇਰੀਅਨ ਸੀ। ਭਗਵਤੀ ਚਰਨ ਵੋਹਰਾ ਪਹਿਲਾਂ ਹੀ ਸਮਾਜਵਾਦੀ ਵਿਚਾਰਾਂ ਤੋਂ ਪ੍ਰਭਾਵਿਤ ਸੀ। ਇਸ ਮੌਕੇ ਹੀ ਸੰਯੋਗ ਬਣਿਆ, ਸੋਹਨ ਸਿੰਘ ਜੋਸ਼ ਵਲੋਂ ਕਿਰਤੀ ਲਈ ਲੇਖ ਲਿਖ ਕੇ ਦੇਣ ਨਾਲ।

ਲਾਹੌਰ 'ਚ ਹੀ ਉਹ ਕਿਤਾਬਾਂ ਦੇ ਨੋਟਿਸ ਬਣਾ ਕੇ ਬਹਿਸ ਮੁਆਬਸਾ ਕਰਨ ਲੱਗੇ ਅਤੇ ਇਉਂ ਉਨ੍ਹਾਂ ਦੇ ਵਿਚਾਰਾਂ ਵਿਚ ਇਕ ਪ੍ਰੋੜਤਾ ਆਈ। ਇਸੇ ਦੌਰਾਨ ਉਨ੍ਹਾਂ ਨੇ ਮਾਰਕਸਵਾਦ ਸਬੰਧੀ ਕਈ ਕਿਤਾਬਾਂ ਪੜ੍ਹੀਆਂ ਅਤੇ ਉਨ੍ਹਾਂ ਦੀ ਆਰਾਜਕਤਾਵਾਦ ਤੋਂ ਸਮਾਜਵਾਦ ਵਲ ਵਿਚਾਰਧਾਰਕ ਤਬਦੀਲੀ ਆਈ। ਭਗਵਾਨ ਦਾਸ ਮਹੌਰ ਨੇ ਆਪਣੀਆਂ ਯਾਦਾਂ 'ਚ ਲਿਖਿਆ ਹੈ ਕਿ ਭਗਤ ਸਿੰਘ ਨੇ ਉਹਨੂੰ ਬਾਕੂਨਿਨ ਦੀ, "ਦਾ ਗੌਡ ਐਂਡ ਦਾ ਸਟੇਟ" ਨਾਂ ਦੀ ਕਿਤਾਬ ਪੜ੍ਹਨ ਨੂੰ ਦਿੱਤੀ ਸੀ ਅਤੇ ਫਿਰ ਮਾਰਕਸ ਦੀ ਕੈਪੀਟਲ ਪੜ੍ਹਨ ਪਿਛੋਂ ਮੈਨੂੰ (ਮਹੌਰ ਨੂੰ) ਕੈਪੀਟਲ ਪੜ੍ਹਨ ਦੀ ਸਿਫਾਰਸ਼ ਵੀ ਕੀਤੀ ਪਰ ਕੈਪੀਟਲ ਮੇਰੇ ਪੱਲੇ ਨਹੀਂ ਪਈ। ਇਹ ਬਹੁਤ ਗੂੜ ਗ੍ਰੰਥ ਸੀ ਅਤੇ ਮੇਰੀ ਸਮਝ ਤੋਂ ਬਾਹਰ ਸੀ। ਭਗਤ ਸਿੰਘ ਦੇ ਇਕ ਹੋਰ ਸਾਥੀ ਸ਼ਿਵ ਵਰਮਾ ਨੇ ਯਾਦਾਂ 'ਚ ਲਿਖਿਆ ਹੈ ਕਿ, "ਸਮਾਜਵਾਦ ਦੀ ਦਿਸ਼ਾ ਵਿਚ ਭਗਤ ਸਿੰਘ ਬੜੀ ਤੇਜ਼ੀ ਨਾਲ ਵੱਧ ਰਿਹਾ ਸੀ। "ਭਗਵਤੀ ਚਰਨ ਵੋਹਰਾ, ਸੁਖਦੇਵ ਅਤੇ ਭਗਤ ਸਿੰਘ ਕਿਤਾਬਾਂ ਪੜ੍ਹਦੇ ਅਤੇ ਬਹਿਸ ਪਿਛੋਂ ਫਿਰ ਕਿਸੇ ਸਿੱਟੇ ਉਤੇ ਪਹੁੰਚਦੇ। ਰਾਜਾ ਰਾਮ ਸ਼ਾਸਤਰੀ ਨੇ ਤਾਂ ਇਥੋਂ ਤੱਕ ਲਿਖਿਆ ਹੈ ਕਿ "ਭਗਤ ਸਿੰਘ ਪੁਸਤਕਾਂ ਪੜ੍ਹਦਾ ਨਹੀਂ ਨਿਗਲਦਾ ਸੀ। ਫਿਰ ਵੀ ਉਹਦੀ ਪਿਆਸ ਬੁਝਦੀ ਨਹੀਂ ਸੀ।"

ਇਹ ਦੇਣ ਦੀ ਲੋੜ ਤਾਂ ਪਈ ਹੈ ਕਿ ਜਦੋਂ ਲਹਿਰ ਖੜੋਤ ਵਿਚ ਹੋਵੇ ਉਸ ਸਮੇਂ ਲੀਡਰਸ਼ਿਪ ਦੀ, ਲਹਿਰ ਦੇ ਅਗਵਾਨੂੰਆਂ ਦੀ ਕੀ ਜ਼ਿੰਮੇਵਾਰੀ ਨਿਕਲਦੀ ਹੈ। ਅਧਿਐਨ ਫਿਰ ਅਧਿਐਨ। ਲਹਿਰਾਂ ਮਹਿਜ਼ ਕੁਝ ਜਥੇਬੰਦਕ ਢਾਂਚੇ ਖੜ੍ਹੇ ਕਰਕੇ ਨਹੀਂ ਚਲਾਈਆਂ ਜਾਂਦੀਆਂ ਇਸ ਲਈ ਗੰਭੀਰ ਅਧਿਐਨ ਬਹੁਤ ਜ਼ਰੂਰੀ ਤੇ ਲਾਜ਼ਮੀ ਹੁੰਦਾ ਹੈ। 1924 ਤੋਂ 1928 ਦਰਮਿਆਨ ਇਨ੍ਹਾਂ ਇਨਕਲਾਬੀਆਂ ਨੇ ਫਰਾਂਸ ਦੇ ਇਨਕਲਾਬ ਦਾ, ਅਰਾਜਕਤਾਵਾਦੀ ਇਨਕਲਾਬੀਆਂ ਦੇ ਦਰਸ਼ਨ ਦਾ, ਮਾਰਕਸਵਾਦੀ ਦਰਸ਼ਨ ਅਤੇ ਸਮਾਜਵਾਦੀ ਵਿਚਾਰਧਾਰਾ ਦਾ ਵਿਆਪਕ ਅਤੇ ਗੰਭੀਰ ਅਧਿਐਨ ਕੀਤਾ। ਸਿਰਫ਼ ਇਹ ਹੀ ਨਹੀਂ ਸਗੋਂ ਚਲ ਰਹੀ ਹਿੰਦੋਸਤਾਨ ਵਿਚ ਰਾਜਨੀਤਕ ਲਹਿਰਾਂ, ਸਮਾਜਿਕ ਤਾਣੇ ਬਾਣੇ ਅਤੇ ਇਨਕਲਾਬ ਦੇ ਸਬੰਧੀ ਮੌਲਿਕ ਚਿੰਤਨ ਨੂੰ ਖੋਜਨ ਦਾ ਕੰਮ ਕੀਤਾ।

ਉਧਰ ਇਕ ਸਤੰਬਰ 1924 ਨੂੰ ਭਾਰਤੀ ਕਮਿਊਨਿਸਟ ਪਾਰਟੀ ਦੀ ਸਥਾਪਨਾ ਕੀਤੀ ਗਈ ਸੀ ਜਿਸ ਦਾ ਦਸੰਬਰ 1925 'ਚ ਪਹਿਲਾ ਕੌਮੀ ਸੰਮੇਲਨ ਵੀ ਹੋ ਗਿਆ। ਉਤੇ ਇਸ ਤੋਂ ਪਹਿਲਾਂ ਕਮਿਊਨਿਸਟ ਕਾਂਗਰਸ ਵਿਚ ਅਤੇ ਮਜ਼ਦੂਰ ਸੰਗਠਨ ਏਟਕ ਵਿਚ ਰਹਿ ਕੇ ਗੁਪਤ ਕੰਮ ਕਰ ਰਹੇ ਸਨ। ਉਧਰ ਐਮ. ਐਨ. ਰਾਏ ਨੇ ਵੀ ਤਾਸ਼ਕੰਦ 'ਚ ਇਕ ਭਾਰਤ ਦੀ ਕਮਿਊਨਿਸਟ ਪਾਰਟੀ ਬਣਾਈ ਹੋਈ ਸੀ। ਇਸ ਦੌਰ 'ਚ ਕਾਨਪੁਰ 'ਚ ਸਤਿਆਭਗਤ, ਹਸਰਤ ਮੋਹਾਨੀ, ਰਾਧਾਮੋਹਨ ਮੋਕਲਜੀ, ਬੰਬਈ 'ਚ ਡਾਂਗੇ, ਕਲਕੱਤੇ 'ਚ ਮੁਜ਼ਫਰ ਅਹਿਮਦ, ਮਦਰਾਸ 'ਚ ਸਿੰਗਾਰਾਵੇਲੂ ਚੇਟਿਯਾਰ, ਪੰਜਾਬ 'ਚ ਗੁਲਾਮ ਹੁਸੈਨ ਪਿਛੋਂ ਕਿਰਤੀ ਗਰੁੱਪ ਆਦਿ ਕੰਮ ਕਰ ਰਹੇ ਸਨ ਪਰ ਇਸ ਕਮਿਊਨਿਸਟ ਅੰਦੋਲਨ ਦੀ ਆਪਣੀ ਕੋਈ ਪਹਿਚਾਨ ਨਹੀਂ ਬਣੀ ਸੀ। ਕਿਉਂਕਿ ਜਿਸ ਮਜ਼ਦੂਰ ਸੰਗਠਨ ਏਟਕ 'ਚ ਇਹ ਕੰਮ ਕਰਦੇ ਸਨ ਉਸ ਉਤੇ ਕਬਜਾ ਕਾਂਗਰਸ ਦਾ ਸੀ। ਕਿਸਾਨ ਸਭਾਵਾਂ ਵਿਚ ਵੀ ਕਾਂਗਰਸੀ ਹੀ ਆਗੂ ਸਨ। ਇਨ੍ਹਾਂ ਦਾ ਆਪਣਾ ਕੋਈ ਅਲੱਗ ਪਹਿਚਾਨ ਵਾਲਾ ਅਦਾਰਾ ਨਹੀਂ ਸੀ। ਜੇ ਇਹ ਕੋਈ ਮਤੇ ਕਾਂਗਰਸ 'ਚ ਲੈ ਕੇ ਵੀ ਆਉਂਦੇ ਤਾਂ ਉਹ ਡਿੱਗ ਜਾਂਦੇ ਸਨ। ਇਨ੍ਹਾਂ ਦੇ ਪ੍ਰਚਾਰ ਵਿਚ ਵੀ ਅਜਿਹੀ ਕੋਈ ਰੂਹ ਨਹੀਂ ਸੀ ਕਿ ਲੋਕ ਇਨ੍ਹਾਂ ਨੂੰ ਹਮਾਇਤ ਦਿੰਦੇ। ਕਮਿਊਨਿਸਟ ਅਤੇ ਇਨਕਲਾਬੀ ਦੋਵੇਂ ਬਰਾਬਰ ਚਲ ਰਹੀਆਂ ਧਾਰਾਵਾਂ ਸਨ। ਜਿਨ੍ਹਾਂ ਹੁੰਗਾਰਾ ਇਨਕਲਾਬੀ ਲਹਿਰ ਨੂੰ ਮਿਲਿਆ ਕਮਿਊਨਿਸਟਾਂ ਨੂੰ (1934-39) ਤੱਕ ਅਜਿਹਾ ਹੁੰਗਾਰਾ ਨਹੀਂ ਮਿਲਿਆ। ਕੌਮਾਂਤਰੀ ਕਮਿਊਨਿਸਟ ਲਹਿਰ ਨੇ ਜਿਸ ਆਦਮੀ-ਮਾਨਵੇਂਦਰ ਰਾਏ ਨੂੰ ਭਾਰਤ ਵਿਚ ਕਮਿਊਨਿਸਟ ਪਾਰਟੀ ਖੜ੍ਹੀ ਕਰਨ ਦੀ ਜ਼ਿੰਮੇਵਾਰੀ ਸੌਂਪੀ ਸੀ। ਉਸ ਉਤੇ ਪਿਛੋਂ ਅੰਗਰੇਜ਼ਾਂ ਨਾਲ ਮਿਲੇ ਹੋਣ ਜਾਂ ਏਜੰਟ ਹੋਣ ਦੇ ਦੋਸ਼ ਲੱਗੇ। ਵੈਸੇ ਵੀ ਇਸ ਦੌਰ 'ਚ ਬਰਤਾਨਵੀ ਕਮਿਊਨਿਸਟ ਪਾਰਟੀ ਦਾ ਭਾਰਤੀ ਕਮਿਊਨਿਸਟ ਪਾਰਟੀ ਉਤੇ ਪ੍ਰਭਾਵ ਵਧੇਰੇ ਸੀ। ਮਾਨਵੇਂਦਰ ਰਾਏ ਦਾ ਸਿਧਾਂਤ ਸੀ ਕਿ ਅੰਗਰੇਜ਼ ਭਾਰਤ ਵਿਚ ਜਿਹੜਾ ਸਨਅਤੀ ਵਿਕਾਸ ਕਰ ਰਹੇ ਹਨ ਇਹ ਹਾਂਪੱਖੀ ਹੈ।" ਭਾਵ ਇਹ ਸਨਅਤੀ ਵਿਕਾਸ ਮਜ਼ਦੂਰ ਜਮਾਤ ਪੈਦਾ ਕਰ ਰਿਹਾ ਹੈ। ਉਵੇਂ ਹੀ ਜਿਵੇਂ ਅੱਜ ਕੱਲ੍ਹ ਕੁਝ ਬਾਬੂ ਕਿਸਮ ਦੇ ਕਾਮਰੇਡ ਅਖਵਾਉਂਦੇ ਲੋਕ ਅਜੋਕੇ ਕਾਰਪੋਰੇਟੀ ਪੂੰਜੀਵਾਦ ਵਲੋਂ ਲੋਕਾਂ ਦੇ ਉਜਾੜੇ ਨੂੰ ਹਾਂਪੱਖੀ ਵਰਤਾਰਾ ਕਹਿਣ ਤੱਕ ਪਹੁੰਚੇ ਹੋਏ ਹਨ। ਭਾਵ ਇਹ ਕਿ ਉਦੋਂ ਕਮਿਊਨਿਸਟ ਪਾਰਟੀ ਦੇ ਗਠਨ ਦੇ ਬਾਵਜੂਦ ਇਨਕਲਾਬੀ ਲਹਿਰ ਵਿਚ ਹੋ ਰਹੀ ਸਮਾਜਵਾਦੀ ਕਾਇਆ ਕਲਪ ਦਾ ਆਪਸੀ ਤਾਲਮੇਲ ਕਿਉਂ ਨਹੀਂ ਬੈਠਾ ਇਹ ਖੋਜ ਦਾ ਵਿਸ਼ਾ ਹੈ।

ਭਗਤ ਸਿੰਘ ਦੇ ਦੌਰ ਵਿਚ ਹਿੰਦੋਸਤਾਨੀ ਸਮਾਜਵਾਦੀ ਪ੍ਰਜਾਤੰਤਰ ਸੰਘ ਨੇ ਕਮਿਊਨਿਸਟ ਪਾਰਟੀ ਨਾਲ ਤਾਲਮੇਲ ਬਿਠਾਉਣ ਦੀ ਕੋਸ਼ਿਸ਼ ਕੀਤੀ ਪਰ ਇਹ ਸਿਰੇ ਨਹੀਂ ਚੜ੍ਹ ਸਕੀ। ਇਹਦੇ ਕਈ ਕਾਰਨ ਹੋ ਸਕਦੇ ਹਨ ਪਰ ਇਕ ਕਾਰਨ ਉਸ ਸਮੇਂ ਦੀ ਭਾਰਤੀ ਕਮਿਊਨਿਸਟ ਪਾਰਟੀ ਦੇ ਇਕ ਦਸਤਾਵੇਜ਼ 'ਚੋਂ ਮਿਲਦਾ ਹੈ ਜਿਹੜਾ ਪਾਰਟੀ ਪਰਚੇ ਵੈਨਗਾਰਡ ਦੇ 15 ਦਸੰਬਰ 1924 ਦੇ ਅੰਕ 'ਚ ਛਪਿਆ ਸੀ, "ਗੁਪਤ ਸੰਗਠਨਾਂ ਵਲੋਂ ਕੀਤੇ ਜਾਣ ਵਾਲੇ ਫੁੱਟਪੁੱਟ ਅੱਤਵਾਦੀ ਕਾਰਨਾਮੇ, ਕੁਝ ਘੱਟ ਪ੍ਰਭਾਵ ਵਾਲੇ ਨਹੀਂ ਹਨ। ਇਕ ਖਾਸ ਸਮਾਜਿਕ ਪ੍ਰਬੰਧ ਨੂੰ ਜਾਂ ਰਾਜਨੀਤਕ ਸੰਸਥਾ ਉਹਦੇ ਚੰਦ ਸਮਰਥਕਾਂ ਨੂੰ ਮਾਰਕੇ ਕਦੇ ਖਤਮ ਨਹੀਂ ਕੀਤਾ ਜਾ ਸਕਦਾ। ਇਹ ਤਾਂ ਹੋਰ ਵੀ ਨਾ ਮੁਮਕਿਨ ਹੈ ਕਿ ਥੋੜ੍ਹੇ ਜੇਹੇ ਸਰਕਾਰੀ ਅਫ਼ਸਰਾਂ ਨੂੰ ਮਾਰਕੇ ਜਾਂ ਬ੍ਰਿਟਿਸ਼ ਪਾਰਲੀਮੈਂਟ ਤੋਂ ਬਹੁਤ ਸਾਰੇ ਸੁਧਾਰ ਪਾਸ ਕਰਵਾ ਦੇਸ਼ ਦੀ ਆਜ਼ਾਦੀ ਹਾਸਲ ਕੀਤੀ ਜਾ ਸਕਦੀ ਹੈ।"

ਇਥੇ ਹੀ ਫਰਕ ਸੀ ਦੋਹਾਂ ਲਹਿਰਾਂ ਵਿਚਕਾਰ, 1 ਇਨਕਲਾਬੀ ਤਹਿਰੀਕ 1857 ਦੇ ਗ਼ਦਰ, ਫਿਰ ਗ਼ਦਰ ਪਾਰਟੀ ਅਤੇ ਦੇਸ਼ ਭਰ ਵਿਚ ਇਨ੍ਹਾਂ 50-60 ਸਾਲਾਂ ਦੌਰਾਨ ਬਰਤਾਨਵੀ ਹਕੂਮਤ ਵਿਰੁੱਧ ਉਠੀਆਂ ਲਹਿਰਾਂ ਤੋਂ ਪ੍ਰਭਾਵਿਤ ਹੀ ਨਹੀਂ ਸਨ ਸਗੋਂ ਉਨ੍ਹਾਂ ਲਈ ਇਹ ਮਾਰਗਦਰਸ਼ਨ ਸਨ। ਦੂਸਰੇ ਪਾਸੇ ਸਿਧਾਂਤਵਾਦੀ-ਉਧਾਰੀ ਦ੍ਰਿਸ਼ਟੀਕੋਨ ਗਲ ਲਾਈ ਬੈਠੇ ਸਨ। ਉਨ੍ਹਾਂ ਲਈ 56000 ਅੰਗਰੇਜ਼ ਅਧਿਕਾਰੀਆਂ ਵਲੋਂ ਕੀਤੇ ਜਾਂਦੇ ਭਿਆਨਕ ਜ਼ੁਲਮ ਅਤਿਆਚਾਰ ਨਹੀਂ ਸਨ। ਇਨਕਲਾਬੀਆਂ ਵਲੋਂ ਇਕ ਅੱਧ ਲਿਆ ਬਦਲਾ ਦਹਿਸ਼ਤੀ ਕਾਰਵਾਈ ਕਹਿਣਾ ਅਤੇ 'ਬ੍ਰਿਟਿਸ਼ ਪਾਰਲੀਮੈਂਟ ਤੋਂ ਸੁਧਾਰਾਂ ਦੇ ਬਿੱਲ ਪਾਸ ਕਰਵਾਉਣ ਨਾਲ ਆਜ਼ਾਦੀ ਹਾਸਲ ਕਰਨਾ" ਇਹ ਦੋਵੇਂ ਵੱਖ-ਵੱਖ ਦ੍ਰਿਸ਼ਟੀਆਂ ਸਨ। ਇਤਿਹਾਸ ਦੇ ਵਰਕੇ ਫੋਲ ਕੇ ਹੀ ਦੋਹਾਂ ਧਾਰਾਵਾਂ-ਇਨਕਲਾਬੀ ਅਤੇ ਕਮਿਊਨਿਸਟਾਂ ਦੀ ਦਵੰਦਵਾਦੀ ਪਹੁੰਚ ਪ੍ਰਤੀ ਕੋਈ ਸਪਸ਼ਟ ਨਜ਼ਰੀਆ ਅਪਣਾਇਆ ਜਾ ਸਕਦਾ ਹੈ। ਉਂਝ ਬਹੁਤ ਪਿਛੋਂ ਜਦੋਂ ਅਜੈ ਘੋਸ਼ ਕਮਿਊਨਿਸਟ ਪਾਰਟੀ ਦੇ ਸੈਕਟਰੀ ਬਣੇ ਤਾਂ ਉਨ੍ਹਾਂ ਨੇ ਭਗਤ ਸਿੰਘ ਬਾਰੇ ਲਿਖਿਆ ਹੈ, "ਇਹ ਉਹ ਇਕ ਸਨ ਜਦੋਂ ਅਸੀਂ ਇਨਕਲਾਬ ਦੇ ਸੁਪਨੇ ਵੇਖਦੇ ਹੁੰਦੇ ਸਾਂ। ਮੁੰਡਿਆਂ ਵਰਗੇ ਸੁਪਨੇ, ਲਗਦਾ ਸੀ ਇਨਕਲਾਬ ਹੁਣ ਦੂਰ ਨਹੀਂ।" ਭਗਤ ਸਿੰਘ ਲਈ ਇਨਕਲਾਬ ਕੋਈ ਅਣਜਾਣੀ ਚੀਜ਼ ਨਹੀਂ ਸੀ। ਉਹਦੇ ਦੋ ਚਾਚੇ ਇਨਕਲਾਬੀ ਜ਼ਿੰਦਗੀ ਕਰਕੇ ਤਸ਼ੱਦਦ ਸਹਿ ਰਹੇ ਸਨ। ਇਕ ਜਲਾਵਤਨ ਕਰ ਦਿੱਤਾ ਗਿਆ ਸੀ। ਦੂਸਰਾ ਜੇਲ੍ਹ 'ਚ ਸੜ ਰਿਹਾ ਸੀ। ਭਗਤ ਸਿੰਘ ਦਾ ਪੂਰਾ ਪਰਿਵਾਰ ਰਾਸ਼ਟਰਵਾਦੀ ਸੀ। ਇਹ ਤਾਂ ਉਨ੍ਹਾਂ ਨੂੰ ਜੰਮਨਘੁਟੀ 'ਚ ਮਿਲਿਆ ਸੀ।

ਸਮਾਜਵਾਦ ਸਬੰਧੀ ਇਨ੍ਹਾਂ ਇਨਕਲਾਬੀਆਂ ਦੇ ਵਿਚਾਰ ਇਕ ਇਤਿਹਾਸਕ ਪ੍ਰਕਿਰਿਆ 'ਚੋਂ ਵਿਕਸਿਤ ਹੋਏ ਸਨ। 1929 'ਚ ਸ਼ਹੀਦ ਭਗਤ ਸਿੰਘ ਨੇ ਸ਼ਹੀਦ ਸੁਖਦੇਵ ਨੂੰ ਇਕ ਖਤ ਲਿਖਿਆ ਸੀ ਜਿਸ 'ਚ ਕਿਹਾ ਸੀ, "ਸਮਾਜਵਾਦ (ਕਮਿਊਨਿਸਟ) ਦਾ ਜਨਮਦਾਤਾ, ਮਾਰਕਸ, ਹਕੀਕਤ 'ਚ ਇਨ੍ਹਾਂ ਵਿਚਾਰਾਂ ਨੂੰ ਜਨਮ ਦੇਣ ਵਾਲਾ ਨਹੀਂ। ਅਸਲ ਵਿਚ ਯੂਰਪ ਵਿਚ ਹੋਏ ਉਦਯੋਗਿਕ ਵਿਕਾਸ ਜਾਂ ਇਨਕਲਾਬ ਨੇ ਹੀ ਇਕ ਵਿਸ਼ੇਸ਼ ਵਿਚਾਰਾਂ ਵਾਲਾ ਵਿਅਕਤੀ ਪੈਦਾ ਕੀਤੇ ਸਨ। ਉਨ੍ਹਾਂ ਵਿਚ ਮਾਰਕਸ ਵੀ ਇਕ ਸੀ। ਆਪਣੀ ਥਾਂ ਉਤੇ ਮਾਰਕਸ ਵੀ ਨਿਰਸੰਦੇਹ ਕੁਝ ਸੀਮਾ ਤੱਕ ਸਮੇਂ ਦੇ ਚੱਕਰ ਨੂੰ ਇਕ ਵਿਸ਼ੇਸ਼ ਤਰ੍ਹਾਂ ਦੀ ਗਤੀ ਦੇਣ ਵਿਚ ਲੋੜੀਂਦਾ ਸਹਾਇਕ ਸਿੱਧ ਹੋਇਆ ਹੈ। ਮੈਂ ਜਾਂ ਤੁਸੀਂ ਵੀ ਇਸ ਦੇਸ਼ ਵਿਚ ਕਮਿਊਨਿਜ਼ਮ ਜਾਂ ਕਮਿਊਨਿਸਟ ਵਿਚਾਰਾਂ ਨੂੰ ਜਨਮ ਦੇਣ ਵਾਲੇ ਨਹੀਂ ਹਾਂ, ਇਹ ਤਾਂ ਸਾਡੇ ਉਤੇ ਸਮੇਂ ਅਤੇ ਹਾਲਤਾਂ ਦੇ ਪ੍ਰਭਾਵ ਦਾ ਸਿੱਟਾ ਹੈ।" ਕਿੰਨਾ ਠੋਸ ਯਥਾਰਥਵਾਦੀ ਅਤੇ ਦਵੰਦਵਾਦੀ ਦ੍ਰਿਸ਼ਟੀਕੋਨ ਹੈ ਭਗਤ ਸਿੰਘ ਦਾ।

ਆਪਣੀ ਮੌਤ ਤੋਂ 45 ਦਿਨ ਪਹਿਲਾਂ 2 ਫਰਵਰੀ 2931 ਨੂੰ ਭਗਤ ਸਿੰਘ ਨੇ ਜਿਹੜਾ ਇਨਕਲਾਬੀ ਪ੍ਰੋਗਰਾਮ ਦਾ ਖਰੜਾ ਪ੍ਰਕਾਸ਼ਿਤ ਕਰਵਾਇਆ ਉਸ ਤੋਂ ਸਾਫ਼ ਜ਼ਾਹਿਰ ਹੁੰਦਾ ਹੈ ਕਿ ਉਹਦੀ ਆਸਥਾ ਮਾਰਕਸਵਾਦ ਵਿਚ ਹੋਰ ਦ੍ਰਿੜ ਹੋਈ ਸੀ। ਰੂਸੀ ਇਨਕਲਾਬ ਦੇ ਸਮਾਜਵਾਦੀ ਟੀਚੇ ਤੋਂ ਉਹ ਹੋਰ ਪਰਪੱਕ ਤੇ ਦ੍ਰਿੜ੍ਹ ਹੋਏ ਸਨ। ਉਨ੍ਹਾਂ ਖੁਦ ਨੂੰ ਕਦੇ ਵੀ ਅੱਤਵਾਦੀ ਜਾਂ ਆਰਾਜਕਤਾਵਾਦੀ ਪ੍ਰਵਾਨ ਨਹੀਂ ਕੀਤਾ। ਉਹ ਕਹਿੰਦਾ ਹੈ-"ਮੈਂ ਇਕ ਅੱਤਵਾਦੀ ਵਾਂਗੂੰ ਕੰਮ ਕੀਤਾ ਹੈ, ਪਰ ਮੈਂ ਦਹਿਸ਼ਤਪਸੰਦ ਨਹੀਂ ਹਾਂ। ਮੈਂ ਤਾਂ ਅਜਿਹਾ ਇਨਕਲਾਬੀ ਹਾਂ, ਜਿਹਦੇ ਕੋਲ ਇਕ ਲੰਮਾ ਪ੍ਰੋਗਰਾਮ ਹੈ ਅਤੇ ਉਹਦੇ ਸਬੰਧ ਵਿਚ ਇਕ ਠੋਸ ਵਿਚਾਰ ਹਨ। ਮੈਂ ਪੂਰੀ ਤਾਕਤ ਨਾਲ ਦੱਸਣਾ ਚਾਹੁੰਦਾ ਹਾਂ ਕਿ ਮੈਂ ਇਕ ਦਹਿਸ਼ਤਪੰਦ ਨਹੀਂ ਹਾਂ ਅਤੇ ਕਦੇ ਵੀ ਨਹੀਂ ਸਾਂ। ਕੁਝ ਮੁਢਲੇ ਦਿਨਾਂ ਨੂੰ ਛੱਡ ਕੇ ਜਦੋਂ ਮੈਂ ਇਨਕਲਾਬੀ ਜ਼ਿੰਦਗੀ ਦੀ ਸ਼ੁਰੂਆਤ ਕਰ ਰਿਹਾ ਸਾਂ, "ਦਸੰਬਰ 1929 'ਚ ਲਾਹੌਰ ਕਾਂਗਰਸ 'ਚ ਜਿਹੜਾ ਪਰਚਾ ਵੰਡਿਆ ਗਿਆ ਸੀ, ਉਸ ਵਿਚ ਖੁੱਲ੍ਹਾ ਐਲਾਨ ਸੀ- "ਵਿਦੇਸ਼ੀਆਂ ਦੀ ਗੁਲਾਮੀ ਤੋਂ ਭਾਰਤ ਦੀ ਮੁਕਤੀ ਦੇ ਲਈ ਹਿੰਦੋਸਤਾਨੀ ਸਮਾਜਵਾਦੀ ਪ੍ਰਜਾਤੰਤਰ ਸੰਘ, ਹਥਿਆਰਬੰਦ ਸੰਗਠਨ ਵਿਚ ਇਨਕਲਾਬ ਦੇ ਲਈ ਦ੍ਰਿੜ ਵਿਸ਼ਵਾਸ ਰੱਖਦਾ ਹੈ। ਅਸੀਂ ਹਿੰਸਾ ਵਿਚ ਵਿਸ਼ਵਾਸ ਰੱਖਦੇ ਹਾਂ ਆਪਣੇ ਆਪ ਵਿਚ ਅੰਤਿਮ ਟੀਚੇ ਦੇ ਰੂਪ ਵਿਚ ਨਹੀਂ ਸਗੋਂ ਇਕ ਨੇਕ ਸਿੱਟੇ ਤੱਕ ਪਹੁੰਚਣ ਦੇ ਲਈ ਅਪਣਾਏ ਗਏ ਤੌਰ ਤਰੀਕੇ ਦੇ ਨਾਤੇ।"

ਭਗਤ ਸਿੰਘ ਅਤੇ ਉਸਦੇ ਸਾਥੀਆਂਨੇ ਕਿਸੇ ਵੀ ਲਹਿਰ ਦੀ ਨਕਲ ਨਹੀਂ ਕੀਤੀ ਸਗੋਂ ਬਹੁਤ ਕੁਝ ਆਪਣਾ ਵਿਕਸਿਤ ਕੀਤਾ। ਇਹੀ ਕਾਰਨ ਕਿ ਉਨ੍ਹਾਂ ਦੀ ਆਪਣੀ ਇਕ ਇਤਿਹਾਸਕ ਪਹਿਚਾਣ ਬਣੀ ਕਾਂਗਰਸ ਅਤੇ ਕਮਿਊਨਿਸਟ ਦੋਹਾਂ ਹੀ ਖੇਮਿਆਂ ਨਾਲੋਂ ਅਲੱਗ ਇਕ ਮੌਲਿਕ ਇਨਕਲਾਬੀ ਸਮਾਜਵਾਦੀ ਲਹਿਰ ਦੀ ਪਹਿਚਾਨ' ਇਹ ਵੱਖਰੀ ਗੱਲ ਕਿ ਬਰਤਾਨਵੀ ਹਾਕਮਾਂ ਨੇ ਤਾਕਤ ਨਾਲ ਕੁਚਲ ਦਿੱਤਾ ਪਰ ਉਨ੍ਹਾਂ ਨੇ ਇਨਕਲਾਬੀ ਲਹਿਰ ਨੂੰ ਜੋ ਕੁਝ ਨਿਵੇਕਲਾ ਇਤਿਹਾਸ ਦਿੱਤਾ ਉਹ ਅੱਜ ਵੀ ਕਮਿਊਨਿਸਟ ਇਨਕਲਾਬੀਆਂ ਦੇ ਲਈ ਸਿੱਖਣ ਵਾਲਾ ਹੈ। ਜਿਹਨੇ ਵੀ ਭਾਰਤੀ ਇਨਕਲਾਬ ਨੂੰ ਮੁਕੰਮਲ ਕਰਨ ਦੀ ਵਚਨਬੱਧਤਾ ਪਾਲਣੀ ਹੈ ਉਹਦੇ ਲਈ ਭਗਤ ਸਿੰਘ ਵਾਂਗੂੰ ਵਿਸ਼ਾਲ ਅਧਿਐਨ ਕਰਨਾ ਅਤੇ ਦਵੰਦਵਾਦੀ ਦ੍ਰਿਸ਼ਟੀ ਵਿਕਸਿਤ ਕਰਨਾ ਜ਼ਰੂਰੀ ਹੈ। 23 ਮਾਰਚ ਇਹੋ ਸੰਦੇਸ਼ ਦਿੰਦਾ ਹੈ।

93844-30211



# ਸ਼ਹੀਦ ਰਾਜਗੁਰੂ ਦਾ ਜੀਵਨ ਅਤੇ ਆਦਰਸ਼

**ਮਾਸਟਰ ਭਜਨ ਸਿੰਘ ਕੈਲਗਰੀ**

''ਵਤਨ ਕੇ ਨਾਮ ਪਰ, ਖੁਸ਼ੀ ਸੇ, ਜੋ ਹੁਏ ਹੈਂ ਬੇਵਤਨ
ਉਨਹੀਂ ਕੀ ਆਹ ਬੇਅਸਰ, ਉਨਹੀਂ ਕੀ ਲਾਸ਼ ਬੇਕਫ਼ਨ''



84 ਵਰ੍ਹੇ ਪਹਿਲਾਂ 23 ਮਾਰਚ 1931 ਨੂੰ ਸੈਂਟਰਲ ਜੇਲ੍ਹ ਲਾਹੌਰ ਵਿਚ ਭਾਰਤੀ ਲੋਕਾਂ ਦੇ ਮਹਾਨ ਤਿੰਨ ਸਪੂਤਾਂ ਰਾਜਗੁਰੂ, ਸੁਖਦੇਵ ਅਤੇ ਭਗਤ ਸਿੰਘ ਨੂੰ ਜ਼ਾਲਮ ਅੰਗਰੇਜ਼ ਸਰਕਾਰ ਵਲੋਂ ਫਾਂਸੀ ਲਾ ਦਿੱਤਾ ਗਿਆ ਸੀ। ਭਰ ਜਵਾਨੀ 'ਚ ਆਪਾ ਕੁਰਬਾਨੀ ਕਰਨ ਵਾਲੇ, ਲਾਸਾਨੀ ਕੁਰਬਾਨੀ ਦੇ ਪ੍ਰਤੀਕ, ਨੌਜਵਾਨਾਂ ਅਤੇ ਸਮਾਜਿਕ, ਆਰਥਿਕ ਅਤੇ ਰਾਜਨੀਤਕ ਤਬਦੀਲੀ ਲਈ ਜੂਝ ਰਹੇ ਲੋਕਾਂ ਨੂੰ ਸਦਾ ਹੁਲਾਰਾ, ਹੌਸਲਾ ਅਤੇ ਅਗਵਾਈ ਦਿੰਦੇ ਰਹਿਣਗੇ। ਸਰੀਰਕ ਤੌਰ 'ਤੇ ਭਾਵੇਂ ਸਾਡੇ ਵਿਚ ਨਹੀਂ ਪ੍ਰੰਤੂ ਸਦਾ ਲਈ ਅਮਰ ਹੋ ਗਏ ਹਨ। ਭਾਵੇਂ ਭਾਰਤ ਨੂੰ ਆਜ਼ਾਦ ਕਰਵਾਉਣ ਲਈ ਹੋਰ ਲੱਖਾਂ ਲੋਕਾਂ ਨੇ ਉਸ ਸੰਘਰਸ਼ 'ਚ ਯੋਗਦਾਨ ਪਾਇਆ ਹੈ ਪ੍ਰੰਤੂ ਗੁਰਪਤਵਾਸ ਸੰਕਟਮਈ ਹਾਲਤਾਂ 'ਚ ਹਥਿਆਰਬੰਦ ਸੰਘਰਸ਼ 'ਚ ਨੌਜਵਾਨ ਵਰਗ ਦੀ ਅਗਵਾਈ ਜਿਸ ਸੂਝ ਬੂਝ ਨਾਲ ਇਨ੍ਹਾਂ ਕੀਤੀ ਉਸ ਤੋਂ ਭਾਰਤੀ ਲੋਕ ਹਮੇਸ਼ਾ ਅਗਵਾਈ ਲੈਂਦੇ ਰਹਿਣਗੇ। ਭਗਤ ਸਿੰਘ ਬਾਰੇ ਅਸੀਂ ਸਾਰਿਆਂ ਨੇ ਬਹੁਤ ਕੁਝ ਪੜ੍ਹਿਆ-ਸੁਣਿਆ ਹੈ। 23 ਮਾਰਚ ਨਾਲ ਭਾਵੇਂ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦਾ ਨਾਂ ਜੁੜਵਾਂ ਹੈ। ਹਥਲੀ ਲਿਖਤ ਵਿਚ ਰਾਜਗੁਰੂ ਦੇ ਜੀਵਨ ਅਤੇ ਆਜ਼ਾਦੀ ਦੇ ਸੰਘਰਸ਼ 'ਚ ਉਨ੍ਹਾਂ ਵਲੋਂ ਪਾਏ ਯੋਗਦਾਨ ਬਾਰੇ ਪਾਠਕਾਂ ਨਾਲ ਸਾਂਝ ਪਾਵਾਂਗਾ।

ਮਹਾਂਰਾਸ਼ਟਰ ਦੇ ਪ੍ਰਸਿੱਧ ਸ਼ਹਿਰ ਪੂਨਾ ਦੇ ਕੋਲ 'ਚਾਕਨ' ਨਾਂ ਦਾ ਇਕ ਛੋਟਾ ਜਿਹਾ ਪਿੰਡ ਹੈ ਜਿਸ ਸਮੇਂ ਛਤਰਪਤੀ ਸ਼ਿਵਜੀ ਮਹਾਰਾਜ ਨੇ ਆਪਣਾ 'ਹਿੰਦੂ ਰਾਜ' ਸਥਾਪਤ ਕੀਤਾ ਸੀ, ਉਸ ਵੇਲੇ ਤੱਕ 'ਚਾਕਨ' ਉਸ ਰਾਜ ਦੀ ਰਾਜਧਾਨੀ ਸੀ। ਸ਼ਿਵਾ ਜੀ ਦੇ ਪੜਪੋਤੇ ਸ੍ਰੀ ਸ਼ਾਹੂ ਜੀ ਦੇ ਰਾਜ ਕਾਲ ਵਿਚ 'ਚਾਕਨ' ਦੇ ਕਚੇਸ਼ਵਰ ਨਾਉਂ ਦੇ ਇਕ ਬ੍ਰਾਹਮਣ ਨੇ ਚਾਰੋਂ ਪਾਸੇ ਆਪਣੇ ਜੋਤਿਸ਼ ਦਾ ਸਿੱਕਾ ਜਮਾ ਰੱਖਿਆ ਸੀ। ਇਕ ਵਾਰ ਰਾਜ ਦੇ ਕਿਸੇ ਕੰਮ ਸ਼ਾਹੂ ਜੀ ਨੂੰ 'ਚਾਕਨ' ਆਉਣਾ ਪਿਆ। ਉਥੇ ਉਨ੍ਹਾਂ ਦੀ ਕਲੇਸ਼ਵਰ ਜੀ ਨਾਲ ਮੁਲਾਕਾਤ ਹੋਈ। ਉਹ ਕਚੇਸ਼ਵਰ ਜੀ ਦੀ ਬੁੱਧੀ ਤੋਂ ਐਨੇ ਪ੍ਰਭਾਵਿਤ ਹੋਏ ਕਿ ਉਨ੍ਹਾਂ ਨੂੰ ਆਪਣਾ ਗੁਰੂ ਮੰਨ ਲਿਆ ਅਤੇ ਉਨ੍ਹਾਂ ਨੂੰ ਰਾਜਗੁਰੂ ਦੀ ਉਪਾਧੀ ਨਾਲ ਸਨਮਾਨਿਆ। ਉਸ ਸਮੇਂ ਤੋਂ ਹੀ ਰਾਜਗੁਰੂ ਇਨ੍ਹਾਂ ਦੇ ਵੰਸ਼ ਦੀ ਉਪਾਧੀ ਹੋ ਗਈ।

ਕਚੇਸ਼ਵਰ ਪੰਡਤ ਦੇ ਦੋ ਪੁੱਤਰ ਸਨ ਜਿਨ੍ਹਾਂ ਵਿਚੋਂ ਛੋਟੇ ਤਾਂ ਉਥੇ ਹੀ ਵਸ ਗਏ ਅਤੇ ਵੱਡੇ ਸ੍ਰੀ ਹਰੀ ਨਰਾਇਣ ਰਾਜਗੁਰੂ ਪੂਨੇ ਕੋਲ ਖੇੜਾ ਪਿੰਡ ਵਿਚ ਆ ਕੇ ਵਸ ਗਏ। ਹਰੀ ਨਰਾਇਣ ਦੇ ਦੋ ਵਿਆਹ ਹੋਏ ਸਨ। ਦੂਸਰੀ ਪਤਨੀ ਦੇ ਦੋ ਪੁੱਤਰ ਹੋਏ ਸ੍ਰੀ ਦਿਨਕਰ ਹਰੀ ਰਾਜਗੁਰੂ ਅਤੇ ਸ਼ਿਵਰਾਮ ਹਰੀ ਰਾਜਗੁਰੂ।

ਸ਼ਿਵਰਾਮ ਹਰੀ ਰਾਜਗੁਰੂ ਦਾ ਜਨਮ ਇਸੇ ਖੇੜਾ ਪਿੰਡ ਵਿਚ 24 ਅਗਸਤ 1908 ਨੂੰ ਹੋਇਆ ਸੀ। ਜਦੋਂ ਉਹ ਛੇ ਸਾਲ ਦੇ ਸਨ ਤਾਂ ਉਨ੍ਹਾਂ ਦੇ ਪਿਤਾ ਦੀ ਮੌਤ ਹੋ ਗਈ। ਉਸ ਤੋਂ ਬਾਅਦ ਉਨ੍ਹਾਂ ਦੀ ਦੇਖਭਾਲ ਦਾ ਭਾਰ ਉਨ੍ਹਾਂ ਦੇ ਵੱਡੇ ਭਰਾ ਸ੍ਰੀ ਦਿਨਕਰ ਹਰੀ ਰਾਜਗੁਰੂ ਤੇ ਪੈ ਗਿਆ। ਦਿਨਕਰ ਜੀ ਉਨ੍ਹਾਂ ਦਿਨਾਂ 'ਚ ਪੂਨੇ ਨੌਕਰੀ ਕਰਦੇ ਸਨ ਅਤੇ ਉਥੇ ਹੀ ਰਹਿਣ ਲੱਗ ਗਏ ਸਨ। ਉਨ੍ਹਾਂ ਦੀ ਮੁਢਲੀ ਸਿੱਖਿਆ ਲਈ ਰਾਜਗੁਰੂ ਨੂੰ ਇਕ ਮਰਾਠੀ ਸਕੂਲ ਵਿਚ ਭੇਜ ਦਿੱਤਾ। ਸਕੂਲ ਵਿਚ ਰਾਜਗੁਰੂ ਦਾ ਪੜ੍ਹਨ ਲਿਖਣ 'ਚ ਮਨ ਨਹੀਂ ਸੀ ਲੱਗਦਾ। ਆਪਣਾ ਜ਼ਿਆਦਾ ਸਮਾਂ ਉਹ ਆਪਣੇ ਜਮਾਤੀਆਂ ਨਾਲ ਖੇਡਣ ਕੁੱਦਣ ਵਿਚ ਹੀ ਬਿਤਾਉਂਦੇ ਸਨ। ਇਕ ਦਿਨ ਵੱਡੇ ਭਰਾ ਦਿਨਕਰ ਹਰੀ ਰਾਜਗੁਰੂ ਨੇ ਡਾਂਟਿਆ ਕਿ ਖੇਲਣਾ ਕੁੱਦਣਾ ਛੱਡ ਦੇ ਪੜ੍ਹਨ 'ਚ ਜੀਅ ਲਗਾ। ਇਸ ਦੇ ਬਾਅਦ ਵੀ ਰਾਜਗੁਰੂ ਨੇ ਖੇਡਣ ਵਲ ਹੀ ਧਿਆਨ ਰੱਖਿਆ ਤਾਂ ਭਰਾ ਨੇ ਗੁੱਸੇ 'ਚ ਕਿਹਾ ਕਿ ਜੇ ਪੜ੍ਹਨਾ ਨਹੀਂ ਤਾਂ ਘਰੋਂ ਨਿਕਲ ਜਾ।

ਉਹੀ ਹੋਇਆ। ਰਾਜਗੁਰੂ ਬਿਨਾਂ ਦੱਸੇ 9 ਪੈਸੇ ਨਾਲ ਘਰੋਂ ਨਿਕਲ ਗਏ। ਰਾਤ ਪੂਨੇ ਸਟੇਸ਼ਨ 'ਤੇ ਕੱਟੀ। ਪੈਦਲ ਤੁਰਦੇ ਕਈ ਰਾਂਤਾ ਮੰਦਰ, ਖੂਹ ਦੇ ਚਬੂਤਰੇ ਆਦਿ ਤੇ ਕੱਟ ਕੇ 6 ਦਿਨਾਂ 'ਚ 130 ਕਿਲੋਮੀਟਰ ਸਫ਼ਰ ਕਰਕੇ ਨਾਸਕ ਪੁੱਜ ਗਏ। ਕੁਝ ਦਿਨਾਂ ਤੋਂ ਬਾਅਦ ਝਾਂਸੀ ਹੁੰਦੇ ਹੋਏ ਬਿਨਾਂ ਟਿਕਟ ਕਾਨਪੁਰ ਪੁੱਜਣਾ। ਕਦੇ ਪੈਦਲ ਅਤੇ ਕਦੇ ਬਿਨਾਂ ਟਿਕਟ ਰੇਲ ਗੱਡੀ ਰਾਹੀਂ ਕਾਂਸੀ ਪਹੁੰਚ ਗਏ। ਕਾਂਸ਼ੀ 'ਚ ਇਕ ਸੰਸਕ੍ਰਿਤ ਸਕੂਲ ਵਿਚ ਦਾਖਲਾ ਲੈ ਕੇ ਭਰਾ ਨੂੰ ਸੂਚਨਾ ਦਿੱਤੀ ਤੇ ਭਰਾ ਨਾ ਪੰਜ ਰੁਪਏ ਮਹੀਨਾ ਭੇਜਣੇ ਸ਼ੁਰੂ ਕਰ ਦਿੱਤੇ। ਖਾਣੇ ਅਤੇ ਕਿਤਾਬਾਂ ਦਾ ਖਰਚਾ ਪੂਰਾ ਮਸਾਂ ਹੁੰਦਾ ਸੀ। ਫੀਸ ਦਾ ਪ੍ਰਬੰਧ ਕਿਵੇਂ ਹੋਵੇ? ਗੁਰੂ ਜੀ ਨੂੰ ਨੌਕਰ ਦੀ ਭਾਲ ਸੀ। ਉਸਨੇ ਰਾਜਗੁਰੂ ਨੂੰ ਆਪਣੇ ਕੋਲ ਰੱਖ ਲਿਆ। ਕੰਮ ਸੀ ਖਾਣਾ ਪਕਾਉਣਾ, ਭਾਂਡੇ ਮਾਂਜਣਾ, ਕੱਪੜੇ ਧੋਣਾ, ਝਾੜੂ ਪੋਚਾ ਕਰਨਾ, ਬਾਜ਼ਾਰ ਤੋਂ ਸਮਾਨ ਲੈ ਕੇ ਆਉਣਾ, ਗੁਰੂ ਜੀ ਦੇ ਪੈਰ ਦਬਾਉਣਾ ਆਦਿ। ਇਨੇ ਕੰਮ ਬਦਲੇ ਰਾਜਗੁਰੂ ਨੂੰ ਮਿਲਦੀ ਸੀ ਰੋਟੀ ਅਤੇ ਬਿਨਾਂ ਫੀਸ ਦਿੱਤੇ ਜਮਾਤ ਵਿਚ ਬੈਠਣ ਦਾ ਅਧਿਕਾਰ। ਗੁਰੂ ਨਾਲ ਅਣਬਣ ਹੋ ਗਈ ਰਾਜਗੁਰੂ ਨੇ ਪੜ੍ਹਾਈ ਅਤੇ ਨੌਕਰੀ ਦੋਹਾਂ ਨੂੰ ਠੋਕਰ ਮਾਰ ਦਿੱਤੀ।

ਪੜ੍ਹਾਈ ਛੱਡਣ ਤੋਂ ਬਾਅਦ ਇਧਰ ਉਧਰ ਦੀਆਂ ਠੋਕਰਾਂ ਖਾ ਕੇ ਉਹ ਇਕ ਪ੍ਰਾਇਮਰੀ ਸਕੂਲ ਵਿਚ ਡਰਿੱਲ ਮਾਸਟਰ ਲੱਗ ਗਏ। ਉਥੇ ਉਨ੍ਹਾਂ ਦੇ ਸੰਪਰਕ ਗੋਰਖਪੁਰ ਤੋਂ ਨਿਕਲਦੇ ਸਵਦੇਸ਼ ਸਪਤਾਹਿਕ ਦੇ ਸਹਾਇਕ ਸੰਪਾਦਕ ਸ੍ਰੀ ਮੁਨੀਸ਼ਵਰ ਅਵਸਥੀ ਨਾਲ ਹੋਇਆ ਅਤੇ ਉਹ ਇਨਕਲਾਬੀ ਦਲ ਦੇ ਮੈਂਬਰ ਬਣ ਗਏ।

ਪਿਤਾ ਦੇ ਪਿਆਰ ਤੋਂ ਰਾਜਗੁਰੂ ਬਚਨ ਤੋਂ ਹੀ ਬਾਂਝੇ ਹੋ ਗਏ ਸਨ। ਉਸ ਤੋਂ ਬਾਅਦ ਉਨ੍ਹਾਂ ਨੂੰ ਘਰ ਵਿਚ ਹਮਦਰਦੀ ਅਤੇ ਪਿਆਰ ਘੱਟ ਹੀ ਨਸੀਬ ਹੋਇਆ। 15 ਸਾਲ ਦੀ ਉਮਰ ਵਿਚ ਉਨ੍ਹਾਂ ਘਰ ਛੱਡ ਦਿੱਤਾ। ਸੰਸਕ੍ਰਿਤ ਵਿਦਿਆਰਥੀ ਦੀ ਹੈਸੀਅਤ ਵਿਚ ਵੀ ਬਨਾਰਸ ਦਾ ਜੀਵਨ ਔਕੜਾਂ ਭਰਿਆ ਸੀ। ਇਸ ਜੀਵਨ ਦੌਰਾਨ ਦੋਸਤੀ, ਪਿਆਰ, ਆਦਰ, ਇੱਜ਼ਤ ਘੱਟ ਤੇ ਠੱਗੀ, ਪ੍ਰੇਸ਼ਾਨੀਆਂ, ਨਿਰਾਦਰ, ਬੇਇੱਜ਼ਤੀ ਜ਼ਿਆਦਾ ਸੀ। ਹਾਲਤਾਂ ਦੇ ਇਸ ਗੇੜ ਨੇ ਉਨ੍ਹਾਂ ਦੇ ਬਚਪਨ ਦੀ ਕੋਮਲਤਾ ਅਤੇ ਜਵਾਨੀ ਦੇ ਰੰਗਲੇਪਨ ਨੂੰ ਉਭਰਨ ਤੋਂ ਪਹਿਲਾਂ ਹੀ ਦਬਾਅ ਦਿੱਤਾ ਸੀ। ਪ੍ਰੰਤੂ ਦਲ ਵਿਚ ਆਉਣ ਨਾਲ ਉਸ ਨੂੰ ਨਵਾਂ ਜੀਵਨ ਮਿਲ ਗਿਆ ਸੀ। ਸਾਧਾਰਨ ਡੀਲ ਡੌਲ, ਕਾਲਾ ਰੰਗ, ਬੇਢਬਾ ਲੰਮਾ ਚਿਹਰਾ, ਪਿਚਕੀਆਂ ਗੱਲਾਂ, ਉਨ੍ਹਾਂ ਉਪਰ ਉਭਰੀਆਂ ਹੱਡੀਆਂ ਵਾਲਾ ਇਹ ਸੁਹਿਰਦ ਨੌਜਵਾਨ ਦਲ ਵਲੋਂ ਲਾਈਆਂ ਡਿਊਟੀਆਂ ਨੂੰ ਖਿੜੇ ਮੱਥੇ ਨਿਭਾਉਣ ਲਈ ਤਤਪਰ ਹੋ ਗਿਆ। ਕਾਨਪੁਰ ਕਾਲਜ ਦੇ ਸਾਇੰਸ ਬਲਾਕ 'ਚ ਕਈ ਦਿਨ ਗੁਜਾਰਨੇ ਪਏ। ਗੂੜ੍ਹੀ ਨੀਂਦ 'ਚ ਗੁਆਚ ਜਾਣ ਵਾਲੇ ਰਾਜਗੁਰੂ ਦੇ ਚਾਰ ਸਾਲਾਂ ਦੇ ਇਸ ਤੋਟੇ ਜਿਹੇ ਜੀਵਨ ਵਿਚ ਰਹਿਣ-ਸਹਿਣ, ਸੁਭਾਅ, ਵਿਚਾਰ, ਖਾਣਾ ਪੀਣਾ ਅਤੇ ਵਿਹਾਰ 'ਚ ਬਹੁਤ ਤਬਦੀਲੀ ਆ ਚੁੱਕੀ ਸੀ। ਭਗਤ ਸਿੰਘ, ਰਾਜਗੁਰੂ ਅਤੇ ਸ਼ਿਵ ਵਰਮਾ ਗੋਰਖਪੁਰ 'ਚ ਸਰਕਾਰੀ ਖਜ਼ਾਨੇ ਦੀ ਭਾਲ 'ਚ ਜਾ ਰਹੇ ਸਨ। ਪੰਜ ਰੁਪਏ ਮਹੀਨੇ ਤੇ ਇਕ ਪੁਰਾਣੀ ਦੁਕਾਨ ਰਾਤ ਕੱਟਣ ਲਈ ਲੈ ਲਈ। ਛੇਤੀ ਹੀ ਕਾਨਪੁਰ ਨੂੰ ਚਾਲੇ ਪਾ ਲਏ। 15 ਦਿਨ ਠਹਿਰਨ 'ਤੇ ਵੀ ਦੂਜੇ ਪਿਸਤੌਲ ਦਾ ਬੰਦੋਬਸਤ ਨਾ ਹੋ ਸਕਿਆ। ਦਿੱਲੀ ਜਾ ਕੇ ਸਰਾਂ 'ਚ ਠਹਿਰੇ। ਐਕਸ਼ਨ ਕਰਨ ਲਈ ਲਾਹੌਰ ਤੋਂ ਪਿਸਤੌਲ ਦਾ ਪ੍ਰਬੰਧ ਕੀਤਾ ਗਿਆ। ਪ੍ਰੰਤੂ ਰਾਜਗੁਰੂ ਨੇ ਸਾਥੀਆਂ ਨੂੰ ਉਡੀਕਣ ਤੋਂ ਪਹਿਲਾਂ ਹੀ ਐਕਸ਼ਨ ਕਰ ਦਿੱਤਾ। ਅਖ਼ਬਾਰਾਂ ਦੀ ਖ਼ਬਰ ਪੜ੍ਹ ਕੇ ਬਾਕੀ ਸਾਥੀਆਂ ਨੇ ਦਿੱਲੀ ਛੱਡਣਾ ਬਿਹਤਰ ਸਮਝਿਆ। ਭਾਵੇਂ ਪੁਲਿਸ ਛੇਤੀ ਹੀ ਘਟਨਾ ਸਥਾਨ 'ਤੇ ਪਹੁੰਚ ਗਈ ਪ੍ਰੰਤੂ ਰਾਜਗੁਰੂ ਪੁਲਿਸ ਨੂੰ ਝਕਾਨੀ ਦੇ ਕੇ ਰੇਲਵੇ ਲਾਈਨ ਦੇ ਸਹਾਰੇ ਮਥੁਰਾ ਵਲ ਨੂੰ ਤੁਰ ਪਿਆ। ਪੁਲਿਸ ਹਰਲ-ਹਰਲ ਕਰਦੀ ਸਰਚ ਲਾਈਟਾਂ ਨਾਲ ਪਿਛਾ ਕਰ ਰਹੀ ਸੀ। ਠੰਡ ਦਾ ਜ਼ੋਰ, ਰਾਤ ਨੂੰ ਖੇਤਾਂ 'ਚ ਸਾਹ ਰੋਕੀ, ਚਿੱਕੜ ਨਾਲ ਲਿਬੜਿਆ ਰਾਜਗੁਰੂ ਮੁਸੀਬਤਾਂ 'ਚੋਂ ਗੁਜਰਦਾ ਹੋਇਆ ਕਾਨਪੁਰ ਪੁੱਜ ਕੇ ਬਹੁਤ ਖੁਸ਼ ਹੋਇਆ ਕਿ ਮੈਂ ਪਾਰਟੀ ਦਾ ਕੰਮ ਨਿਭਾ ਆਇਆ ਹਾਂ। ਪ੍ਰੰਤੂ ਜਦ ਪਤਾ ਲੱਗਾ ਕਿ ਕਾਹਲਪਣੇ ਅਤੇ ਹਨ੍ਹੇਰੇ ਵਿਚ ਮੈਂ ਹੋਰ ਵਿਅਕਤੀ ਦਾ ਕਤਲ ਕਰ ਦਿੱਤਾ ਹੈ ਤਾਂ ਉਸ ਨੂੰ ਬਹੁਤ ਦੁੱਖ ਹੋਇਆ ਅਤੇ ਸਾਥੀਆਂ ਦੇ ਗਲ ਲੱਗਕੇ ਬਹੁਤ ਰੋਇਆ। ਉਸਨੇ ਕਿਹਾ ਕਿ "ਮੈਂ ਆਪਣੇ ਆਪ ਨੂੰ ਪਾਰਟੀ ਦੇ ਅਯੋਗ ਸਾਬਤ ਕੀਤਾ ਹੈ।" "ਮੈਂ ਅਪਰਾਧੀ ਹਾਂ।" ਦਲ ਸਮਝਦਾ ਸੀ ਕਿ ਉਸਨੇ ਕੋਈ ਅਪਰਾਧ ਨਹੀਂ ਕੀਤਾ। ਹਨ੍ਹੇਰੇ ਅਤੇ ਜਲਦਬਾਜ਼ੀ ਵਿਚ ਕਿਸੇ ਤੋਂ ਵੀ ਅਜਿਹੀ ਗਲਤੀ ਹੋ ਸਕਦੀ ਹੈ। ਫਿਰ ਕਾਕੋਰੀ ਤੋਂ ਬਾਅਦ ਸਾਡੀ ਪੀੜ੍ਹੀ ਵਿਚੋਂ ਕੰਮ ਦੇ ਮੈਦਾਨ ਵਿਚ ਸਾਹਸ ਵਿਖਾਉਣ ਵਾਲਾ ਉਹ ਪਹਿਲਾ ਵਿਅਕਤੀ ਸੀ। ਦਲ ਨੇ ਰਾਜਗੁਰੂ ਦੇ ਮੁੱਲ ਨੂੰ ਪਹਿਚਾਣਿਆ ਅਤੇ ਰਾਜਗੁਰੂ ਦਲ ਦਾ ਅਨਿੱਖੜਵਾਂ ਅੰਗ ਬਣ ਗਿਆ।

ਇਨਕਲਾਬੀ ਜੀਵਨ ਵਿਚ ਰਾਜਗੁਰੂ ਜੇਕਰ ਕਿਸੇ ਨੂੰ ਆਪਣਾ ਸਭ ਤੋਂ ਵੱਡਾ ਵਿਰੋਧੀ ਸਮਝਦਾ ਸੀ ਤਾਂ ਉਹ ਸੀ ਭਗਤ ਸਿੰਘ। ਇਹ ਕੌਮ ਦੀ ਆਜ਼ਾਦੀ ਦੇ ਸੰਘਰਸ਼ ਦੌਰਾਨ ਇਕ ਦੂਜੇ ਤੋਂ ਅੱਗੇ ਵਧਕੇ ਮੌਤ ਨੂੰ ਲਲਕਾਰਨ ਦਾ ਮੁਕਾਬਲਾ ਸੀ। ਕਿਤੇ ਇਸ ਦੌੜ ਵਿਚ ਭਗਤ ਸਿੰਘ ਪਹਿਲਾਂ ਸ਼ਹੀਦ ਨਾ ਹੋ ਜਾਵੇ-ਇਸ ਗੱਲ ਦਾ ਉਸਨੂੰ ਹਮੇਸ਼ਾਂ ਫਿਕਰ ਲੱਗਿਆ ਰਹਿੰਦਾ। ਪਾਰਟੀ ਸਾਹਮਣੇ ਉਸਦੀ ਹਮੇਸ਼ਾ ਇਕੋ ਹੀ ਮੰਗ ਰਹਿੰਦੀ ਸੀ ਕਿ "ਹਰ ਕੰਮ ਵਿਚ ਅੱਗੇ ਵਧ ਕੇ ਪਹਿਲੀ ਗੋਲੀ ਚਲਾਉਣ ਦਾ ਮੌਕਾ ਉਸ ਨੂੰ ਹੀ ਮਿਲਣਾ ਚਾਹੀਦਾ ਹੈ।" ਲਾਹੌਰ ਵਿਚ ਸਾਂਡਰਸ ਉਪਰ ਵੀ ਪਹਿਲੀ ਗੋਲੀ ਉਸ ਨੇ ਹੀ ਚਲਾਈ ਸੀ ਤੇ ਉਸਦਾ ਨਿਸ਼ਾਨਾ ਐਨਾ ਪੱਕਾ ਬੈਠਿਆ ਕਿ ਜੇ ਬਾਕੀ ਗੋਲੀਆਂ ਨਾ ਵੀ ਲਗਦੀਆਂ ਤਾਂ ਗੱਡੀ ਤਾਂ ਉਸ ਨੇ ਚੜ੍ਹ ਹੀ ਜਾਣਾ ਸੀ। ਭਗਤ ਸਿੰਘ ਨਾਲ ਲੱਗੀ ਦੌੜ ਵਿਚ ਉਸ ਨੂੰ ਐਨਾ ਵੀ ਮਨਜ਼ੂਰ ਨਹੀਂ ਸੀ ਕਿ ਕਿਸੇ ਕੰਮ ਖਾਤਰ ਭਗਤ ਸਿੰਘ ਜਾਵੇ ਅਤੇ ਉਸ ਨੂੰ ਨਾ ਭੇਜਿਆ ਜਾਵੇ।

ਦਿੱਲੀ ਅਸੈਂਬਲੀ 'ਚ ਬੰਬ ਸੁੱਟਣ ਖਾਤਰ ਭਗਤ ਸਿੰਘ ਨਾਲ ਦੱਤ ਜਾਂ ਕਿਸੇ ਹੋਰ ਨੂੰ ਭੇਜਣ ਦੀ ਬਜਾਏ ਉਸ ਨੂੰ ਹੀ ਭੇਜਿਆ ਜਾਵੇ, ਇਸ ਨੂੰ ਲੈ ਕੇ ਉਸਨੇ ਬਹੁਤ ਜ਼ਿੱਦ ਕੀਤੀ। ਉਸ ਦਾ ਕਹਿਣਾ ਸੀ ਕਿ ਇਸ ਕੰਮ ਲਈ ਭਗਤ ਸਿੰਘ ਨਾਲ ਉਸ ਨੂੰ ਹੀ ਜਾਣਾ ਚਾਹੀਦਾ ਹੈ। ਭਗਤ ਸਿੰਘ ਅਤੇ ਕੇਂਦਰੀ ਕਮੇਟੀ ਦੇ ਦੂਸਰੇ ਮੈਂਬਰਾਂ ਨੂੰ ਜਦੋਂ ਉਹ ਆਪਣੇ ਗੱਲ ਮਨਵਾਉਣ ਵਿਚ ਸਫ਼ਲ ਨਾ ਹੋਇਆ ਤਾਂ ਉਹ ਭੱਜਿਆ-ਭੱਜਿਆ ਆਜ਼ਾਦ ਕੋਲ ਝਾਂਸੀ ਪਹੁੰਚ ਗਿਆ। ਉਸਨੇ ਆਜ਼ਾਦ ਦੇ ਸਾਹਮਣੇ ਆਪਣਾ ਪੱਖ ਰੱਖਿਆ। ਜਿੰਨੀਆਂ ਦਲੀਲਾਂ ਉਹ ਆਪਣੇ ਪੱਖ ਨੂੰ ਮਜ਼ਬੂਤ ਕਰਨ ਲਈ ਦੇ ਸਕਦਾ ਸੀ ਦਿੱਤੀਆਂ।

ਆਜ਼ਾਦ ਨੇ ਉਸ ਨੂੰ ਸਮਝਾਇਆ, "ਇਸ ਵਿਚ ਬਿਆਨ ਦੇਣ ਦਾ ਸਵਾਲ ਆਵੇਗਾ। ਤੁਸੀਂ ਅੰਗਰੇਜ਼ੀ ਨਹੀਂ ਜਾਣਦੇ। ਫੜੇ ਜਾਣ ਉਪਰੰਤ ਤੁਹਾਨੂੰ ਭਗਤ ਸਿੰਘ ਤੋਂ ਵੱਖਰੇ ਕਰ ਦਿੱਤਾ ਜਾਵੇਗਾ। ਉਸ ਹਾਲਤ ਵਿਚ ਜੇਕਰ ਤੁਸੀਂ ਬੰਬ ਸੁੱਟਣ ਦੇ ਰਾਜਨੀਤਕ ਮਹੱਤਵ ਨੂੰ ਇਕ ਚੰਗੇ ਬਿਆਨ ਰਾਹੀਂ ਨਾ ਸਮਝਾ ਸਕੇ ਤਾਂ ਕੇਸ ਦਾ ਸਾਰਾ ਮਹੱਤਵ ਖਤਮ ਹੋ ਜਾਵੇਗਾ।"

ਆਜ਼ਾਦ ਦੀ ਇਸ ਦਲੀਲ ਦੇ ਜਵਾਬ ਵਿਚ ਉਹ ਕਹਿਣ ਲੱਗਿਆ, "ਤੁਸੀਂ ਭਗਤ ਸਿੰਘ ਨੂੰ ਕਹਿ ਕੇ ਮੇਰੀ ਖਾਤਰ ਅੰਗਰੇਜ਼ੀ ਵਿਚ ਬਿਆਨ ਲਿਖਵਾ ਦੇਵੋ। ਮੈਂ ਉਸ ਨੂੰ ਕਾਮਾ, ਫੁੱਲ ਸਟਾਪ ਸਾਹਿਤ ਰਟ ਲਵਾਂਗਾ। ਇਕ ਵੀ ਗਲਤੀ ਨਹੀਂ ਹੋਵੇਗੀ। ਬੇਸ਼ੱਕ ਤੁਸੀਂ ਸੁਣ ਲੈਣਾ ਅਗਰ ਇਕ ਵੀ ਕਾਮਾ ਭੁੱਲ ਹੋ ਜਾਵੇ ਤਾਂ ਬੇਸ਼ੱਕ ਨਾ ਭੇਜਣਾ।" ਆਪਣੀਆਂ ਸਾਰੀਆਂ ਦਲੀਲਾਂ ਦੇ ਬਾਵਜੂਦ ਵੀ ਜਦ ਉਹ ਆਜ਼ਾਦ ਤੋਂ ਆਪਣੀ ਮੰਗ ਪੂਰੀ ਨਹੀਂ ਕਰਵਾ ਸਕਿਆ ਤਾਂ ਗੁੱਸੇ ਹੋ ਕੇ ਪੂਨੇ ਚਲਿਆ ਗਿਆ।

ਬੜਬੋਲਾ ਹੋਣ ਕਾਰਨ ਰਾਜਗੁਰੂ ਨੇ ਗੁਪਤ ਜਥੇਬੰਦੀ ਦੇ ਨਿਯਮਾਂ ਦੀ ਖੁੱਲ੍ਹੇ ਤੌਰ 'ਤੇ ਉਲੰਘਣਾ ਕੀਤੀ ਅਤੇ ਆਪਣੀ ਗਾਲੜੀਪੁਣੇ ਦੀ ਆਦਤ ਦਾ ਸ਼ਿਕਾਰ ਹੋ ਗਿਆ। ਉਹ ਜਲਦੀ ਤੋਂ ਜਲਦੀ ਪੂਨੇ ਵਿਚ ਪਾਰਟੀ ਦੀ ਜਥੇਬੰਦੀ ਖੜ੍ਹੀ ਕਰਨਾ ਚਾਹੁੰਦੇ ਸਨ ਅਤੇ ਉਸੇ ਧੁਨ ਵਿਚ ਜੋ ਵੀ ਉਸਦੇ ਸੰਪਰਕ 'ਚ ਆਇਆ, ਉਸੇ ਕੋਲ ਹੀ ਸਾਂਡਰਸ ਦੀ ਹੱਤਿਆ ਦਾ ਭੇਦ ਖੋਲ੍ਹਦੇ ਰਹੇ। ਅੰਤ ਵਿਚ ਇਕ ਸੀ. ਆਈ. ਡੀ. ਦੇ ਏਜੰਟ ਦੀਆਂ ਚਾਲਾਂ 'ਚ ਫਸ ਕੇ ਪੁਲਿਸ ਦੇ ਕਾਬੂ ਆ ਗਏ।

ਲੋਕਾਂ ਨੂੰ ਪੈਸਾ, ਅਹੁਦਾ, ਮਾਣ ਸਨਮਾਨ ਦੇ ਲਈ ਹੋੜ ਲਾਉਂਦਿਆਂ ਤਾਂ ਦੇਖਿਆ ਹੈ ਪਰ ਝਪਟ ਕੇ ਮੌਤ ਨੂੰ ਕੌਣ ਗਲੇ ਮਿਲਦਾ ਹੈ, ਇਸ ਦੀ ਹੋੜ ਤਾਂ ਇਕ ਇਮਾਨਦਾਰ ਇਨਕਲਾਬੀ ਹੀ ਲਗਾ ਸਕਦਾ ਹੈ। ਭਗਤ ਸਿੰਘ ਉਸਤੋਂ ਪਹਿਲਾਂ ਨਾ ਚਲਿਆ ਜਾਵੇ, ਕਿਤੇ ਉਸ ਤੋਂ ਪਹਿਲਾਂ ਸ਼ਹੀਦੀ ਪ੍ਰਾਪਤ ਨਾ ਕਰ ਜਾਵੇ, ਇਹ ਉਸ ਦੀ ਸਭ ਤੋਂ ਵੱਡੀ ਇੱਛਾ ਸੀ ਅਤੇ ਹਾਲਾਤ ਨੇ ਉਸਦੀ ਇਹ ਇੱਛਾ ਵੀ ਪੂਰੀ ਕਰ ਦਿੱਤੀ। ਜੇਲ੍ਹ ਵਿਚ ਭੁੱਖ ਹੜਤਾਲਾਂ 'ਚ ਮੋਹਰੀ, ਪੁਲਿਸ ਨਾਲ ਮਾਰ ਕੁਟਾਈ ਕਰਨ ਅਤੇ ਕੁੱਟ ਖਾਣ 'ਚ ਵੀ ਅੱਗੇ। ਉਸਦਾ ਟੱਪਣਾ, ਦੂਜਿਆਂ ਦੇ ਕੁਤਕੁਤਾਰੀਆਂ ਕੱਢਣਾ, ਛੇੜਖਾਨੀਆਂ, ਗਾਲ੍ਹਾਂ ਕੱਢਕੇ ਪਿਆਰ ਕਰਨਾ, ਮੌਤ ਨੂੰ ਚੁਣੌਤੀ ਦੇਣ ਬਰਾਬਰ ਸੀ।

ਸਾਂਡਰਸ ਨੂੰ ਮਾਰ ਕੇ ਭਗਤ ਸਿੰਘ ਅਤੇ ਰਾਜਗੁਰੂ ਜਦੋਂ ਲਾਹੌਰ ਵਿਚੋਂ ਨਿਕਲੇ ਸਨ ਤਾਂ ਭਗਤ ਸਿੰਘ ਪਹਿਲੇ ਦਰਜੇ ਵਿਚ ਸਫਰ ਕਰਨ ਵਾਲਾ ਅਧਿਕਾਰੀ ਅਤੇ ਰਾਜਗੁਰੂ ਉਸਦਾ ਨੌਕਰ। ਭੇਸ ਬਦਲ ਕੇ ਪੁਲਿਸ ਨੂੰ ਝਕਾਨੀ ਦੇਣੀ ਤਾਂ ਉਨ੍ਹਾਂ ਦੀ ਕਮਾਲ ਸੀ।

ਕਮਿਊਨਿਜ਼ਮ ਜਾਂ ਸਮਾਜਵਾਦ ਦਾ ਰਾਹ ਹੀ ਦੇਸ਼ ਦੇ ਭਵਿੱਖ ਦਾ ਰਾਹ ਹੈ ਇਸ ਉਪਰ ਰਾਜਗੁਰੂ ਨੂੰ ਪੂਰਾ ਵਿਸ਼ਵਾਸ ਸੀ। ਇਸ ਦਾ ਇਹ ਮਤਲਬ ਨਹੀਂ ਕਿ ਉਸਨੇ ਸਮਾਜਵਾਦ ਦੇ ਸਿਧਾਂਤ ਨੂੰ ਸਮਝ ਲਿਆ ਸੀ। ਸਮਾਜਵਾਦ ਕੀ ਹੈ? ਉਸ ਦੀ ਸਥਾਪਨਾ ਕਿਨ੍ਹਾਂ ਹੀਲਿਆਂ ਨਾਲ ਸੰਭਵ ਹੋ ਸਕਦੀ ਹੈ? ਭਵਿੱਖ ਵਿਚ ਸਮਾਜਵਾਦੀ ਸਮਾਜ ਦੀ ਕੀ ਰੂਪ ਰੇਖਾ ਹੋਵੇਗੀ? ਆਦਿ ਸਵਾਲਾਂ ਦੀ ਬਹੁਤੀ ਜਾਣਕਾਰੀ ਉਸ ਕੋਲ ਨਹੀਂ ਸੀ। ਉਹ ਇੰਨਾ ਜ਼ਰੂਰ ਜਾਣਦਾ ਸੀ ਕਿ ਪੂੰਜੀਵਾਦੀ ਪ੍ਰਬੰਧ ਵਿਚ ਮਿਹਨਤ ਕਰਨ ਵਾਲਿਆਂ ਦੀ ਕਮਾਈ ਕੁਝ ਥੋੜ੍ਹੇ ਜਿੰਨੇ ਪੂੰਜੀਪਤੀਆਂ ਦੇ ਹੱਥ ਵਿਚ ਚਲੀ ਜਾਂਦੀ ਹੈ। ਇਸ ਦੇ ਉਲਟ ਸਮਾਜਵਾਦੀ ਸਮਾਜ ਵਿਚ ਨਾ ਕੋਈ ਜ਼ਿਆਦਾ ਅਮੀਰ ਹੋਵੇਗਾ ਨਾ ਕੋਈ ਇੰਨਾ ਗਰੀਬ ਕਿ ਉਸ ਨੂੰ ਜੀਵਨ ਦੀਆਂ ਮੁਢਲੀਆਂ ਲੋੜਾਂ ਪੂਰਾ ਕਰਨ ਜੋਗਾ ਵੀ ਨਾ ਮਿਲੇ। ਕੋਈ ਕਿਸੇ ਦੀ ਲੁੱਟ ਨਹੀਂ ਕਰ ਸਕੇਗਾ ਨਾ ਹੀ ਕੋਈ ਇਕ ਦੇਸ਼ ਦੂਸਰੇ ਦੇਸ਼ ਨੂੰ ਗੁਲਾਮ ਬਣਾ ਕੇ ਰੱਖ ਸਕੇਗਾ। ਮਾਰਕਸਵਾਦ ਅਤੇ ਕਮਿਊਨਿਜ਼ਮ ਦੀ

ਸਿਧਾਂਤਕ ਜਾਣਕਾਰੀ ਨਾ ਹੁੰਦਿਆਂ ਵੀ ਜਿਸ ਨੇ ਆਪਣੀ ਜ਼ਿੰਦਗੀ ਦੇ ਵਿਚ ਗਰੀਬੀ ਦੇ ਦਿਨ ਦੇਖੇ ਹਨ, ਉਸ ਜੀਵਨ ਵਿਚ ਕਿੰਨਾ ਅਪਮਾਨ, ਕਿੰਨੀ ਕੜਵਾਹਟ ਅਤੇ ਪੈਰ ਪੈਰ ਤੇ ਕਿੰਨੀਆਂ ਠੋਕਰਾਂ ਹਨ, ਇਸ ਦਾ ਅਨੁਭਵ ਕੀਤਾ ਹੈ। ਉਸ ਵਿਚ ਸਮਾਜਵਾਦ ਪ੍ਰਤੀ ਵਿਸ਼ਵਾਸ ਅਤੇ ਪ੍ਰਤੀਬੱਧਤਾ ਇਨ੍ਹਾਂ ਤਜਰਬਿਆਂ ਕਾਰਨ ਹੀ ਆਈ ਸੀ।

ਜ਼ਿੰਦਗੀ ਦੇ ਆਖਰੀ ਦਿਨਾਂ 'ਚ ਸ਼ਿਵ ਵਰਮਾ ਅਤੇ ਆਗਿਆ ਰਾਮ ਆਦਿ ਸਾਥੀਆਂ ਨਾਲ ਬਹਿਸ ਕਰਦੇ ਸਮੇਂ ਰਾਜਗੁਰੂ ਦੇ ਕਹੇ ਸ਼ਬਦ "ਮੇਰੀ ਜ਼ਿੰਦਗੀ ਦਾ ਹਰ ਪਲ ਇਕ ਬੋਝ ਸੀ, ਉਸ ਬੋਝ ਵਾਲੀ ਅਪਮਾਨਤ ਜ਼ਿੰਦਗੀ ਵਿਚ ਮੇਰੇ ਨੇੜੇ ਦੀ ਇਹ ਦੁਨੀਆ ਇਕ ਨਰਕ ਤੋਂ ਵੀ ਭੈੜੀ ਸੀ। ਫਿਰ ਇਨ੍ਹਾਂ ਤਿੰਨਾਂ ਸਾਲਾਂ ਵਿਚ ਹੀ ਪਤਾ ਨਹੀਂ ਕਿਹੋ ਜਿਹਾ ਕੀ ਜਾਦੂ ਹੋ ਗਿਆ ਕਿ ਇਹ ਸਭ ਕੁਝ ਇੰਨਾ ਹੁਸੀਨ ਲੱਗਣ ਲੱਗ ਪਿਆ। ਅੱਜ ਇਹ ਸਭ ਛੱਡ ਕੇ ਜਾਣ ਬਾਰੇ ਸੋਚ ਕੇ ਦੁੱਖ ਹੁੰਦਾ ਹੈ।"

"ਕੀ ਮੌਤ ਕੋਲੋਂ ਡਰ ਰਹੇ ਹੋ ? ਜੋ ਕੁਝ ਕੀਤਾ ਹੈ, ਕੀ ਉਸ 'ਤੇ ਪਛਤਾਵਾ ਮਹਿਸੂਸ ਕਰ ਰਹੇ ਹੋ? ਉਨ੍ਹਾਂ ਸਵਾਲਾਂ ਕੀਤਾ।

ਰਾਜਗੁਰੂ ਨੇ ਕਿਹਾ, "ਤੁਸੀਂ ਜਾਣਦੇ ਹੋ, ਮੈਂ ਮੌਤ ਕੋਲੋਂ ਡਰਦਾ ਨਹੀਂ। ਮੈਂ ਆਪਣੇ ਤਜਰਬੇ ਦੀ ਗੱਲ ਤੁਹਾਨੂੰ ਦੱਸ ਰਿਹਾ ਹਾਂ। ਗਰੀਬੀ ਸਰਾਪ ਹੈ ਤੇ ਪਿਆਰ ਦੀ ਅਣਹੋਂਦ ਨਰਕ ਹੈ। ਇਹ ਮੇਰੀ 22 ਸਾਲਾਂ ਦੀ ਜ਼ਿੰਦਗੀ ਦਾ ਨਿਚੋੜ ਹੈ। ਕੁਝ ਲੋਕ ਸਾਨੂੰ ਗਰੀਬ ਬਣਾਉਂਦੇ ਹਨ ਤੇ ਪਿਆਰ ਨਾਲ ਵੀ ਰਹਿਣ ਨਹੀਂ ਦਿੰਦੇ। ਨਹੀਂ ਤਾਂ ਆਪਣੇ ਆਪ 'ਚ ਇਹ ਦੁਨੀਆ ਬਹੁਤ ਹੁਸੀਨ ਹੈ, ਬੜੀ ਖ਼ੂਬਸੂਰਤ ਹੈ। ਇਸ ਤਰ੍ਹਾਂ ਦੀ ਹੁਸੀਨ ਤੇ ਖ਼ੂਬਸੂਰਤ ਦੁਨੀਆ ਵਿਚ ਪਿਆਰ ਦੇ ਦੋ ਪਲ ਹੋਰ ਮਿਲ ਜਾਣ ਇਹ ਕੌਣ ਨਹੀਂ ਚਾਹੁੰਦਾ। ਇਸ ਸੁਭਾਵਿਕ ਇੱਛਾ ਨੂੰ ਕੀ ਮੌਤ ਤੋਂ ਡਰਨਾ ਕਹੋਗੇ? ਜੋ ਕੁਝ ਵੀ ਮੈਂ ਕੀਤਾ ਹੈ ਉਸ ਉਤੇ ਮੈਨੂੰ ਫ਼ਖ਼ਰ ਹੈ। ਇਸ ਤਰ੍ਹਾਂ ਦੀ ਹੁਸੀਨ ਮੌਤ ਤੇ ਪਛਤਾਉਣ ਵਾਲੇ ਨੂੰ ਮੂਰਖ ਹੀ ਕਿਹਾ ਜਾਵੇਗਾ। ਇਨਕਲਾਬੀਆਂ ਲਈ ਤਾਂ ਇਹ ਮੂੰਹ ਮੰਗਿਆ ਵਰਦਾਨ ਹੈ।" ਹੌਲੀ ਹੌਲੀ ਫੈਸਲੇ ਦਾ ਦਿਨ ਵੀ ਆ ਗਿਆ। ਫਾਂਸੀ ਦੀ ਸਜ਼ਾ ਇਨ੍ਹਾਂ ਤਿੰਨਾਂ ਸਮ੍ਹਾ ਦੇ ਪਰਵਾਨਿਆਂ ਨੂੰ ਸੁਣਾ ਦਿੱਤੀ ਗਈ। ਬੁਲੰਦ ਹੌਸਲੇ ਅਤੇ ਖੁਸ਼ੀ-ਖੁਸ਼ੀ ਇਹ ਪਰਵਾਨੇ ਮੌਤ ਨੂੰ ਮਜ਼ਾਕ ਕਰਦੇ ਅੰਬਰਾਂ ਵਿਚ ਉਡਾਰੀ ਮਾਰ ਗਏ।

ਸਰ ਫਰੋਸ਼ੀ ਕੀ ਤਮੰਨਾ ਅਬ ਹਮਾਰੇ ਦਿਲ ਮੇਂ ਹੈ।

ਦੇਖਨਾ ਹੈ ਜ਼ੋਰ ਕਿਤਨਾ ਬਾਜ਼ੂ ਏ-ਕਾਤਲ ਮੇਂ ਹੈ।

ਦੀ ਬੁਲੰਦ ਆਵਾਜ਼ ਨਾਲ ਸਾਥੋਂ ਸਦਾ ਲਈ ਵਿਦਾਈ ਲੈ ਗਏ। ਅੱਜ ਸਾਡੇ ਸਭ ਭਾਰਤੀ ਲੋਕਾਂ ਲਈ ਇਹ ਸੋਚਣ ਦਾ ਸਵਾਲ ਹੈ ਕਿ "ਕੀ ਰਾਜਗੁਰੂ, ਭਗਤ ਸਿੰਘ ਅਤੇ ਸੁਖਦੇਵ ਦੇ ਆਦਰਸ਼ ਪੂਰੇ ਹੋ ਗਏ ਹਨ ? ਅਸੀਂ ਉਨ੍ਹਾਂ ਮਹਾਨ ਕਰਾਂਤੀਕਾਰੀਆਂ ਦੇ ਸੁਪਨਿਆਂ ਦਾ ਸਮਾਜ ਸਿਰਜਣ ਲਈ ਕੀ ਕਰ ਸਕਦੇ ਹਾਂ? ਆਓ ਸਿਰ ਜੋੜੀਏ, ਸੋਚੀਏ, ਵਿਚਾਰੀਏ ਸ਼ਹੀਦਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਜ਼ੋਰਦਾਰ ਯਤਨ ਤੇਜ਼ ਕਰੀਏ।

**(ਸ਼ਹੀਦਾਂ ਦੇ ਅੰਗ-ਸੰਗ - ਸ਼ਿਵ ਵਰਮਾ 'ਚੋਂ ਧੰਨਵਾਦ ਸਹਿਤ)**

# ਸਾਇੰਸ ਦਾ ਸਮਾਜ ਦੀ ਤਰੱਕੀ 'ਚ ਮੁੱਖ ਯੋਗਦਾਨ

**ਮਾਸਟਰ ਭਜਨ ਸਿੰਘ ਕੈਲਗਰੀ**

ਜਦੋਂ ਅਸੀਂ ਇਤਿਹਾਸ ਵਲ ਨਜ਼ਰ ਮਾਰਦੇ ਹਾਂ ਤਾਂ ਸਮੇਂ ਸਮੇਂ ਧਾਰਮਿਕ ਮੂਲਵਾਦੀਆਂ ਵਲੋਂ ਵਿਗਿਆਨਕ ਖੋਜਾਂ ਰਾਹੀਂ ਸੱਚ ਲੋਕਾਂ ਦੇ ਸਾਹਮਣੇ ਲਿਆਉਣ ਵਾਲਿਆਂ ਸਾਇੰਸਦਾਨਾਂ ਨੂੰ ਤਸੀਹੇ, ਦੇਸ਼ ਨਿਕਾਲੇ ਅਤੇ ਮੌਤ ਆਦਿ ਦੀਆਂ ਸਜ਼ਾਵਾਂ ਦਿੱਤੀਆਂ ਗਈਆਂ ਪ੍ਰੰਤੂ ਇਹ ਧਾਰਮਿਕ ਰੂੜੀਵਾਦੀਆਂ ਦੀ ਪਿਛਾਂਹਖਿੱਚੂ ਸੋਚ ਨੂੰ ਨਕਾਰ ਕੇ ਸੱਚ ਲੋਕਾਂ ਸਾਹਮਣੇ ਲਿਆਉਣ ਵਾਲੇ ਵਿਗਿਆਨੀਆਂ ਦੀ ਹਮੇਸ਼ਾ ਜਿੱਤ ਹੁੰਦੀ ਰਹੀ ਹੈ। ਇਹ ਪ੍ਰਤੱਖ ਹੈ ਕਿ ਸਮਾਜ ਦੀ ਤਰੱਕੀ 'ਚ ਮੁੱਖ ਯੋਗਦਾਨ ਸਾਇੰਸ ਦੀ ਉਪਲਬਧੀਆਂ ਕਾਰਨ ਹੀ ਹੈ। ਪੁਜਾਰੀਵਾਦ-ਸਿਆਸਤਦਾਨਾਂ ਅਤੇ ਪੂੰਜੀਪਤੀਆਂ ਦੀ ਇਹ ਤਿਕੜੀ ਅੱਜ ਸਾਇੰਸ ਦੇ ਯੁੱਗ 'ਚ ਵੀ ਸਮਾਜ ਨੂੰ ਧਾਰਮਿਕ ਰੂੜੀਵਾਦ, ਫਿਰਕਾਪ੍ਰਸਤੀ ਆਦਿ ਰਾਹੀਂ ਲੋਕਾਂ ਨੂੰ ਵੰਡਕੇ ਸਮਾਜ ਨੂੰ ਪੁਰਾਤਨਵਾਦ ਵੱਲ ਧੱਕ ਰਹੀ ਹੈ। ਸੱਚ ਬੋਲਣ ਵਾਲਿਆਂ ਨੂੰ ਪਾਪੀ, ਜ਼ੁਲਮੀ, ਰਾਖਸ਼ਸ਼, ਕੁੱਤਾ, ਨੀਚ ਅਤੇ ਨਾਸਤਕ ਕਹਿ ਕੇ ਭੰਡਿਆ ਜਾ ਰਿਹਾ ਹੈ। ਵਿਗਿਆਨੀਆਂ ਨੇ ਵੱਖ-ਵੱਖ ਖੋਜਾਂ ਰਾਹੀਂ ਬ੍ਰਹਿਮੰਡ ਬਾਰੇ ਦਲੀਲਾਂ ਸਹਿਤ ਸਾਬਤ ਕੀਤਾ ਕਿ ਚੰਨ, ਤਾਰੇ, ਸੂਰਜ ਅਤੇ ਹੋਰ ਗ੍ਰਹਿ, ਕੋਈ ਦੇਵੀ-ਦੇਵਤੇ ਨਹੀਂ, ਨਾ ਹੀ ਉਪਰ ਕੋਈ ਸਵਰਗ-ਨਰਕ ਹੈ। ਇਨ੍ਹਾਂ ਸਾਇੰਸ ਦੀ ਖੋਜਾਂ ਨੇ ਕੱਟੜਪੰਥੀਆਂ ਦੀ ਨੀਂਦ ਉਡਾ ਦਿੱਤਾ। ਸਮੁੱਚਾ ਪੁਜਾਰੀਵਰਗ ਸਾਇੰਸਦਾਨਾਂ ਦਾ ਦੁਸ਼ਮਣ ਬਣ ਗਿਆ। ਕਿਉਂਕਿ ਉਨ੍ਹਾਂ ਦੇ ਮਨਘੜਤ ਅਤੇ ਮਿਥਿਹਾਸਕ ਗ੍ਰੰਥ ਵਿਗਿਆਨ ਅੱਗੇ ਖੜ੍ਹ ਨਹੀਂ ਸਕੇ।


- 4 ਜਨਵਰੀ ਪ੍ਰਸਿੱਧ ਵਿਗਿਆਨੀ ਆਈਜ਼ਕ ਟਿਊਟਨ ਦਾ ਜਨਮ 1643
- 8 ਜਨਵਰੀ ਉਘੇ ਭੌਤਿਕ ਵਿਗਿਆਨੀ ਸਟੀਫਨ ਹਾਕਿੰਗ ਦਾ ਜਨਮ 1942
- 17 ਜਨਵਰੀ ਬਿਜਲੀ ਵਿਗਿਆਨੀ ਦੇ ਮੋਢੀ ਬੈਂਜਾਮਿਨ ਫਰੈਕਲਿਨ ਦਾ ਜਨਮ 1706
- 19 ਜਨਵਰੀ ਭਾਫ ਇੰਜਣ ਦੇ ਖੋਜੀ ਜੇਮਜ਼ ਵਾਟ ਦਾ ਜਨਮ 1736
- 7 ਫਰਵਰੀ ਰਸਾਇਣਕ ਤੱਤਾਂ ਦਾ ਵਰਗੀਕਰਨ ਕਰਨ ਵਾਲੇ ਵਿਗਿਆਨੀ ਦਮਿੱਤਰੀ ਮੈਂਡਲੀਵ ਦਾ ਜਨਮ 1834
- 12 ਫਰਵਰੀ ਜੀਵ ਵਿਕਾਸ ਸਿਧਾਂਤ ਪ੍ਰਤੀਪਾਦਤ ਕਰਨ ਵਾਲੇ ਵਿਗਿਆਨੀ ਚਾਰਲਸ ਡਾਰਵਿਨ ਦਾ ਜਨਮ 1889
- 15 ਫਰਵਰੀ ਖਗੋਲ ਵਿਗਿਆਨੀ ਗਲੈਲੀਓ ਗੈਲੀਲੀ ਦਾ ਜਨਮ 1564
- 17 ਫਰਵਰੀ ਵਿਗਿਆਨੀ ਬਰੂਨੋ ਦੀ ਇਸਾਈ ਧਾਰਮਿਕ ਆਗੂਆਂ ਵਲੋਂ ਜਿਉਂਦਾ ਸਾੜਕੇ ਸ਼ਹਾਦਤ 1600
- 18 ਫਰਵਰੀ : ਸੂਰਜ ਮੰਡਲ ਦੇ ਨੌਵੇਂ ਗ੍ਰਹਿ ਪਲੂਟੋ ਦੀ ਖੋਜ 1930
- 19 ਫਰਵਰੀ : ਤਾਰਾ ਵਿਗਿਆਨੀ ਨਿਕੋਲਾਈ ਕੋਪਰਨੀਕਸ ਦਾ ਜਨਮ 1473
- 26 ਫਰਵਰੀ : ਰਾਡਾਰ ਦੀ ਖੋਜ ਦਾ ਪ੍ਰਦਰਸ਼ਨ 1935
- 28 ਫਰਵਰੀ : ਵਿਗਿਆਨ ਦਿਵਸ (ਵਿਗਿਆਨੀ ਸੀਵੀ ਰਮਨ ਨੂੰ 'ਰਮਨ ਪ੍ਰਭਾਵ' ਦੀ ਖੋਜ ਤੇ ਨੋਬਲ ਪ੍ਰਾਈਜ਼)
- 2 ਮਾਰਚ : ਰੇਡੀਓ ਐਕਟੀਵਿਟੀ ਦੀ ਖੋਜ 1896
- 3 ਮਾਰਚ : ਟੈਲੀਫੋਨ ਦੇ ਖੋਜੀ ਗਰਾਹਮ ਬੈੱਲ ਦਾ ਜਨਮ 1847
- 14 ਮਾਰਚ : ਮਹਾਨ ਵਿਗਿਆਨੀ ਅਲਬਰਟ ਆਈਨ ਸਟਾਈਨ ਦਾ ਜਨਮ 1879
- 20 ਮਾਰਚ : ਆਈਨ ਸਟਾਈਨ ਨੇ 'ਸਾਪੇਖਤਾਵਾਦ' ਦਾ ਸਿਧਾਂਤ ਪੇਸ਼ ਕੀਤਾ 1916
- 25 ਮਾਰਚ : ਸੂਰਜ ਗ੍ਰਹਿਣ ਦੀ ਪਹਿਲੀ ਫੋਟੋ ਖਿਚੀ ਗਈ 1857
- 26 ਮਾਰਚ : ਡਾ. ਜੋਨਜ਼ਸਾਕ ਨੇ ਪੋਲੀਓ ਬੂੰਦਾਂ ਦੀ ਖੋਜ ਕੀਤੀ 1953

**ਕਾਰਪਰਨੀਕਸ**

19 ਫਰਵਰੀ 1473 ਨੂੰ ਕਾਪਰਨੀਕਸ ਦਾ ਜਨਮ ਹੋਇਆ। ਇਸ ਵਿਗਿਆਨੀ ਨੇ ਇਹ ਸਾਬਤ ਕੀਤਾ ਕਿ ਸਾਰੇ ਸੌਰ ਮੰਡਲ ਦਾ ਕੇਂਦਰ ਧਰਤੀ ਨਹੀਂ, ਸੂਰਜ ਹੈ। ਸਥਿਰ ਸੂਰਜ ਹੈ ਅਤੇ ਧਰਤੀ ਗਤੀਸ਼ੀਲ ਹੈ ਜੋ ਬਾਕੀ ਗ੍ਰਹਿਆਂ ਵਾਂਗ ਹੀ ਇਕ ਗ੍ਰਹਿ ਹੈ ਅਤੇ ਸ਼ੁਕਰ ਅਤੇ ਮੰਗਲ ਦੇ ਵਿਚਾਲੇ ਇਕ ਨਿਸਚਿਤ ਮਾਰਗ ਉਤੇ ਸੂਰਜ ਦੀ ਪ੍ਰਕਰਮਾ ਕਰਦੀ ਹੈ। ਕਾਪਰਨੀਕਸ ਦੀ ਪੁਸਤਕ ਨੂੰ ਧਰਮ ਅਤੇ ਸਮਾਜ ਵਿਰੋਧੀ ਕਹਿ ਕੇ, ਇਸ ਉਤੇ ਪਾਬੰਦੀ ਲਗਾ ਦਿੱਤੀ ਗਈ ਜਿਸ ਕਿਸੇ ਕੋਲ ਵੀ ਇਹ ਕਿਤਾਬ ਹੁੰਦੀ, ਉਸ ਨੂੰ ਸਜ਼ਾ ਭੁਗਤਣੀ ਪੈਂਦੀ। ਇਸ ਲਈ ਕਾਪਰਨੀਕਸ ਨੂੰ ਸਖ਼ਤ ਸਜ਼ਾ ਭੁਗਤਣੀ ਪਈ। 24 ਮਈ 1543 ਨੂੰ ਇਸ ਮਹਾਨ ਵਿਗਿਆਨੀ ਦੀ ਮੌਤ ਹੋ ਗਈ।

**ਜਿਉਦਾਰਨੋ ਬਰੂਨੋ** : ਇਸ ਨੌਜਵਾਨ ਖਗੋਲ ਵਿਗਿਆਨੀ (1548-1600) ਦਾ ਵਿਚਾਰ ਸੀ ਕਿ ਧਰਤੀ ਹੀ ਨਹੀਂ ਸਗੋਂ ਸੂਰਜ ਵੀ ਆਪਣੇ ਧੁਰੇ ਦੁਆਲੇ ਘੁੰਮਦਾ ਹੈ। ਬਰੂਨੋ ਦੀ ਇਹ ਵੀ ਧਾਰਨਾ ਸੀ ਕਿ ਅਣਗਿਣਤ ਬ੍ਰਹਿਮੰਡ ਹਨ। ਬ੍ਰਹਿਮੰਡ ਅਥਾਹ ਹਨ। ਧਾਰਮਿਕ ਲੋਕਾਂ ਨੇ ਬਰੂਨੋ ਦੇ ਇਨ੍ਹਾਂ ਵਿਚਾਰਾਂ ਦਾ ਵਿਰੋਧ ਕੀਤਾ। ਕਿਉਂਕਿ ਇਹ ਬਾਈਬਲ ਦੇ, ਸ੍ਰਿਸ਼ਟੀ ਦੇ ਹੋਂਦ ਵਿਚ ਆਉਣ ਦੇ ਸਿਧਾਂਤ ਦੇ ਬਿਲਕੁਲ ਉਲਟ ਸੀ। ਬਰੂਨੋ ਦੇ ਮੁਆਫ਼ੀ ਨਾ ਮੰਗਣ 'ਤੇ, ਕੱਟੜਪੰਥੀਆਂ ਨੇ, 17 ਫਰਵਰੀ 1600 ਨੂੰ, ਉਸ ਤੇ ਅਣਮਨੁੱਖੀ ਅਤੇ ਰੌਂਗਟੇ ਖੜ੍ਹੇ ਕਰਨ ਵਾਲਾ ਜਬਰ ਜ਼ੁਲਮ ਕੀਤਾ। ਰੋਮ ਦੇ ਇਕ ਸ਼ਹਿਰ ਵਿਚ, ਬਰੂਨੋ ਨੂੰ ਖੰਭੇ ਨਾਲ ਬੰਨ੍ਹ ਕੇ ਉਸ ਉਪਰ ਮਿੱਟੀ ਦੇ ਤੇਲ ਪਾ ਕੇ ਉਸ ਨੂੰ ਜਿੰਦਾ ਸਾੜ ਦਿੱਤਾ ਗਿਆ।

**ਗਲੈਲੀਓ** : ਇਹ ਮਹਾਨ ਵਿਗਿਆਨੀ (1564-1642) ਨੇ ਵੀ ਸਾਬਤ ਕੀਤਾ ਕਿ ਧਰਤੀ ਨਹੀਂ, ਸੂਰਜ ਇਸ ਸਾਰੇ ਬ੍ਰਹਿਮੰਡ ਦਾ ਕੇਂਦਰ ਹੈ। ਧਰਤੀ 'ਤੇ ਹੋਰ ਗ੍ਰਹਿ ਉਸ ਦੇ ਚਾਰੇ ਪਾਸੇ ਚੱਕਰ ਲਾਉਂਦੇ ਹਨ। ਇਸ ਖੋਜ




ਨੇ ਸਮਾਜ 'ਚ ਹਲਚਲ ਪੈਦਾ ਕਰ ਦਿੱਤੀ। ਪਾਦਰੀ ਬਹੁਤ ਗੁੱਸੇ ਵਿਚ ਆ ਗਏ ਅਤੇ ਗਲੈਲੀਓ ਦੇ ਪਿਛੇ ਪੈ ਗਏ। ਕਿਉਂਕਿ ਬਾਈਬਲ ਅਤੇ ਲੋਕਾਂ 'ਚ ਪ੍ਰਚਲਤ ਮਨੌਤਾਂ ਨੂੰ, ਗਲੈਲੀਓ ਦੀ ਇਸ ਖੋਜ ਨਾਲ ਸੱਟ ਪਹੁੰਚ ਰਹੀ ਸੀ। ਇਸ ਨਾਲ ਬਾਈਬਲ ਝੂਠੀ ਪੈ ਰਹੀ ਸੀ। ਧਰਮ ਅਨੁਸਾਰ, ਧਰਤੀ ਦੁਆਲੇ ਵੱਖ-ਵੱਖ ਗ੍ਰਹਿਆਂ ਨੂੰ ਹੀ, ਵੱਖ-ਵੱਖ ਸਵਰਗ ਮੰਨਿਆ ਜਾਂਦਾ ਸੀ। ਇਨ੍ਹਾਂ ਦਾ ਕੇਂਦਰ ਧਰਤੀ ਨੂੰ ਮੰਨਿਆ ਜਾਂਦਾ ਸੀ। ਇਕ ਧਾਰਨਾ ਇਹ ਵੀ ਸੀ ਕਿ ਸਾਰੇ ਗੋਲ ਅਕਾਰ ਪੱਥਰ, ਪਿਆਜ ਦੇ ਛਿਲਕਿਆਂ ਵਾਂਗ, ਇਕ ਦੂਜੇ ਨਾਲ ਜੁੜੇ ਰਹਿੰਦੇ ਹਨ। ਤਾਰਿਆਂ ਦੇ ਇਸ ਸਮੂਹ ਨੂੰ ਹੀ ਨੌਵਾਂ ਸਵਰਗ ਕਿਹਾ ਜਾਂਦਾ ਸੀ। ਉਸ ਤੋਂ ਉਤੇ ਦਸਵਾਂ ਪ੍ਰਮਾਤਮਾ ਦਾ ਨਿਵਾਸ ਸਥਾਨ ਮੰਨਿਆ ਜਾਂਦਾ ਸੀ। ਇਸ ਖੋਜ ਨੂੰ ਬਾਈਬਲ ਦਾ ਖੁੱਲ੍ਹਾ ਵਿਰੋਧ ਮੰਨਿਆ ਗਿਆ। ਪੋਪ ਅਤੇ ਪਾਦਰੀਆਂ ਨੇ, ਗਲੈਲੀਓ ਤੇ ਮੁਕੱਦਮਾ ਚਲਾ ਕੇ ਉਸ ਨੂੰ ਜੇਲ੍ਹ 'ਚ ਸੁੱਟ ਦਿੱਤਾ। ਅਨੇਕਾਂ ਤਸੀਹੇ ਦਿੱਤੇ ਜਿਸ ਕਾਰਨ ਅਖੀਰ 8 ਜਨਵਰੀ 1642 ਨੂੰ ਉਨ੍ਹਾਂ ਦੀ ਮੌਤ ਹੋ ਗਈ।

ਧਰਮ ਨੇ ਇਨ੍ਹਾਂ ਵਿਗਿਆਨੀਆਂ ਦੇ ਸਚ ਉਤੇ ਰੋਕ ਤਾਂ ਲਗਾਈ ਹੀਸੀ, ਕੈਥੋਲਿਕ ਚਰਚ ਤੇ ਰੋਮ ਦੇ ਪੋਪ ਨੇ ਇਕ ਫਤਵਾ ਵੀ ਜਾਰੀ ਕਰ ਦਿੱਤਾ। ਇਸ ਫਤਵੇ ਵਿਚ ਕਾਪਰਨੀਕਸ ਦੇ ਸਮਰਥਨ ਵਾਲੇ ਵਿਚਾਰਾਂ ਦੀਆਂ ਪੁਸਤਕਾਂ ਛਾਪਣ ਅਤੇ ਪੜ੍ਹਨ ਵਾਲਿਆਂ ਨੂੰ ਵੀ ਸਖਤ ਤੋਂ ਸਖਤ ਸਜ਼ਾ ਦੇਣ ਦੀ ਵਿਵਸਥਾ ਕੀਤੀ ਗਈ। ਅੰਤ ਨੂੰ ਇਸ ਗਲਤੀ ਕਾਰਨ ਕਾਫ਼ੀ ਦੇਰ ਬਾਅਦ ਪੋਪ ਨੇ ਚਰਚ ਵਲੋਂ ਮੁਆਫ਼ੀ ਮੰਗੀ। ਸੱਚ ਸੰਸਾਰ ਸਾਹਮਣੇ ਆ ਗਿਆ। ਧਾਰਮਿਕ ਕੱਟੜਪੰਥੀਆਂ ਦਾ ਜ਼ੁਲਮ, ਜਿਨ੍ਹਾਂ ਨੇ ਸੱਚ ਨੂੰ ਦਬਾਉਣ ਲਈ ਕਤਲੇਆਮ ਕੀਤਾ। ਭਾਵੇਂ ਹਾਰ ਚੁੱਕੇ ਹਨ ਪ੍ਰੰਤੂ ਅੱਜ ਵੀ ਭਾਰਤ ਅਤੇ ਸੰਸਾਰ ਦੇ ਹੋਰਨਾਂ ਦੇਸ਼ਾਂ 'ਚ ਫਿਰਕਾਪ੍ਰਸਤ ਅਤੇ ਕੱਟੜਪੰਥੀ ਸ਼ਕਤੀਆਂ ਮਨੁੱਖਤਾ ਵਿਰੋਧੀ ਕਾਰਨਾਮੇ ਕਰ ਰਹੀਆਂ ਅਤੇ ਮਨੁੱਖਤਾ ਦਾ ਕਤਲੇਆਮ ਕਰ ਰਹੀਆਂ ਹਨ। ਵਿਗਿਆਨ ਦਾ ਸਦਾ ਹੀ ਮਨੁੱਖਤਾਵਾਦੀ ਯੋਗਦਾਨ ਰਿਹਾ ਹੈ ਤੇ ਰਹੇਗਾ। ਵਿਗਿਆਨ ਦੀ ਹਮੇਸ਼ਾ ਜਿੱਤ ਹੋਵੇਗੀ। ਸੰਸਾਰ ਭਰ ਦੇ ਲੋਕ ਉਨ੍ਹਾਂ ਮਹਾਨ ਵਿਗਿਆਨੀਆਂ 'ਤੇ ਮਾਣ ਮਹਿਸੂਸ ਕਰਕੇ ਹਨ ਜਿਨ੍ਹਾਂ ਨੇ ਆਪਣੀਆਂ ਜਾਨਾਂ ਵਾਰ ਕੇ ਸੱਚ ਨੂੰ ਆਂਚ ਨੀ ਆਉਣ ਦਿੱਤੀ।

403-455-4220

# 350 ਪਿੰਡਾਂ ਤੱਕ ਲੋਕ-ਕਲਾ ਦਾ ਸੁਨੇਹੇ ਲੈ ਕੇ ਪੁੱਜੀ

**ਪ੍ਰੋ. ਅਜਮੇਰ ਸਿੰਘ ਔਲਖ ਸਨਮਾਨ ਸਬੰਧੀ ਮੁਹਿੰਮ**

ਜਲੰਧਰ : ਪੰਜਾਬ ਅੰਦਰ ਨਗਰ ਪਾਲਿਕਾਵਾਂ ਦੀਆਂ ਚੋਣਾਂ ਦੇ ਰੌਲੇ ਰੱਪੇ ਤੋਂ ਇਲਾਵਾ ਸ਼ਹਿਰਾਂ, ਕਸਬਿਆਂ, ਵਿਦਿਅਕ ਸੰਸਥਾਵਾਂ, ਪਿੰਡਾਂ ਖਾਸ ਕਰਕੇ ਕਿਸਾਨਾਂ, ਕੰਮੀਆਂ ਦੇ ਵਿਹੜਿਆਂ ਅਤੇ ਗਰੀਬ ਬਸਤੀਆਂ ਅੰਦਰ ਪ੍ਰੋ. ਅਜਮੇਰ ਸਿੰਘ ਔਲਖ ਦੇ ਇਨਕਲਾਬੀ ਜਨਤਕ ਸਨਮਾਨ ਅਤੇ ਸਲਾਮ ਸਮਾਰੋਹ ਦੀ ਤਿਆਰੀ ਮੁਹਿੰਮ ਨੇ ਨਿਵੇਕਲਾ ਪ੍ਰਭਾਵ ਸਿਰਜਿਆ ਹੋਇਆ ਹੈ। ਇਸ ਮੁਹਿੰਮ ਦਾ ਨਾ ਕੋਈ ਚੋਣ ਨਿਸ਼ਾਨ ਹੈ ਅਤੇ ਨਾ ਹੀ ਕੋਈ ਉਮੀਦਵਾਰ ਖੜ੍ਹਾ ਹੈ। ਇਹ ਮੁਹਿੰਮ ਦਸਾਂ ਨਹੁੰਆਂ ਦੀ ਕਿਰਤ ਕਰਦੇ ਭਾਈ ਲਾਲੋਆਂ ਨੂੰ ਪ੍ਰੋ. ਅਜਮੇਰ ਸਿੰਘ ਔਲਖ, ਗੁਰਸ਼ਰਨ ਸਿੰਘ ਅਤੇ ਹੋਰ ਲੋਕ-ਪੱਖੀ ਨਾਟਕਕਾਰਾਂ ਦੇ ਨਾਟਕਾਂ ਰਾਹੀਂ ਜਾਗਰੂਕ ਕਰ ਰਹੀ ਹੈ।

ਜਲੰਧਰ, ਨਵਾਂ ਸ਼ਹਿਰ, ਨਕੋਦਰ, ਲੋਹੀਆਂ, ਸ਼ਾਹਕੋਟ, ਬਿਲਗਾ, ਬੰਗਾ ਆਦਿ ਤੋਂ ਲੈ ਕੇ ਦੁਆਬਾ, ਮਾਝਾ ਅਤੇ ਮਾਲਵਾ ਖੇਤਰ ਦੇ 350 ਤੋਂ ਵੀ ਵੱਧ ਪਿੰਡਾਂ 'ਚ ਦਰਜਣਾਂ ਨਾਟਕ, ਗੀਤ-ਸੰਗੀਤ ਮੰਡਲੀਆਂ ਅਤੇ ਜਨਤਕ ਬੁਲਾਰੇ ਲੋਕਾਂ ਨੂੰ 8 ਮਾਰਚ ਨੂੰ ਰੱਲਾ ਵਿਖੇ ਪ੍ਰੋ. ਅਜਮੇਰ ਸਿੰਘ ਔਲਖ ਦੇ ਹੋ ਰਹੇ ਇਤਿਹਾਸਕ ਸਨਮਾਨ 'ਚ ਸ਼ਾਮਲ ਹੋਣ ਦਾ ਸੱਦਾ ਦੇ ਰਹੇ ਹਨ।

'ਗੁਰਸ਼ਰਨ ਸਿੰਘ ਲੋਕ ਕਲਾ ਸਲਾਮ ਕਾਫ਼ਲਾ' ਨਾਂਅ ਦੀ ਸੰਸਥਾ ਵਿਚ ਜੁੜੇ ਨਾਮਵਰ ਵਿਦਵਾਨ, ਲੇਖਕ, ਸਾਹਿਤਕਾਰ, ਕਵੀ, ਗੀਤਕਾਰ, ਨਾਟਕਕਾਰ, ਨਿਰਦੇਸ਼ਕ, ਗੀਤਕਾਰ, ਗਾਇਕ, ਸੰਗੀਤਕਾਰ, ਤਰਕਸ਼ੀਲ-ਜਮਹੂਰੀ ਕਾਮੇ ਅਤੇ ਮਿਹਨਤਕਸ਼ ਲੋਕਾਂ ਦੇ ਸੰਘਰਸ਼ਾਂ ਵਿੱਚ ਅਗਵਾਈ ਕਰਨ ਵਾਲੇ ਨਿਧੜਕ ਲੋਕ-ਜਰਨੈਲ ਜੋਟੀ ਪਾ ਕੇ ਇਸ ਮੁਹਿੰਮ ਵਿੱਚ ਜੁਟੇ ਹੋਏ ਹਨ।

ਪ੍ਰੋ. ਅਜਮੇਰ ਸਿੰਘ ਔਲਖ ਨੂੰ ਸਮਰਪਤ 'ਸਲਾਮ' ਪੱਤ੍ਰਿਕਾ ਦਾ ਵਿਸ਼ੇਸ਼ ਅੰਕ ਹੱਥੋਂ ਹੱਥੀ ਜਾ ਰਿਹਾ ਹੈ ਅਤੇ ਹੋਰ ਪ੍ਰਕਾਸ਼ਿਤ ਸਮੱਗਰੀ 'ਕਲਾ ਲੋਕਾਂ ਲਈ', 'ਕਲਮ ਕਲਾ ਅਤੇ ਸੰਗਰਾਮ ਦੀ ਨਿੱਘੀ ਬੁੱਕਲ ਦੀ ਮਜ਼ਬੂਤੀ ਲਈ' ਘਰ ਘਰ ਸੁਨੇਹਾ ਵੰਡ ਰਹੀ ਹੈ।

ਇਸ ਮੁਹਿੰਮ 'ਚ ਵਿਸ਼ੇਸ਼ ਕਰਕੇ ਨੌਜਵਾਨ ਲੜਕੇ ਲੜਕੀਆਂ ਵਿਸ਼ੇਸ਼ ਉਤਸ਼ਾਹ ਨਾਲ ਕੁੱਦੇ ਹੋਏ ਹਨ। ਪੰਜਾਬ ਦੀਆਂ ਜਾਣੀਆਂ-ਪਹਿਚਾਣੀਆਂ ਸੰਸਥਾਵਾਂ ਇੱਕ ਜੁੱਟ ਹੋਕੇ ਪ੍ਰੋ. ਅਜਮੇਰ ਸਿੰਘ ਔਲਖ ਨੂੰ ਮਾਈ ਭਾਗੋ ਗਰਲਜ਼ ਕਾਲਜ ਰੱਲਾ ਵਿਖੇ 8 ਮਾਰਚ ਦਿਨੇ 'ਭਾਈ ਲਾਲੋ ਕਲਾ' ਸਨਮਾਨ ਨਾਲ ਸਨਮਾਨਤ ਕਰਨ ਲਈ ਵੱਡੀ ਗਿਣਤੀ 'ਚ ਕਾਫ਼ਲੇ ਬੰਨ੍ਹਕੇ ਜਾਣ ਲਈ ਲੱਕ-ਬੰਨ੍ਹਵੀਂ ਤਿਆਰੀਆਂ 'ਚ ਜੁਟੀਆਂ ਹੋਈਆਂ ਹਨ।

ਉੱਘੇ ਨਾਟਕਕਾਰ ਕੇਵਲ ਧਾਲੀਵਾਲ ਦੀ ਨਿਰਦੇਸ਼ਨਾ 'ਚ ਮੰਚ ਰੰਗ ਮੰਚ ਅੰਮ੍ਰਿਤਸਰ ਅਤੇ ਹਰਵਿੰਦਰ ਦੀਵਾਨਾ ਦੀ ਨਿਰਦੇਸ਼ਨਾ 'ਚ ਚੇਤਨਾ ਕਲਾ ਕੇਂਦਰ ਬਰਨਾਲਾ ਵੱਲੋਂ ਕਰਮਵਾਰ ਅੰਮ੍ਰਿਤਸਰ ਅਤੇ ਬਰਨਾਲਾ ਵਿਖੇ ਵਰਕਸ਼ਾਪਾਂ ਲੱਗ ਰਹੀਆਂ ਹਨ ਤਾਂ ਜੋ ਰੱਲਾ ਸਮਾਗਮ 'ਚ ਮਿਆਰੀ ਕਲਾ ਕਿਰਤਾਂ ਦੀ ਪੇਸ਼ਕਾਰੀ ਹੋ ਸਕੇ।

# Bramptonians reject Austirity in Health secotor : People's Voice Forum hold seminar "Health Under Attack"







Researcher and board member of Ontario Health Coalition Dough Allan said that globalization of finance capital since late eighties and early nineties has created havoc worldwide which accelerated privatization of public sector. Private Capital has targeted Health sector in a very systematic way and created a deliberated crisis so that hospitals and all related health facilities could be handed over to corporate. Liberals and Tories both have collaborated to create a mess in health sector, precisely in Ontario province of Canada.

He said that these changes started under social democrat's regime. Provincial and Federal governments are consistently working to withdraw various medical facilities from public hospitals and shifting them to Private For Profit Hospitals where users has to pay hefty fees to obtain these medical facilities. The ruling class created a conscious atmosphere to defame workers unions so that they could implement all those anti people policies to benefit big corporates. He said, they tried to cut MRI and CT scan facilities from Public hospitals but they had to restore same services when Ontario Health Coalition and related unions resisted furiously against this move.

Dough Allan said, unfortunately Trade Union movement is not as strong as it used to be in 60s, 70s, and 80s, the offence of the Capital has to be confronted with strong Unions and Unions have to devise new strategies by combining their efforts with community. Trade Union has to find ways to relate its activities with the communities and create a broad mass support so that general masses and working people could be educated about the danger of massive privatization plan of the ruling elite.

Addressing the seminar, conducted under People's Voice forum in Brampton on February 15 Shamshad Elahee Shams explained the economic scenario of Ontario which plays a vital role in Canadian economy. 38% population of Canada (33.48 million) resides in Ontario. 6.55 million people out of 12.55 million Ontario's population reside in GTA area only . Ontario produces 37% ($695 billion) of the total Canadian GDP of $1.893 trillion. GTA is witnessing rapid growth of population which is over 9%, above from national population growth of 5.7%, overall growth of Ontario is expanding at the rate of 5.9% every year but Ontario is on the lowest in terms of what it gets in the name of services. 0% rise in Health Budget in last three years is a testimonial of the Government that they don't want to carry social responsibility by the state. Over 18500 bed were cut from its public hospitals since 1990s. Public Hospital spending in Ontario is only $1372 in 2012 which is way less in comparison with New Foundlander $2519. Overall Public Health care in Ontario has reached to its dismal level, Ontario stand at eighth position in the list of Canadian list of ten province, an average Ontarian gets $ 3963 whereas New Foudlander gets $5399. Ontario is not getting what it deserves. He called upon people of Ontario to fight for their basic human right since health is state subject. No mature civil society can tolerate this passive attitude of government.

Community and communist leader Harinder Hundal explained in details by giving example of recently built hospital in Brampton when Govt. promised to give 600 bed hospital but ended up in 300+ beds only, cost of hospital was way exceeded from its budget projection but the result was disappointing. He announced that workers of Communist Party of Canada and other like minded organizations, Indo Canadian Workers Association, Rationalist Society of Ontario in particular will hold a demonstration on April 12 in Brampton to draw people's and Government attention that people of Brampton will no longer tolerate austerity measures of ruling elite. We will teach them a lesson as the Greek did in recent elections.

Human right activist from Nepal, Govinda Shivakoti said there will be no difference between a third world country and Canada if the education, health and social welfare facilities are withdrawn. Canada became welfare state by the hard work and sacrifices made by working class, this hard earn achievement can not be compromised and accepted.




Political activist Harparminder Gadri gave his personal accounts and experiences how he is billed for some blood tests which were earlier covered with OHIP. Now people are made to pay for those facilities which were available to them for free. He said, even the sun glasses were covered in 1960s by OHIP but now vision care is left at the mercy of private clinics where people are forced to pay over $200 for their reading glasses. He said, Finance capital is on high horses since the demise of USSR, they have created havoc in every third world country. He cited examples from India where new economic policies of various governments at the center systematically destroyed government school sysyem in order to pursue the interest of private school system. They have almost dismantled government hospitals which were very reputed in 1970s, 80s but health sector is left for private hospitals who are making money by mindless killing of the masses.

Shamshad Elahee Shams read out a memorandum also to be sent to Health Minister of Canada Dr Eric Hoskins and Health Minister of Ontario; Rona Ambrose, approved by attendees of the seminar. More than 37 people came to the venue, Brampton Soccer Center Room No 2 when temperature was – 40, lowest in the month of February.

**Shamshad Elahee Sham**

# ਅਮਰੀਕਾ-ਕਿਊਬਾ ਦਰਮਿਆਨ ਸੁਖਾਵੇਂ ਸਬੰਧਾਂ ਦੀ ਬਹਾਲੀ



ਦਰਬਾਰਾ ਸਿੰਘ ਕਾਹਲੋਂ

ਵਿਸ਼ਵ ਮਹਾਂਸ਼ਕਤੀ ਅਮਰੀਕਾ ਅਤੇ ਗੁਆਂਢੀ ਕੈਰੇਬੀਅਨ ਕਮਿਊਨਿਸਟ ਛੋਟੇ ਜਿਹੇ ਦੇਸ਼ ਕਿਊਬਾ ਦਰਮਿਆਨ ਕਰੀਬ 54 ਸਾਲ ਚਲ ਰਹੇ ਠੰਡੀ ਜੰਗ ਵਰਗੇ ਕੜਵਾਹਟ ਭਰੇ ਸਬੰਧਾਂ ਵਿਚ 17 ਦਸੰਬਰ 2014 ਨੂੰ ਆਈ ਅਚਾਨਕ ਸੁਖਾਵੀਂ ਤਬਦੀਲੀ ਨੇ ਪੂਰੇ ਵਿਸ਼ਵ ਭਾਈਚਾਰੇ ਨੂੰ ਹੈਰਾਨ ਕਰਕੇ ਰੱਖ ਦਿੱਤਾ। ਇਕ ਦਿਨ ਪਹਿਲਾਂ ਅਮਰੀਕੀ ਪ੍ਰਧਾਨ ਬਰਾਕ ਓਬਾਮਾ ਅਤੇ ਕਿਊਬਾਈ ਪ੍ਰਧਾਨ ਰਾਊਲ ਕਾਸਤਰੋ ਦਰਮਿਆਨ ਹਾਟ ਲਾਈਨ ਅਤੇ ਵਾਰਤਾਲਾਪ ਬਾਅਦ ਸ੍ਰੀ ਓਬਾਮਾ ਨੇ ਕਿਊਬਾ ਨਾਲ ਸੰਨ 1960 ਦੇ ਜਨਵਰੀ ਮਹੀਨੇ ਤੋਂ ਤੋੜੇ ਡਿਪਲੋਮੈਟਿਕ ਸਬੰਧ ਮੁੜ ਤੋਂ ਚਾਲੂ ਕਰਨ, ਕਿਊਬਾ ਦੀ ਰਾਜਧਾਨੀ ਹਵਾਨਾ ਵਿਚ ਅਮਰੀਕੀ ਅੰਬੈਂਸੀ ਖੋਲ੍ਹਣ, ਵਪਾਰਕ ਸਬੰਧਾਂ ਤੋਂ ਇਲਾਵਾ ਰਾਜਨੀਤਕ, ਸਮਾਜਿਕ ਅਤੇ ਸਭਿਆਚਾਰਕ ਸਬੰਧ ਬਹਾਲ ਕਰਨ ਦਾ ਐਲਾਨ ਕੀਤਾ।

ਦੋ ਤਿੱਖੇ ਵਿਚਾਰਧਾਰਕ, ਆਰਥਿਕ, ਡਿਪਲੋਮੈਟਿਕ, ਫੌਜੀ, ਸਭਿਆਚਾਰਕ ਪੱਖੋਂ ਵਿਰੋਧੀ ਦੇਸ਼ਾਂ ਵਿਚ ਸੁਖਾਵੇਂ ਸਬੰਧਾਂ ਦੀ ਬਹਾਲੀ ਹਕੀਕਤ ਵਿਚ ਅਚਾਨਕ ਨਹੀਂ ਹੈ। ਇਸ ਲਈ ਪੋਪ ਫਰਾਂਸਿਸ ਦੇ ਮਾਧਿਅਮ ਨਾਲ ਪਿਛਲੇ 2 ਸਾਲਾਂ ਤੋਂ ਕੈਨੇਡਾ ਅੰਦਰ ਅਮਰੀਕੀ ਕਿਊਬਾਈ ਉਚ ਅਧਿਕਾਰੀਆਂ ਦਰਮਿਆਨ ਵਾਰਤਾਲਾਪ ਗੁਪਤ ਤੌਰ 'ਤੇ ਕੈਨੇਡਾ ਅੰਦਰ ਅਮਰੀਕੀ ਕਿਊਬਾਈ ਉਚ ਅਧਿਕਾਰੀਆਂ ਦਰਮਿਆਨ ਵਾਰਤਾਲਾਪ ਗੁਪਤ ਤੌਰ 'ਤੇ ਜਾਰੀ ਸਨ। ਇਸ ਦੌਰਾਨ 7 ਦੌਰਾਂ ਵਿਚ ਗੁਪਤ ਗੱਲਬਾਤ ਉਪਰੰਤ ਦੋਵੇਂ ਦੇਸ਼ਾਂ ਨੇ ਆਖ਼ਰ ਵੱਡੇ ਅੜਿਕਿਆਂ ਨੂੰ ਦੂਰ ਕਰਦੇ ਆਪਸੀ ਮਿਲਵਰਤਨ ਭਰੇ ਸੁਖਾਵੇਂ ਸਬੰਧ ਜੋੜਨ ਦਾ ਨਿਰਣਾ ਲਿਆ।

ਪ੍ਰਧਾਨ ਓਬਾਮਾ ਨੇ ਇਸ ਗੁਪਤ ਡਿਪਲੋਮੇਸੀ ਨਾਲ ਉਹੀ ਕੁਝ ਕਰ ਵਿਖਾਇਆ ਜੋ ਪਿਛਲੀ ਸਦੀ ਦੇ 70ਵੇਂ ਦਹਾਕੇ ਵਿਚ ਪ੍ਰਧਾਨ ਰਿਚਰਡ ਨਿਕਸਨ ਨੇ ਆਪਣੇ ਵਿਸ਼ੇਸ਼ ਸਫ਼ੀਰ ਹੈਨਰੀ ਕਿਸਿੰਜਰ ਦੇ ਮਾਧਿਅਮ ਨਾਲ ਚੀਨੀ ਪ੍ਰਧਾਨ ਅਤੇ ਇਨਕਲਾਬੀ ਮਾਓ ਜ਼ੇ ਤੁੰਗ ਨਾਲ ਅਮਰੀਕੀ-ਚੀਨੀ ਸੁਖਾਵੇਂ ਡਿਪਲੋਮੈਟਿਕ ਸਬੰਧ ਬਹਾਲ ਕਰਕੇ ਕਰ ਵਿਖਾਇਆ ਸੀ। ਇਸੇ ਤਰ੍ਹਾਂ ਦੇ ਯਤਨ ਪ੍ਰਧਾਨ ਬਿਲ ਕਲਿੰਟਨ ਨੇ ਕੈਂਪ ਡੇਵਿਡ ਵਾਰਤਾਲਾਪਾਂ ਰਾਹੀਂ ਇਸਰਾਈਲੀ ਫਲਸਤੀਨੀ ਮਸਲੇ, ਜਾਰਜ ਬੁਸ਼ ਨੇ ਯੂਰਪੀਨ ਇਕਜੁਟਤਾ ਸਬੰਧੀ ਕੀਤੇ ਸਨ, ਇਹ ਵੱਖਰੀ ਗੱਲ ਹੈ ਕਿ ਇਨ੍ਹਾਂ ਉਪਰਾਲਿਆਂ ਨੂੰ ਪ੍ਰਧਾਨ ਨਿਕਸਨ ਅਤੇ ਓਬਾਮਾ ਵਰਗੀਆਂ ਕਾਮ ਯਾਬੀਆਂ ਪ੍ਰਾਪਤ ਨਹੀਂ ਹੋਈਆਂ।

ਵਿਸ਼ਵ ਦੇ ਬਹੁਤ ਸਾਰੇ ਰਾਜਸੀ ਪੰਡਤ ਅਤੇ ਡਿਪਲੋਮੈਟਿਕ ਮਾਮਲਿਆਂ ਦੇ ਘਾਗ ਵਿਸ਼ਲੇਸ਼ਣਕਾਰ ਹੈਰਾਨ ਹਨ ਕਿ ਅਮਰੀਕਾ ਅਤੇ ਕਿਊਬਾ ਸੁਖਾਵੇਂ ਸਬੰਧਾਂ ਲਈ ਰਾਜ਼ੀ ਕਿਵੇਂ ਹੋਏ?

ਅਮਰੀਕਾ ਆਪਣੀ ਕਰਨੀਆਂ ਅਤੇ ਕਥਨੀਆਂ ਵਿਚ ਵੱਡਾ ਫਰਕ ਹੋਣ ਕਰਕੇ ਪੂਰੇ ਵਿਸ਼ਵ ਅੰਦਰ ਬਦਨਾਮ ਹੈ ਪਰ ਮਹਾਂ ਆਰਥਿਕ ਅਤੇ ਫੌਜੀ ਸ਼ਕਤੀ ਹੋਣ ਕਰਕੇ ਵੱਖ-ਵੱਖ ਦੇਸ਼ਾਂ ਕੋਲ ਇਸ ਨੂੰ ਸਹਿਣ ਕਰਨ ਬਗੈਰ ਕੋਈ ਚਾਰਾ ਨਹੀਂ ਹੁੰਦਾ।

ਅਮਰੀਕਾ ਦੇ ਪੂਰੇ ਵਿਸ਼ਵ ਅੰਦਰ ਯੁੱਧਨੀਤਕ ਥਾਵਾਂ ਤੇ ਕਰੀਬ 150 ਫੌਜੀ ਅੱਡੇ ਕਾਇਮ ਹਨ। ਨਾਟੋ ਬਦਨਾਮ ਫੌਜੀ ਸੰਗਠਨ ਦਾ ਇਹ ਸਰਦਾਰ ਹੈ। ਯੂ. ਐਨ. ਸੰਸਥਾ ਇਲਾਵਾ, ਵਿਸ਼ਵ ਬੈਂਕ ਅਤੇ ਕੌਮਾਂਤਰੀ ਮੁਦਰਾ ਕੋਸ਼ ਤੇ ਇਸ ਦਾ ਗਲਬਾ ਕਾਇਮ ਹੈ। ਫਿਰ ਇਕ ਕਰੋੜ, 10 ਲੱਖ ਦੀ ਅਬਾਦੀ ਵਾਲੇ ਛੋਟੇ ਜਿਹੇ ਕਮਿਊਨਿਸਟ ਦੇਸ਼ ਕਿਊਬਾ ਨਾਲ ਇਸ ਨੂੰ ਸੁਖਾਵੇਂ ਸਬੰਧ ਬਹਾਲ ਕਰਨ ਦੀ ਕੀ ਲੋੜ ਪੈ ਗਈ?

ਦੂਸਰੇ ਪਾਸੇ ਕਿਊਬਾ, ਜਿਸ ਤੇ ਸੰਨ 1959 ਨੂੰ ਫੀਦਲ ਕਾਸਤਰੋ ਇਨਕਲਾਬੀ ਯੋਧੇ ਨੇ ਚੀ ਗਵੇਰਾ ਵਰਗੇ ਜਾਂਬਾਜ਼ ਇਨਕਲਾਬੀਆਂ ਨਾਲ ਮਿਲ ਕੇ ਅਮਰੀਕੀ ਪਿੱਠੂ ਸ਼ਾਸਕ ਫੁਲਜੈਂਸੀਓ ਬਤਿਸਤਾ ਨੂੰ ਸੱਤਾ ਤੋਂ ਬਾਹਰ ਵਗਾਹ ਮਾਰਿਆ ਸੀ, ਸੰਨ 1960 ਤੋਂ ਅਮਰੀਕਾ ਵਲੋਂ ਉਸ ਵਿਰੁੱਧ ਐਲਾਨੀ ਆਰਥਿਕ ਨਾਕੇਬੰਦੀ ਤੋਂ ਅਜੇ ਤੱਕ ਨਹੀਂ ਸੀ ਝੁਕਿਆ, ਸੰਨ 1961 ਵਿਚ ਅਮਰੀਕਾ ਵਲੋਂ ਉਸ ਨਾਲ ਤੋੜੇ ਡਿਪਲੋਮੈਟਿਕ ਸਬੰਧਾਂ ਅਤੇ ਸਾਬਕਾ ਸੋਵੀਅਤ ਯੂਨੀਅਨ ਦੀ ਹਮਾਇਤ ਕਰਕੇ ਸੰਨ 1962 ਵਿਚ ਉਸ ਪ੍ਰਤੀ ਸੇਧਤ ਬਲਾਸਟਿਕ ਮਿਸ਼ਾਇਲਾਂ ਦੀ ਪ੍ਰਵਾਹ ਨਹੀਂ ਕੀਤੀ ਸੀ, ਆਖ਼ਰ ਅਮਰੀਕਾ ਨਾਲ ਸੁਖਾਵੇਂ ਸਬੰਧਾਂ ਲਈ ਕਿਉਂ ਤਿਆਰ ਹੋਇਆ?

ਅਮਰੀਕਾ ਦੇ ਲੋਕ ਚਿਰਾਂ ਤੋਂ ਕਿਊਬਾ ਨਾਲ ਸੁਖਾਵੇਂ ਸਬੰਧਾਂ ਲਈ ਜ਼ੋਰ ਪਾ ਰਹੇ ਸਨ। ਇਵੇਂ ਹੀ ਅਜੋਕੀ ਖੁੱਲ੍ਹੀ ਆਰਥਿਕਤਾ ਦੇ ਯੁੱਗ ਵਿਚ ਅਮਰੀਕੀ ਗੈਰ ਸਰਕਾਰੀ ਸੰਗਠਨ ਅਤੇ ਸਨਅਤਕਾਰ ਵਪਾਰੀ ਵਰਗ ਜ਼ੋਰ ਪਾ ਰਹੇ ਸਨ। ਸਰਦੀਆਂ ਵਿਚ ਕਿਊਬਾਈ ਬੀਚਾਂ ਅਤੇ ਟੂਰਿਸਟ ਸਥਾਨਾਂ ਦੇ ਨਜ਼ਾਰਿਆਂ ਤੋਂ ਅਮਰੀਕੀ ਪਿਛਲੇ 54 ਸਾਲ ਤੋਂ ਵਾਂਝੇ ਮਹਿਸੂਸ ਕਰ ਰਹੇ ਸਨ ਜਿਥੋਂ ਦੀ ਆਬੋ ਹਵਾ ਗਰਮ ਤਰ ਹੁੰਦੀ ਹੈ।

ਸਭ ਤੋਂ ਵੱਡੀ ਖਿੱਚ ਜਿਸ ਕਰਕੇ ਅਮਰੀਕੀ ਬਹੁ-ਰਾਸ਼ਟਰੀ ਕੰਪਨੀਆਂ ਦੇ ਮੂੰਹ ਵਿਚੋਂ ਰਾਲਾਂ ਡਿੱਗ ਰਹੀਆਂ ਹਨ ਉਹ ਹੈ ਕਿਊਬਾ ਅੰਦਰ ਕਰੀਬ 20 ਬਿਲੀਅਨ ਬੈਰੇਲ ਤੇਲ ਦਾ ਮਿਲਣਾ, ਉਸ ਦਾ ਤੇਲ ਕੱਢਣ ਵਾਲੇ 20 ਦੇਸ਼ਾਂ ਦੀ ਲੀਗ ਵਿਚ ਸ਼ਾਮਲ ਹੋਣਾ, ਆਰਥਿਕ ਤੌਰ 'ਤੇ ਤੇਜ਼ੀ ਨਾਲ ਅਮਰੀਕਾ ਦੇ ਬਰਾਬਰ ਵਿਕਸਤ ਹੋਣ ਵੱਲ ਵਧਣਾ, ਬਰਿਕਸ ਦੇਸ਼ਾਂ ਤੋਂ ਇਲਾਵਾ ਨਾਰਵੇ, ਸਪੇਨ, ਵੈਨਜ਼ੁਵੇਲਾ, ਵੀਅਤਨਾਮ ਵਲੋਂ ਤੇਲ ਬਲਾਕਾਂ ਦਾ ਲੀਜ਼ 'ਤੇ ਲੈਣਾ।

ਇਸ ਖ਼ਬਰਾਂ ਡਾਲਰ ਦੇ ਵਪਾਰ, ਕਿਊਬਾਈ ਬੀਚਾਂ, ਹੋਟਲਾਂ, ਹਾਨੀਡੇਅ ਰਿਜ਼ਾਰਟਾਂ ਤੋਂ ਅਮਰੀਕੀ ਬਹੁਰਾਸ਼ਟਰੀ ਕੰਪਨੀਆਂ ਕਿਸੇ ਵੀ ਤਰ੍ਹਾਂ ਪਿਛੇ ਨਹੀਂ ਰਹਿਣਾ ਚਾਹੁੰਦੀਆਂ। ਇਸ ਕਰਕੇ ਇਹ ਅਮਰੀਕੀ ਸਰਕਾਰ ਤੇ ਕਿਊਬਾ ਨਾਲ ਸੁਖਾਵੇਂ ਸਬੰਧਾਂ ਲਈ ਦਬਾਅ ਬਣਾ ਰਹੀਆਂ ਸਨ।

ਅਮਰੀਕੀ ਲੋਕ ਆਰਥਿਕ ਨਾਕੇਬੰਦੀ ਦੇ ਬਾਵਜੂਦ ਕਿਊਬਾਈ ਲੋਕਾਂ ਦੀਆਂ ਪ੍ਰਾਪਤੀਆਂ, ਸਮਾਜਿਕ ਇਨਸਾਫ਼ ਦੀ ਅਦਭੁੱਤ ਪ੍ਰਾਪਤੀ, ਸੋਵੀਅਤ ਯੂਨੀਅਨ ਟੁੱਟਣ ਦੇ ਬਾਵਜੂਦ ਕਿਊਬਾ ਦੇ ਆਰਥਿਕ ਤੌਰ 'ਤੇ ਸਥਿਰ ਰਹਿਣ ਤੋਂ ਪ੍ਰਭਾਵਿਤ ਹਨ।

ਕਿਊਬਾ ਰਾਸ਼ਟਰ ਅਤੇ ਲੋਕਾਂ ਵਲੋਂ ਅਫਰੀਕੀ ਰਾਸ਼ਟਰਾਂ ਦੇ ਨਸਲਵਾਦ ਵਿਰੁੱਧ ਘੋਲ ਵਿਚ ਸਾਥ ਦੇਣ, ਲਾਤੀਨੀ ਅਮਰੀਕਾ ਲਈ ਰੋਲ ਮਾਡਲ ਵਜੋਂ ਵਿਚਰਣ, ਦੇਸ਼ ਨੂੰ ਅੰਦਰੂਨੀ ਖਿੱਚੋਤਾਣ, ਨਸ਼ੀਲੇ ਪਦਾਰਥਾਂ ਦੇ ਵਿਸ਼ਵਵਿਆਪੀ ਮਾਰੂ ਪ੍ਰਭਾਵ ਤੋਂ ਬਚਾਅ ਕੇ ਰੱਖਣ, ਅਤਿਵਾਦੀ ਗਤੀਵਿਧੀਆਂ ਦਾ ਕੈਰੇਬੀਅਨ, ਲਾਤੀਨੀ ਅਮਰੀਕੀ ਅਤੇ ਹੋਰ ਇਲਾਕਿਆਂ ਵਿਚ ਵਿਰੋਧ ਕਰਨ, ਡਾਕਟਰੀ ਸੇਵਾਵਾਂ ਵਿਚ ਵਿਸ਼ਵ ਪੱਧਰ 'ਤੇ ਹੈਰਾਨਕੁੰਨ ਸੇਵਾਵਾਂ ਪ੍ਰਦਾਨ ਕਰਨ ਕਰਕੇ ਇਸ ਨੇ ਪੂਰੇ ਵਿਸ਼ਵ ਵਿਚ ਵੱਡੀ ਵਾਹੋਵਾਹੀ ਖੱਟੀ ਹੈ।

ਅਮਰੀਕਾ ਮਹਿਸੂਸ ਕਰਦਾ ਹੈ ਕਿ ਉਹ ਫੀਡਲ ਕਾਸਤਰੋ ਨੂੰ ਸੱਤਾ ਤੋਂ ਲਾਂਭੇ ਕਰਨ ਅਤੇ ਮਰਵਾਉਣ ਵਿਚ ਬੁਰੀ ਤਰ੍ਹਾਂ ਨਾਕਾਮ ਰਿਹਾ, ਉਸ ਦਾ ਵੱਡਾ ਜ਼ੋਰ ਕਿਊਬਾ ਨੂੰ ਇਨਕਲਾਬ ਲਾਤੀਨੀ ਅਮਰੀਕੀ ਦੇਸ਼ਾਂ ਵਿਚ ਫੈਲਾਉਣ ਤੋਂ ਰੋਕਣ ਲਈ ਲਗਦਾ ਰਿਹਾ, ਹੈਲਮਜ਼ ਬਰਟਨ ਐਕਟ ਅਧੀਨ ਸਲਾਨਾ ਕਰੀਬ 40 ਮਿਲੀਅਨ ਡਾਲਰ ਕਿਊਬਾ ਵਿਚ ਉਥਲ ਪੁੱਥਲ ਮਚਾਉਣ ਲਈ ਖਰਚਣ ਦੇ ਬਾਵਜੂਦ ਉਹ ਅਸਫ਼ਲ ਰਿਹਾ। ਮਨੁੱਖੀ ਅਧਿਕਾਰਾਂ ਅਤੇ ਵਿਚਾਰ ਪ੍ਰਗਟ ਕਰਨ ਦੀਆਂ ਆਜ਼ਾਦੀਆਂ ਦੇ ਮੁੱਦੇ ਚੁੱਕਣ ਦੇ ਬਾਵਜੂਦ ਜਨਤਕ ਵਿਰੋਧ ਨਾ ਉਕਸਾ ਸਕਿਆ।

ਕਿਊਬਾ ਨੇ ਅਮਰੀਕਾ 'ਚ ਇਬੋਲਾ ਮਾਰੂ ਬੀਮਾਰੀ ਦੇ ਇਲਾਜ ਲਈ 256 ਡਾਕਟਰਾਂ ਅਤੇ ਨਰਸਾਂ, 200 ਦੇ ਕਰੀਬ ਵਲੰਟੀਅਰਾਂ ਨੂੰ ਭੇਜਿਆ। ਇਸ ਬੀਮਾਰੀ ਨਾਲ ਹੁਣ ਤੱਕ 6000 ਲੋਕ ਮਾਰੇ ਚੁੱਕੇ ਹਨ। ਇਸ ਕਾਜ਼ ਕਰਕੇ ਅਮਰੀਕਾ ਅਤੇ ਯੂ. ਕੇ. ਨੇ ਉਸ ਨੂੰ ਸ਼ੁਭ ਇੱਛਾਵਾਂ ਨਾਲ ਨਿਵਾਜਿਆ।

4 ਸਾਲ ਪਹਿਲਾਂ ਹੈਤੀ ਭੂਚਾਲ ਵੇਲੇ 40 ਪ੍ਰਤੀਸ਼ਤ ਪੀੜਤ ਲੋਕਾਂ ਨੂੰ ਕਿਊਬਾਈ ਡਾਕਟਰਾਂ-ਨਰਸਾਂ ਨੇ ਬਚਾਇਆ। ਸੰਨ 2005 ਵਿਚ ਪਾਕਿਸਤਾਨ ਅੰਦਰ ਭੂਚਾਲ ਪੀੜਤ 70 ਪ੍ਰਤੀਸ਼ਤ ਲੋਕਾਂ ਨੂੰ ਵਿਸ਼ਵ ਦੇ ਸਭ ਦੇਸ਼ਾਂ ਤੋਂ ਇਸ ਦੀ 2400 ਮੈਂਬਰੀ ਮੈਡੀਕਲ ਟੀਮ ਨੇ ਬਚਾਇਆ। ਅੱਜ ਵਿਸ਼ਵ ਦੇ 60 ਦੇਸ਼ਾਂ ਵਿਚ ਕਿਊਬਾ ਦੇ 50,000 ਡਾਕਟਰ ਸੇਵਾ ਕਰ ਰਹੇ ਹਨ। ਕਿਊਬਾ ਦੀਆਂ ਪ੍ਰਾਪਤੀਆਂ ਅੱਗੇ ਅਮਰੀਕਾ ਵਰਗੀ ਮਹਾਂ-ਸ਼ਕਤੀ ਬੌਣਾ ਮਹਿਸੂਸ ਕਰਦੀ ਹੈ।

ਕਿਊਬਾ ਨੇ ਵਿਸ਼ਵ ਸ਼ਾਂਤੀ, ਭਾਈਚਾਰਕ ਸਾਂਝ, ਇਲਾਕਾਈ ਇਕਜੁਟਤਾ, ਸਮਾਜਿਕ ਇਨਸਾਫ਼ ਦੇ ਸਿਧਾਂਤਾਂ ਨੂੰ ਮੁੱਖ ਰੱਖਦੇ ਅਮਰੀਕਾ ਨਾਲ ਸੁਖਾਵੇਂ ਸਬੰਧਾਂ ਦਾ ਬੂਹਾ ਖੋਲ੍ਹਿਆ ਹੈ। ਕਿਊਬਾ ਵੱਡੇ ਜਿਗਰੇ ਵਾਲਾ ਰਾਸ਼ਟਰ ਹੈ। ਮਿਸਾਲ ਵਜੋਂ ਇਸ ਦੇ ਡਾਕਟਰਾਂ ਨੇ ਬੋਲੀਵੀਅਨ ਮਾਰਜੈਂਟ ਮਾਰੀਓ ਤੇਰਨ ਨੂੰ ਅੱਖਾਂ ਦੀ ਰੌਸ਼ਨੀ ਬਖਸ਼ੀ ਜਿਸ ਨੇ 1967 'ਚ ਮਹਾਨ ਇਨਕਲਾਬੀ ਚੀ ਗਵੇਰਾ ਨੂੰ ਸੀ. ਆਈ. ਏ. ਹੁਕਮਾਂ ਕਰਕੇ ਮਾਰ ਦਿੱਤਾ ਸੀ।

ਰਾਊਲ ਕਾਸਤਰੋ ਨੇ ਸਪਸ਼ਟ ਕੀਤਾ ਹੈ ਕਿ ਅਸੀਂ ਡਿਪਲੋਮੈਟਿਕ ਸਬੰਧਾਂ ਲਈ ਜ਼ਰੂਰ ਮੰਨੇ ਹਾਂ ਪਰ ਆਰਥਿਕ ਨਾਕਾਬੰਦੀ ਦਾ ਮੁੱਦਾ ਕਾਇਮ, ਜੋ ਅਮਰੀਕਾ ਨੂੰ ਖਤਮ ਕਰਨਾ ਹੋਵੇਗਾ। ਇਸ ਕਰਕੇ ਕਿਊਬਾ ਨੂੰ 1.1 ਟ੍ਰਿਲੀਅਨ ਡਾਲਰ ਦਾ ਨੁਕਸਾਨ ਹੋਇਆ ਹੈ। ਵੱਡੇ ਅੜਿੱਕੇ ਓਬਾਮਾ-ਕਾਸਟਰੋ ਅਪਰੈਲ 2015 ਪਨਾਮਾ ਮਿਲਣੀ ਵੇਲੇ ਖ਼ਤਮ ਹੋਣਗੇ।

ਫੀਦਲ ਕਾਸਤਰੋ ਦੀ ਡਾਕਟਰ ਪੁੱਤਰੀ ਮਾਰੀਲਾ ਕਾਸਤਰੋ ਨੇ ਕਿਹਾ ਹੈ ਕਿ ਇਸ ਜ਼ਜ਼ੀਰਾ ਕੌਮ ਨੂੰ ਅਮਰੀਕੀ ਤਾਕਤਵਰ ਵਿੱਤੀ ਗਰੁੱਪਾਂ ਦੇ ਚੌਧਰਾਈ ਹਿੱਤਾਂ ਦੇ ਗੁਲਾਮ ਨਹੀਂ ਬਣਨ ਦਿੱਤਾ ਜਾਵੇਗਾ।



ਅਮਰੀਕੀ ਪ੍ਰਧਾਨ ਓਬਾਮਾ ਨੂੰ ਕਾਂਗਰਸ ਨਾਲ ਮਿਲ ਕੇ ਕਿਊਬਾ ਦੀ ਆਰਥਿਕ ਨਾਕੇਬੰਦੀ, ਮਾਰੂ ਹੇਲਮਜ਼-ਬਰਟਨ ਐਕਟ ਅਤੇ ਹੋਰ ਪਾਬੰਦੀਆਂ ਵਾਪਸ ਲੈਣੀਆਂ ਪੈਣਗੀਆਂ। ਕਿਊਬਾ ਅੰਦਰ ਮਿਸਰ, ਲਿਬੀਆ, ਸੀਰੀਆ, ਯੂਕਰੇਨ, ਕਸੋਵੋ ਵਰਗੀਆਂ ਭੰਨ ਤੋੜ ਅਤੇ ਸਰਕਾਰਾਂ ਪਲਟਣ ਦੀਆਂ ਕਾਰਵਾਈਆਂ ਤੋਂ ਗੁਰੇਜ਼ ਕਰਨਾ ਪਵੇਗਾ।

ਕਰੀਬ 5 ਲੱਖ ਕਿਊਬਾਈ ਵਪਾਰੀ-ਕਾਰੋਬਾਰੀ, ਹੋਟਲ ਮੈਨੇਜਮੈਂਟ, ਰਿਫਾਈਨਰੀ ਸਨਅਤ, ਖੇਤੀ, ਡਾਕਟਰੀ ਸੇਵਾਵਾਂ ਨਾਲ ਸਬੰਧਤ ਲੋਕ ਨਿਸਚਿਤ ਤੌਰ 'ਤੇ ਇਸ ਨਵੀਂ ਸ਼ੁਰੂਆਤ ਤੋਂ ਰਾਸ਼ਟਰੀ, ਮਾਨਵੀ ਅਤੇ ਆਰਥਿਕ ਹਿੱਤਾਂ ਲਈ ਲਾਭ ਉਠਾਉਣ ਦਾ ਭਰਪੂਰ ਯਤਨ ਕਰਨਗੇ। ਸਾਰੇ ਵਿਸ਼ਵ ਦੀਆਂ ਅੱਖਾਂ ਇਨ੍ਹਾਂ ਦੋਹਾਂ ਵੱਖ-ਵੱਖ ਵਿਚਾਰਧਾਰਾਵਾਂ ਵਾਲੇ ਗੁਆਂਢੀਆਂ ਦੇ ਭਵਿੱਖ ਵਿਚ ਸ਼ਾਂਤੀ ਅਤੇ ਮਿਲਵਰਤਣ ਨਾਲ ਰਹਿਣ ਪ੍ਰਤੀ ਟਿਕੀਆਂ ਹੋਈਆ ਹਨ।

**ਸਾਬਕਾ ਰਾਜ ਸੂਚਨਾ ਕਮਿਸ਼ਨਰ, ਪੰਜਾਬ**
**ਬਰੈਂਪਟਨ, ਕੈਨੇਡਾ**
001-416-857-7665

## ਪੁਸਤਕ ਰਿਵਿਊ




**ਪੁਸਤਕ- ਸ਼ਹੀਦ ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਦੀਆਂ ਲਿਖਤਾਂ**
**ਸੰਪਾਦਕ: ਜਗਮੋਹਨ ਸਿੰਘ**
**ਪ੍ਰਕਾਸ਼ਕ : ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ ਲੁਧਿਆਣਾ**
**ਪੰਨੇ : 392**
**ਕੀਮਤ : 450 ਰੁਪਏ**
**ਪੁਸਤਕਸਮੀਖਿਆ : ਗੁਰਮੀਤ ਪਲਾਹੀ**

ਸ਼ਹੀਦ ਭਗਤ ਸਿੰਘ ਖੋਜ਼ ਕਮੇਟੀ ਦੀ ਕੋਸ਼ਿਸ ਨਾਲ ਇਕੱਠੀਆਂ ਕੀਤੀਆਂ ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੀਆਂ ਲਿਖਤਾਂ ਨੂੰ ਇਕੱਤਰ ਕਰਨ ਦਾ ਮੁੱਖ ਮੰਤਵ ਭਗਤ ਸਿੰਘ ਦੇ ਵਿਚਾਰਧਾਰਕ ਅਤੇ ਵਿਗਿਆਨਕ ਅਸੂਲਾਂ ਨੂੰ ਪਹਿਚਾਨਣਾ ਅਤੇ ਸਮਝਣਾ ਹੈ। ਪੁਸਤਕ ਰੂਪ ਵਿੱਚ ਇਹ ਲਿਖਤਾਂ ਪਹਿਲੀ ਵੇਰ ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੀਆਂ ਲਿਖਤਾਂ ਦੇ ਨਾਮ ਹੇਠ 3 ਮਾਰਚ 1985 ਨੂੰ ਜਗਮੋਹਨ ਸਿੰਘ ਦੀ ਸੰਪਾਦਨਾ 'ਚ ਛਾਪੀਆਂ ਗਈਆਂ ਅਤੇ ਹਥਲਾ ਨੌਵਾਂ ਸੰਸਕਰਣ 28 ਸਤੰਬਰ 2014 ਨੂੰ ਛਾਪਿਆ ਗਿਆ ਹੈ ।


ਇਨ੍ਹਾਂ ਲਿਖਤਾਂ ਵਿੱਚ,ਸ਼ਹੀਦ ਭਗਤ ਸਿੰਘ ਨੇ ਦੇਸ਼ ਦੇ ਇਤਿਹਾਸ, ਇਸ ਦੀਆਂ ਹਾਲਤਾਂ ਅਤੇ ਆਦਰਸ਼ਾਂ ਦੀ ਵਿਗਿਆਨਕ ਅਸੂਲਾਂ ਦੀ ਭਾਰੀ ਸਮਝ ਇੱਕ ਗੰਭੀਰ , ਮਿਹਨਤੀ ਅਤੇ ਇਮਾਨਦਾਰ ਵਿਦਿਆਰਥੀ ਵਜੋਂ ਸਾਂਝੀ ਕੀਤੀ ਹੈ। ਭਾਰਤੀ ਸਮਾਜ ਦੀ ਇਤਹਾਸਕ ਲੋੜ ਇਨਕਲਾਬ ਸੀ, ਜੋ ਲੋਕਾਂ ਲਈ ਹੋਵੇ ਅਤੇ ਲੋਕਾਂ ਰਾਹੀਂ ਲਿਆਂਦਾ ਜਾਵੇ। ਜਿਸਨੂੰ ਸ਼ਹੀਦ ਭਗਤ ਸਿੰਘ ਨੇ ਬਹੁਤ ਹੀ ਸਪੱਸ਼ਟਤਾ ਨਾਲ ਸਾਹਮਣੇ ਲਿਆਕੇ ਸਾਮਰਾਜਵਾਦੀਆਂ ਨੂੰ ਗੱਦੀਉਂ ਲਾਹੁਣ ਲਈ ਭਾਰਤ ਦਾ ਇੱਕੋ-ਇੱਕ ਹਥਿਆਰ ਕਿਰਤੀ ਇਨਕਲਾਬ ਵਜੋਂ ਪੇਸ਼ ਕੀਤਾ।

ਇਸ ਪੁਸਤਕ'ਚ ਜਿਥੇ ਸੰਪਾਦਕ ਨੇ ਸ਼ਹੀਦ ਭਗਤ ਸਿੰਘ ਦੇ ਜੀਵਨ ਵਿਕਾਸ ਬਾਰੇ ਚਾਨਣਾ ਪਾਇਆ ਹੈ , ਉਥੇ ਭਗਤ ਸਿੰਘ ਦੀ 22-07-1918 ਨੂੰ ਲਾਹੌਰ ਤੋਂ ਆਪਣੇ ਬਾਬਾ ਜੀ ਨੂੰ ਲਿਖੀ ਪਹਿਲੀ ਚਿੱਠੀ ਤੋਂ ਆਰੰਭ ਕਰਕੇ ਕੁਝ ਘਰੇਲੂ ਚਿੱਠੀਆਂ ਦਾ ਵਰਨਣ ਕਰਦਿਆਂ, ਭਗਤ ਸਿੰਘ ਦੇ ਸਾਥੀਆਂ ਨੂੰ ਲਿਖੀਆਂ ਚਿੱਠੀਆਂ ਨੂੰ ਸੰਭਾਲਣ ਦਾ ਉਪਰਾਲਾ ਕੀਤਾ ਹੈ । ਭਗਤ ਸਿੰਘ ਦੇ ਉਹ ਲੇਖ ਜੋ ਸਮੇਂ ਸਮੇਂ ਅਖਬਾਰਾਂ ਵਿੱਚ ਛਪਦੇ ਰਹੇ, ਜਾਂ ਉਹ ਗੁਪਤ ਸੰਦੇਸ਼ ਜਿਹੜੇ ਉਹ ਆਪਣੇ ਸਾਥੀਆਂ ਨੂੰ ਭੇਜਦਾ ਰਿਹਾ, ਉਹ ਪੁਸਤਕ ਵਿੱਚ ਅੰਕਿਤ ਹਨ।

ਹੋਲੀ ਦੇ ਦਿਨ ਖੂਨ ਦੇ ਛਿੱਟੇ, ਬੱਬਰ ਅਕਾਲੀ ਫਾਂਸੀ ਤੇ , ਕਾਕੋਰੀ ਦੇ ਦੇਸ਼ ਭਗਤਾਂ ਦੀ ਜਾਣ ਪਛਾਣ, ਸ਼ਹੀਦ ਰਜਿੰਦਰ ਲਹਿਰੀ ਦਾ ਖ਼ਤ, ਸ਼ਹੀਦ ਰਾਮ ਪ੍ਰਸ਼ਾਦ ਬਿਸਮਿਲ ਦਾ ਅੰਤਮ ਸੰਦੇਸ਼, ਸ਼ਹੀਦ ਅਸ਼ਫਾਕ ਦਾ ਫਾਂਸੀ ਤਖਤੇ ਤੋਂ ਸੰਦੇਸ਼, ਕਾਕੋਰੀ ਦੇ ਸ਼ਹੀਦਾਂ ਦੇ ਫਾਂਸੀ ਦੇ ਹਾਲਾਤ , ਕਾਕੋਰੀ ਦੇ ਸ਼ਹੀਦਾਂ ਲਈ ਪ੍ਰੇਮ ਦੇ ਹੰਝੂ ਕੁਝ ਸ਼ਹੀਦਾਂ ਦੇ ਇਹੋ ਜਿਹੇ ਅਣਮੁੱਲੇ ਖ਼ਤ ਹਨ, ਜਿਨ੍ਹਾਂ ਨੂੰ ਸੰਭਾਲਣ ਦਾ ਉਪਰਾਲਾ ਕੀਤਾ ਗਿਆ ਹੈ । ਸਮਕਾਲੀ ਮਸਲਿਆਂ, ਭਾਰਤੀ ਇਨਕਲਾਬੀ ਲਹਿਰ ਦਾ ਅਧਿਐਨ, ਅੰਤਰ ਰਾਸ਼ਟਰੀ ਇਨਕਲਾਬੀ ਲਹਿਰਾਂ ਦਾ ਅਧਿਐਨ , ਵੱਖੋ ਵੱਖਰੇ ਸਮਾਜਕ ਤੇ ਰਾਜਨੀਤਕ ਮਸਲਿਆਂ ਬਾਰੇ ਭਗਤ ਸਿੰਘ ਤੇ ਸਾਥੀਆਂ ਦੇ ਵਿਚਾਰਾਂ ਤੋਂ ਇਲਾਵਾ ਨੌਜਵਾਨ ਭਾਰਤ ਸਭਾ, ਅਸੰਬਲੀ ਬੰਬ ਕਾਂਡ ਸਬੰਧੀ ਸੁਟਿਆ ਪਰਚਾ ਅਤੇ ਸ਼ਹੀਦ ਭਗਤ ਸਿੰਘ ਦੇ ਇਨਕਲਾਬ ਸਬੰਧੀ ਪ੍ਰਗਟ ਕੀਤੇ ਵਿਚਾਰ ਪੁਸਤਕ ਦਾ ਹਿੱਸਾ ਹਨ।

ਪੁਸਤਕ ਸ਼ਹੀਦ ਭਗਤ ਸਿੰਘ ਅਤੇ ਉਸਦੇ ਸਾਥੀਆਂ ਦੇ ਵਿਚਾਰਾਂ ਦਾ ਸਹੀ ਮਾਅਨਿਆਂ ਵਿੱਚ ਬਿੰਬ ਪੇਸ਼ ਕਰਨ ਦੇ ਨਾਲ ਨਾਲ ਉਨ੍ਹਾਂ ਬਾਰੇ ਪਾਏ ਗਏ ਭਰਮ ਭੁਲੇਖਿਆਂ ਅਤੇ ਕੂੜ ਪ੍ਰਚਾਰ ਨੂੰ ਦੂਰ ਕਰਨ ਦਾ ਇੱਕ ਯਤਨ ਹੈ।

# Quality of Education, in general, is at Stake



**Prof. B. S. Brar**



In reference to Editorial-note, entitled "Faculty crunch at IIT's", (6th Dec., 2014)[The Tribune], respected Editor has rightly projected disturbing aspect of shortage of teachers in IIT's, NIT's, and IIIT's; and how this aspect is related to lowering of standards of higher technical education. I think that not only this, but entire education system, including Medical Institutions, Universities and Colleges of all types, and Schools, is suffering from this disease. The generally accepted teacher-taught ratio 1:25, has not been implemented, not to speak of moving towards having ratio 1:5 of Stanford and ratio 1:7 of Harvard. The system of recruiting temporary teachers, on consolidated salary, contract, guest-faculty, is wide-spread; thereby exploiting teachers, closing academic-advancement, and darkening future. Why system of permanent-recruitment is thrown to winds? Why, instead of eradicating disturbing-aspects of examination-system and improving it, instead of improving quality of teaching and education; the degrees are doubted and a plethora of Eligibility-Tests is being implemented? Development of teacher is a continuous process, it should be planned collectively. There should be thorough review of all these aspects, correct lessons must be learnt and honestly implemented.

**Get Rid of Plethora of Eligibility-Tests**

Punjab Govt. has decided to organize its own medical entrance test. Reason?Because, majority of students has not qualified the all-India medical entrance test, as a result of which so many seats in Medical Colleges of Punjab have not filled. So, we have admitted low-level of our students. Real-path to tackle the obtaining situation is that we must eradicate faulty-aspects of examination-system, improve it, improve the quality of teaching and education; the system of permanent-recruitment of teachers should be implemented. By doing so, we will not require eligibility-test of any sort, and can admit students on the basis of merit with respect to marks obtained in +2 examinations. If anyone has the view that marks in practical examination do not reflect the real level of the students, then merit-list may be made basing upon the marks obtained in Theory, especially in Biology, Chemistry, and Physics.Ultimately, we will not need a plethora of Eligibility-Tests. If we move in this light in all the spheres, then there will be no need of eligibility-tests in any field.

**Religious Conversions**

Everyone has a right to adopt or not to adopt any religion and any religious-faith. It is, and it should be a question of personal freedom. But one should not fanatic in his or her religion and religious-faith, and should not understand and propagate that his or her religion and religious-faith is supreme and religion and religious-faith of others is inferior. Anybody can change his or her religion and religious-faith of his/her own. But if there are religious conversions organized with force and coercion, or by providing some financial-temptation, then it is condemnable, it will amount to attacking personal religious-freedom. Moreover, since nature of freedom of religion and religious-faith, is personal, so organizing religious-conversions, is also condemnable.

**Bathinda, Punjab, India,**
**Ex -student of Govt.**
**College of Science**
**Education and Research**
**Jagraon (Ludhiana)**

# High fees cause mutual fund investors to work longer or retire with less: study

OTTAWA : High management fees will cause Canadians relying on mutual funds for their retirement income to work into their 70s or retire with 20-40% less compared to pension plans, says a study released today by the Canadian Centre for Policy Alternatives (CCPA).

The study, by CCPA Senior Economist David Macdonald, compares the management fees charged by mutual funds and pension plans. He finds that in 2014 annual average pension plan fees were 0.38% of assets while comparable mutual fund fees were 2.1%.

“Canada has the highest equity mutual fund fees in the world,” says Macdonald. “They’re so high that in order to offset those fees the average mutual fund investor will have to work until age 72 to match what a pension plan holder made by age 65, even with identical contributions,” says Macdonald.

The study finds a large variation in fees among mutual fund families. Across major fund families, Canadians can expect to work two to 11 years beyond age 65 to make up for higher mutual fund fees. High fees in fund families like Investors Group, AGF, and IA Clarington would force investors to work past age 75 to match pensions. MD Management, Beutel Goodman and Phillips Hager & North also have higher fees than pension plans, but their holders would have to work to age 68 or 69 to overcome the difference.

The RRSP system has been a dismal failure at encouraging Canadians to save for retirement. Even today, most Canadians nearing retirement do not have nearly enough in RRSPs to rely on them for retirement income. At the same time, only 27% of Canadians have a workplace pension plan, down from 43% in 1977.

The study recommends an expansion of inexpensive workplace pension plans or public pension plans, like the CPP. As a stopgap measure, trailers fees—the portion of mutual fund fees that go back to the advisor—could be capped or banned entirely.

“The anxiety that Canadians feel in RRSP season about whether they’ve saved enough, whether they’ve picked the ‘right’ mutual fund and whether their savings will be wiped out in a down market are features of the RRSP retirement system,” concludes Macdonald. “A retirement system requiring high fees and delayed retirement is not a foregone conclusion. There are plenty of viable alternatives available to policy makers that would improve the system for all Canadians. ”

# Flawed funding formula behind Toronto school board woes: study

TORONTO – The political drama that's been unfolding at the Toronto District School Board (TDSB) over school closures and tight funding is totally avoidable, says the author of a new study from the Canadian Centre for Policy Alternatives' Ontario office (CCPA-Ontario). Economist Hugh Mackenzie has been tracking the performance of Ontario's education funding formula for 18 years and finds students across the province, but especially in Toronto, have been shortchanged by the province for almost two decades. "Talk about shutting down schools and penalizing school board trustees makes for good political drama but it's overshadowing the root source of the problem: Ontario's education system is still suffering from a Mike Harris-era funding formula hangover," says Mackenzie. "The formula was designed not to support students but to force school boards to cut back on programs," says Mackenzie. "Key features of a modern education system generate no funding at all; others are funded at less than their cost." Mackenzie's study, Harris-era Hangovers: Toronto School Trustees' Inherited Funding Shortfall, details how chronic funding pressures have played out in TDSB schools since 1997, including: Province-wide uniformity makes funding unresponsive to differences in the cost of providing the same services. In school operations, the TDSB is shortchanged by $174 for every elementary student and $228 for every secondary student; Funding makes no allowance at all for uses of schools other than for classroom instruction; The foundation grant doesn't generate enough funding to support basic services like libraries and guidance; the library shortfall alone shortchanges the TDB by $179 million; Funding for programs to support students whose first language isn't French or English amounts to at least a $55 million shortfall; the shortfall in needed funding for at-risk students is another $60 million; The TDSB's declining enrolment grant falls far short of what's needed to cushion the cost impact. "The province talks about problems of accountability at the TDSB", says Mackenzie. "The real accountability problem is at the province, with the lack of any accountability for the adequacy of the funding of the system as a whole. Even Mike Harris recognized that provincial funding created an accountability gap, and committed to a five-year review cycle. Eighteen years later, the Eves government's 2002 review is the only one we've had." –

For more information please contact: Trish Hennessy CCPA-Ontario:

# Anger pours out on the streets of the capital against unconstitutional, anti-farmer Land Ordinance

## Over 350 organizations, twenty thousand farmers-workers from across country threaten intensified stir



Delhi: Fury and frustration rocked the capital today, as nearly twenty thousand farmers, adivasis, workers, fisher people and others dependent on land for their livelihood converged from the length and breadth of the country and warned the Narendra Modi-led NDA Government that they shall intensify their stir, if the unconstitutional Ordinance amending the Land Acquisition and Rehabilitation Act, 2013 Act is not dropped in toto. From amidst songs and slogans, flags and banners, representing the diversity of the social movements from across the country, the voice that emerged was clear and united – Drop the Ordinance: Stop Land Acquisition, Ensure Land Rights.

More than 350 organizations and networks of farmers, workers, tribals from all the states of the Country including National Alliance of People's Movements (NAPM), All Indian Union of Forest Working People (AIUFWP), All India Kisan Sabha (36 Canning Lane), All India Kisan Sabha (Ajoy Bhavan), Ekta Parishad, Kisan Sagharsh Samiti, Narmada Bachao Andolan, Yuva Kranti, Campaign for Survival and Dignity, Chhattisgarh Bachao Andolan, All India Agricultural Workers' Union, Bharatiya Khet Mazdoor Union, Sanyukt Kisan Sangharsh Samiti, INSAF, Delhi Solidarity Group, Ghar Bachao Ghar Banao Andolan, Agragami Kisan Sabha, Jan Sangharsh Vahini, National Fish workers Forum, Punjab Kisan Union participated in the protest action today.

The farmers questioned the Prime Minister as to what kind of "Ache din" does he envisages for the millions of small agriculturalists of the country if lakhs of farmers are displaced by mega projects, thousands of hectares of land is handed over to private companies and corporates and the food-security is threatened by acquisition of multi-cropped farmland. Despite a roaring protest at the Parliament Street by thousands of farmers, the Govt. has introduced a Bill in the Lok Sabha to legislate this Ordinance. This, the farmers said is condemnable and undemocratic.

Anna Hazare, who sat all day along with the activists of the different movements said that farmers and workers will have to prepare for a long term struggle and be prepared to even go to jail. He called for a nation-wide movement against the corporate loot of the land, which feeds the whole country. Government must withdraw the ordinance is what we all demand and they must do it.

Addressing the massive gathering, Medha Patkar challenged the 'electoral promises' of the ruling party, which was part of the parliamentary process leading to enactment of the Land Acquisition and Rehabilitation Act, 2013. Now in 'power' it is seeking to sniff away the soul of the Act, by removing the key provisions of "consent" & "social impact assessment" and manipulating the definitions of "private entities" and "public purpose", purely to promote business interests. Stating that the interests of farmers is supreme in a agricultural economy like India, Anna Hazare gave a clarion call to the farmers that this is nothing less than a Do-or-die' battle, it is the second war of independence, a war for freedom from repressive government, oppressive laws and corporate control over natural resources.

Hannan Mollah, spoke about the need for united movement and said that the BJP-led NDA Government had brought the draconian Ordinance to suit the interests of the Corporates and Land Mafia. He said the BJP Government's move will be defeated and struggles will be launched at all sites of unjust land acquisition.

Atul Anjaan, said this Protest Rally is just the beginning and there will be need to launch a prolonged struggle. He said the BJP Government which is a Government of the Corporates, land mafia and builders' lobby has dared to bring an Ordinance worse than the British Colonial Act of 1894. He said it was a political battle and also emphasized the need to speak to all Political Parties to defeat the Government move in Parliament too.

Representatives of numerous farmers organizations, tribal rights groups, workers movements vented their rage at the Modi Govt's anti-people agenda and open invitation to profit-makers and looters to plunder the country's resources-land, coats, rivers, fish, minerals etc. Thousands of farmers also shouted out slogans that they do not need "crumbs of compensation". The Ordinance nullifies the most significant provisions of the 2013 Act and takes it back to the pre-1994 days. The same is unacceptable, they said. NDA government has only been launching schemes for the corporates and private businesses but nothing of significance for farm sector and farmers, it was felt.

Speakers also said that similar to the British, the present Government is trying to "divide" the farmers and rulers in the interests of the Adanis and Ambanis, who have fuelled the election campaign of the BJP. However, we shall stay united in our demand for a complete revocation of the Ordinance, they said. If Ambani, Adani are your side, Birsa, Munda are on our said, roared an adivasi woman leader. All the protestors expressed a common resolve that "We will not let Modi-Govt. snatch our rights and take India back to pre-independence days".

Various speakers condemned the unparliamentarily 'Ordinance Raj' in every sector, be it land, coal, mining, insurance, motor vehicles and derided the Governance through Ordinance mechanism, by-passing both the Parliament and the People. Leaders and representatives of various political parties and their affiliated organizations also expressed their solidarity with the demands of the farmers and demanded that the Ordinance be revoked. Retd. Jst. Rajinder Sacher, Adv. Sanjay Parikh and many other academicians, advocates, activists visited the dharna site and expressed solidarity.

Protest actions to continue through the Budget Session:

Various Farmers Organizations including Akhil Bhartiya Kisansabha, Agragami Kisan Sabha, All India Agricultural Workers' Union, Bharatiya Khet Mazdoor Union etc. and People's Movements have resolved that the struggle against the Ordinance shall continue, rather intensify in the days to come in every state and every district. While hundreds of Gram Sabhas across the country have already passed resolutions, thousands more shall do so shortly. "We will not allow NDA Govt. to legislate this Black Ordinance by brute force, "they resolved.

Delegation Meets President:

The farmers leaders also said that while President's statement in his budget speech that his "government attaches paramount importance to safeguard the interest and well-being of farmers and families affected by land acquisition", is welcome, his 'approval' of the Ordinance, which is fundamentally anti-farmer is unacceptable. In the same speech, he has liberally endorsed the "Make in India", "Single-Window Clearance" and "Ease of Business" and "Smart City Programme" as hallmarks of 'his Government'. All these approaches will sound the death-knell of the farming and working classes of this country and destroy our natural resources, to the detriment of generations. A delegation including Hannan Mollah, Atul Kumar Anjaan, Medha Patkar, Sunilam, Roma Malik, Rakesh Rafik, Vijoo Krishnan and Harpal Singh met the President today evening and exhorted him to resolve the ongoing impasse in the interests of the toiling peasants of the country and use his "highest constitutional office" to ensure that the Ordinance is not legislated. The President expressed sympathies for the Farmers in distress and said he would send the Memorandum to the Government (Copy of the Memorandum is attached).

The protest also witnessed the participation of a large number of young people and women, small farmers and tribals signaling that this movement shall be led by these people in the coming days Simultaneous protests and demonstrations, burning of the Ordinance etc. were organised across the country in Patna, Lucknow, Ludhiana, Bhubaneshwar and many other places.

For details contact : 9958797409, 9810423296, 9818905316, 9911955109 | email : napmindia@gmail.com

# ਸ਼ਹੀਦ ਭਗਤ ਸਿੰਘ ਦਾ ਜੱਦੀ ਘਰ






ਖਟਕੜ ਕਲਾਂ, ਸ਼ਹੀਦ ਭਗਤ ਸਿੰਘ ਦੇ ਜੱਦੀ ਘਰ ਪ੍ਰਤੀ ਪੁਰਾਤਤਵ ਵਿਭਾਗ, ਪ੍ਰਸ਼ਾਸਨ ਅਤੇ ਹੁਕਮਰਾਨਾ ਦਾ ਜੇ ਬੇਰੁਖ਼ੀ ਭਰਿਆ ਰਵੱਈਆ ਰਿਹਾ ਤਾਂ ਸ਼ਹੀਦ ਭਗਤ ਸਿੰਘ ਅਤੇ ਉਸਨੂੰ ਇਨਕਲਾਬੀ ਵਿਚਾਰਾਂ ਦੀ ਗੁੜਤੀ ਦੇਣ ਵਾਲੇ ਮਾਪਿਆਂ, ਦਾਦਾ ਅਰਜਣ ਸਿੰਘ ਅਤੇ ਚਾਚਾ ਅਜੀਤ ਸਿੰਘ ਵਰਗਿਆਂ ਦੀ ਇਹ ਪ੍ਰੇਰਨਾਮਈ ਕੌਮੀ ਯਾਦਗਾਰ ਮਲ਼ਬੇ ਦਾ ਢੇਰ ਬਣਕੇ ਰਹਿ ਜਾਏਗੀ।





Dilapidated walls of the memorial at Khatkar Kalan



A monument of neglect

## ਅਮੋਲਕ ਸਿੰਘ

1947 ਤੋਂ ਅੱਜ ਤੱਕ ਕੋਈ ਪੌਣੀ ਸਦੀ ਦਾ ਅਰਸਾ ਬੀਤ ਜਾਣ ਤੇ ਇਸ ਯਾਦਗਾਰ ਦੀ ਸਿੱਕੇ ਬੰਦ ਸਾਂਭ-ਸੰਭਾਲ ਦਾ ਕੰਮ ਅਜੇ ਸਰਕਾਰੀ ਫਾਈਲਾਂ ਦੀ ਪਰਕਰਮਾ ਤੱਕ ਸੀਮਤ ਹੈ। ਕਿਸੇ ਦਿਨ ਜੱਦੀ ਘਰ ਥੇਹ ਬਣ ਜਾਣ ਦੀ ਸੁਰਖ਼ੀ ਅਖ਼ਬਾਰੀ ਪੰਨਿਆਂ ’ਤੇ ਪੜਨ ਨੂੰ ਮਿਲ ਸਕਦੀ ਹੈ। ਇੱਟਾਂ ਖੁਰ ਅਤੇ ਭੁਰ ਰਹੀਆਂ ਹਨ। ਕਮਰਿਆਂ ਦੇ ਅੰਦਰਲੇ ਬੰਨੇ ਗਾਰੇ ਦੀ ਚਿਣਾਈ ਵਾਲੀਆਂ ਕੰਧਾਂ ਤੋਂ ਖਲੇਪੜ ਡਿਗ ਰਹੇ ਹਨ। ਬਾਲਿਆਂ, ਸ਼ਤੀਰੀਆਂ ਅਤੇ ਦਰਵਾਜ਼ਿਆਂ ਨੂੰ ਸਿਉਂਕ ਖਾ ਰਹੀ ਹੈ। ਸਿਲ੍ਹ, ਬਰਸਾਤਾਂ, ਤੇਜ ਧੁੱਪ, ਤੇਜ ਠੰਢ ਆਦਿ ਤੋਂ ਅਸੁਰੱਖਿਅਤ ਘਰ ਦੀ ਹਰ ਪਲ ਉਮਰ ਬੀਤਦੀ ਜਾ ਰਹੀ ਹੈ। ਕਮਰਿਆਂ ਨੂੰ ਅਕਸਰ ਤਾਲੇ ਲੱਗੇ ਰਹਿੰਦੇ ਹਨ। ਕਮਰਿਆਂ ਅੰਦਰ ਧੁੱਪ ਅਤੇ ਹਵਾ ਤੱਕ ਨਹੀਂ ਜਾ ਰਹੀ। ਨੰਗੀਆਂ ਛੱਤਾਂ ਉਪਰ ਹਰ ਮੌਸਮ ਆਪਣਾ ਕਹਿਰ ਢਾਅ ਰਿਹਾ ਹੈ।

‘ਨੇੜੇ ਆਈ ਜੰਨ, ਵਿੰਨ੍ਹੋ ਕੁੜੀ ਦੇ ਕੰਨ’ ਦੀ ਕਹਾਵਤ ਅਨੁਸਾਰ ਹੁਣ ਜਦੋਂ 23 ਮਾਰਚ ਸ਼ਹੀਦੀ ਦਿਹਾੜਾ ਬਰੂਹਾਂ ਤੇ ਹੈ ਤਾਂ ਗਿੱਲੀ ਤੂੜੀ ਮਿੱਟੀ ਦਾ ਲੱਥੇ ਖਲੇਪੜਾਂ ਉੱਪਰ ਪੋਚਾ ਫੇਰ ਦਿੱਤਾ ਹੈ ਤਾਂ ਜੋ ਸਰਕਾਰੀ, ਗੈਰ ਸਰਕਾਰੀ ਸਮਾਗਮਾਂ ਮੌਕੇ ਆਏ ਲੋਕਾਂ ਲਈ ਇਹ ਢਕੀ ਰਿੱਝਦੀ ਰਹੇ। ਅਜੋਕੇ ਯੁੱਗ ਅੰਦਰ ਕਿੰਨੇ ਹੀ ਚਿਰ ਸਥਾਈ ਵਿਗਿਆਨਕ ਤਰੀਕੇ ਸਾਂਭ ਸੰਭਾਲ ਲਈ ਉਪਲਬਧ ਹਨ, ਉਹ ਅਨਪਾਉਣ ਦੀ ਬਜਾਏ ਬੁੱਤਾ ਸਾਰਿਆ ਜਾ ਰਿਹਾ ਹੈ।


ਅਜੇ ਵੀ ਸ਼ਾਇਦ ਵੇਲਾ ਹੈ ਕਿ ਡੰਗ-ਟਪਾਊ ਅਤੇ ਬੇਰੁਖ਼ੀ ਭਰਿਆ ਰਵੱਈਆ ਛੱਡ ਕੇ, ਯੋਗ ਇੰਜਨੀਅਰਾਂ ਦੇ ਪੈਨਲ ਰਾਹੀਂ ਪੂਰੇ ਘਰ ਨੂੰ ਮੁਕੰਮਲ ਤੌਰ ਤੇ ਅਜੇਹੇ ਵਿਸ਼ੇਸ਼ ਸ਼ੈਡ ਦੀ ਛੱਤ ਨਾਲ ਸੰਭਾਲਿਆ ਜਾਏ ਤਾਂ ਜੋ ਲੋੜੀਂਦੀ ਧੁੱਪ, ਰੋਸ਼ਨੀ ਅਤੇ ਹਵਾਹਾਰਾ ਵੀ ਬਣਿਆ ਰਹੇ ਅਤੇ ਵੰਨ-ਸੁਵੰਨੇ ਮੌਸਮਾਂ ਦੀ ਮਾਰ ਤੋਂ ਵੀ ਘਰ ਨੂੰ ਸੁਰੱਖਿਅਤ ਰੱਖਿਆ ਜਾਵੇ। ਇਸਦੇ ਮੁੱਖ ਦੁਆਰ ਅਤੇ ਕਮਰਿਆਂ ਦੇ ਮੱਥਿਆਂ ਵਾਲਾ ਪਾਸਾ ਇਉਂ ਸੰਭਾਲਿਆ ਜਾਏ ਕਿ ਆਉਣ ਵਾਲੇ ਲੋਕਾਂ ਲਈ ਕਮਰਿਆਂ ਅੰਦਰ ਪਿਆ ਸਮਾਨ ਅਰਾਮ ਨਾਲ ਦਿਖਾਈ ਵੀ ਦੇਵੇ ਅਤੇ ਕੋਈ ਖਰਾਬ ਵੀ ਨਾ ਕਰ ਸਕੇ।

ਲੋਕ ਭਰੇ ਮਨ ਨਾਲ ਸ਼ਿਕਵਾ ਵੀ ਕਰਦੇ ਹਨ ਕਿ ਸ਼ਹੀਦ ਭਗਤ ਸਿੰਘ ਨਗਰ (ਨਵਾਂ ਸ਼ਹਿਰ)-ਫਗਵਾੜਾ ਮੁੱਖ ਸੜਕੀ ਮਾਰਗ ਤੇ ਸਥਿਤ ਅਜਾਇਬ ਘਰ ਅਤੇ ਭਗਤ ਸਿੰਘ ਦਾ ਬੁੱਤ ਵੇਖ ਕੇ ਲੋਕ ਵਾਪਸ ਪਰਤ ਜਾਂਦੇ ਹਨ। ਉਹਨਾਂ ਨੂੰ ਇਥੋਂ ਖਟਕੜ ਕਲਾਂ ’ਚ ਸ਼ਹੀਦ ਭਗਤ ਸਿੰਘ ਦੇ ਜੱਦੀ ਘਰ ਵੱਲ ਜਾਣ ਦੀ ਜਾਣਕਾਰੀ ਦਿੰਦੇ ਹੋਏ ਸੰਕੇਤ ਦਿਖਾਈ ਨਹੀਂ ਦਿੰਦੇ। ਪਿਛਲੇ ਦਿਨੀਂ ਮੁੱਖ ਮਾਰਗ ਉਪਰ ਕਈ-ਕਈ ਕਿਲੋਮੀਟਰ ਤੱਕ ‘ਦਾਣਾ ਪਾਣੀ ਦੇ ਬੋਰਡ ਤਾਂ ਲਗਾਏ ਗਏ ਜੋ ਕਿ ਅਜਾਇਬ ਘਰ ਦੀ ਚਾਰ ਦੀਵਾਰੀ ਅੰਦਰ ਬਣੀ ਕੰਟੀਨ ਨੂੰ ਨਾਂਅ ਦਿੱਤਾ ਗਿਆ ਸ਼ਹੀਦ ਭਗਤ ਸਿੰਘ ਦੇ ਪਿੰਡ ਬਾਰੇ ਬੋਰਡ ਨਹੀਂ ਲਗਾਏ ਗਏ। ਕੀ ਸ਼ਹੀਦ ਦੇ ਜੱਦੀ ਪਿੰਡ ਨਾਲੋਂ ਹੋਟਲਾਂ ਦੀ ਇਤਿਹਾਸਕ ਮਹੱਤਤਾ ਵਧੇਰੇ ਸਮਝੀ ਜਾ ਰਹੀ ਹੈ ਜਾਂ ਵਪਾਰਕ ਹਿੱਤਾਂ ਨੂੰ ਪਹਿਲ ਦਿੱਤੀ ਜਾ ਰਹੀ ਹੈ??

ਘੋਖਵੀਆਂ ਨਜ਼ਰਾਂ ਲਈ ਧਿਆਨ ਖਿੱਚਵਾਂ ਇੱਕ ਪੱਖ ਹੋਰ ਵੀ ਹੈ। ਇੱਕ ਬੰਨੇ ਜੱਦੀ ਘਰ ਮੰਦੜੇ ਹਾਲ ਹੈ, ਦੂਜੇ ਬੰਨੇ ਸੜਕ ਤੇ ਪਹਿਲਾਂ ਬਣੇ ਅਜਾਇਬ ਘਰ ਨੂੰ ਢਹਿ ਢੇਰੀ ਕਰਕੇ, ਆਧੁਨਿਕਤਾ ਅਤੇ ਨਵੀਨੀਕਰਣ ਦੇ ਨਾਂਅ ਹੇਠ ਵੱਡ-ਆਕਾਰੀ ਡਿਜ਼ਾਇਨ ਨੂੰ ਅਮਲੀ ਜਾਮਾ ਪਹਿਨਾਉਣ ਲਈ ਕੰਮ ਚਾਲੂ ਹੈ। ਇਹ ਡਿਜ਼ਾਇਨਿੰਗ ਮੂੰਹੋਂ ਬੋਲਦੀ ਹੈ ਕਿ ਅਜਾਇਬ ਘਰ ਤਾਂ ਅਣਸਰਦੇ ਨੂੰ ਰੱਖਣਾ ਹੀ ਪੈਣਾ ਹੈ ਅਸਲ ’ਚ ਤਾਜਾ ਗ੍ਰਹਿਣ ਕੀਤੀ ਜ਼ਮੀਨ ਦੇ ਵਿਸ਼ਾਲ ਰਕਬੇ ਵਿਚ ਰੈਸਟੋਰੈਂਟ ਉਸਾਰਿਆ ਜਾਏਗਾ। ਨਕਸ਼ੇ ਦਾ ਬਣਿਆ ਮਾਡਲ ਇਸਦੀ ਗਵਾਹੀ ਭਰਦਾ ਹੈ। ਬਹੁਤ ਹੀ ਅਛੋਪਲੇ ਜਿਹੇ ਅੰਦਾਜ਼ ਵਿਚ ਇਤਿਹਾਸਕ ਯਾਦਗਾਰ ਦਾ ਪ੍ਰਭਾਵ ਪਰਦੇ ਪਿੱਛੇ ਕਰਨ, ਸ਼ਹੀਦ ਭਗਤ ਸਿੰਘ ਹੋਰਾਂ ਦੀ ਵਿਚਾਰਧਾਰਾ ਜੋ ਅਜੋਕੇ ਸਮੇਂ ’ਚ ਆਏ ਦਿਨ ਹੋਰ ਵੀ ਪ੍ਰਸੰਗਕ ਹੋ ਰਹੀ ਹੈ ਉਸਨੂੰ ਕੇਂਦਰ ਵਿਚ ਲਿਆਉਣ ਦੀ ਬਜਾਏ ਇਸਦੀ ਇਤਿਹਾਸਕ ਮਹੱਤਤਾ ਖੋਰਕੇ ਇਸਨੂੰ ਸੈਰਗਾਹ ਦੇ ਰੂਪ ਵਿਚ ਤਬਦੀਲ ਕਰਨ ਦੇ ਮਨਸ਼ੇ ਪਲ ਰਹੇ ਹਨ। ਅਜੇਹਾ ਹੀ ਯਤਨ ਜਲਿਆਂਵਾਲਾ ਬਾਗ਼ ਵਿਚ ਕੀਤਾ ਗਿਆ। ਸ਼ਹੀਦ ਮਦਨ ਲਾਲ ਢੀਂਗਰਾ ਦਾ ਘਰ ਵੇਚ ਕੇ, ਮਲਬੇ ’ਚ ਬਦਲ ਕੇ ਕੀਤਾ ਗਿਆ। ਲਾਹੌਰ ਕੇਂਦਰੀ ਜੇਹਲ ਦਾ ਨਾਮੋ ਨਿਸ਼ਾਨ ਮਿਟਾ ਕੇ ਉਸਨੂੰ ਇਕ ਚੌਂਕ ’ਚ ਬਦਲ ਦਿੱਤਾ ਗਿਆ। ਏਹੀ ਨਿਸ਼ਾਨਾ ਪਲਦਾ ਹੈ ਸਥਾਪਤੀ ਦੀ ਅੱਖ ਵਿਚ। ਨਹੀਂ ਤਾਂ ਨਵੇਂ ਰੈਸਟੋਰੈਂਟਾਂ, ਝੀਲਾਂ, ਹੋਟਲਾਂ ਤੋਂ ਪਹਿਲ ਪ੍ਰਿਥਮੇਂ ਜੱਦੀ ਘਰ ਨੂੰ



Nobody opens the monument to clean it. It is stinking inside






Amolak Singh & companions - feeling aghast at the neglect



Electric wires hanging loose - an invitation to accident



Amolak Singh & companions - discussing some point at the monument



This is how the present SAD-BJP Govt of Punjab is treating our national hero







Dry Fountations at the Memorial

ਸੰਭਾਲਣ ਦਾ ਕੰਮ ਸਿਰ ਚੜ ਬੋਲਦਾ ਹੈ ਉਹ ਕਿਉਂ ਵਿਸਾਰਿਆ ਜਾ ਰਿਹਾ ਹੈ। ਸ਼ਹੀਦ ਭਗਤ ਸਿੰਘ ਦੇ ਅਜਾਇਬ ਘਰ ਦੀ ਫੋਟੋਗਰਾਫ਼ੀ ਤੋਂ ਬਿਨਾਂ ਵਜਾਹ ਰੋਕਿਆ ਜਾ ਰਿਹਾ ਹੈ। ਮਕਸਦ ਸਾਫ ਹੈ ਕਿ ਹੌਲੀ-ਹੌਲੀ ਇਤਿਹਾਸਕਤਾ ਨੂੰ ਖੋਰਦਿਆਂ ਪਿਕਨਿਕ ਥਾਂ 'ਚ ਤਬਦੀਲ ਕਰ ਦਿੱਤਾ ਜਾਵੇ। ਇਹ ਨਿਰਅਧਾਰ ਇਲਜਾਮ ਨਹੀਂ। ਠੋਸ ਪ੍ਰਮਾਣ ਤੇ ਅਧਾਰਤ ਹੈ। ਇਤਿਹਾਸਕ ਥਾਵਾਂ ਅਤੇ ਇਤਿਹਾਸਕ ਨਾਇਕਾਂ ਦੀ ਹਕੀਕੀ ਮਹੱਤਤਾ ਦਾ ਮੁਹਾਂਦਰਾ ਬਦਲਣ ਦਾ ਆਪਣਾ ਇਕ ਇਤਿਹਾਸ ਹੈ। ਸਾਡੀ ਨਵ-ਪੀਹੜੀ ਨੂੰ ਇਸ ਦਿਸ਼ਾ ਵੱਲ ਹੀ ਧੂਹਿਆ ਜਾ ਰਿਹਾ ਹੈ। ਸਥਾਪਤੀ ਮੁੱਛ ਨੂੰ ਵਟਾ ਦੇਣ ਵਾਲੇ, ਮਾਰਧਾੜ ਵਾਲੇ, ਟੀ ਸ਼ਰਟਾਂ ਅਤੇ ਪੱਗਾਂ ਤੱਕ ਸੀਮਤ ਕਰਨ ਵਾਲੇ ਭਗਤ ਸਿੰਘ ਨਾਲ ਤਾਂ ਜਾਣ-ਪਹਿਚਾਣ ਕਰਾਉਣ ਤੱਕ ਦਿਲਚਸਪੀ ਲੈਂਦੀ ਹੈ ਪਰ ਇਕ ਚਿੰਤਨਸ਼ੀਲ ਇਨਕਲਾਬ ਦੇ ਚਿੰਨ ਭਗਤ ਸਿੰਘ ਨਾਲ ਅਜੋਕੀ ਨੌਜਵਾਨ ਪੀੜੀ ਕਿਤੇ ਅੱਖ ਅਤੇ ਹੱਥ ਨਾ ਮਿਲਾ ਲਵੇ ਇਸ ਤੋਂ ਬਹੁਤ ਹੀ ਖ਼ਬਰਦਾਰ ਰਹਿ ਰਹੀ ਹੈ।

ਬੀਤੇ ਸਾਲ ਚੋਣਾਂ ਕਾਰਨ ਵੰਨ-ਸੁਵੰਨੀਆਂ ਹਾਕਮ ਧਿਰਾਂ ਪਿੰਡ 'ਚ ਮੇਲੇ ਲਗਾ ਰਹੀਆਂ ਸਨ ਮਿੱਟੀ ਮੱਥੇ ਨਾਲ ਲਗਾ ਰਹੀਆਂ ਸਨ ਹੁਣ ਘਰ ਦੀ ਹਾਲਤ ਵੀ ਦਿਖਾਈ ਨਹੀਂ ਦਿੰਦੀ। ਜੱਦੀ ਘਰ ਦੀ ਸੁਰੱਖਿਆ ਦੇ ਨਾਲ ਨਾਲ ਇਸ ਨਾਲ ਜੁੜਵੇਂ ਕੁਝ ਹੋਰ ਪੱਖ ਵੀ ਵਿਸ਼ੇਸ਼ ਧਿਆਨ ਖਿੱਚਦੇ ਹਨ। ਜੱਦੀ ਘਰ ਦੇ ਨਾਲ ਗੰਦਗੀ ਭਰਿਆ ਛੱਪੜ ਹੋਇਆ ਕਰਦਾ ਸੀ। ਪ੍ਰੈਸ, ਇਨਕਲਾਬੀ ਜੱਥੇਬੰਦੀਆਂ ਅਤੇ ਨਗਰ ਨਿਵਾਸੀਆਂ ਦੇ ਉੱਦਮ ਨਾਲ ਇਹ ਛੱਪੜ ਪੂਰ ਕੇ ਖ਼ੂਬਸੂਰਤ ਪਾਰਕ ਬਣਾਇਆ ਗਿਆ। ਇਸਨੂੰ ਜੱਦੀ ਘਰ ਨਾਲ ਜੋੜਿਆ ਗਿਆ। ਫੁਆਰੇ ਅਤੇ ਫੁੱਲ ਬੂਟੇ ਲਗਾਏ ਗਏ। ਅੱਜਕੱਲ ਫੁਆਰਾ ਬੰਦ ਹੈ। ਪਾਣੀ ਮੁੱਕਿਆ ਹੈ। ਫੁੱਲ ਬੂਟਾ ਸੁੱਕਿਆ ਹੈ। ਘਾਹ ਅਤੇ ਬੂਟੀ ਜੋਬਨ ਤੇ ਹੈ। ਖਾਸ ਕਰਕੇ ਲਾਇਬਰੇਰੀ ਦੀਆਂ ਬਾਰੀਆਂ ਦੇ ਮੋਢਿਆਂ ਤੱਕ ਬੂਟੀ ਖੜੀ ਹੈ। ਲਾਇਬਰੇਰੀ ਮੰਗਵੇਂ ਸਾਹਾਂ ਤੇ ਚਲ ਰਹੀ ਹੈ। ਦੋ ਦੀ ਥਾਂ ਹੁਣ ਮੁਲਾਜਮ ਇਕ ਕਰ ਦਿੱਤਾ ਹੈ। ਉਹ ਬੰਗਿਆਂ ਤੋਂ ਆਉਂਦਾ ਹੋਇਆ ਕਿਸੇ ਘਰੋਂ ਜਾਤੀ ਤੌਰ ਤੇ ਇੱਕ ਦੋ ਅਖ਼ਬਾਰਾਂ ਚੁੱਕ ਲਿਆਉਂਦਾ ਹੈ। ਦੋ ਘੰਟੇ ਲਾਇਬਰੇਰੀ ਖੋਲਕੇ ਜਾਂਦਾ ਹੋਇਆ ਅਖ਼ਬਾਰਾਂ ਨਾਲ ਲਿਜਾ ਕੇ ਬੰਗੀਂ ਉਸੇ ਘਰ ਵਾਪਸ ਕਰ ਦਿੰਦਾ ਹੈ।

ਮੁੱਖ ਸੜਕ 'ਤੇ ਸਥਿਤ ਅਜਾਇਬ ਘਰ ਤੋਂ ਜੇ ਪਿੰਡ ਖਟਕੜ ਕਲਾਂ ਵਾਲੇ ਜੱਦੀ ਘਰ ਨੂੰ ਆਈਏ ਤਾਂ ਬਿਨ ਫਾਟਕ ਰੇਲਵੇ ਕਰਾਸਿੰਗ ਹੈ। ਇਸ ਰੋਡੇ ਫਾਟਕ ਕਾਰਨ ਕਿਸੇ ਵੇਲੇ ਵੀ ਹਿਰਦੇ ਵੇਦਕ ਹਾਦਸਾ ਵਾਪਰ ਸਕਦਾ ਹੈ। ਇਸ ਫਾਟਕ ਤੇ ਹਮੇਸ਼ਾ ਹੀ ਆਵਾਜਾਈ ਬਣੀ ਰਹਿੰਦੀ ਹੈ। ਖਾਸ ਕਰਕੇ ਜੱਦੀ ਘਰ ਵੇਖਣ ਲਈ ਪੰਜਾਬ ਦੇ ਦੂਰ ਦੁਰਾਡੇ ਖੇਤਰਾਂ ਤੋਂ ਸਕੂਲੀ ਬੱਚੇ ਵੈਨਾਂ 'ਚ ਆਉਂਦੇ ਰਹਿੰਦੇ ਹਨ। ਸ਼ਹੀਦ ਭਗਤ ਸਿੰਘ ਦੇ ਜਨਮ ਅਤੇ ਸ਼ਹੀਦੀ ਦਿਹਾੜੇ ਮੌਕੇ ਤਾਂ ਵਿਸ਼ਾਲ ਮੇਲਾ ਹੀ ਲੱਗਿਆ ਰਹਿੰਦਾ ਹੈ।

ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਖਟਕੜ ਕਲਾਂ 'ਚ ਸ਼ਹੀਦ ਭਗਤ ਸਿੰਘ ਦੀ ਯਾਦ 'ਚ 100 ਬਿਸਤਰਿਆਂ ਦਾ ਹਸਪਤਾਲ ਬਣਾਉਣ ਦਾ ਐਲਾਨ ਕੀਤਾ ਸੀ। ਅੱਜ ਕੱਲ ਇਹ 5 ਬਿਸਤਰੇ ਦਾ ਬਣ ਕੇ ਰਹਿ ਗਿਆ। ਦਵਾਈਆਂ ਅਤੇ ਸਾਜੋ ਸਾਮਾਨ ਦਾ 'ਕਾਲ ਪਿਆ ਹੈ। ਸੋਲਰ ਪਲਾਂਟ ਖਟਕੜ ਕਲਾਂ ਦੀ ਬਿਜਲੀ ਸਪਲਾਈ ਦੀ ਵੀ ਸਹੂਲਤ ਇਸ ਹਸਪਤਾਲ ਨੂੰ ਨਹੀਂ। ਜਦੋਂ ਕਿ ਪਿੰਡ ਵਾਸੀਆਂ ਨੇ ਸੋਲਰ ਪਲਾਂਟ ਲਈ ਸਾਰੀ ਜ਼ਮੀਨ ਭੇਟ ਕੀਤੀ ਹੈ।

ਇਕ ਬੰਨੇ ਕਰਤਾਰਪੁਰ ਲਾਗੇ ਆਜ਼ਾਦੀ ਸੰਗਰਾਮੀਆਂ ਦੀ ਯਾਦ 'ਚ ਮਹਾਂ ਅਜਾਇਬ ਘਰ ਬਣਾਉਣ ਦੇ ਪੰਜਾਬ ਸਰਕਾਰ ਵੱਲੋਂ ਦਾਅਵੇ ਕੀਤੇ ਜਾ ਰਹੇ ਹਨ। ਦੂਜੇ ਬੰਨੀ ਸ਼ਹੀਦ ਭਗਤ ਸਿੰਘ ਦੇ ਜੱਦੀ ਘਰ, ਪਾਰਕ, ਲਾਇਬਰੇਰੀ, ਪੰਜਾਬ ਮਾਤਾ ਦੇ ਖਿਤਾਬ ਨਾਲ ਨਿਵਾਜੀ ਮਾਂ ਵਿਦਿਆਵਤੀ ਯਾਦਗਾਰੀ ਪਾਰਕ, ਹਸਪਤਾਲ ਅਤੇ ਫਾਟਕ ਦੀ ਇਹ ਹਾਲਤ ਹੈ ਇਹ ਸਭ ਕੁਝ ਅਨੇਕਾਂ ਸੁਆਲਾਂ ਨੂੰ ਜਨਮ ਦਿੰਦਾ ਹੈ। ਇਤਿਹਾਸ ਨੂੰ ਕੋਈ ਆਪਣੀ ਮੁੱਠੀ 'ਚ ਕੈਦ ਨਹੀਂ ਕਰ ਸਕਦਾ। ਨਾ ਹੀ ਕੋਈ ਬੇੜੀਆਂ ਪਾ ਸਕਦਾ ਹੈ। ਵਿਸ਼ੇਸ਼ ਕਰਕੇ ਅਜੋਕੇ ਸਮੇਂ ਅੰਦਰ ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਉਪਰ ਪਰਦੇ ਪਾਉਣ ਦੇ ਸਾਰੇ ਯਤਨ ਨਾਕਾਮ ਰਹਿਣਗੇ। ਸ਼ਹੀਦ ਭਗਤ ਸਿੰਘ ਨੇ ਖ਼ੁਦ ਵੀ ਅਜੇਹੇ ਵਿਚਾਰਾਂ ਦੀ ਪੁਸ਼ਟੀ ਕਰਦਿਆਂ ਆਪਣੀ ਜੇਹਲ ਡਾਇਰੀ 'ਚ ਅਮਰੀਕਨ ਕਵੀ ਵਾਲਟ ਵਿਟਮੈਨ ਦੀ ਕਵਿਤਾ ਦਾ ਇਕ ਟੋਟਾ ਦਰਜ਼ ਕੀਤਾ ਹੈ :

**ਦਫ਼ਨ ਨਹੀਂ ਹੁੰਦੇ**
**ਆਜ਼ਾਦੀ ਲਈ ਮਰਨ ਵਾਲੇ**
**ਪੈਦਾ ਕਰਦੇ ਨੇ ਮੁਕਤੀ-ਬੀਜ**
**ਹੋਰ ਬੀਜ ਪੈਦਾ ਕਰਨ ਲਈ**
**ਜਿਸਨੂੰ ਦੂਰ ਲੈ ਜਾਂਦੀ ਹੈ ਹਵਾ**
**ਫਿਰ ਬੀਜਦੀ ਹੈ ਇਸਨੂੰ**
**ਪਾਲਣ ਪੋਸਣ ਕਰਦੇ ਨੇ**
**ਵਰਖ਼ਾ, ਜਲ ਅਤੇ ਠੰਢਕ**

ਸ਼ਹੀਦ ਭਗਤ ਸਿੰਘ ਦੇ ਜੱਦੀ ਘਰ ਦੀਆਂ ਖੁਰਦੀਆਂ ਕੰਧਾਂ ਉਪਰ ਉੱਕਰੇ ਅਤੇ ਪੌਣਾਂ 'ਚ ਲਿਖੇ ਸ਼ਹੀਦ ਦੇ ਬੋਲ ਕਿਸੇ ਵੀ ਬੇ-ਰੁਖੀ ਦੇ ਬਾਵਜੂਦ ਕਦੇ ਮਲਵਾ ਨਹੀਂ ਬਣਨਗੇ। ਉਹਨਾਂ ਫ਼ਾਂਸੀ ਦੇ ਤਖਤੇ ਤੋਂ ਕਿਹਾ ਸੀ—

**ਹਵਾ ਮੇਂ ਰਹੇਗੀ**
**ਹਮਾਰੇ ਖਿਆਲ ਕੀ ਬਿਜਲੀਆਂ**
**ਯਹ ਮੁਸ਼ਤੇ ਖ਼ਾਕ ਹੈ ਫ਼ਾਨੀ**
**ਰਹੇ ਰਹੇ, ਨਾ ਰਹੇ।**

94170-76735

1996 ਤੋਂ ਨਿਰਵਿਘਨ ਮਾਂ ਬੋਲੀ ਪੰਜਾਬੀ, ਗੁਰਬਾਣੀ ਦੀ ਵਿਚਾਰਧਾਰਾ ਅਤੇ ਮਾਨਵੀ ਕਦਰਾਂ-ਕੀਮਤਾਂ ਦੀ ਤਰਜ਼ਮਾਨੀ ਕਰਦਾ ਮਾਸਿਕ ਮੈਗਜੀਨ...
ਸਿੱਖ ਵਿਰਸਾ
ਸਾਡਾ ਵਿਰਸਾ
24 ਘੰਟੇ ਆਨ ਲਾਇਨ
ਰੇਡੀਓ ਸਾਂਝ
www.radiosanjh.com
Ph: 403-250-8898 Fax: 403-250-8825
Website : www.sikhvirsa.com, Email : virsa@sikhvirsa.com

# Annual meeting of Alumni Association






The old students of S. Govt College of Science Education and Research amassed to attend annual meeting of Alumni Association in the College campus. The director of the college, Dr.MohinderKaur Grewal welcomed the guests and appreciated that the old students of the college are serving at respectable positions bringing good name to the institution. Some of them have really touched the epochs of glory. She felt proud of them and asked them to take active interest in the progress of their alma mater. The former Director, Mohinder Singh Jassal, Prof. Balwinder Singh Brar, Dr.Arun Kumar Sharma, S. Gulzar Singh and Prof. Jagdev Singh Gill nostalgically shared their valuable moments spent in the college and also stressed upon the role of the Alumni Association in the progress of the college.Prof. Balwinder Singh Brar, Alumnus of the College shared that he would have been uneducated if this college was not there.

In this meeting, members of Association were also elected for performing various duties for this session. According to this, Dr.Arun Kumar (President), Manjinder Singh, Prof. Savita Sharma, Jarnail Singh (Vice President), Prof. Jagdev Singh Gill (Secretary and Financial Secretary), Prof. Nirmal Singh (Assistant Secretary), Prof. Balwinder Singh Brar, Kamaljeet Singh, Gulzar Singh, Harpreet Singh and SumitSoni ( Executive members) were elected. Prof. Savita Sharma presented vote of thanks to the guests and Prof. Rakesh Raman conducted the whole programme.

FOR ALL YOUR REAL ESTATE NEEDS
Contact Long time trusted name in the community
HARCHARAN SINGH PARHAR
* RESIDENTIAL * BUSINESS * LAND
* COMMERCIAL * INDUSTRIAL * INVESTMENT
403-681-8689
www.parharrealty.com
hp8689@gmail.com
ਰੀਅਲ ਅਸਟੇਟ ਦੀਆਂ ਕਿਸੇ ਵੀ ਤਰ੍ਹਾਂ ਦੀਆਂ ਜ਼ਰੂਰਤਾਂ ਲਈ ਸੰਪਰਕ ਕਰੋ।
* Free no obligation evaluation
* Full time commitment
* Assistance to arrange best mortgage rates
urban Real Estate Services Ltd.
1A-4101 19 ST N.E, CALGARY, AB T2E 6X8
Ph: 403-590-2233 Fax: 403-776-1942

Avon Accounting & Tax Services
ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ 'ਤੇ ਆਪਣੇ ਬਿਜਨਿਸ ਜਾਂ ਪਰਸਨਲ ਟੈਕਸ ਸਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।
ਸੇਵਾਵਾਂ ਵੀਕ ਐਂਡ 'ਤੇ ਵੀ ਉਪਲਬਧ
Personal Tax Returns (TI)
Self Employed
Taxi Business
Corporate Tax Returns (T2)
GST/Payrolls/ROE
WCB Returns
Tax Planning & Advisory Services
Weekends/Evenings Services also available.
Tel. : 403-479-4220, 403-561-9011
pandher_2004@yahoo.com or singhh73@gmail.com

STARLINE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
Call For FREE Estimate
7 Days A Week
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

FOR ALL YOUR REAL ESTATE NEEDS
MLS MULTIPLE LISTING SERVICE
Contact Long time trusted name in the community
Gurbachan Singh Brar
REALTOR
* RESIDENTIAL * BUSINESS * LAND
* COMMERCIAL * INDUSTRIAL * INVESTMENT
403-470-2628
gsbrar@gsbrar.com
www.gsbrar.com
ਰੀਅਲ ਅਸਟੇਟ ਦੀਆਂ ਕਿਸੇ ਵੀ ਤਰ੍ਹਾਂ ਦੀਆਂ ਜ਼ਰੂਰਤਾਂ ਲਈ ਸੰਪਰਕ ਕਰੋ।
* Free no obligation evaluation
* Full time commitment
* Assistance to arrange best mortgage rates
urban Real Estate Services Ltd.
1A-4101 19 ST N.E, CALGARY, AB T2E 6X8
Ph: 403-590-2233 Fax: 403-776-1942

# 2015 ਵਿਚ ਕੀ ਕੀ ਹੋਵੇਗਾ?



ਲੰਡਨ ਤੋਂ ਨਰਪਾਲ ਸਿੰਘ ਸ਼ੇਰਗਿੱਲ

ਜਨਵਰੀ 2015 ਵਿਚ ਸੰਸਾਰ ਦੇ 7 ਸ਼ਕਤੀਸ਼ਾਲੀ ਦੇਸ਼ਾਂ ਦੀ ਕੌਮਾਂਤਰੀ ਜਥੇਬੰਦੀ, ਜੀ-7, ਦੀ ਪ੍ਰਧਾਨਗੀ ਜਰਮਨੀ ਕੋਲ ਆ ਗਈ ਹੈ ਅਤੇ 27 ਮੈਂਬਰ ਦੇਸ਼ਾਂ ਦੇ ਯੂਰਪੀ ਸੰਘ ਦੀ 6 ਮਾਸਕ ਚੱਕਰਵਰਤੀ ਪ੍ਰਧਾਨਗੀ ਲੈਟਵੀਆ ਕੋਲ ਆ ਗਈ ਹੈ। ਜਨਵਰੀ ਵਿਚ ਭਾਰਤ ਦੇ 66ਵੇਂ ਗਣਤੰਤਰਤਾ ਦਿਵਸ 'ਤੇ ਜਿੱਥੇ ਅਮਰੀਕੀ ਰਾਸ਼ਟਰਪਤੀ, ਬਰਾਕ ਓਬਾਮਾ ਮੁੱਖ ਮਹਿਮਾਨ ਤੌਰ 'ਤੇ ਆਏ ਸਨ, ਉੱਥੇ ਦੋ ਦਿਨਾਂ ਠਹਿਰ ਦੌਰਾਨ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਕਈ ਅਹਿਮ ਦੋ ਦੇਸ਼ੀ ਇਕਰਾਰਨਾਮੇ ਕੀਤੇ ਗਏ ਹਨ।

ਫਰਵਰੀ ਦੌਰਾਨ ਜਿੱਥੇ ਭਾਰਤ ਦੀ ਰਾਜਧਾਨੀ ਦਿੱਲੀ ਦੀਆਂ ਵਿਧਾਨ ਸਭਾ ਚੋਣਾਂ ਹੋਣਗੀਆਂ, ਉੱਥੇ ਅਫਰੀਕਾ ਵਿਚ ਸਭ ਤੋਂ ਵੱਧ ਆਬਾਦੀ ਵਾਲੇ ਦੇਸ਼, ਨਾਈਜੀਰੀਆ ਵਿਚ ਉਥੋਂ ਦੀ ਪਾਰਲੀਮੈਂਟ ਅਤੇ ਰਾਸ਼ਟਰਪਤੀ ਦੀਆਂ ਚੋਣਾਂ ਹੋਈਆਂ। ਮਾਰਚ ਵਿਚ 20 ਤਾਰੀਖ ਨੂੰ ਯੂਰਪ ਅਤੇ ਹੋਰ ਦੇਸ਼ਾਂ ਵਿਚ ਪੂਰਨ ਸੂਰਜ ਗ੍ਰਹਿਣ ਲੱਗੇਗਾ। ਇਸੇ ਮਹੀਨੇ ਇੰਗਲੈਂਡ ਦੇ ਇਕ ਸਵਰਗਵਾਸੀ ਬਾਦਸ਼ਾਹ, ਰਿਚਰਡ ਤੀਜਾ ਜਿਸ ਦੇ ਸਰੀਰ ਦੇ ਕੁੱਝ ਹਿੱਸੇ ਇਕ ਕਾਰ ਪਾਰਕ ਵਿਚੋਂ 2012 ਵਿਚ ਮਿਲੇ ਸਨ, ਨੂੰ ਲੈਸਟਰ ਦੇ ਗਿਰਜੇ ਵਿਚ ਦੁਬਾਰਾ ਦਫਨਾਇਆ ਜਾਵੇਗਾ।

ਅਪ੍ਰੈਲ ਵਿਚ ਸਿੱਖਾਂ ਵੱਲੋਂ ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦਾ ਤਿਉਹਾਰ ਸੰਸਾਰ ਵਿਚ ਮਨਾਇਆ ਜਾਵੇਗਾ। ਧੁਰ ਪੱਛਮ ਵਿਚ ਸਾਰੇ ਅਮਰੀਕੀ ਦੇਸ਼ਾਂ ਦੀ ਸੱਤਵੀਂ ਕਨਵੈਨਸ਼ਨ ਪਾਨਾਮਾ ਵਿਖੇ ਆਯੋਜਿਤ ਕੀਤੀ ਜਾਵੇਗੀ।

ਮਈ, 2015 ਵਿਚ ਬਰਤਾਨੀਆ ਦੀ ਪਾਰਲੀਮੈਂਟ, ਹਾਊਸ ਆਫ ਕਾਮਨਜ਼, ਲਈ ਆਮ ਚੋਣਾਂ ਹੋਣਗੀਆਂ। ਇਨ੍ਹਾਂ ਚੋਣਾਂ ਵਿਚ ਕਈ ਭਾਰਤੀ ਮੂਲ ਦੇ ਪਰਵਾਸੀ, ਭਾਰਤੀ ਨਾਗਰਿਕਤਾ ਛੱਡ ਕੇ ਬਰਤਾਨਵੀ ਨਾਗਰਿਕਾਂ ਦੇ ਤੌਰ 'ਤੇ ਆਪਣੇ ਨਵੇਂ ਅਪਨਾਏ ਦੇਸ਼ ਦੀ ਸੰਸਦ ਦੇ ਮੈਂਬਰ ਬਣਨ ਲਈ ਵੱਖੋ-ਵੱਖਰੀਆਂ ਰਾਜਨੀਤਕ ਪਾਰਟੀਆਂ ਦੀਆਂ ਟਿਕਟਾਂ 'ਤੇ ਚੋਣ ਲੜਣਗੇ।





ਜੂਨ ਵਿਚ ਤੁਰਕੀ ਦੀਆਂ ਆਮ ਚੋਣਾਂ ਹੋਣਗੀਆਂ। ਇਸੇ ਮਹੀਨੇ ਜਰਮਨੀ ਦੀ ਚਾਂਸਲਰ ਐਂਜਲਾ ਮਰਕਿਲ ਸਭ ਤੋਂ ਅਮੀਰ ਦੇਸ਼ਾਂ ਦੇ ਮੁਖੀਆਂ ਦਾ ਸਿਖਰ ਸੰਮੇਲਨ ਆਯੋਜਿਤ ਕਰੇਗੀ। ਜੇ ਰੂਸੀ ਰਾਸ਼ਟਰਪਤੀ, ਵਲਾਦੀਮੀਰ ਪੁਤਿਨ ਨੂੰ ਸੱਦਾ ਦਿੱਤਾ ਗਿਆ ਤਾਂ ਇਹ ਜੀ-7 ਦੇਸ਼ਾਂ ਦੀ ਜਥੇਬੰਦੀ ਜੀ-8 ਸ਼ਕਤੀਸ਼ਾਲੀ ਦੇਸ਼ਾਂ ਦੇ ਮੁਖੀਆਂ ਦੀ ਮਿਲਣੀ ਹੋਵੇਗੀ।

ਜੁਲਾਈ ਵਿਚ ਯੂਰਪੀ ਸੰਘ ਦੇਸ਼ਾਂ ਦੀ ਚੱਕਰਵਰਤੀ 6-ਮਾਸਿਕ ਪ੍ਰਧਾਨਗੀ ਸਭ ਤੋਂ ਛੋਟਾ ਅਤੇ ਘੱਟ ਆਬਾਦੀ ਵਾਲਾ ਲਕਸਮਬਰਗ ਸੰਭਾਲ ਲਵੇਗਾ। ਅਗਸਤ ਵਿਚ 127 ਕਰੋੜ ਭਾਰਤੀ, ਭਾਰਤ ਅਤੇ ਕੌਮਾਂਤਰੀ ਪੱਧਰ 'ਤੇ ਸਥਾਪਿਤ ਆਪਣੇ ਦੂਤਵਾਸਾਂ ਵਿਖੇ ਤਿਰੰਗਾ ਲਹਿਰਾ ਕੇ ਸੰਸਾਰ ਭਰ ਵਿਚ ਸੁਤੰਤਰਤਾ ਦਿਵਸ ਮਨਾਉਣਗੇ।

ਸਤੰਬਰ ਵਿਚ ਬਰਤਾਨੀਆ ਦੀ ਮਹਾਰਾਣੀ ਅਲਿਜ਼ਬੈਥ (ਦੂਜੀ) ਸੰਸਾਰ ਵਿਚ ਸਭ ਤੋਂ ਵੱਧ, 63 ਸਾਲ 7 ਮਹੀਨੇ ਅਤੇ 3 ਦਿਨ, ਰਾਜ ਕਰਨ ਵਾਲੀ ਬਰਤਾਨਵੀ ਮਲਕਾ ਵਿਕਟੋਰੀਆ ਦਾ ਰਿਕਾਰਡ ਤੋੜੇਗੀ। ਅਕਤੂਬਰ ਵਿਚ ਕੈਨੇਡਾ ਦੀਆਂ ਆਮ ਚੋਣਾਂ ਹੋਣ ਜਾ ਰਹੀਆਂ ਹਨ। ਵਿਸ਼ਵ ਦੇ ਸਭ ਤੋਂ ਵੱਡੇ ਆਰਥਿਕ ਅਦਾਰੇ, ਅੰਤਰਰਾਸ਼ਟਰੀ ਮੁਦਰਾ ਫੰਡ ਅਤੇ ਵਿਸ਼ਵ ਬੈਂਕ, ਪੀਰੂ ਵਿਚ ਲੀਮਾ ਵਿਖੇ ਆਪਣੀ ਸਾਲਾਨਾ ਕਾਨਫਰੰਸ ਕਰਨਗੇ।




11 ਨਵੰਬਰ ਨੂੰ ਭਾਰਤੀਆਂ ਦਾ ਸਭ ਤੋਂ ਵੱਡਾ ਰੋਸ਼ਨੀਆਂ ਵਾਲਾ ਦੀਵਾਲੀ ਤਿਉਹਾਰ ਭਾਰਤ ਅਤੇ ਵਿਦੇਸ਼ਾਂ ਵਿਚ ਵਸਦੇ ਕਰੋੜਾਂ ਭਾਰਤੀ ਮਨਾਉਣਗੇ। ਇਸੇ ਮਹੀਨੇ ਤੁਰਕੀ ਸੰਸਾਰ ਦੇ ਸਭ ਤੋਂ ਅਮੀਰ 20 ਦੇਸ਼ਾਂ ਦੀ ਗੁਟਬੰਦੀ, ਜੀ-20, ਦੀ ਸਲਾਨਾ ਕਾਨਫਰੰਸ ਦੀ ਮਹਿਮਾਨ ਨਿਵਾਜੀ ਕਰੇਗੀ ਅਤੇ 21-ਮੈਂਬਰ ਦੇਸ਼ੀ "ਏਸ਼ੀਆ-ਪੈਸਫਿਕ ਆਰਥਿਕ ਭਾਈਵਾਲੀ" ਗੁਟਬੰਦੀ ਦਾ ਸਲਾਨਾ ਸੰਮੇਲਨ ਫਿਲਪੀਨ ਵਿਚ ਮਨੀਲਾ ਵਿਖੇ ਆਯੋਜਿਤ ਕੀਤਾ ਜਾਵੇਗਾ।

ਦਸੰਬਰ ਵਿਚ ਸਪੇਨ ਦੀਆਂ ਆਮ ਚੋਣਾਂ ਹੋ ਜਾਣਗੀਆਂ। ਇਸੇ ਮਹੀਨੇ ਈਸਾਈ ਧਰਮ ਦਾ ਸਭ ਤੋਂ ਵੱਡਾ ਸਾਲਾਨਾ ਤਿਉਹਾਰ, ਕ੍ਰਿਸਮਸ, ਸੰਸਾਰ ਭਰ ਵਿਚ ਮਨਾਇਆ ਜਾਵੇਗਾ ਅਤੇ ਈਸਾਈ ਧਰਮ ਦੇ ਮੁਖੀ ਇਟਲੀ ਵਿਚ ਰੋਮ ਵਿਖੇ ਵੈਟੀਕਨ ਚੌਕ ਵਿਚ ਇਕੱਤਰ ਲੱਖਾਂ ਈਸਾਈਆਂ ਅਤੇ ਗੈਰ-ਈਸਾਈਆਂ ਨੂੰ ਸੰਸਾਰ ਵਿਚ ਅਮਨ-ਸ਼ਾਂਤੀ ਬਰਕਰਾਰ ਰੱਖਣ ਅਤੇ ਕਰਨ ਦਾ ਇਤਿਹਾਸਕ ਸੰਦੇਸ਼ ਦੇਣਗੇ।

**ਦਹਿਸ਼ਤਵਾਦੀ ਚੁਣੌਤੀਆਂ** : ਇਸ ਵਰ੍ਹੇ ਦੀ ਸ਼ੁਰੂਆਤ ਹੀ ਫਰਾਂਸ ਵਿਚ ਪੈਰਿਸ ਵਿਖੇ ਵਾਪਰੀ ਇਕ ਅਜਿਹੀ ਦਹਿਸ਼ਤਵਾਦੀ ਘਟਨਾ ਨਾਲ ਹੋਈ ਹੈ, ਜਿੱਥੇ ਇਕ ਅਖਬਾਰ ਦੇ ਸੰਪਾਦਕ ਸਮੇਤ ਸਾਰੇ ਸੰਪਾਦਕੀ ਵਿਭਾਗ ਦੇ ਕਰਮਚਾਰੀਆਂ ਨੂੰ ਗੋਲੀਆਂ ਨਾਲ ਉਡਾ ਦਿੱਤਾ ਗਿਆ ਸੀ। ਇਸਲਾਮੀ ਦਹਿਸ਼ਤਵਾਦੀਆਂ ਵੱਲੋਂ ਕੀਤੀ ਇਸ ਅਫਸੋਸਨਾਕ ਘਟਨਾ ਵਿਚ 12 ਵਿਅਕਤੀ ਮਾਰੇ ਗਏ ਅਤੇ ਉਸ ਤੋਂ ਬਾਅਦ ਲਗਾਤਾਰ ਦੋ ਦਿਨ ਹੋਰ ਥਾਵਾਂ 'ਤੇ ਵੀ ਬੇਗੁਨਾਹੇ ਨਾਗਰਿਕ ਮਾਰੇ ਗਏ। ਕੌਮਾਂਤਰੀ ਪੱਧਰ 'ਤੇ 2015 ਵਿਚ ਸਭ ਤੋਂ ਵੱਡੀ ਚੁਣੌਤੀ ਇਸਲਾਮੀ ਦਹਿਸ਼ਤਵਾਦ ਹੈ, ਜੋ ਅਮਰੀਕਾ ਦੀ ਰਿਪਬਲੀਕਨ ਪਾਰਟੀ ਦੇ ਦੋ ਪਿਓ-ਪੁੱਤਰ ਅਤੇ ਬੁਸ਼ ਪਰਿਵਾਰ ਦੇ ਰਾਸ਼ਅਰਪਤੀਆਂ ਨੇ ਈਰਾਕ ਨੂੰ ਤਬਾਹ ਕਰਨ ਅਤੇ ਉਸ ਦਾ ਕੋਈ ਸਥਾਈ ਅਮਨ ਪਸੰਦ ਹੱਲ ਨਾ ਕਰਨ ਬਦਲੇ ਸਾਰੇ ਅਮਰੀਕੀ ਲੋਕਾਂ ਲਈ ਸੰਸਾਰ ਭਰ ਵਿਚ ਕੰਡੇ ਬੀਜ ਦਿੱਤੇ ਹਨ, ਜਿਨ੍ਹਾਂ ਨੂੰ ਵਿਰੋਧੀ ਡੈਮੋਕਰੇਟਿਕ ਪਾਰਟੀ ਦੇ ਪਹਿਲੇ ਗੈਰ-ਗੋਰੇ ਕਾਬਲ ਰਾਸ਼ਟਰਪਤੀ, ਬਰਾਕ ਓਬਾਮਾ ਨੂੰ ਆਪਣੇ ਕਾਰਜਕਾਲ ਦੇ 8 ਸਾਲ ਲਗਾਤਾਰ ਚੁਗਣੇ ਪਏ ਰਹੇ ਹਨ ਅਤੇ ਅਮਰੀਕੀ ਦੂਤਵਾਸਾਂ ਦੇ ਕਰਮਚਾਰੀਆਂ, ਅਮਰੀਕੀ ਪੱਤਰਕਾਰਾਂ ਅਤੇ ਸੈਲਾਨੀਆਂ ਨੂੰ ਸਮੇਂ-ਸਮੇਂ ਆਪਣੀ ਕੁਰਬਾਨੀ ਦੇ ਕੇ ਚੁਗਣੇ ਪੈ ਰਹੇ ਹਨ। ਈਰਾਕ ਦੇ ਪੀੜਤ ਇਸਲਾਮੀ ਛੋਕਰਿਆਂ ਦੇ ਨਾਲ ਹੁਣ ਸੀਰੀਆ, ਲਿਬੀਆ, ਤਾਲਿਬਾਨ, ਅਫਗਾਨਿਸਤਾਨ, ਪਾਕਿਸਤਾਨ-ਕਸ਼ਮੀਰੀ ਇੰਤਹਾਅ ਪਸੰਦ ਇਸਲਾਮੀ ਦਹਿਸ਼ਤਪਸੰਦ ਹੁਣ ਸਮੇਂ-ਸਮੇਂ ਪਾਕਿਸਤਾਨ, ਭਾਰਤ, ਕੀਨੀਆ, ਤਨਜ਼ਾਨੀਆ, ਆਸਟ੍ਰੇਲੀਆ ਅਤੇ ਫਰਾਂਸ ਆਦਿ ਦੇਸ਼ਾਂ ਵਿਚ ਆਪਣੀ ਇਸਲਾਮੀ ਤੜੀ ਠੋਸਣ ਲਈ ਬੇਗੁਨਾਹ ਲੋਕਾਂ ਨੂੰ ਬਲੀ ਦੇ ਬੱਕਰੇ ਬਣਾਉਂਦੇ ਵੇਖੇ ਜਾਂਦੇ ਰਹੇ ਹਨ।

ਰਾਜਨੀਤਿਕ ਚੁਣੌਤੀਆਂ : ਇਸ ਵਰ੍ਹੇ ਵਿਚ ਭਾਰਤ ਦੀ ਰਾਜਧਾਨੀ ਦਿੱਲੀ ਵਾਂਗ ਯੂਰਪ ਦੇ ਬਰਤਾਨੀਆ ਅਤੇ ਸਪੇਨ ਵਿਚ, ਅਤੇ ਉੱਤਰੀ ਅਮਰੀਕਾ ਦੇ ਕੈਨੇਡਾ ਵਿਚ ਸੰਸਦੀ ਚੋਣਾਂ ਹੋਣਗੀਆਂ। ਬਰਤਾਨੀਆ ਅਤੇ ਕੈਨੇਡਾ ਵਿਚ ਇਸ ਵੇਲੇ ਟੋਰੀ ਜਾਂ ਕਨਜ਼ਰਵੇਟਿਵ ਪਾਰਟੀ ਦੇ ਹਾਕਮਾਂ ਦੀਆਂ ਸਰਕਾਰਾਂ ਹਨ, ਜਿਨ੍ਹਾਂ ਨੂੰ ਬਰਤਾਨੀਆ ਵਿਚ ਦੂਜੀ ਵੱਡੀ ਪਾਰਟੀ ਲੇਬਰ ਪਾਰਟੀ ਅਤੇ ਕੈਨੇਡਾ ਵਿਚ ਲਿਬਰਲ ਪਾਰਟੀ ਦੇ ਲੀਡਰਾਂ ਦੀਆਂ ਸਿੱਧੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕੈਨੇਡਾ ਵਿਚ ਬਹੁਤ ਸਖਤ ਮੁਕਾਬਲਾ ਹੋਣ ਦੀ ਸੰਭਾਵਨਾ ਹੈ, ਕਿਉਂਕਿ ਕੈਨੇਡਾ ਦੀ ਲਿਬਰਲ ਪਾਰਟੀ ਦੇ ਵਰਤਮਾਨ ਆਗੂ ਪਿਛਲੇ ਦਹਾਕਿਆਂ ਦੌਰਾਨ ਲਗਾਤਾਰ 15 ਵਰ੍ਹੇ ਪ੍ਰਧਾਨ ਮੰਤਰੀ ਰਹੇ, ਪੀਰੀ ਟਰੂਡੋਅ ਦੇ ਪੁੱਤਰ ਜਸਟਿਨ ਟਰੂਡੋਅ ਹਨ, ਜੋ ਆਪਣੇ ਪਿਤਾ ਦੀ ਵਿਰਾਸਤ ਦਾ ਲਾਭ ਉਠਾਉਂਦੇ ਹੋਏ ਕੈਨੇਡਾ ਦੇ ਖਾਨਦਾਨੀ ਜਾਂ ਰਵਾਇਤੀ ਲਿਬਰਲ ਵੋਟਰਾਂ ਅਤੇ ਸਾਥੀਆਂ ਦਾ ਭਰਪੂਰ ਸਹਿਯੋਗ ਪ੍ਰਾਪਤ ਕਰਕੇ ਸਟੀਫਨ ਹਾਰਪਰ ਦੀ ਪਾਰਟੀ ਵਿਰੁੱਧ ਫੈਸਲਾਕੁੰਨ ਲੜਾਈ ਜਿੱਤ ਸਕਦੇ ਹਨ।

**ਭਾਰਤ ਅਤੇ 2015** : ਭਾਰਤ ਸਭ ਤੋਂ ਵੱਧ 127 ਕਰੋੜ ਵਸੋਂ ਵਾਲਾ ਵਿਸ਼ਾਲ ਲੋਕਰਾਜੀ ਦੇਸ਼ ਹੈ, ਜਿਸ ਨੂੰ ਸਭ ਤੋਂ ਵੱਧ ਕੌਮੀ ਅਤੇ ਕੌਮਾਂਤਰੀ ਚੁਣੌਤੀਆਂ ਹਨ। ਜਿੱਥੇ ਦਹਿਸ਼ਤਵਾਦੀ, ਅਤਿਵਾਦੀ, ਵੱਖਵਾਦੀ, ਮਾਓਵਾਦੀ, ਨਕਸਲਵਾਦੀ, ਕਸ਼ਮੀਰੀ ਅਤੇ ਇਸਲਾਮੀ ਘਟਨਾਵਾਂ ਨਾਲ 1947 ਤੋਂ ਲਗਾਤਾਰ ਜੂਝ ਰਹੀਆਂ ਭਾਰਤੀ ਫੌਜਾਂ ਅਤੇ ਸੁਰੱਖਿਆ ਦਲਾਂ ਨੂੰ 2015 ਵਿਚ ਉਸੇ ਤਰ੍ਹਾਂ ਖਬਰਦਾਰ ਰਹਿਣਾ ਪਵੇਗਾ। ਪਿਛਲੇ ਵਰ੍ਹੇ "ਅੱਛੇ ਦਿਨ ਆਨੇ ਵਾਲੇ ਹੈਂ" ਦੇ ਪ੍ਰਚਾਰ ਨਾਲ 10 ਸਾਲ ਤੋਂ ਚੱਲ ਰਹੀ ਭ੍ਰਿਸ਼ਟ ਅਤੇ ਨਿਕੰਮੀ ਕਾਂਗਰਸ ਸਰਕਾਰ ਨੂੰ ਚਿੱਤ ਕਰਕੇ ਭਾਰਤੀ ਜਨਤਾ ਪਾਰਟੀ ਦੀ ਮੋਦੀ ਸਰਕਾਰ ਕੇਂਦਰ ਵਿਚ ਛਾ ਗਈ ਹੈ, ਪਰ ਪਿਛਲੇ 9 ਮਹੀਨੇ ਤੋਂ ਭਾਰਤੀ ਜੀਵਨ ਵਿਚ ਹਿੰਦੂ ਪਰਬਲ ਤਾਨਾਸ਼ਾਹੀ, ਦੋ ਨੰਬਰ ਦਾ ਕੌਮੀ ਵਪਾਰ, ਰਿਸ਼ਵਤਖੋਰੀ, ਮਿਲਾਵਟਖੋਰੀ ਅਤੇ ਪ੍ਰਸ਼ਾਸਨਕ ਭ੍ਰਿਸ਼ਟਾਚਾਰ ਹਰ ਦਿਨ ਪਹਿਲਾਂ ਤੋਂ ਵੀ ਵੱਧ ਭਾਰਤੀ ਮਿਹਨਤਕਸ਼ ਜਨ-ਜੀਵਨ ਨੂੰ ਪ੍ਰਭਾਵਿਤ ਕਰਦੇ ਵੇਖੇ ਜਾ ਰਹੇ ਹਨ।

26 ਜਨਵਰੀ ਦੇ ਗਣਤੰਤਰ ਦਿਵਸ 'ਤੇ ਸਭ ਤੋਂ ਸ਼ਕਤੀਸ਼ਾਲੀ ਦੇਸ਼ ਦੇ ਰਾਸ਼ਟਰਪਤੀ ਬਰਾਕ ਓਬਾਮਾ ਦੇ ਮੁੱਖ ਮਹਿਮਾਨੀ ਸਵਾਗਤ ਅਤੇ ਦੋ-ਦੇਸ਼ੀ ਗੱਲਬਾਤ ਨਾਲ ਭਾਰਤ ਦੀ ਵਿਦੇਸ਼ੀ ਨੀਤੀ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਵਕਤੀ ਤੌਰ 'ਤੇ ਕੌਮੀ ਅਤੇ ਕੌਮਾਂਤਰੀ ਪੱਧਰ 'ਤੇ ਸਰਕਾਰੀ ਸਰਪ੍ਰਸਤੀ ਵਾਲਾ ਪ੍ਰਚਾਰਕ ਅਤੇ ਵੱਕਾਰੀ ਹੁਲਾਰਾ ਤਾਂ ਮਿਲਿਆ ਹੈ ਪਰ ਬੁੱਧੀਜੀਵੀਆਂ ਅਤੇ ਨਿਰਪੱਖ ਲੋਕਾਂ, ਮੀਡੀਆ ਅਤੇ ਵਪਾਰਕ ਅਦਾਰਿਆਂ 'ਤੇ ਕਿਸੇ ਕਿਸਮ ਦਾ ਸਥਾਈ ਪ੍ਰਭਾਵ ਨਹੀਂ ਪੈ ਸਕੇਗਾ ਅਤੇ ਨਾ ਹੀ ਆਮ ਭਾਰਤੀ ਦੇ ਰੋਜ਼ਾਨਾ ਜੀਵਨ ਜਾਂ ਪੱਧਰ 'ਤੇ ਅਸਰ ਪਵੇਗਾ। ਕੇਂਦਰ ਵਿਚ ਮੋਦੀ ਸਰਕਾਰ ਕਿਹੜੀਆਂ ਜਨਤਾ-ਪੱਖੀ, ਵਿਕਾਸਸ਼ੀਲ ਅਤੇ ਭ੍ਰਿਸ਼ਟਾਚਾਰ ਮੁਕਤ ਯੋਜਨਾਵਾਂ ਨੂੰ ਕੇਂਦਰ ਅਤੇ ਆਪਣੀਆਂ ਭਾਈਵਾਲੀ ਜਾਂ ਭਾਜਪਾ ਰਾਜ ਸਰਕਾਰਾਂ ਦੇ ਭ੍ਰਿਸ਼ਟ ਆਗੂਆਂ ਅਤੇ ਅਧਿਕਾਰੀਆਂ ਤੋਂ ਭਾਰਤੀ ਲੋਕਾਂ ਨੂੰ ਮੁਕਤ ਕਰਵਾ ਕੇ ਸਮੁੱਚੇ ਭਾਰਤ ਵਾਸੀਆਂ ਨੂੰ ਸੁਖਦਾਇਕ, ਸੁਤੰਤਰ ਉਨਤੀਸ਼ੀਲ, ਵਿਕਾਸਸ਼ੀਲ, ਰਿਸ਼ਵਤਖੋਰੀ ਅਧੀਨ ਲਗਾਤਾਰ ਵਿਕਸਤ ਹੋ ਰਹੇ ਦੋ ਨੰਬਰ ਦੇ ਧੰਦੇ ਤੋਂ ਮੁਕਤ ਕਰਵਾ ਕੇ ਕੀ ਉੱਚੀ-ਪੱਧਰੀ ਵਿਦਿਅਕ, ਸਿਹਤ ਅਤੇ ਪ੍ਰਬੰਧਕੀ ਸੇਵਾਵਾਂ ਮੁਹੱਈਆ ਕਰਵਾ ਸਕਦੀ ਹੈ? ਇਹੀ ਭਾਰਤ ਅਤੇ ਭਾਰਤੀਆਂ ਨੂੰ ਰੋਜ਼ਾਨਾ ਜਨਜੀਵਨ ਦੀ ਚੁਣੌਤੀਆਂ ਤੋਂ ਮੁਕਤ ਕਰਵਾ ਕੇ ਦੇਸ਼ ਅਤੇ ਦੇਸ਼ਵਾਸੀਆਂ ਨੂੰ "ਅੱਛੇ ਦਿਨਾਂ" ਦੀ ਝਲਕ ਵਿਖਾ ਸਕਦੇ ਹਨ, ਨਹੀਂ ਤਾਂ 2015 ਵਿਚ ਵੀ ਪਿਛਲੇ ਵਰਿਆਂ ਵਾਂਗ ਮਿਹਨਤਕਸ਼ ਅਤੇ ਕਾਬਲ ਭਾਰਤੀ ਨੌਜਵਾਨ ਵਧੀਆ ਆਰਥਿਕ ਬਦਲ ਦੀ ਤਲਾਸ਼ ਵਿਚ ਵਿਦੇਸ਼ੀ ਦੂਤਵਾਸਾਂ ਦੇ ਬੂਹੇ ਠੋਰਦੇ ਹੋਏ ਲੰਮੀਆਂ ਕਤਾਰਾਂ ਬੰਨ ਕੇ ਖੜ੍ਹੇ ਵੇਖੇ ਜਾਣਗੇ।

**ਮੋਬਾਇਲ** : 0790-3190-838
**Email: shergill@journalist.com**

ਵਿਕਾਸ ਦੇ ਨਾਂ 'ਤੇ ਵਿਨਾਸ਼

ਲੱਖਾਂ ਹੈਕਟੇਅਰ ਜ਼ਮੀਨ 'ਤੇ ਡਾਕਾ

# ਖੇਤਾਂ ਅਤੇ ਜੰਗਲਾਂ ਦੇ ਕਰੋੜਾਂ ਪੁੱਤਾਂ ਦਾ ਉਜਾੜਾ

ਨਰਿੰਦਰ ਕੁਮਾਰ ਜੀਤ



ਨਰਿੰਦਰ ਮੋਦੀ ਦੀ ਅਗਵਾਈ ਹੇਠਲੀ ਭਾਜਪਾ ਸਰਕਾਰ ਵੱਲੋਂ 2013 ਦੇ ਜ਼ਮੀਨ ਅਧਿਗ੍ਰਹਿਣ ਕਾਨੂੰਨ ਵਿੱਚ 31 ਦਸੰਬਰ 2014 ਨੂੰ ਆਰਡੀਨੈਂਸ ਰਾਹੀਂ ਕੀਤੀਆਂ ਗਈਆਂ ਸੋਧਾਂ ਅਸਲ ਵਿੱਚ ਭਾਰਤ ਦੇ ਕਰੋੜਾਂ ਕਿਸਾਨਾਂ ਅਤੇ ਸਦੀਆਂ ਤੋਂ ਜੰਗਲਾਂ ਦੀ ਬੁੱਕਲ ਵਿੱਚ ਰਹਿੰਦੇ ਆਦਿਵਾਸੀਆਂ ਦੇ ਸਿਰਾਂ 'ਤੇ ਮੰਡਰਾ ਰਹੀਆਂ ਦੇਸੀ-ਵਿਦੇਸ਼ੀ ਗਿਰਝਾਂ ਨੂੰ ਉਹਨਾਂ ਦਾ ਮਾਸ ਨੋਚਣ ਦੀ ਹੱਲਾਸ਼ੇਰੀ ਹੈ। ਵਿਕਾਸ ਦੇ ਨਾਂ 'ਤੇ ਲੱਖਾਂ ਹੈਕਟੇਅਰ ਜ਼ਮੀਨ ਹੜੱਪਣ; ਖੇਤਾਂ ਅਤੇ ਜੰਗਲਾਂ ਦੇ ਕਰੋੜਾਂ ਪੁੱਤਾਂ ਦਾ ਦੁਨੀਆਂ ਵਿੱਚ ਸਭ ਤੋਂ ਵੱਡਾ ਉਜਾੜਾ ਕਰਨ; ਮੁਲਕ ਭਰ ਦੇ ਕੁਦਰਤੀ ਮਾਲ ਖਜ਼ਾਨੇ— ਜਲ, ਜੰਗਲ, ਜ਼ਮੀਨ, ਖਣਿਜ ਪਦਾਰਥ, ਕਿਰਤ-ਸ਼ਕਤੀ ਆਦਿ ਦੇਸੀ-ਵਿਦੇਸ਼ੀ ਕੰਪਨੀਆਂ ਦੀ ਮੁਨਾਫੇ ਦੀ ਹਵਸ ਦੇ ਭੇਟ ਚੜ੍ਹਾਉਣ ਦਾ ਰਾਹ ਪੱਧਰਾ ਕਰਨ ਰਾਹੀਂ— ਇਹ ਭਾਰਤ ਦੇ ਕਰੋੜਾਂ ਗਰੀਬ ਅਤੇ ਮਿਹਨਤਕਸ਼ ਲੋਕਾਂ ਵਿਰੁੱਧ ਰਚੀ ਅਤਿ ਗੰਭੀਰ ਖ਼ੂਨੀ ਸਾਜਿਸ਼ ਹੈ। ਇਸ ਸਾਜਿਸ਼ ਵਿੱਚ ਕਾਂਗਰਸ ਅਤੇ ਯੂ.ਪੀ.ਏ. ਸਰਕਾਰ ਵਿੱਚ ਉਸਦੀਆਂ ਸਹਿਯੋਗੀ ਪਾਰਟੀਆਂ, ਭਾਜਪਾ ਅਤੇ ਐਨ.ਡੀ.ਏ ਸਰਕਾਰ ਵਿੱਚ ਉਸਦੀਆਂ ਭਾਈਵਾਲ ਪਾਰਟੀਆਂ, ਸੀ. ਪੀ. ਐਮ., ਸੀ.ਪੀ.ਆਈ ਅਤੇ ਇਹਨਾਂ ਦਾ ਖੱਬਾ ਮੋਰਚਾ, ਅਕਾਲੀ ਦਲ ਬਾਦਲ, ਸਮਾਜਵਾਦੀ ਪਾਰਟੀ, ਡੀ.ਐਮ.ਕੇ., ਅੰਨਾ ਡੀ.ਐਮ.ਕੇ, ਤੇਲਗੂ ਦੇਸਮ ਵਰਗੀਆਂ ਇਲਾਕਾਈ ਪਾਰਟੀਆਂ—ਗੱਲ ਕੀ ਲੱਗਭੱਗ ਸਾਰੀਆਂ ਪਾਰਲੀਮਾਨੀ ਪਾਰਟੀਆਂ ਸ਼ਾਮਲ ਹਨ। ਸੰਸਾਰ ਬੈਂਕ, ਕੌਮਾਂਤਰੀ ਮੁਦਰਾ ਫੰਡ ਅਤੇ ਸੰਸਾਰ ਵਪਾਰ ਸੰਸਥਾ ਦੀ ਸਾਮਰਾਜ ਭਗਤ ਸ਼ੈਤਾਨੀ ਤਿਕੜੀ ਇਸ ਸਾਜਿਸ਼ ਦੇ ਬਲਿਊ-ਪ੍ਰਿੰਟ ਤਿਆਰ ਕਰਦੀ ਹੈ। ਏਸ਼ੀਅਨ ਵਿਕਾਸ ਬੈਂਕ (ਏ.ਡੀ.ਬੀ.) ਅਤੇ ਦੇਸੀ-ਵਿਦੇਸ਼ੀ ਰੇਟਿੰਗ ਸੰਸਥਾਵਾਂ (ਸਟੈਂਡਰਡ ਐਂਡ ਪੂਅਰ, ਕੂਪਰ, ਕਰੀਸਿਲ ਆਦਿ) ਇਸ ਬਲਿਊ-ਪ੍ਰਿੰਟ ਦੇ ਆਧਾਰ 'ਤੇ ਵੱਖ ਵੱਖ ਮੁਲਕਾਂ ਦੇ ਵਿਕਾਸ ਦੇ ਮਾਪ-ਦੰਡ ਤਹਿ ਕਰਦੀਆਂ ਹਨ। ਕਿਸੇ ਮੁਲਕ ਵਿੱਚ ਕਿੰਨੇ ਲੋਕਾਂ ਨੂੰ ਦੋ ਡੰਗ ਦੀ ਰੋਟੀ ਜੁੜਦੀ, ਕਿੰਨੇ ਲੋਕਾਂ ਦੇ ਸਿਰ 'ਤੇ ਛੱਤ ਨਹੀਂ, ਕਿੰਨੇ ਲੋਕ ਵਿਦਿਆ, ਸਿਹਤ ਸਹੂਲਤਾਂ ਅਤੇ ਪੀਣ ਵਾਲੇ ਸਾਫ ਪਾਣੀ ਤੋਂ ਵਾਂਝੇ ਹਨ, ਇਹ ਉਹਨਾਂ ਦੀ ਚਿੰਤਾ ਦਾ ਵਿਸ਼ਾ ਨਹੀਂ। ਉਹਨਾਂ ਦੀ ਚਿੰਤਾ ਹੈ- ਸੱਟਾ ਬਾਜ਼ਾਰ, ਨਵੀਆਂ ਸਨਅੱਤਾਂ ਲਾਉਣ ਅਤੇ ਬੰਦ ਕਰਨ ਦੀ ਆਜ਼ਾਦੀ, ਕਿਰਤੀਆਂ ਨੂੰ ਨੌਕਰੀ 'ਤੇ ਰੱਖਣ ਅਤੇ ਕੱਢਣ (ਹਾਇਰ ਐਂਡ ਫਾਇਰ) ਦੀ ਆਜ਼ਾਦੀ, ਵਿਦੇਸ਼ੀ ਪੂੰਜੀ ਨਿਵੇਸ਼ ਅਤੇ ਮੁਨਾਫੇ ਕਮਾਉਣ ਦੀ ਮੁਕੰਮਲ ਆਜ਼ਾਦੀ, ਟੈਕਸ ਛੋਟਾਂ, ਸੰਚਾਰ ਅਤੇ ਢੋਆ-ਢੁਆਈ ਦੀਆਂ ਸਸਤੀਆਂ ਸਹੂਲਤਾਂ ਆਦਿ।

ਹਰ ਨਿੱਕੀ ਮੋਟੀ ਗੱਲ 'ਤੇ ਜੁੱਤੋ ਜੁੱਤੀ ਹੋਣ ਵਾਲੀਆਂ ਕਾਂਗਰਸ, ਭਾਜਪਾ ਅਤੇ ਹੋਰ ਪਾਰਲੀਮਾਨੀ ਪਾਰਟੀਆਂ ਵਿੱਚ ਲੋਕਾਂ ਦੇ ਉਜਾੜੇ ਅਤੇ ਉਹਨਾਂ ਨੂੰ ਸਾਧਨ-ਹੀਣ ਬਣਾਉਣ ਬਾਰੇ ਮੁਕੰਮ ਅਤੇ ਲਾਮਿਸਾਲ ਏਕਤਾ ਹੈ। ਕਾਂਗਰਸ ਦੀ ਵਿਸ਼ੇਸ਼ ਆਰਥਿਕ ਖੇਤਰ, ਕੌਮੀ ਸਨਅੱਤੀ ਉਤਪਾਦਨ ਜ਼ੋਨ (ਐਨ.ਆ.ਐਮ.ਜ਼ੈੱਡ) ਅਤੇ ਸਨਅੱਤੀ ਗਲਿਆਰੇ ਬਣਾਉਣ ਦੀਆਂ ਯੋਜਨਾਵਾਂ, ਵਿਦੇਸ਼ੀ ਪੂੰਜੀ ਨਿਵੇਸ਼ ਨੂੰ ਉਤਸ਼ਾਹਤ ਕਰਨਾ ਅਤੇ ਦੇਸੀ ਵਿਦੇਸ਼ੀ ਧਨ-ਕੁਬੇਰਾਂ ਨੂੰ ਵੱਧ ਤੋਂ ਵੱਧ ਟੈਕਸ ਰਿਆਇਤਾਂ ਦੇਣ ਦੀਆਂ ਲੋਕ-ਮਾਰੂ ਨੀਤੀਆਂ 'ਤੇ ਭਾਜਪਾ ਨੂੰ ਕੋਈ ਤਕਲੀਫ ਨਹੀਂ, ਸਗੋਂ ਇਹਨਾਂ ਨੀਤੀਆਂ ਨੂੰ ਹੋਰ ਜ਼ੋਰ ਸੋਰ ਨਾਲ ਲਾਗੂ ਕੀਤੇ ਜਾਣ ਦੇ ਰਾਹ ਪਈ ਹੋਈ ਹੈ। ਭਾਜਪਾ ਸਰਕਾਰ ਦੇ 'ਮੇਕ ਇਨ ਇੰਡੀਆ' ਪ੍ਰੋਗਰਾਮ ਰਾਹੀਂ ਸਾਮਰਾਜੀ ਵਿਦੇਸ਼ੀ ਕੰਪਨੀਆਂ ਨੂੰ ਭਾਰਤ ਵਿੱਚ ਕਾਰਖਾਨੇ ਲਾਉਣ ਦੀ ਖੁੱਲ੍ਹ ਦੇਣ 'ਤੇ ਕਾਂਗਰਸ ਨੂੰ ਕੋਈ ਇਤਰਾਜ ਨਹੀਂ। ਸਾਲ 2013 ਦੇ ਭੂਮੀ ਅਧਿਗ੍ਰਹਿਣ ਕਾਨੂੰਨ ਵਿੱਚ ਮੋਦੀ ਸਰਕਾਰ ਵੱਲੋਂ ਕੀਤੀਆਂ ਸੋਧਾਂ ਦੀ ਇਹ ਪਾਰਟੀਆਂ ਉੱਪਰੋਂ ਚਾਹੇ ਜਿੰਨੀ ਮਰਜ਼ੀ ਨੁਕਤਾਚੀਨੀ ਅਤੇ ਵਿਰੋਧ ਕਰਨ ਪਰ ਢਿੱਡੋਂ ਖੁਸ਼ ਅਤੇ ਬਾਗੋਬਾਗ ਹਨ।

ਮੋਦੀ ਸਰਕਾਰ ਇਹਨਾਂ ਸੋਧਾਂ ਰਾਹੀਂ ਕਿਸਾਨਾਂ ਅਤੇ ਕਬਾਇਲੀ ਲੋਕਾਂ ਤੋਂ ਲੱਖਾਂ ਹੈਕਟੇਅਰ ਜ਼ਮੀਨ ਖੋਹ ਕੇ ਦੇਸੀ ਵਿਦੇਸ਼ੀ ਵੱਡੇ ਪੂੰਜੀਪਤੀਆਂ ਦੇ ਹਵਾਲੇ ਕਰਨ ਦੀ ਯੋਜਨਾ ਘੜੀ ਬੈਠੀ ਹੈ। ਵਿਸ਼ੇਸ਼ ਆਰਥਿਕ ਖੇਤਰ, ਕੌਮੀ ਸਨਅੱਤੀ ਉਤਪਾਦਨ ਜ਼ੋਨ ਅਤੇ ਸਨਅੱਤੀ ਗਲਿਆਰੇ ਇਸੇ ਯੋਜਨਾ ਦਾ ਹੀ ਹਿੱਸਾ ਹਨ। ਕਿਸਾਨਾਂ, ਖੇਤ ਮਜ਼ਦੂਰਾਂ, ਕਬਾਇਲੀ ਲੋਕਾਂ ਆਦਿ ਦਾ ਸਭ ਤੋਂ ਵੱਡਾ ਉਜਾੜਾ ਹੋਣ ਜਾ ਰਿਹਾ ਹੈ।

**ਚਾਰਾਂ ਦਿਸ਼ਾਵਾਂ 'ਚ ਸਨਅੱਤੀ ਗਲਿਆਰੇ- ਉਜਾੜੇ ਦੀਆਂ ਲੀਕਾਂ**

ਭਾਰਤੀ ਹਾਕਮਾਂ ਨੇ ਸਾਮਰਾਜੀ ਸੰਸਥਾਵਾਂ ਨਾਲ ਮਿਲ ਕੇ ਦੇਸ਼ ਦੀਆਂ ਚਾਰਾਂ ਦਿਸ਼ਾਵਾਂ 'ਚ ਲੱਖਾਂ ਕਿਲੋਮੀਟਰ ਖੇਤਰ ਵਿੱਚ ਫੈਲੇ ਸਨਅੱਤੀ ਗਲਿਆਰੇ ਕਾਇਮ ਕਰਕੇ, ਕਰੋੜਾਂ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਕਬਾਇਲੀ ਲੋਕਾਂ ਨੂੰ ਉਜਾੜਨ ਦੀ ਸਕੀਮ ਤਿਆਰ ਕਰ ਲਈ ਹੈ। ਇਹਨਾਂ ਗਲਿਆਰਿਆਂ 'ਚੋਂ ਪਹਿਲਾ ਦਿੱਲੀ-ਮੁੰਬਈ ਸਨਅੱਤੀ ਗਲਿਆਰਾ ਹੈ, ਜੋ 1483 ਕਿਲੋਮੀਟਰ ਲੰਬਾ ਹੈ। ਦੂਜਾ ਅੰਮ੍ਰਿਤਸਰ-ਕੌਲਕਾਤਾ ਵੀ ਲੱਗਭੱਗ ਇੰਨਾ ਹੀ ਲੰਬਾ ਹੈ। ਤੀਸਰਾ 560 ਕਿਲੋਮੀਟਰ ਲੰਬਾ ਚੇਨੱਈ-ਬੈਂਗਲੂਰੂ-ਚਿਤਰਦੁਰਗ ਸਨਅੱਤੀ ਗਲਿਆਰਾ ਹੈ। ਚੌਥਾ, ਬੈਂਗਲੂਰੂ-ਮੁੰਬਈ ਆਰਥਿਕ ਗਲਿਆਰਾ ਹੈ। ਪੰਜਵਾਂ ਪੂਰਬੀ ਤੱਟ ਆਰਥਿਕ ਗਲਿਆਰਾ ਹੈ, ਜੋ ਕਿ ਕੌਲਕਾਤਾ ਤੋਂ ਟੂਟੀਕੌਰਨ ਤੱਕ ਫੈਲਿਆ ਹੋਇਆ ਹੈ।

ਇਹਨਾਂ 'ਚੋਂ ਦਿੱਲੀ-ਮੁੰਬਈ ਸਨਅੱਤੀ ਗਲਿਆਰੇ 'ਤੇ ਕੰਮ ਸ਼ੁਰੂ ਹੋ ਚੁੱਕਿਆ ਹੈ। ਜਪਾਨ ਦੇ ਪੂੰਜੀ ਸਹਿਯੋਗ ਨਾਲ ਬਣਾਏ ਜਾ ਰਹੇ ਇਸ ਗਲਿਆਰੇ ਦੇ ਪਹਿਲੇ ਪੜਾਅ 'ਤੇ ਲਗਭਗ 10 ਹਜ਼ਾਰ ਕਰੋੜ ਡਾਲਰ ਖਰਚ ਆਉਣ ਦਾ ਅਨੁਮਾਨ ਹੈ।

ਇਸ ਸਨਅੱਤੀ ਗਲਿਆਰੇ ਵਿੱਚ ਲਾਈਆਂ ਜਾਣ ਵਾਲੀਆਂ ਸਨਅੱਤਾਂ ਲਈ ਲੋੜੀਂਦਾ ਕੱਚਾ ਮਾਲ ਲਿਆਉਣ ਅਤੇ ਤਿਆਰ ਮਾਲ ਲੈ ਕੇ ਜਾਣ ਲਈ 1483 ਕਿਲੋਮੀਟਰ ਲੰਬਾ ਵਿਸ਼ੇਸ਼ ਰੇਲ ਲਾਂਘਾ ਦਾਦਰੀ ਤੋਂ ਮੁੰਬਈ ਦੀ ਜਵਾਹਰ ਲਾਲ ਨਹਿਰੂ ਬੰਦਰਗਾਹ ਤੱਕ ਬਣਾਇਆ ਜਾਵੇਗਾ ਜਿਸ 'ਤੇ ਅਤਿ ਅਧੁਨਿਕ ਅਤੇ ਬੇਹੱਦ ਤੇਜ ਮਾਲ ਗੱਡੀਆਂ ਚੱਲਣਗੀਆਂ। ਇਸ ਨੂੰ ਦੇਸ਼ ਦੇ ਹੋਰਨਾਂ ਹਿੱਸਿਆਂ ਨਾਲ ਜੋੜਨ ਲਈ 9 ਨਵੇਂ ਰੇਲ ਜੰਕਸ਼ਨ ਬਣਾਏ ਜਾਣਗੇ।

ਇਸ ਸਕੀਮ ਨੂੰ ਲਾਗੂ ਕਰਨ ਲਈ ਸਰਕਾਰ ਅਤੇ ਨਿੱਜੀ ਕੰਪਨੀਆਂ ਨੇ ਮਿਲ ਕੇ 'ਦਿੱਲੀ-ਮੁੰਬਈ ਸਨਅੱਤੀ ਗਲਿਆਰਾ ਵਿਕਾਸ ਕਾਰਪੋਰੇਸ਼ਨ' (ਡੀ. ਐਮ. ਆਈ. ਸੀ. ਡੀ. ਸੀ.) ਬਣਾਈ ਹੈ। ਇਹ ਕਾਰਪੋਰੇਸ਼ਨ ਉਹਨਾਂ 6 ਰਾਜਾਂ ਵਿੱਚ ਜਿੱਥੋਂ ਦੀ ਇਸ ਗਲਿਆਰੇ ਨੇ ਲੰਘਣਾ ਹੈ- ਹਰਿਆਣਾ, ਦਿੱਲੀ, ਰਾਜਸਥਾਨ, ਉੱਤਰ ਪ੍ਰਦੇਸ਼, ਗੁਜਰਾਤ ਅਤੇ ਰਾਜਸਥਾਨ— ਲੋੜੀਂਦੀ ਜ਼ਮੀਨ ਗ੍ਰਹਿਣ ਕਰਨ ਦਾ ਕੰਮ ਸ਼ੁਰੂ ਕਰੇਗੀ। ਸਨਅੱਤੀ ਗਲਿਆਰਾ, ਵਿਸ਼ੇਸ਼ ਰੇਲ ਲਾਂਘੇ ਦੇ ਦੋਹੀਂ ਪਾਸੀਂ 150 ਕਿਲੋਮੀਟਰ ਤੱਕ ਦੇ ਇਲਾਕੇ ਵਿੱਚ ਉਸਾਰਿਆ ਜਾਵੇਗਾ।

ਇਸ ਗਲਿਆਰੇ ਲਈ ਕੁੱਲ ਸਾਢੇ ਤਿੰਨ ਲੱਖ ਹੈਕਟੇਅਰ (8,64,850 ਏਕੜ) ਜ਼ਮੀਨ ਜਬਰੀ ਗ੍ਰਹਿਣ ਕੀਤੀ ਜਾਣੀ ਹੈ। ਇਕੱਲੇ ਮਹਾਂਰਾਸ਼ਟਰ ਦੇ 8 ਜ਼ਿਲ੍ਹਿਆਂ ਵਿੱਚ ਪਹਿਲੇ ਅਤੇ ਦੂਜੇ ਪੜਾਅ ਦੌਰਾਨ 55000 ਹੈਕਟੇਅਰ (1,35,905 ਏਕੜ) ਜ਼ਮੀਨ ਗ੍ਰਹਿਣ ਕੀਤੀ ਜਾਣੀ ਹੈ।

ਇਸ ਤਰ੍ਹਾਂ ਗ੍ਰਹਿਣ ਕੀਤੀ ਜ਼ਮੀਨ ਵਿੱਚ ਕੁੱਲ 27 ਮਹਾਂਨਗਰ ਵਿਕਸਤ ਕੀਤੇ ਜਾਣੇ ਹਨ, ਜਿਹਨਾਂ ਵਿੱਚੋਂ 7 ਪਹਿਲੇ ਪੜਾਅ ਵਿੱਚ ਉਸਾਰੇ ਜਾਣਗੇ। ਪਹਿਲੇ ਪੜਾਅ ਵਿੱਚ ਇਹਨਾਂ ਸੱਤਾਂ ਸ਼ਹਿਰਾਂ ਲਈ ਕੁੱਲ 17500 ਕਰੋੜ ਰੁਪਏ (ਹਰ ਸ਼ਹਿਰ ਲਈ 2500 ਕਰੋੜ ਰੁਪਏ) ਰੱਖੇ ਗਏ ਹਨ। ਇਹਨਾਂ ਤੋਂ ਇਲਾਵਾ 9 ਵੱਡੇ ਸਨਅੱਤੀ ਜ਼ੋਨ (ਮੈਗਾ ਇੰਡਸਟਰੀਅਲ ਜ਼ੋਨਜ਼), 6 ਹਵਾਈ ਅੱਡੇ, 6 ਮਾਰਗੀ ਜਰਨੈਲੀ ਸੜਕ (ਐਕਸਪ੍ਰੈਸ ਵੇਅ), 6 ਬਿਜਲੀ ਪਲਾਂਟ, 9 ਰੇਲਵੇ ਜੰਕਸ਼ਨ, ਕਈ ਸਨਅੱਤੀ ਕੇਂਦਰ (ਹੱਬਜ਼), ਫੈਕਟਰੀਆਂ ਅਤੇ ਕਾਰਖਾਨੇ ਲਾਏ ਜਾਣਗੇ। ਉੱਤਰ ਪ੍ਰਦੇਸ਼ ਦੇ ਦਾਦਰੀ-ਨੌਇਡਾ-ਗਾਜ਼ੀਆਬਾਦ ਹਰਿਆਣਾ ਵਿੱਚ ਮਾਨੇਸਰ-ਬਾਵਲ, ਰਾਜਸਥਾਨ ਵਿੱਚ ਖੁਸ਼ਖੇੜਾ-ਤਿਵਾੜੀ-ਨੀਮਰਾਣਾ, ਗੁਜਰਾਤ ਵਿੱਚ ਅਹਿਮਦਾਬਾਦ-ਧੋਲੇ, ਮੱਧ ਪ੍ਰਦੇਸ਼ ਵਿੱਚ ਪੀਤਮਪੁਰ-ਧਾਰ-ਮੂਹੂ ਅਤੇ ਮਹਾਂਰਾਸ਼ਟਰ ਵਿੱਚ ਦਿੱਘੀ ਪੋਰਟ ਅਤੇ ਸੇਂਦਰਾ ਵਿੱਚ 8 ਕੌਮੀ ਸਨਅੱਤੀ ਉਤਪਾਦਨ ਜ਼ੋਨ ਬਣਾਏ ਜਾਣਗੇ।

**ਅੰਮ੍ਰਿਤਸਰ-ਕਲਕੱਤਾ ਸਨਅੱਤੀ ਗਲਿਆਰਾ**

ਜਨਵਰੀ 2014 ਵਿੱਚ ਕੇਂਦਰੀ ਸਰਕਾਰ ਨੇ ਅੰਮ੍ਰਿਤਸਰ-ਕੌਲਕਾਤਾ ਸਨਅੱਤੀ ਗਲਿਆਰੇ ਨੂੰ ਸਿਧਾਂਤਕ ਰੂਪ ਵਿੱਚ ਪ੍ਰਵਾਨਗੀ ਦੇ ਦਿੱਤੀ ਜੋ ਪੂਰਬੀ ਵਿਸ਼ੇਸ਼ ਰੇਲ ਲਾਂਘੇ ਦੇ ਦੋਹੀਂ ਪਾਸੀਂ 150-200 ਕਿਲੋਮੀਟਰ ਖੇਤਰ ਵਿੱਚ ਫੈਲਿਆ ਹੋਵੇਗਾ ਅਤੇ ਦਿੱਲੀ-ਮੁੰਬਈ ਸਨਅੱਤੀ ਗਲਿਆਰੇ ਦੇ ਬਰਾਬਰ ਹੀ ਲੰਮਾ-ਚੌੜਾ ਹੋਵੇਗਾ। ਇਹ 6 ਰਾਜਾਂ— ਪੰਜਾਬ, ਹਰਿਆਣਾ, ਉੱਤਰਾਖੰਡ, ਉੱਤਰ ਪ੍ਰਦੇਸ਼, ਬਿਹਾਰ, ਝਾਰਖੰਡ ਅਤੇ ਪੱਛਮੀ ਬੰਗਾਲ ਵਿੱਚੋਂ ਦੀ ਲੰਘੇਗਾ। ਇਸ ਨੂੰ ਬਣਾਉਣ ਲਈ ਕੇਂਦਰ ਸਰਕਾਰ ਨੇ 'ਅੰਮ੍ਰਿਤਸਰ-ਕੌਲਕਾਤਾ ਸਨਅੱਤੀ ਗਲਿਆਰਾ ਵਿਕਾਸ ਕਾਰਪੋਰੇਸ਼ਨ' (ਏ.ਕੇ.ਆਈ.ਸੀ.ਡੀ.ਸੀ.) ਬਣਾਉਣ ਦੀ ਮਨਜ਼ੂਰੀ ਦੇ ਦਿੱਤੀ ਹੈ।

**ਹੋਰ ਸਨਅੱਤੀ ਗਲਿਆਰੇ**

—ਸਰਕਾਰ ਨੇ 560 ਕਿਲੋਮੀਟਰ ਲੰਬੇ ਚੇਨਈ-ਬੈਂਗਲੂਰੂ-ਚਿਤਰਦੁਰਗ ਸਨਅੱਤੀ ਗਲਿਆਰੇ- ਜੋ ਕਰਨਾਟਕ, ਆਂਧਰਾ ਅਤੇ ਤਾਮਿਲਨਾਡੂ ਰਾਜਾਂ ਵਿੱਚ ਫੈਲਿਆ ਹੋਵੇਗਾ, ਲਈ ਵੀ ਪ੍ਰਵਾਨਗੀ ਦੇ ਦਿੱਤੀ ਹੈ। ਇਸ ਗਲਿਆਰੇ ਦੀ ਮਾਸਟਰ ਪਲੈਨ ਬਣਾਉਣ ਲਈ ਜਪਾਨ ਦੀ ਕੌਮਾਂਤਰੀ ਸਹਿਯੋਗ ਏਜੰਸੀ (ਜੇ.ਆਈ.ਸੀ.ਏ.) ਨੇ ਕੰਮ ਸ਼ੁਰੂ ਕਰ ਦਿੱਤਾ ਹੈ।

—ਭਾਰਤ ਸਰਕਾਰ ਨੇ ਬਰਤਾਨਵੀ ਹਾਕਮਾਂ ਨਾਲ ਮਿਲ ਕੇ ਬੈਂਗਲੂਰੂ-ਮੁੰਬਈ ਆਰਥਿਕ ਗਲਿਆਰਾ ਸਥਾਪਕ ਕਰਨ ਲਈ ਸਹਿਮਤੀ ਪੱਤਰ 'ਤੇ ਦਸਤਖਤ ਕੀਤੇ ਹਨ। ਮੁਢਲਾ ਸਰਵੇਖਣ ਸ਼ੁਰੂ ਕਰ ਦਿੱਤਾ ਹੈ, ਜੋ ਇਸ ਸਾਲ ਪੂਰਾ ਹੋ ਜਾਣ ਦੀ ਉਮੀਦ ਹੈ। ਇਹ ਸਰਵੇਖਣ ਪੂਰਾ ਹੋ ਜਾਣ ਤੋਂ ਬਾਅਦ, ਦੋਹਾਂ ਮੁਲਕਾਂ ਦਾ ਇੱਕ ਸਾਂਝਾ ਸਟੀਅਰਿੰਗ ਗਰੁੱਪ ਇਸ ਪ੍ਰੋਜੈਕਟ ਨੂੰ ਸਿਰੇ ਚਾੜ੍ਹਨ ਲਈ ਕਾਇਮ ਕੀਤਾ ਜਾਵੇਗਾ। —ਏਸ਼ੀਅਨ ਵਿਕਾਸ ਬੈਂਕ ਵੱਲੋਂ 'ਪੂਰਬੀ ਤੱਟ ਆਰਥਿਕ ਗਲਿਆਰਾ' (ਈਸਟ ਕੌਸਟਲ ਇਕਨਾਮਿਕ ਕੌਰੀਡੌਰ) ਕਾਇਮ ਕਰਨ ਲਈ ਇੱਕ ਸੰਕਲਪ-ਨੋਟ (ਕਾਨਸੈਪਟ ਨੋਟ) ਤਿਆਰ ਕੀਤਾ ਹੈ। ਇਹ ਗਲਿਆਰਾ ਕੌਲਕਾਤਾ-ਚੇਨੱਈ-ਟੂਟੀਕੌਰਨ ਵਿਚਕਾਰ ਹੋਵੇਗਾ। ਏਸ਼ੀਅਨ ਵਿਕਾਸ ਬੈਂਕ ਦੀ ਮੱਦਦ ਨਾਲ ਇਸ ਗਲਿਆਰੇ ਦੀਆਂ ਸੰਭਾਵਨਾਵਾਂ ਦਾ ਅਧਿਐਨ ਕੀਤਾ ਜਾ ਰਿਹਾ ਹੈ। ਆਂਧਰਾ ਪ੍ਰਦੇਸ਼ ਪੁਨਰਗਠਨ ਕਾਨੂੰਨ-2014 ਤਹਿਤ ਕੀਤੀ ਵਚਨਬੱਧਤਾ ਤਹਿਤ, ਇਸ ਯੋਜਨਾ ਦੇ ਪਹਿਲੇ ਪੜਾਅ ਦੌਰਾਨ ਚੇਨੱਈ-ਵਿਸ਼ਾਖਾਪਟਨਮ ਸੈਕਸ਼ਨ ਵਿੱਚ ਗਲਿਆਰਾ ਬਣਾਉਣ 'ਤੇ ਜ਼ੋਰ ਲਾਇਆ ਜਾਵੇਗਾ।

**ਕੌਮੀ ਸਨਅੱਤੀ ਉਤਪਾਦਨ ਜ਼ੋਨ (ਐਨ.ਐਮ.ਆਈ.ਜ਼ੈੱਡ.)**

ਜੁਲਾਈ 2014 ਤੱਕ ਕੇਂਦਰ ਸਰਕਾਰ ਨੇ 16 ਕੌਮੀ ਸਨਅੱਤੀ ਉਤਪਾਦਨ ਜ਼ੋਨ ਸਥਾਪਤ ਕਰਨ ਦੀ ਮਨਜ਼ੂਰੀ ਦੇ ਦਿੱਤੀ ਸੀ। ਯੋਜਨਾ ਕਮਿਸ਼ਨ ਵੱਲੋਂ ਨਿਰਧਾਰਤ ਸੇਧਾਂ ਅਨੁਸਾਰ ਹਰੇਕ ਕੌਮੀ ਸਨਅੱਤੀ ਉਤਪਾਦਨ ਜ਼ੋਨ ਲਈ 5000 ਹੈਕਟੇਅਰ (12355 ਏਕੜ) ਜ਼ਮੀਨ ਚਾਹੀਦੀ ਹੈ। ਦਿੱਲੀ-ਮੁੰਬਈ ਸਨਅੱਤੀ ਗਲਿਆਰੇ ਵਿੱਚ ਸਥਾਪਤ ਹੋਣ ਵਾਲੇ 8 ਕੌਮੀ ਸਨਅੱਤੀ ਉਤਪਾਦਨ ਜ਼ੋਨਾਂ ਤੋਂ ਇਲਾਵਾ, ਮਹਾਂਰਾਸ਼ਟਰ ਵਿੱਚ ਨਾਗਪੁਰ, ਆਂਧਰਾ ਵਿੱਚ ਚਿੱਤੂਰ ਅਤੇ ਪ੍ਰਕਾਸ਼ਮ, ਤੇਲੰਗਾਨਾ ਵਿੱਚ ਮੇਡਕ, ਕਰਨਾਟਕਾ ਵਿੱਚ ਟੁਮਕੂਰ, ਕੋਲਾਰ, ਬਿਦਰ ਅਤੇ ਗੁਲਬਰਗਾ ਵਿੱਚ ਇਹ ਜ਼ੋਨ ਸਥਾਪਤ ਕੀਤੇ ਜਾਣਗੇ।

ACCOUNTANT

Corporate & Personal Business
Attends: CRA Audits and Appeals

SUKHDEV SINGH CPA, CGA

TEL: (905) 793-0909 FAX: (905)-450-2165
10-2084 STEELES AVE EAST, BRAMPTON, L6T 5A6
EMAIL: sukhdevcga@gmail.com

ਕੌਮਾਂਤਰੀ ਔਰਤ ਦਿਵਸ ਮੌਕੇ

# ਹਰ ਧੜਕਣ ਪਰ ਖ਼ੌਫ ਕੇ ਪਹਿਰੇ, ਹਰ ਆਂਸੂ ਪਰ ਪਾਬੰਦੀ !

## ਫਿਰਕੂ-ਫਾਸੀਵਾਦੀਆਂ ਦੀ ਔਰਤਾਂ ਵਿਰੋਧੀ ਆਮ ਨੀਤੀ

ਕੁਲਦੀਪ

ਇਤਿਹਾਸ ਗਵਾਹ ਹੈ ਕਿ ਸੰਸਾਰ ਦੇ ਭਾਵੇਂ ਕਿਸੇ ਵੀ ਹਿੱਸੇ 'ਤੇ ਫਿਰਕੂ-ਫਾਸੀਵਾਦੀ ਤਾਕਤਾਂ ਜਦ ਵੀ ਉੱਭਰੀਆਂ ਹਨ ਤਾਂ ਉਹਨਾਂ ਨੇ ਆਮ ਕਿਰਤੀ ਲੋਕਾਂ ਤੇ ਅਗਾਂਹਵਧੂ ਲੋਕਾਂ ਦੇ ਨਾਲ਼ ਹੀ ਮੁੱਖ ਤੌਰ 'ਤੇ ਔਰਤਾਂ ਨੂੰ ਵੀ ਲਾਜ਼ਮੀ ਹੀ ਆਪਣਾ ਨਿਸ਼ਾਨਾ ਬਣਾਇਆ ਹੈ। ਪੂਰੇ ਸੰਸਾਰ ਵਿੱਚ ਲਗਪਗ ਹਰ ਫਾਸੀਵਾਦੀ ਤਾਕਤ ਜਦ ਵੀ ਉਭਾਰ ਜਾਂ ਸੱਤਾ ਵਿੱਚ ਆਈ ਤਾਂ ਉਸਨੇ ਆਪਣੇ ਸਮੇਂ ਦੇ ਹਲਾਤਾਂ ਅਨੁਸਾਰ ਔਰਤ (ਖ਼ਾਸ ਤੌਰ 'ਤੇ ਆਮ ਕਿਰਤੀ ਔਰਤਾਂ) ਦੀ ਅਜ਼ਾਦੀ, ਖੁਸ਼ੀ, ਇੱਛਾਵਾਂ, ਜਜ਼ਬੇ, ਅਰਮਾਨਾਂ ਆਦਿ ਦਾ ਗਲ਼ ਘੁੱਟਣ ਤੋਂ ਕਦੇ ਵੀ ਗੁਰੇਜ਼ ਨਹੀਂ ਕੀਤਾ ਅਤੇ ਪੁਰਾਤਨ ਰਸਮ-ਰਿਵਾਜ ਉਹਨਾਂ 'ਤੇ ਥੋਪਦੇ ਹੋਏ ਤਰ੍ਹਾਂ-ਤਰ੍ਹਾਂ ਦੇ ਫ਼ਤਵੇ ਜਾਰੀ ਕੀਤੇ ਹਨ ਜਿਹਨਾਂ ਦਾ ਉਦੇਸ਼ ਔਰਤ ਦੀ ਅਜ਼ਾਦੀ 'ਤੇ ਰੋਕਾਂ ਲਾ ਕੇ ਉਸਨੂੰ ਘਰ ਦੀ ਚਾਰਦੀਵਾਰੀ 'ਚ ਬੰਦ ਰੱਖਣਾ ਸੀ। ਇਟਲੀ ਦੇ ਫਾਸੀਵਾਦੀ ਉਭਾਰ ਤੋਂ ਲੈ ਕੇ ਅਜੋਕੇ ਭਾਰਤੀ ਸੰਘੀ ਲਾਣੇ ਅਤੇ ਇਸਲਾਮਿਕ ਸਟੇਟ ਵਰਗੇ ਕੱਟੜਪੰਥੀ ਫਾਸੀਵਾਦੀਆਂ ਵਿੱਚ ਅਸੀਂ ਇਹ ਗੱਲ ਬਾਖੂਬੀ ਦੇਖ ਸਕਦੇ ਹਾਂ। ਕਹਿ ਸਕਦੇ ਹਾਂ ਕਿ ਔਰਤ ਨੂੰ ਦਬਾਉਣਾ ਫਾਸੀਵਾਦੀਆਂ ਦੀ ਇੱਕ ਆਮ ਨੀਤੀ ਰਹੀ ਹੈ। ਹੁਣ ਅਸੀਂ ਥੋੜ੍ਹਾ ਤੱਥਾਂ ਸਹਿਤ ਇਸ ਵਿਸ਼ੇ 'ਤੇ ਆਪਣੀ ਗੱਲ ਰੱਖਾਂਗੇ।

ਮੁਸੋਲਿਨੀ, ਹਿਟਲਰ, ਸਾਲਾਜ਼ਾਰ, ਫਰੈਂਕੋ ਆਦਿ ਦੇ ਸਮੇਂ ਤੋਂ ਲੈ ਕੇ ਅਜੋਕੇ ਭਾਰਤੀ ਸੰਘੀਆਂ ਤੱਕ ਔਰਤ ਦੇ ਮਾਮਲੇ ਵਿੱਚ ਸਾਰੇ ਫਾਸਿਸਟਾਂ ਦੀ ਇਹ 'ਮਾਨਕ' (Standared) ਨੀਤੀ ਰਹੀ ਹੈ ਕਿ ਔਰਤ ਨੂੰ ਰਵਾਇਤੀ ਮਰਿਆਦਾ 'ਚ ਰਹਿੰਦੇ ਹੋਏ, ਪਤੀ ਦੀ ਸੇਵਾ ਕਰਦੇ ਹੋਏ, ਬੱਚੇ ਪੈਦਾ ਕਰਨੇ ਤੇ ਘਰ ਦੀ ਸਾਂਭ-ਸੰਭਾਲ਼ ਕਰਨੀ ਚਾਹੀਦੀ ਹੈ। ਭਾਵੇਂ ਵੱਖ-ਵੱਖ ਫਿਰਕੂ ਫਾਸੀਵਾਦੀਆਂ ਨੇ ਇਹ ਗੱਲ ਵੱਖਰੇ-ਵੱਖਰੇ ਢੰਗ ਨਾਲ਼ ਕਹੀ ਪਰ ਸਾਰਿਆਂ ਦਾ ਸਾਰਤੱਤ ਇਹੀ ਸੀ। ਭਾਵੇਂ ਕਿ ਗ਼ੁਲਾਮਦਾਰੀ ਜਾਂ ਜਗੀਰਦਾਰੀ ਸਮਾਜ ਵਿੱਚ ਔਰਤ ਦੀ ਹਾਲਤ ਬਹੁਤ ਹੀ ਭਿਅੰਕਰ ਤੇ ਤਰਸਯੋਗ ਸੀ ਜਿੱਥੇ ਵੱਖ-ਵੱਖ ਸਮਾਜਾਂ ਵਿੱਚ ਧਰਮਾਂ ਰਾਹੀਂ ਜਾਂ ਹੋਰ ਕਈ ਰਸਮੀ ਬੰਧੇਜਾਂ ਨਾਲ਼ ਔਰਤਾਂ 'ਤੇ ਪਾਬੰਦੀਆਂ ਲਗਾਈਆਂ ਜਾਂਦੀਆਂ ਸਨ, ਪਰ ਸਰਮਾਏਦਾਰੀ ਸਮਾਜ ਮਨੁੱਖੀ ਇਤਿਹਾਸ ਦਾ ਪਹਿਲਾ ਅਜਿਹਾ ਪ੍ਰਬੰਧ ਸੀ ਜਿਸਨੇ ਪਹਿਲੀ ਵਾਰ (ਨਵ-ਜਾਗਰਨ, ਗਿਆਨ ਪ੍ਰਸਾਰ ਦੌਰਾਨ) ਔਰਤ ਦੀ ਅਜ਼ਾਦੀ (ਜਿਸਦੇ ਤਹਿਤ ਪਿਆਰ ਕਰਨ ਦੀ ਅਜ਼ਾਦੀ, ਵਿਆਹ ਕਰਵਾਉਣ ਤੇ ਤਲਾਕ ਦੇਣ ਦੀ ਅਜ਼ਾਦੀ), ਨਿੱਜਤਾ ਆਦਿ ਦਾ ਮਸਲਾ ਉਠਾਇਆ ਸੀ। ਪਰ ਸਰਮਾਏਦਾਰਾ ਪ੍ਰਬੰਧ ਨੇ ਵੀ ਔਰਤ ਦੀ ਅਜ਼ਾਦੀ ਦੀ ਜੋ ਗੱਲ ਕੀਤੀ ਉਹ ਉੱਥੋਂ ਤੱਕ ਕੀਤੀ ਜਿਸ ਨਾਲ਼ ਕਿ ਔਰਤ ਦੀ ਸਸਤੀ ਕਿਰਤ ਸ਼ਕਤੀ ਨੂੰ ਲੁੱਟਿਆ ਜਾ ਸਕੇ ਤੇ ਉਸਦੇ ਸਰੀਰ ਨੂੰ ਮੰਡੀ ਦੇ ਹਿੱਤਾਂ ਲਈ ਵਰਤਿਆ ਜਾ ਸਕੇ, ਇਸ ਤੋਂ ਵੱਧ ਸਰਮਾਏਦਾਰਾ ਸਮਾਜ ਵਿੱਚ ਔਰਤ ਦੀ ਅਜ਼ਾਦੀ ਦਾ ਕੋਈ ਮਤਲਬ ਨਹੀਂ ਜਿਸਦੇ ਤਹਿਤ ਉਹ ਮੰਡੀ ਵਿੱਚ ਵਿਕਣ ਲਈ ਅਜ਼ਾਦ ਹੋ ਗਈ, ਭਾਵੇਂ ਕਿ ਉਪ-ਉਤਪਾਦ ਵਜੋਂ ਔਰਤ ਸਰਮਾਏਦਾਰਾ ਸਮਾਜ ਵਿੱਚ ਜਗੀਰਦਾਰੀ ਦੇ ਮੁਕਾਬਲਤਨ ਕੁਝ ਖੁੱਲ੍ਹਾਂ ਵੀ ਮਾਣ ਰਹੀ ਹੈ।

ਆਧੁਨਿਕ ਸਰਮਾਏਦਾਰਾ ਸਮਾਜ ਵਿੱਚ ਔਰਤ 'ਤੇ ਮੱਧਯੁਗੀ ਪਾਬੰਦੀਆਂ ਥੋਪਣ ਦਾ ਸਿਲਸਿਲਾ ਯੋਜਨਾਬੱਧ ਤੇ ਜਥੇਬੰਦਕ ਢੰਗ ਨਾਲ਼ ਸਭ ਤੋਂ ਪਹਿਲਾਂ ਇਟਲੀ ਵਿੱਚ ਫਾਸੀਵਾਦੀ ਤਾਨਾਸ਼ਾਹ ਮੁਸੋਲਿਨੀ (1922 'ਚ ਸੱਤਾ 'ਚ ਆਉਣ ਤੋਂ ਬਾਅਦ) ਨੇ ਲਾਗੂ ਕੀਤਾ ਸੀ, ਬਾਅਦ ਵਿੱਚ ਸੰਸਾਰ ਭਰ ਵਿੱਚ ਜਿੱਥੇ ਵੀ ਫਾਸੀਵਾਦੀ ਤਾਕਤਾਂ ਸੱਤਾ 'ਚ ਆਈਆਂ ਤਾਂ ਉਹਨਾਂ ਨੇ ਆਪਣੀ ਇਸ ਔਰਤ



ਵਿਰੋਧੀ ਨੀਤੀ ਨੂੰ ਸਮੇਂ-ਸਮੇਂ 'ਤੇ ਲਾਗੂ ਕੀਤਾ। ਪਰ ਇਸਦਾ ਮਤਲਬ ਇਹ ਵੀ ਨਾ ਲਿਆ ਜਾਵੇ ਕਿ ਇਸ ਗੱਲ ਨੂੰ ਸਾਰੇ ਸੰਸਾਰ ਦੇ ਫਾਸੀਵਾਦੀਆਂ ਨੇ ਮੁਸੋਲਿਨੀ ਤੋਂ ਲੈ ਲਿਆ ਤੇ ਉਦੋਂ ਤੋਂ ਹੁਣ ਤੱਕ ਆਪਣੀ ਵਿਰਾਸਤ ਸਮਝਦੇ ਹੋਏ ਲਾਗੂ ਕਰਦੇ ਆ ਰਹੇ ਹਨ। ਨਹੀਂ ਇਹ ਵਿਗਿਆਨਕ ਵਿਸ਼ਲੇਸ਼ਣ ਨਹੀਂ ਹੈ, ਇਸਦਾ ਮਤਲਬ ਹੋਵੇਗਾ ਸਮਾਜ ਦੀਆਂ ਸਮਾਜਿਕ-ਆਰਥਿਕ ਵਿਰੋਧਤਾਈਆਂ ਦੇ ਵਿਸ਼ਲੇਸ਼ਣ ਨੂੰ ਦਰਕਿਨਾਰ ਕਰਕੇ ਇਤਿਹਾਸਕ ਗਤੀ ਦੀ ਲਗਾਮ ਕੁਝ ਮਨੁੱਖਾਂ ਦੀਆਂ ਇੱਛਾਵਾਂ ਦੇ ਹੱਥ ਫੜਾਉਣੀ। ਇਸ ਸਵਾਲ ਦੇ ਵਿਸ਼ਲੇਸ਼ਣ ਲਈ ਸਾਨੂੰ ਇਤਿਹਾਸ 'ਚ ਜਾਣਾ ਪਵੇਗਾ। ਸੰਸਾਰ ਵਿੱਚ ਮੁੱਖ ਤੌਰ 'ਤੇ ਸਰਮਾਏਦਾਰਾ ਵਿਕਾਸ ਦੋ ਢੰਗਾਂ ਨਾਲ਼ ਹੋਇਆ ਹੈ : ਇੱਕ ਇਨਕਲਾਬੀ ਢੰਗ ਜਿਸਨੇ ਮੱਧਯੁਗੀ ਕਦਰਾਂ-ਕੀਮਤਾਂ ਨਾਲ਼ ਸਮਝੌਤਾਹੀਣ ਤੇ ਬੇਕਿਰਕ ਘੋਲ਼ ਚਲਾਇਆ ਅਤੇ ਇਤਿਹਾਸ ਦੇ ਰਾਹ 'ਚੋਂ ਹਰ ਮੱਧਯੁਗੀ ਕਰੂਪਤਾ ਤੇ ਬਰਬਰਤਾ ਨੂੰ ਹੂੰਝ ਕੇ ਕੂੜੇਦਾਨ ਵਿੱਚ ਵਗ੍ਹਾ ਮਾਰਿਆ (ਜਿਵੇਂ ਫਰਾਂਸ ਵਿੱਚ), ਦੂਜਾ ਢੰਗ ਸੁਧਾਰਾਂ ਰਾਹੀਂ ਉੱਪਰੋਂ ਥੋਪਿਆ ਹੋਇਆ ਯੁੰਕਰੀ ਢੰਗ ਸੀ ਜਿਸ ਵਿੱਚ ਜਗੀਰਦਾਰੀ ਨਾਲ਼ ਸਰਮਾਏਦਾਰੀ ਨੇ ਗੰਢ-ਤੁੱਪ ਕੀਤੀ ਅਤੇ ਅਜਿਹੇ ਦੇਸ਼ਾਂ ਵਿੱਚ ਸਰਮਾਏਦਾਰਾ ਵਿਕਾਸ ਹੋਣ ਦੇ ਬਾਵਜੂਦ ਮੱਧਯੁਗੀ ਜਗੀਰੂ ਕਦਰਾਂ-ਕੀਮਤਾਂ ਘੱਟ-ਵੱਧ ਰੂਪ ਵਿੱਚ ਮੌਜੂਦ ਰਹੀਆਂ (ਜਰਮਨੀ, ਸਪੇਨ ਅਤੇ ਏਸ਼ੀਆ, ਅਫ਼ਰੀਕਾ ਤੇ ਲਤੀਨੀ ਅਮਰੀਕਾ ਦੇ ਬਹੁਤ ਸਾਰੇ ਦੇਸ਼)। ਸੋ ਜਿਹਨਾਂ ਦੇਸ਼ਾਂ ਵਿੱਚ ਦੂਜੇ ਢੰਗ ਨਾਲ਼ ਸਰਮਾਏਦਾਰਾ ਵਿਕਾਸ ਹੋਇਆ ਉੱਥੇ ਸੰਕਟਾਂ ਦੇ ਸਮੇਂ ਵਿੱਚ ਫਾਸੀਵਾਦ ਦੇ ਪਨਪਣ ਲਈ ਜ਼ਮੀਨ ਜ਼ਿਆਦਾ ਜਰਖ਼ੇਜ਼ ਸੀ ਕਿਉਂਕਿ ਇਹਨਾਂ ਦੇਸ਼ਾਂ ਵਿੱਚ ਸਰਮਾਏਦਾਰਾ ਵਿਕਾਸ ਬੁਰਜੂਆ ਜਮਹੂਰੀ ਇਨਕਲਾਬਾਂ ਰਾਹੀਂ ਨਾ ਹੋ ਕੇ ਸੁਧਾਰਾਂ ਰਾਹੀਂ ਹੋਇਆ ਸੀ ਅਤੇ ਜਿੱਥੇ ਬੀਤੇ ਦੀ ਹਰੇਕ ਮਰਿਆਦਾ ਤੇ ਕਦਰਾਂ-ਕੀਮਤਾਂ ਨੂੰ ਇਨਕਲਾਬਾਂ ਰਾਹੀਂ ਬੇਰਹਿਮੀ ਤੇ ਬੇਕਿਰਕੀ ਨਾਲ਼ ਪੁੱਟ ਕੇ ਨਹੀਂ ਸੁੱਟਿਆ ਗਿਆ ਸੀ ਤੇ ਜਗੀਰੂ ਰਹਿੰਦ-ਖੂਹੰਦ ਬਚੀ ਰਹੀ। ਇਸ ਕਰਕੇ ਸੰਕਟਾਂ ਦੇ ਸਮੇਂ ਇਹਨਾਂ ਦੇਸ਼ਾਂ ਵਿੱਚ ਅਜਿਹੀਆਂ ਫਾਸੀਵਾਦੀ ਤਾਕਤਾਂ ਆਪਣੇ ਪੂਰੇ ਜਲੌਅ 'ਤੇ ਆਈਆਂ। ਕਿਉਂਕਿ ਸਰਮਾਏਦਾਰਾ ਪ੍ਰਬੰਧ ਇੱਕ ਅਜਿਹਾ ਪ੍ਰਬੰਧ ਹੈ ਜੋ ਆਪਣੀ ਅੰਦਰੂਨੀ ਗਤੀ ਅਤੇ ਮੁੱਖ ਵਿਰੋਧਤਾਈ (ਕਿਰਤ ਸਮਾਜੀਕ੍ਰਿਤ ਤੇ ਨਿਯੋਜਨ ਨਿੱਜੀ) ਦੇ ਕਰਕੇ ਸਮੇਂ-ਸਮੇਂ 'ਤੇ ਸੰਕਟਾਂ ਦਾ ਸ਼ਿਕਾਰ ਹੁੰਦਾ ਰਹਿੰਦਾ ਹੈ। ਵੱਖ-ਵੱਖ ਦੇਸ਼ਾਂ ਵਿੱਚ ਸਰਮਾਏਦਾਰਾ ਸੰਕਟ ਦੇ ਸਮੇਂ ਮੁੱਖ ਤੌਰ 'ਤੇ ਤਿੰਨ ਤਰ੍ਹਾਂ ਦੀਆਂ ਤਾਕਤਾਂ ਸਰਗਰਮ ਹੁੰਦੀਆਂ ਹਨ, ਇੱਕ ਜੋ ਯਥਾਸਥਿਤੀਵਾਦੀ ਹੁੰਦੀਆਂ ਹਨ, ਦੂਜੀਆਂ ਫਾਸੀਵਾਦੀ ਤਾਕਤਾਂ ਜੋ ਬੀਤੀਆਂ ਮੱਧਯੁਗੀ ਕਦਰਾਂ-ਕੀਮਤਾਂ ਆਮ ਲੋਕਾਂ 'ਤੇ ਥੋਪ ਕੇ, ਦੂਜੇ ਧਰਮ, ਫਿਰਕੇ, ਨਸਲ ਦੇ ਲੋਕਾਂ ਨੂੰ ਸੰਕਟ ਲਈ ਜਿੰਮੇਵਾਰ ਠਹਿਰਾਉਂਦੀਆਂ ਹਨ ਤੇ ਡੰਡੇ ਦੇ ਜ਼ੋਰ ਨਾਲ਼ ਕਿਰਤੀਆਂ ਨੂੰ ਨਿਚੋੜਣ ਦਾ ਹੱਲ ਪੇਸ਼ ਕਰਦੀਆਂ ਹੋਈਆਂ ਆਪਣੇ ਢੰਗ ਨਾਲ਼ ਸਰਮਾਏ ਦੀ ਸੇਵਾ ਕਰਦੀਆਂ ਹਨ ਅਤੇ ਤੀਜੀਆਂ ਅਗਾਂਹਵਧੂ ਇਨਕਲਾਬੀ ਤਾਕਤਾਂ ਜੋ ਸਮੱਸਿਆਵਾਂ ਦਾ ਹੱਲ ਭਵਿੱਖ 'ਚ ਵੇਖਦੀਆਂ ਹਨ। ਸਮਾਜ ਦੀ ਅੰਦਰੂਨੀ ਗਤੀ ਤੇ ਵਿਰੋਧਤਾਈਆਂ, ਬਰਜੂਆ ਜਮਹੂਰੀ ਇਨਕਲਾਬਾਂ ਦੀ ਅਣਹੋਂਦ, ਇਨਕਲਾਬੀ ਤਾਕਤਾਂ ਦੀ ਸੰਕਟ ਦੇ ਸਮੇਂ ਅਣਹੋਂਦ ਜਾਂ ਸੰਕਟ ਨੂੰ ਇਨਕਲਾਬ 'ਚ ਬਦਲਣ ਦੀ ਅਸਫ਼ਲਤਾ ਆਦਿ ਕਾਰਨ ਹਨ ਜੋ ਕਿਸੇ ਸਮਾਜ ਵਿੱਚ ਸੰਕਟ ਦੇ ਸਮੇਂ 'ਚ ਫਾਸੀਵਾਦੀ ਉਭਾਰ ਦੇ ਕਾਰਣ ਬਣਦੇ ਹਨ। ਹਿਟਲਰ, ਮੁਸੋਲਿਨੀ, ਸਾਲਾਜ਼ਾਰ, ਫਰੈਂਕੋ ਵੀ ਉਹਨਾਂ ਵਿਸ਼ੇਸ਼ ਵਿਰੋਧਤਾਈਆਂ ਦੀ ਹੀ ਉਪਜ ਸਨ। ਇਸੇ ਕਰਕੇ ਹੀ ਫਾਸੀਵਾਦੀ ਉਭਾਰ ਦੀ ਸ਼ੁਰੂਆਤ ਇੰਗਲੈਂਡ ਤੇ ਫਰਾਂਸ 'ਚ ਨਾ ਹੋ ਕੇ ਜਰਮਨੀ ਤੇ ਇਟਲੀ ਵਿੱਚ ਹੁੰਦੀ ਹੈ ਅਤੇ ਉਸ ਤੋਂ ਬਾਅਦ ਜਦ ਵੀ ਕਿਸੇ ਇੱਕ ਦੇਸ਼ ਦੀ ਜਾਂ ਸੰਸਾਰ ਸਰਮਾਏਦਾਰੀ ਸੰਕਟ ਵਿੱਚ ਫਸੀ ਤਾਂ ਫਾਸੀਵਾਦ ਵੀ ਵੱਖ-ਵੱਖ ਦੇਸ਼ਾਂ ਵਿੱਚ ਉਹਨਾਂ ਦੀ ਇਤਿਹਾਸਕ ਗਤੀ ਤੇ ਅੰਦਰੂਨੀ ਵਿਰੋਧਤਾਈਆਂ ਅਨੁਸਾਰ ਵੱਖ-ਵੱਖ ਰੂਪਾਂ ਵਿੱਚ ਉੱਭਰਦਾ ਰਿਹਾ ਹੈ ਜਿਵੇਂ 1920-30 ਦੀ ਮਹਾਂਮੰਦੀ ਤੋਂ ਬਾਅਦ ਜਰਮਨ, ਇਟਲੀ ਤੇ ਸਪੇਨ ਵਿੱਚ ਫਾਸੀਵਾਦ ਦਾ ਵੱਡਾ ਖ਼ਤਰਾ ਸਮਾਜ ਲਈ ਉੱਭਰਿਆ ਅਤੇ ਅੱਜ ਫਿਰ – 2007 ਤੋਂ ਸ਼ੁਰੂ ਹੋਈ ਸੰਸਾਰ ਮੰਦੀ ਤੋਂ ਬਾਅਦ ਜੋ ਲਾਗਾਤਾਰ ਭਿਅੰਕਰ ਹੁੰਦੀ ਜਾ ਰਹੀ ਹੈ- ਵੱਖ-ਵੱਖ ਦੇਸ਼ਾਂ ਵਿੱਚ ਫਾਸੀਵਾਦੀ ਤਾਕਤਾਂ ਮੁੜ ਸਿਰ ਚੁੱਕ ਰਹੀਆਂ ਹਨ ਜਿਹਨਾਂ ਵਿੱਚ ਆਈਐਸ ਸਭ ਤੋਂ ਭਿਅੰਕਰ ਹੈ। ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਫਾਸੀਵਾਦੀ ਸੱਤਾ ਬੁਰਜੁਆ ਸੱਤਾ ਦਾ ਅਜਿਹਾ ਰੂਪ ਹੈ ਜੋ ਆਮ ਕਿਰਤੀ ਲੋਕਾਂ 'ਤੇ ਮੱਧਯੁਗੀ ਕਦਰਾਂ-ਕੀਮਤਾਂ ਥੋਪਦੀ ਹੋਈ ਸਮੱਸਿਆਵਾਂ ਦਾ ਹੱਲ ਕਰਨਾ ਚਾਹੁੰਦੀ ਹੈ ਅਤੇ ਇਤਿਹਾਸ ਦੇ ਚੱਕੇ ਨੂੰ ਪੁੱਠਾ ਗੇੜਾ ਦੇਣ ਦੀ ਕੋਸ਼ਿਸ਼ ਕਰਦੀ ਹੋਈ ਕਿਰਤੀਆਂ ਨੂੰ ਨਿਚੋੜਣ ਦਾ ਡੰਡੇ ਦੇ ਜ਼ੋਰ ਵਾਲ਼ਾ ਬਰਬਰ ਹੱਲ ਪੇਸ਼ ਕਰਦੀ ਹੈ। ਇਸੇ ਕਰਕੇ ਹੀ ਫਾਸੀਵਾਦੀ-ਫਿਰਕੂ ਤਾਕਤਾਂ ਘੋਰ ਔਰਤ ਵਿਰੋਧੀ ਹੁੰਦੀਆਂ ਹਨ ਕਿਉਂਕਿ ਉਹ ਆਪਣਾ ਖਾਦ-ਪਾਣੀ ਬੀਤੇ ਤੋਂ ਲੈਂਦੀਆਂ ਹਨ ਜੋ ਘੋਰ ਔਰਤ ਵਿਰੋਧੀ ਸੀ, ਸੋ ਮੁਸੋਲਿਨੀ ਜਾਂ ਹਿਟਲਰ ਦੁਆਰਾ ਇਤਿਹਾਸ 'ਚ ਔਰਤ ਵਿਰੋਧੀ ਕਾਲ਼ੇ ਪੰਨੇ ਲਿਖਣਾ ਫਾਸੀਵਾਦੀਆਂ ਦੀ ਆਮ ਨੀਤੀ ਦਾ ਸੁਭਾਵਿਕ ਨਤੀਜਾ ਸੀ। ਫਾਸੀਵਾਦ ਦੇ ਇਤਿਹਾਸ 'ਤੇ ਸੰਖੇਪ ਗੱਲ ਕਰਨ ਤੋਂ ਬਾਅਦ ਅਸੀਂ ਆਪਣੇ ਵਿਸ਼ੇ ਵੱਲ ਮੁੜਦੇ ਹੋਏ ਦੇਖਦੇ ਹਾਂ ਕਿ ਕਿਵੇਂ ਵੱਖ-ਵੱਖ ਦੇਸ਼ਾਂ ਵਿੱਚ ਜਦ ਵੀ ਫਾਸੀਵਾਦ ਆਇਆ ਤਾਂ ਔਰਤਾਂ 'ਤੇ ਕੀ-ਕੀ ਜ਼ੁਲਮ ਢਾਏ।

ਮੁਸੋਲਿਨੀ ਨੇ ਇੱਕ ਵਾਰ ਕਿਹਾ ਸੀ, "ਇਟਲੀ ਦੀ ਹਰ ਜਵਾਨ ਕੁੜੀ ਨੂੰ ਜਲਦੀ ਤੋਂ ਜਲਦੀ ਵਿਆਹ ਕਰਾ ਕੇ ਬੱਚੇ ਪੈਦਾ ਕਰਨ ਦੇ ਕੰਮ ਵਿੱਚ ਜੁਟ ਜਾਣਾ ਚਾਹੀਦਾ ਹੈ।" ਕਿਉਂਕਿ ਮੁਸੋਲਿਨੀ ਨੂੰ ਉਸ ਸਮੇਂ ਆਪਣੇ ਲੋਕਾਂ ਦੀ ਘੱਟ-ਵਸੋਂ ਦੀ "ਚਿੰਤਾ" ਸਤਾ ਰਹੀ ਸੀ। ਮੁਸੋਲਿਨੀ ਚਾਹੁੰਦਾ ਸੀ ਕਿ 1950 ਵਿੱਚ ਇਟਲੀ ਦੀ ਵਸੋਂ 6 ਕਰੋੜ ਹੋ ਜਾਵੇ ਜੋ ਕਿ 1920 'ਚ 3 ਕਰੋੜ 70 ਲੱਖ ਸੀ। ਇਸ ਤੋਂ ਬਿਨਾਂ ਮੁਸੋਲਿਨੀ ਨੇ ਸਮੇਂ-ਸਮੇਂ 'ਤੇ ਔਰਤ ਵਿਰੋਧੀ ਕਨੂੰਨ ਪਾਸ ਕੀਤੇ ਜਿਹਨਾਂ ਅਨੁਸਾਰ ਕਿ ਔਰਤਾਂ ਘਰ ਦੀ ਸਾਂਭ-ਸੰਭਾਲ ਕਰਨਗੀਆਂ ਅਤੇ ਵੱਧ ਤੋਂ ਵੱਧ ਬੱਚੇ ਪੈਦਾ ਕਰਕੇ ਇਟਲੀ ਦੀ ਵਸੋਂ ਵਧਾਉਣਗੀਆਂ, ਔਰਤਾਂ ਨੂੰ ਪੁਰਾਤਨ ਮਰਿਆਦਾ ਨੂੰ ਉਲੰਘਣਾ ਨਹੀਂ ਚਾਹੀਦਾ ਉਹ ਮਰਿਆਦਾ ਜੋ ਔਰਤ ਦੀ ਹੋਂਦ ਨੂੰ ਮਰਦ ਦੇ ਭੋਗ ਦੀ ਇੱਕ ਵਸਤ 'ਚ ਬਦਲਦੀ ਹੈ ਤੇ ਉਸਨੂੰ ਇੱਕ ਅਜ਼ਾਦ ਇਨਸਾਨ ਨਾ ਮੰਨਦੇ ਹੋਏ ਬੱਚੇ ਪੈਦਾ ਕਰਨ ਦੀ ਮਸ਼ੀਨ ਸਮਝਦੀ ਹੈ- ਅਤੇ ਪਰਿਵਾਰ ਸੰਭਾਲਣਾ ਚਾਹੀਦਾ ਹੈ। ਹਿਟਲਰ ਨੇ ਵੀ ਲਗਪਗ ਇਸੇ ਤਰ੍ਹਾਂ ਦੀਆਂ ਮੱਧਯੁਗੀ ਕਦਰਾਂ-ਕੀਮਤਾਂ ਔਰਤਾਂ 'ਤੇ ਥੋਪੀਆਂ। ਫਾਸੀਵਾਦ ਆਪਣੀ ਖ਼ੁਰਾਕ ਮੱਧ ਯੁਗੀ ਕਦਰਾਂ-ਕੀਮਤਾਂ ਤੋਂ ਲੈਂਦਾ ਹੈ, ਇਸੇ ਕਰਕੇ ਹੀ ਲਗਪਗ ਸਾਰੇ ਫਾਸੀਵਾਦੀ (ਭਾਵੇਂ ਕਿਸੇ ਧਰਮ, ਫਿਰਕੇ ਜਾਂ ਨਸਲ ਦੇ) ਘੋਰ-ਔਰਤ ਵਿਰੋਧੀ ਤੇ ਤਬਦੀਲੀ ਵਿਰੋਧੀ ਹੁੰਦੇ ਹਨ। ਇਸੇ ਤਰ੍ਹਾਂ ਨਾਜ਼ੀ ਫਾਸੀਵਾਦੀਆਂ ਨੇ ਵੀ ਔਰਤਾਂ ਨੂੰ ਘਰਾਂ ਦੀਆਂ ਵਗਲਣਾਂ 'ਚ ਕੈਦ ਰਹਿਣ ਤੇ ਬੱਚੇ ਪੈਦਾ ਕਰਨ ਦਾ ਇਹ ਔਰਤ ਵਿਰੋਧੀ ਸਿਧਾਂਤ ਅਪਣਾਇਆ। 1936 'ਚ ਜਰਮਨੀ ਵਿੱਚ ਇਹ ਕਨੂੰਨ ਪਾਸ ਹੋਇਆ ਕਿ ਔਰਤਾਂ ਨਿਆਂ ਤੇ ਸਿਹਤ ਵਿਭਾਗਾਂ ਵਿੱਚ ਉੱਚੇ ਅਹੁਦਿਆਂ 'ਤੇ ਨਹੀਂ ਜਾ ਸਕਦੀਆਂ ਜਿਸ ਦੌਰਾਨ ਬਹੁਤ ਸਾਰੀਆਂ ਔਰਤ ਡਾਕਟਰਾਂ ਨੂੰ ਪ੍ਰੈਕਟਿਸ ਤੋਂ ਰੋਕਿਆ ਗਿਆ। ਹਿਟਲਰ ਦੇ ਸੱਤਾ 'ਚ ਆਉਣ ਤੋਂ ਪਹਿਲਾਂ ਜਰਮਨ ਵਿੱਚ 100,000 ਔਰਤਾਂ ਅਧਿਆਪਕ, 3000 ਔਰਤਾਂ ਡਾਕਟਰ ਅਤੇ 13,000 ਔਰਤਾਂ ਕਲਾਕਾਰ, ਸੰਗੀਤਕਾਰ ਆਦਿ ਸਨ ਪਰ ਦੂਜੀ ਸੰਸਾਰ ਜੰਗ ਸਮੇਂ ਜਰਮਨੀ ਵਿੱਚ ਬਹੁਤ ਹੀ ਥੋੜ੍ਹੀਆਂ ਔਰਤਾਂ ਘਰੋਂ ਬਾਹਰ ਕੰਮ 'ਤੇ ਜਾਂਦੀਆਂ ਸਨ, ਭਾਵ ਔਰਤ ਨੂੰ ਹਰ ਉਸ ਫੈਸਲਾ ਲੈਣ ਤੋਂ ਰੋਕਿਆ – ਜੋ ਉਸਨੂੰ ਥੋੜ੍ਹਾ ਜਿਹਾ ਵੀ ਸਰੀਰਕ ਮਾਨਸਿਕ ਸਕੂਨ ਦਿੰਦਾ ਸੀ ਜੇਕਰ ਕਿਸੇ ਗੱਲ ਲਈ ਉਸਨੂੰ ਉਤਸ਼ਾਹਿਤ ਕੀਤਾ ਤਾਂ ਬੱਸ ਬੱਚੇ ਪੈਦਾ ਕਰਨ, ਮਰਦ ਨੂੰ ਸੰਤੁਸ਼ਟ ਕਰਨ ਤੇ ਪਰਿਵਾਰ ਸੰਭਾਲਣ ਲਈ।

ਇਸੇ ਤਰ੍ਹਾਂ ਸਪੇਨ ਵਿੱਚ ਫਰੈਂਕੋ ਦੀ ਕੈਥੋਲਿਕ ਕੌਮੀ ਫਾਸੀਵਾਦੀ ਸੱਤਾ ਜੋ ਰਿਪਬਲਿਕਨਾਂ ਨੂੰ ਹਰਾ ਕੇ ਸੱਤਾ ਵਿੱਚ ਆਈ, ਨੇ ਵੀ ਔਰਤਾਂ ਨੂੰ ਘਰ ਜਾਂ ਨਿੱਜੀ ਥਾਂ 'ਤੇ ਅਲੱਗ ਰਹਿਣ ਲਈ ਨਿਯਮ ਬਣਾਇਆ। ਬਹੁਤ ਸਾਰੇ ਨਿਯਮ ਭੰਗ ਕੀਤੇ ਗਏ ਜਿਵੇਂ ਪਹਿਲਾਂ ਔਰਤ ਤਲਾਕ ਦੇ ਕੇ ਹੋਰ ਵਿਆਹ ਕਰਵਾ ਸਕਦੀ ਸੀ ਪਰ ਫਰੈਂਕੋ ਨੇ ਤਲਾਕਾਂ 'ਤੇ ਪਾਬੰਦੀ ਲਾਈ, ਭਾਵ ਹੁਣ ਔਰਤ ਨੂੰ ਜਿਸ ਨਾਲ਼ ਉਹ ਵਿਆਹੀ ਸੀ – ਉਹ ਇਨਸਾਨ ਦੀ ਖੱਲ ਵਿੱਚ ਗਧਾ, ਭੇੜੀਆ ਕੁਝ ਵੀ ਹੋਵੇ- ਉਸ ਨਾਲ਼ ਹੀ ਰਹਿਣਾ ਪੈਣਾ ਸੀ। ਔਰਤਾਂ ਦੇ ਕਨੂੰਨੀ ਹੱਕ ਪਿਤਾ ਜਾਂ ਪਤੀ ਦੇ ਅਧੀਨ ਸਨ, ਔਰਤਾਂ ਦੇ ਕੰਮ ਕਰਨ 'ਤੇ ਪਾਬੰਦੀ ਲਗਾਈ ਅਤੇ ਜੋ ਥੋੜ੍ਹਾ ਬਹੁਤ ਕੰਮ ਕਰਦੀਆਂ ਸਨ ਉਹ

ਬਣਦੀਆਂ ਸਬਸਿਡੀਆਂ ਤੇ ਸਹੂਲਤਾਂ ਨਹੀਂ ਲੈ ਸਕਦੀਆਂ ਸਨ ਸਗੋਂ ਪਤੀ ਨੂੰ ਉਹ ਹੱਕ ਸੀ। ਫਰੈਂਕੋ ਸਰਕਾਰ ਨੇ 1938 'ਚ ਬਹੁਤੀਆਂ ਔਰਤਾਂ ਨੂੰ ਕੰਮਾਂ ਤੋਂ ਵਿਹਲਾ ਕਰਕੇ ਘਰ 'ਤੇ ਬੱਚਿਆਂ ਦੀ ਸੰਭਾਲ ਕਰਨ ਲਈ ਕਿਹਾ ਜਿਸਦੇ ਲਈ ਉਹੀ ਪੁਰਾਣਾ ਕੈਥੋਲਿਕਵਾਦੀ ਜੁਮਲਾ ਦੁਹਰਾਇਆ ਗਿਆ ਕਿ ਪਰਿਵਾਰ ਸਮਾਜ ਦਾ ਮੁੱਢਲਾ ਸੈਲ ਹੈ ਅਤੇ ਇਸਦੀ ਸੰਭਾਲ ਦੀ ਜਿੰਮੇਵਾਰੀ ਔਰਤ ਦੀ ਹੈ। ਉਹੀ ਜਨਮ ਦਰ ਵਧਾਉਣ ਤੇ ਵੱਧ ਬੱਚੇ ਪੈਦਾ ਕਰਨ ਦਾ ਹਿਟਲਰੀ-ਮੁਸੋਲਿਨੀ ਵਾਲਾ ਰਾਗ ਅਲਾਪਿਆ ਗਿਆ, ਵਿਆਹੀਆਂ ਔਰਤਾਂ ਨੂੰ ਕੰਮ ਛੱਡਣ ਲਈ ਮਜ਼ਬੂਰ ਕੀਤਾ ਗਿਆ। ਇਸ ਤੋਂ ਇਲਾਵਾ ਥੋੜ੍ਹੇ ਬਹੁਤ ਫਰਕ ਨਾਲ਼ ਇਹੀ ਹਾਲਤ ਲਗਪਗ ਹਰ ਉਸ ਦੇਸ਼ 'ਚ ਔਰਤਾਂ ਦੀ ਰਹੀ ਹੈ ਜਾਂ ਹੈ, ਜਿੱਥੇ ਵੀ ਫਾਸੀਵਾਦੀ ਤਾਕਤਾਂ ਸੱਤਾ 'ਚ ਰਹੀਆਂ ਜਾਂ ਹਨ। ਇਟਲੀ, ਜਰਮਨੀ, ਸਪੇਨ ਇਸਦੀਆਂ ਪ੍ਰਤੀਨਿਧ ਉਦਾਹਰਨਾਂ ਹਨ ਪਰ ਇਸ ਤੋਂ ਇਲਾਵਾ ਪੁਰਤਗਾਲ, ਹੰਗਰੀ, ਆਸਟਰੀਆ, ਰੁਮਾਨਿਆ, ਕਰੋਸ਼ੀਆ ਆਦਿ ਦੇਸ਼ਾਂ ਵਿੱਚ ਵੀ ਕੁਝ ਸਮੇਂ ਲਈ ਫਾਸੀਵਾਦੀ ਉਭਾਰ 'ਚ ਰਹੇ ਹਨ ਤਾਂ ਉਹਨਾਂ ਨੇ ਵੀ ਘੱਟ-ਵੱਧ ਰੂਪ ਵਿੱਚ ਆਪਣੇ ਸਮੇਂ ਦੀਆਂ ਸਮਾਜਿਕ-ਆਰਥਿਕ ਹਾਲਤਾਂ ਅਨੁਸਾਰ ਇਹ ਨੀਤੀਆਂ ਲਾਗੂ ਕੀਤੀਆਂ। ਇਸ ਲਈ ਹੈਰਾਨੀ ਦੀ ਗੱਲ ਨਹੀਂ ਜਦੋਂ ਸਾਡੇ ਸਵਾਮੀ ਅਦੱਤਿਆਨਾਥ ਤੇ ਬਾਬੂ ਬਜਰੰਗੀ ਵਰਗੇ ਸੰਘੀ ਔਰਤਾਂ ਨੂੰ ਘਰਾਂ 'ਚ ਰਹਿਣ, ਸਰੀਰ ਢੱਕ ਕੇ ਰੱਖਣ, ਪਤੀ ਦੀ ਸੇਵਾ ਕਰਨ ਜਿਹੀਆਂ ਨਸੀਹਤਾਂ ਦਿੰਦੇ ਹਨ।

ਆਰੀਅਨ ਨਸਲ ਦੀ ਸ਼ੁੱਧੀ 'ਤੇ ਜ਼ੋਰ ਦੇਣ ਰਾਹੀਂ ਵੀ ਫਾਸੀਵਾਦੀ ਔਰਤਾਂ ਦੀ ਪਿਆਰ, ਵਿਆਹ, ਆਪਣਾ ਜੀਵਨ ਸਾਥੀ ਚੁਣਨ ਦੀ ਅਜ਼ਾਦੀ, ਨਿੱਜੀ ਫੈਸਲੇ ਲੈਣ ਦੀ ਅਜ਼ਾਦੀ ਆਦਿ 'ਤੇ ਪਾਬੰਦੀ ਲਾਉਂਦੇ ਹਨ ਅਤੇ ਉਸਦੀ ਦੇਹ, ਬੱਚੇ ਜਣਨ ਦੇ ਕੁਦਰਤੀ ਗੁਣ ਤੱਕ ਨੂੰ ਵੀ ਆਪਣੇ ਵੱਸ ਵਿੱਚ ਰੱਖਣ ਦੀਆਂ ਗੰਦੀਆਂ ਖੇਡਾਂ ਖੇਡਦੇ ਹਨ। ਇਟਲੀ, ਜਰਮਨੀ ਤੇ ਸਪੇਨ ਵਿੱਚ ਵੀ ਹਿਟਲਰ-ਮੁਸੋਲਿਨੀ ਦੇ ਸਮੇਂ ਇਹ ਪ੍ਰਚਾਰਿਆ ਜਾਂਦਾ ਸੀ ਕਿ "ਯਹੂਦੀ ਸਾਡੀਆਂ "ਭੋਲੀਆਂ-ਭਾਲੀਆਂ" ਔਰਤਾਂ ਨੂੰ ਆਪਣੇ ਪਿਆਰ ਜਾਲ ਵਿੱਚ ਫਸਾਉਂਦੇ ਹਨ ਅਤੇ ਵਿਆਹ ਕਰਵਾ ਕੇ ਉਹਨਾਂ ਦਾ ਧਰਮ ਬਦਲ ਦਿੰਦੇ ਹਨ। ਇਸ ਨਾਲ਼ ਉਹ ਇਹਨਾਂ ਦੀਆਂ ਕੁੱਖਾਂ ਨੂੰ ਅਪਵਿੱਤਰ ਕਰਦੇ ਹਨ।" ਪਰ ਨਾਜ਼ੀ ਜਦ ਯਹੂਦੀ ਔਰਤਾਂ ਦੇ ਬਲਾਤਕਾਰ ਕਰਦੇ ਸਨ ਤਾਂ ਉਦੋਂ ਉਹਨਾਂ ਲਈ ਇਹ ਗੱਲ ਕੋਈ ਬਹੁਤੀ ਮਹੱਤਵ ਨਹੀਂ ਰੱਖਦੀ ਸੀ। ਯਹੂਦੀ ਔਰਤਾਂ ਨਾਲ਼ ਸਰੀਰਕ ਸਬੰਧ ਬਣਾਉਣ ਜਾਂ ਬਲਾਤਕਾਰ ਕਰਨ ਵਾਲ਼ੇ ਨੂੰ ਨਾਇਕ ਸਮਝਿਆ ਜਾਂਦਾ ਸੀ। ਇਹੀ ਗੱਲਾਂ ਸਾਡੇ ਸੰਘੀ ਵੀ ਕਰਦੇ ਹਨ ਜਦ 'ਲਵ-ਜਿਹਾਦ' ਦਾ ਰੇੜਕਾ ਪਾਉਂਦੇ ਹਨ, ਮੁਸਲਮਾਨ ਕੁੜੀ ਨਾਲ਼ ਜਦ ਹਿੰਦੂ ਮੁੰਡਾ ਵਿਆਹ ਕਰਵਾਉਂਦਾ ਹੈ ਤਾਂ ਉਸਨੂੰ ਨਾਇਕ ਬਣਾ ਕੇ ਪੇਸ਼ ਕਰਦੇ ਹਨ। ਇੱਥੋਂ ਤੱਕ ਕਿ 'ਗਦਰ', 'ਵੀਰ-ਜ਼ਾਰਾ, 'ਬੰਬੇ' ਆਦਿ ਫਿਲਮਾਂ ਵੀ ਜਦ ਅੰਤਰ-ਧਰਮੀ ਰੁਮਾਂਸ ਚਿਤਰਦੀਆਂ ਹਨ ਤਾਂ ਉਹ ਮੁਸਲਿਮ ਔਰਤ ਤੇ ਹਿੰਦੂ ਮੁੰਡੇ ਵਿਚਕਾਰ ਹੁੰਦਾ ਹੈ। ਭਾਵ ਜਦ ਮੁਸਲਿਮ ਮੁੰਡਾ ਹਿੰਦੂ ਔਰਤ ਨਾਲ਼ ਪਿਆਰ ਵਿਆਹ ਕਰਾਉਂਦਾ ਹੈ ਤਾਂ ਉਸਨੂੰ 'ਲਵ-ਜਿਹਾਦ' ਦਾ ਮੁੱਦਾ ਬਣਾਇਆ ਜਾਂਦਾ ਹੈ ਪਰ ਜਦ ਹਿੰਦੂ ਮੁੰਡਾ ਮੁਸਲਮਾਨ ਔਰਤ ਨਾਲ਼ ਵਿਆਹ ਕਰਦਾ ਹੈ ਤਾਂ ਸੰਘੀ ਉਸਨੂੰ 'ਲਵ ਜਿਹਾਦ' ਦਾ ਨਾਂ ਦਿੰਦੇ ਹਨ। ਹੈ ਨਾ ਭਾਰਤੀ ਸੰਘੀਆਂ ਦਾ ਸਭ ਕੁਝ ਆਪਣੇ ਮਾਲਕਾਂ ਵਾਲ਼ਾ।

ਦੂਜਾ ਫਿਰਕੂ-ਫਾਸੀਵਾਦੀਆਂ ਦੁਆਰਾ ਸਭ ਸੱਸਿਆਵਾਂ ਦੀ ਜੜ੍ਹ ਦੂਜੀ ਜਾਤ, ਨਸਲ ਜਾਂ ਫਿਰਕੇ ਦੇ ਲੋਕਾਂ ਨੂੰ ਸਮਝਿਆ ਜਾਂਦਾ ਹੈ ਅਤੇ ਉਹਨਾਂ ਨੂੰ ਮਾਰਨਾ ਧਾਰਮਿਕ "ਪਵਿੱਤਰ" ਕੰਮ ਸਮਝਿਆ ਜਾਂਦਾ ਹੈ। ਇਹ "ਬਦਲਾ" ਉਸ ਜਾਤ, ਨਸਲ, ਫਿਰਕੇ, ਧਰਮ ਦੀਆਂ ਔਰਤਾਂ 'ਤੇ ਜ਼ੁਲਮ ਢਾਹ ਕੇ ਲੈਣਾ ਵੀ ਉਹਨਾਂ ਦਾ ਇੱਕ ਸੰਸਾਰ-ਵਿਆਪੀ ਦਸਤੂਰ ਹੈ। ਇਸੇ ਕਰਕੇ ਹਰ ਵਾਰ ਜਦ ਵੀ ਫਿਰਕੂ-ਫਾਸੀਵਾਦੀ ਜ਼ਬਰ ਦੀ ਹਨੇਰੀ ਝੁੱਲੀ ਤਾਂ ਉਸਨੇ ਔਰਤਾਂ ਨੂੰ ਹਮੇਸ਼ਾ ਹੀ ਜ਼ਿਆਦਾ ਨਾਸੂਰ ਦਿੱਤੇ ਹਨ। ਹਿਟਲਰ, ਮੁਸੋਲਿਨੀ ਦੇ ਸਮੇਂ ਵੀ ਲੱਖਾਂ ਯਹੂਦੀ, ਪੋਲਿਸ਼ ਆਦਿ ਔਰਤਾਂ ਦੇ ਹੋਏ ਬਲਾਤਕਾਰ ਤੇ ਕਤਲ ਇਸ ਗੱਲ ਦੀ ਚੀਕ-ਚੀਕ ਕੇ ਗਵਾਹੀ ਭਰਦੇ ਹਨ। ਇਸ ਤੋਂ ਇਲਾਵਾ ਜਦ ਵੀ ਸਮੇਂ-ਸਮੇਂ 'ਤੇ ਫਿਰਕੂ-ਫਾਸੀਵਾਦੀ ਤਾਕਤਾਂ ਦੰਗੇ-ਫਸਾਦ ਤੇ ਕਤਲੇਆਮ ਕਰਨ ਜਾਂ ਕਰਵਾਉਣ ਵਿੱਚ ਕਾਮਯਾਬ ਹੋਈਆਂ ਹਨ ਤਾਂ ਉਹਨਾਂ ਦਾ ਮੁੱਲ ਵੀ ਔਰਤਾਂ ਨੇ ਕਤਲੇਆਮ, ਉਜਾੜੇ, ਉਧਾਲੇ ਤੇ ਬਲਾਤਕਾਰ ਵਰਗੇ ਘਣੌਣੇ ਜ਼ਬਰ-ਜ਼ੁਲਮਾਂ ਨੂੰ ਝੱਲ ਕੇ ਤਾਰਿਆ ਹੈ। ਭਾਵ ਜਦ ਵੀ ਫਿਰਕੂ ਉਭਾਰ ਆਇਆ ਉਹਨੇ ਔਰਤਾਂ ਨੂੰ ਸਰੀਰਕ ਤੇ ਮਾਨਸਿਕ ਤੌਰ 'ਤੇ ਕੋਹਿਆ ਤੇ ਵਲੂੰਧਰਿਆ ਹੈ। ਅਜੋਕੇ ਦੌਰ ਵਿੱਚ ਈਰਾਕ ਵਿੱਚ ਉੱਭਰੀ ਆਈਐਸ ਦਾ ਵੀ ਇਹੀ ਔਰਤ ਵਿਰੋਧੀ ਏਜੰਡਾ ਹੈ। ਇੱਥੇ ਵੀ ਕੱਟੜਪੰਥੀ ਫਾਸੀਵਾਦੀਆਂ ਦੁਆਰਾ ਗ਼ੈਰ ਮੁਸਲਿਮ (ਯਜ਼ੀਦੀ, ਇਸਾਈ) ਤੇ ਹੋਰ ਕਈ ਕੌਮਾਂ ਦੀਆਂ ਔਰਤਾਂ 'ਤੇ ਜ਼ੁਲਮ ਢਾਏ ਜਾ ਰਹੇ ਹਨ। ਔਰਤਾਂ ਦੀਆਂ ਗ਼ੁਲਾਮਾਂ ਦੀ ਵੇਚ ਵਾਲ਼ੀਆਂ ਮੰਡੀਆਂ ਬਣ ਰਹੀਆਂ ਹਨ। ਜਵਾਨ ਕੁੜੀਆਂ ਦੇ ਬਲਾਤਕਾਰ ਹੋ ਰਹੇ ਹਨ ਅਤੇ ਉਸ ਤੋਂ ਬਾਅਦ ਉਹਨਾਂ ਨੂੰ ਮੰਡੀਆਂ ਵਿੱਚ ਵੇਚਿਆ ਜਾ ਰਿਹਾ ਹੈ। ਉਹਨਾਂ ਦੇ ਪਿਉਆਂ, ਭਰਾਵਾਂ ਤੇ ਪਤੀਆਂ ਨੂੰ ਮਾਰ ਕੇ ਉਹੀ ਪੁਰਾਣਾ ਫਾਸੀਵਾਦੀ ਢੰਗ ਦੁਹਰਾਇਆ ਜਾ ਰਿਹਾ ਹੈ। ਇਟਲੀ ਵਿੱਚ ਫਾਸੀਵਾਦੀਆਂ ਨੇ ਲਗਪਗ 100000 ਔਰਤਾਂ ਦੇ ਬਲਾਤਕਾਰ ਕੀਤੇ। ਪਰ ਨਾਜ਼ੀਆਂ ਦੇ ਜ਼ੁਲਮਾਂ ਤੇ ਬਲਾਤਕਾਰਾਂ ਦੀਆਂ ਸ਼ਿਕਾਰ ਯਹੂਦੀ, ਪੋਲਿਸ਼ ਆਦਿ ਔਰਤਾਂ ਦੀ ਸੰਖਿਆ ਤਾਂ ਲਗਪਗ 22 ਲੱਖ ਹੈ। ਸਪੇਨ ਦੀ ਫਰੈਂਕੋ ਸਰਕਾਰ ਦੇ ਸਮੇਂ ਅਤੇ ਸਾਡੇ ਦੇਸ਼ ਵਿੱਚ '47 ਦੀ ਵੰਡ, '84 ਦਾ ਸਿੱਖ ਕਤਲੇਆਮ, 2002 ਦਾ ਗੁਜਰਾਤ ਕਤਲੇਆਮ ਇਸਦੀਆਂ ਕੁਝ ਚੋਣਵੀਆਂ ਉਦਾਹਰਣਾਂ ਹਨ। ਈਰਾਕ ਤੇ ਸਿਰੀਆ ਵਿੱਚ ਗ਼ੈਰ-ਮੁਸਲਿਮ ਧਰਮ ਦੀਆਂ ਔਰਤਾਂ ਦੀ ਜੋ ਹਾਲਤ ਹੈ ਉਹ ਤਾਂ ਵੱਖਰੇ ਤੌਰ 'ਤੇ ਇੱਕ ਲੇਖ ਦਾ ਵਿਸ਼ਾ ਹੈ ਪਰ ਹੁਣ ਤੱਕ ਉੱਥੇ ਆਈਐਸ ਦੁਆਰਾ ਲਗਪਗ 10000-12000 ਔਰਤਾਂ ਦੇ ਬਲਾਤਕਾਰ ਤੇ ਕਤਲ ਹੋਣ ਦੀ ਖ਼ਬਰ ਹੈ।

ਹਿਟਲਰ-ਮੁਸੋਲਿਨੀ ਦੀ ਭਾਰਤੀ ਔਲਾਦ ਸਾਡੇ ਦੇਸ਼ ਦਾ ਸੰਘੀ ਲਾਣਾ ਵੀ ਉਹੀ ਖ਼ੂਨ ਦੀ ਆਰੀਅਨ ਸ਼ੁੱਧਤਾ ਦੀਆਂ ਗੱਲਾਂ ਕਰ ਰਿਹਾ ਹੈ। ਜਿਸਦੇ ਆਧਾਰ 'ਤੇ 'ਲਵ-ਜਿਹਾਦ' ਦਾ ਪੂਰਾ ਢਕਵੰਜ ਖੜ੍ਹਾ ਕੀਤਾ ਹੋਇਆ ਹੈ। ਇਸਦੇ ਅਨੁਸਾਰ ਮੁਸਲਮਾਨ ਮੁੰਡੇ ਭੋਲੀਆ-ਭਾਲੀਆਂ ਹਿੰਦੂ ਕੁੜੀਆਂ ਨੂੰ ਆਪਣੇ ਪ੍ਰੇਮ ਜਾਲ ਵਿੱਚ ਫਸਾਉਂਦੇ ਹਨ ਤੇ ਉਹਨਾਂ ਦਾ ਧਰਮ ਬਦਲ ਦਿੰਦੇ ਹਨ ਅਤੇ ਆਪਣੀਆਂ ਔਲਾਦਾਂ ਦੀਆਂ ਮਾਂਵਾਂ ਬਣਾਉਂਦੇ ਹਨ ਜਿਸ ਨਾਲ਼ ਉਹਨਾਂ ਦੀ ਕੁੱਖ਼ ਅਪਵਿੱਤਰ ਹੁੰਦੀ ਹੈ। ਪਹਿਲੀ ਵਾਰ 2009 ਵਿੱਚ ਕਰਨਾਟਕ ਸੂਬੇ ਵਿੱਚ ਇਸ ਮੁੱਦੇ ਨੂੰ ਉਛਾਲਿਆ ਗਿਆ ਸੀ। ਪਰ ਜਦ ਕਰਨਾਟਕ ਦੀ ਅਦਾਲਤ ਨੇ ਇਸ ਮਸਲੇ ਦੀ ਜਾਂਚ-ਪੜਤਾਲ ਕੀਤੀ ਤਾਂ ਪਾਇਆ ਕਿ 229 ਕੁੜੀਆਂ ਨੇ ਅੰਤਰ-ਧਰਮੀ ਵਿਆਹ ਕੀਤੇ ਸਨ ਜਿਹਨਾਂ ਵਿੱਚ ਕਈ ਧਰਮਾਂ ਦੇ ਮੁੰਡੇ-ਕੁੜੀਆਂ ਦੇ ਅੰਤਰ-ਧਰਮੀ ਵਿਆਹ ਹੋਏ ਸਨ। 31 ਦਸੰਬਰ, 2009 ਨੂੰ ਕਰਨਾਟਕ ਸੀਆਈਡੀ ਦੇ ਡੀਜੀਪੀ ਗੁਰੂਪ੍ਰਸਾਦ ਨੇ ਆਪਣੀ ਰਿਪੋਰਟ ਵਿੱਚ ਕਿਹਾ, " ਕਿਸੇ ਬੰਦੇ ਜਾਂ ਸਮੂਹ ਦੁਆਰਾ ਹਿੰਦੂ ਕੁੜੀਆਂ ਨੂੰ ਬਹਿਲਾਅ ਕੇ ਮੁਸਲਿਮ ਮੁੰਡਿਆਂ ਨਾਲ਼ ਵਿਆਹ ਜਾਂ ਧਰਮ ਬਦਲੀ ਨਹੀਂ ਹੋਈ।" ਇਸ ਤੋਂ ਬਾਅਦ ਜਦ ਕੋਈ ਤੱਥ ਨਾ ਮਿਲਿਆ ਤਾਂ 2012 ਵਿੱਚ ਕਰਨਾਟਕ ਸਰਕਾਰ ਨੇ 'ਲਵ-ਜਹਾਦ' ਦੀ ਛਾਣਬੀਨ ਕਰਕੇ ਕੇਸ ਬੰਦ ਕਰ ਦਿੱਤਾ ਸੀ। ਇਸ ਤੋਂ ਬਾਅਦ ਯੂਪੀ, ਬਿਹਾਰ ਆਦਿ ਕੁਝ ਸੂਬਿਆਂ ਵਿੱਚ 'ਲਵ-ਜਿਹਾਦ' ਦਾ ਮਸਲਾ ਸੰਘੀਆਂ ਨੇ ਚੁੱਕਿਆ ਜਿਸ ਵਿੱਚ ਵੀ ਕੋਈ ਤੱਥ ਹਾਲੇ ਤੱਕ ਨਹੀਂ ਮਿਲਿਆ। ਹਿੰਦੂ ਸੰਘੀਆਂ ਦੁਆਰਾ ਇਹ ਝੂਠ ਨੂੰ ਸਮੇਂ-ਸਮੇਂ 'ਤੇ ਦੁਹਰਾਇਆ ਜਾਂਦਾ ਰਿਹਾ ਹੈ। 1920-30 ਵਿੱਚ ਵੀ ਹਿੰਦੂ-ਫਾਸੀਵਾਦੀਆਂ ਨੇ ਮੁਸਲਮਾਨ ਗੁੰਡਿਆਂ ਦੁਆਰਾ ਹਿੰਦੂ ਔਰਤਾਂ ਦੇ ਧਰਮ ਬਦਲਾਉਣ ਦੇ ਛੋਛੇ ਛੱਡੇ ਸਨ ਪਰ ਉਦੋਂ 'ਲਵ-ਜਿਹਾਦ' ਸ਼ਬਦ ਦੀ ਵਰਤੋਂ ਨਹੀਂ ਹੋਈ ਸੀ। 1920-30 ਵਿੱਚ ਵੀ ਜੋ ਹਿੰਦੂ ਔਰਤਾਂ ਨੇ ਮੁਸਲਮਾਨ ਜਾਂ ਹੋਰ ਧਰਮਾਂ ਦੇ ਮੁੰਡਿਆਂ ਨਾਲ਼ ਵਿਆਹ ਕੀਤੇ ਸਨ, ਉਹ ਔਰਤਾਂ ਸਨ ਜੋ ਹਿੰਦੂ ਸਮਾਜ ਵਿੱਚ ਹਾਸ਼ੀਏ 'ਤੇ ਸਨ ਭਾਵ ਵਿਧਵਾਵਾਂ, ਦਲਿਤ ਔਰਤਾਂ ਤੇ ਵੇਸ਼ਵਾਵਾਂ ਆਦਿ ਪਰ ਉਹਨਾਂ ਨੇ ਵੀ ਆਪਣੀ ਮਰਜ਼ੀ ਨਾਲ਼ ਵਿਆਹ ਕਰਵਾਏ ਸਨ। ਉਦੋਂ ਹਿੰਦੂਆਂ ਵਿੱਚ ਵਿਧਵਾ ਵਿਆਹ ਵਰਜਿਤ ਸੀ। ਉਦੋਂ ਵੀ ਇਹਨਾਂ ਜਥੇਬੰਦੀਆਂ ਨੇ ਬਹੁਤ ਹੀ ਭੜਕਾਊ ਭਾਸ਼ਣ ਦਿੱਤੇ ਸਨ। ਪਰ ਉਦੋਂ ਵੀ ਅਜਿਹੇ ਕੇਸ ਦਾ ਕੋਈ ਤੱਥ ਨਹੀਂ ਮਿਲਿਆ ਸੀ ਜਿਸ ਵਿੱਚ ਜਬਰੀ ਧਰਮ ਬਦਲੀ ਹੋਈ ਹੋਵੇ। ਇਸ ਤੋਂ ਇਲਾਵਾ ਮੁਸਲਮਾਨਾਂ ਦੀ ਵਸੋਂ ਵਧਣ ਤੇ ਹਿੰਦੂਆਂ ਦੀ ਵਸੋਂ ਘਟਣ ਦੇ ਜੋ ਛੋਛੇ ਛੱਡੇ ਗਏ ਸਨ ਜੋ ਕਿ ਹੁਣ ਵੀ ਛੱਡੇ ਜਾ ਰਹੇ ਹਨ। ਉਹ 2011 ਦੀ ਜਨਗਣਨਾ ਦੇ ਅੰਕੜੇ ਦੇਖ ਕੇ ਕੋਈ ਵੀ ਬੰਦਾ ਇਹਨਾਂ ਦੇ ਝੂਠ ਨੂੰ ਸਮਝ ਸਕਦਾ ਹੈ। ਸੰਘੀਆਂ ਦੇ ਇਹ ਝੂਠ ਅੱਜ ਸ਼ਰੇਆਮ ਨੰਗੇ ਹੋ ਚੁੱਕੇ ਹਨ। ਇਸ ਤਰ੍ਹਾਂ ਅਸੀਂ ਦੇਖ ਸਕਦੇ ਹਾਂ ਕਿ ਜਿੱਥੇ ਵੀ ਫਿਰਕੂ-ਫਾਸੀਵਾਦੀ ਸੱਤਾ 'ਚ ਆਏ ਹਨ ਤਾਂ ਉਹਨਾਂ ਨੇ ਘੱਟ-ਗਿਣਤੀਆਂ ਨੂੰ ਹਮੇਸ਼ਾ ਨਿਸ਼ਾਨਾ ਬਣਾਇਆ ਹੈ।

ਇਸ ਤੋਂ ਬਿਨਾਂ ਸੰਘੀ ਜੋ 'ਔਰਤਾਂ ਨੂੰ ਘਰ 'ਚ ਰਹਿਣਾ ਚਾਹੀਦਾ', 'ਪਤੀ ਦੀ "ਸੇਵਾ" ਕਰਨੀ ਚਾਹੀਦੀ ਹੈ', 'ਬੱਚੇ ਸੰਭਾਲਣੇ ਚਾਹੀਦੇ ਹਨ', 'ਮਰਿਆਦਾ 'ਚ ਰਹਿਣਾ ਚਾਹੀਦਾ ਹੈ' ਆਦਿ ਸਮੇਂ-ਸਮੇਂ 'ਤੇ ਬਿਆਨ ਜਾਰੀ ਕਰਦੇ ਹਨ ਉਹ ਉਹੀ ਪੁਰਾਣੇ ਘਸੇ ਹੋਏ ਹਿਟਲਰੀ ਰਾਗ ਹਨ ਜੋ ਅੱਜ ਵੀ ਅਲਾਪੇ ਜਾ ਰਹੇ ਹਨ। ਪੰਜਾਬ ਵਿੱਚ ਵੀ ਜਦ ਸਿੱਖ ਕੱਟੜਪੰਥੀ ਫਿਰਕੂ ਫਾਸੀਵਾਦ ਉੱਭਰਿਆ ਸੀ ਤਾਂ ਉਹਨਾਂ ਨੇ ਵੀ ਔਰਤ 'ਤੇ ਅਜਿਹੀਆਂ ਹੀ ਪਾਬੰਦੀਆਂ ਦੇ ਨਿਯਮ ਘੜੇ ਸਨ। ਇਹਨਾਂ ਤੋਂ ਪ੍ਰਭਾਵਿਤ ਹੋ ਕੇ ਕਈ ਵਾਰ ਤਾਂ ਲਕਸ਼ਮੀ ਕਾਂਤਾ ਚਾਵਲਾ ਵਰਗੀ ਵੀ ਔਰਤਾਂ ਨੂੰ ਮਰਿਆਦਾ ਦੇ "ਉਪਦੇਸ਼" ਦੇਣ ਲੱਗ ਜਾਂਦੀ ਹੈ। ਇਸ ਤੋਂ ਬਿਨਾਂ ਸੰਘੀ ਫਾਸੀਵਾਦੀਆਂ ਦੀ ਕਿਸੇ ਵੀ ਜਥੇਬੰਦੀ ਜਿਵੇਂ ਆਰਐਸਐਸ ਆਦਿ ਦੀ ਕੋਰ ਕਮੇਟੀ ਵਿੱਚ ਕਦੇ ਵੀ ਔਰਤਾਂ ਜਾਂ ਦਲਿਤਾਂ ਨੂੰ ਨਹੀਂ ਲਿਆ ਜਾਂਦਾ। ਇਹ ਨੀਤੀ ਇਹਨਾਂ ਦੀ ਮੁੱਖ ਜਥੇਬੰਦੀ ਆਰਐਸਐਸ ਦੇ ਬਣਨ ਦੇ ਸਮੇਂ ਤੋਂ ਹੀ ਰਹੀ ਹੈ ਜੋ ਅੱਜ ਵੀ ਜਾਰੀ ਹੈ। ਭਾਵ ਸੰਘੀ ਫਾਸੀਵਾਦੀ ਸਿਧਾਂਤਕ ਤੌਰ 'ਤੇ ਹੀ ਔਰਤਾਂ ਨੂੰ ਦੋਇਮ ਦਰਜੇ ਦਾ ਸ਼ਹਿਰੀ ਸਮਝਦੇ ਹਨ।

ਇੱਕ ਇਹ ਗੱਲ ਵੀ ਸਮਝਣ ਵਾਲ਼ੀ ਹੈ ਕਿ ਫਾਸੀਵਾਦ (ਚਾਹੇ ਕਿਸੇ ਵੀ ਧਰਮ, ਨਸਲ ਜਾਂ ਫਿਰਕੇ ਦਾ) ਵੀ ਬੁਰਜੂਆ ਸੱਤਾ ਦਾ ਇੱਕ ਰੂਪ ਹੈ ਜੋ ਆਮ ਕਿਰਤੀ ਲੋਕਾਂ ਨੂੰ ਜ਼ਬਰ ਤੇ ਡੰਡੇ ਦੇ ਜ਼ੋਰ ਨਾਲ਼ ਲੁੱਟਣ ਤੇ ਨਿਚੋੜਨ ਦਾ ਸੰਦ ਹੈ ਅਤੇ ਧਰਮ, ਜਾਤ, ਨਸਲ, ਫਿਰਕੇ ਆਦਿ ਦੀ ਆੜ ਵਿੱਚ ਜਿਸਦਾ ਅਸਲ ਨਿਸ਼ਾਨਾ ਅੰਤਿਮ ਤੌਰ 'ਤੇ ਆਮ-ਕਿਰਤੀ ਲੋਕ ਹੀ ਹੁੰਦੇ ਹਨ, ਦੰਗਿਆ, ਧਰਮ-ਬਦਲੀ, ਨਸਲ ਸ਼ੁੱਧੀ ਆਦਿ ਜੁਮਲਿਆਂ ਦੀ ਆੜ ਵਿੱਚ ਅਸਲ ਵਿੱਚ ਹਾਕਮ ਜਮਾਤਾਂ ਆਪਣੇ ਜਮਾਤੀ ਹਿੱਤ ਹੀ ਸਾਧਦੀ ਹੈ।

ਇਸ ਪ੍ਰਕਾਰ ਅਸੀਂ ਦੇਖਦੇ ਹਾਂ ਕਿ ਫਿਰਕੂ-ਫਾਸੀਵਾਦ (ਭਾਵੇਂ ਕਿਸੇ ਧਰਮ, ਫਿਰਕੇ, ਜਾਤ ਜਾਂ ਨਸਲ ਦਾ ਹੋਵੇ) ਉਹ ਜੋਕ ਹੈ ਜੋ ਔਰਤ 'ਚੋਂ ਨਿੱਜਤਾ, ਅਜ਼ਾਦੀ ਆਦਿ ਹਰ ਤਰ੍ਹਾਂ ਦੇ ਜਮਹੂਰੀਅਤ ਦੇ ਰਤ ਨੂੰ ਚੂਸ ਕੇ ਉਸਨੂੰ ਮੱਧਯੁਗੀ ਮਰਿਆਦਾ ਦੀ ਉਹ "ਸੀਲ ਦੇਵੀ" ਬਣਾ ਦੇਣਾ ਚਾਹੁੰਦਾ ਹੈ ਜੋ ਘਰ ਦੀ ਚਾਰਦੀਵਾਰੀ 'ਚ ਕੈਦ ਰਹਿੰਦੀ ਹੋਈ ਪਤੀ ਦੀ ਸੇਵਾ ਕਰੇ। ਭਾਵੇਂ ਕਿ ਇਸ ਫਿਰਕੂ-ਫਾਸੀਵਾਦੀ ਜੋਕਾਂ ਤੋਂ ਔਰਤ ਦੀ ਅਜ਼ਾਦੀ ਸਮੁੱਚੇ ਸਰਮਾਏਦਾਰਾ ਪੈਦਾਵਾਰੀ ਸਬੰਧਾਂ ਦੇ ਖ਼ਾਤਮੇ ਨਾਲ਼ ਜੁੜੀ ਹੋਈ ਹੈ ਜੋ ਔਰਤ ਦੀ ਸਸਤੀ ਕਿਰਤ ਸ਼ਕਤੀ, ਉਸਦੇ ਜਿਸਮਾਨੀ ਸੁਹੱਪਣ, ਉਸਦੀ ਰੁਚੀਆਂ, ਖ਼ਾਹਸ਼ਾਂ, ਉਮੰਗਾਂ, ਸਧਰਾਂ, ਚਾਵਾਂ-ਮਲਾਰਾਂ, ਨਿੱਜਤਾ, ਪਿਆਰ, ਜੀਵਨ ਸਾਥੀ ਚੁਣਨ ਦੀ ਅਜ਼ਾਦੀ ਆਦਿ ਹਰ ਚੀਜ਼ ਦਾ ਜਿਣਸੀਕਰਨ ਕਰਦਾ ਹੈ ਅਤੇ ਅਖੌਤੀ ਅਜ਼ਾਦੀ ਦੀ ਗੱਲ ਕਰਦੇ ਹੋਏ ਅਸਲ਼ੀਅਤ ਦੇ ਪੱਧਰ 'ਤੇ ਉਸਨੂੰ ਦੁਵੱਲੇ ਦਰਜੇ ਦੀ ਸ਼ਹਿਰੀ ਬਣਾਈ ਰੱਖਣ ਦਾ ਪੱਖਪਾਤੀ ਹੈ; ਪਰ ਫੌਰੀ ਤੌਰ 'ਤੇ ਔਰਤਾਂ ਨੂੰ ਇਹਨਾਂ ਫਿਰਕੂ ਜੋਕਾਂ ਪ੍ਰਤੀ ਜਥੇਬੰਦ ਹੋਣਾ ਪਵੇਗਾ। ਫਿਰਕੂ-ਫਾਸੀਵਾਦੀ ਸੱਤਾ ਦੇ ਰੂਪਾਂ ਕਨੂੰਨ, ਕਚਹਿਰੀਆਂ ਆਦਿ ਤੋਂ ਆਸਾਂ ਹਟਾ ਕੇ ਆਪਣੀ ਰੱਖਿਆ ਲਈ ਖ਼ੁਦ ਅੱਗੇ ਆਉਣਾ ਪਵੇਗਾ ਅਤੇ ਮੱਧਯੁਗੀ ਬਰਬਰਤਾ ਤੇ ਔਰਤ ਵਿਰੋਧੀ ਮਾਨਸਿਕਤਾ ਤੇ ਨਿਯਮਾਂ ਨੂੰ ਵੰਗਾਰਣਾ ਹੋਵੇਗਾ ਜੋ ਔਰਤ ਨੂੰ ਇੱਕ ਅਜ਼ਾਦ ਮਨੁੱਖੀ ਹੋਂਦ ਮੰਨਣ ਤੋਂ ਇਨਕਾਰੀ ਹੁੰਦੇ ਹੋਏ ਉਸਨੂੰ 'ਮਰਦ ਦੀ ਗ਼ੁਲਾਮ' ਤੇ 'ਬੱਚੇ ਪੈਦਾ ਕਰਨ ਦੀ ਮਸ਼ੀਨ' ਵਿੱਚ ਬਦਲਣਾ ਚਾਹੁੰਦੇ ਹਨ।

ਨਵ-ਜਾਗਰਣ, ਗਿਆਨ ਪ੍ਰਸਾਰ ਦੀਆਂ ਨਾਇਕਾਂ ਤੋਂ ਪ੍ਰੇਰਣਾ ਲੈਂਦੇ ਹੋਏ ਅੱਗੇ ਵੱਧ ਕੇ ਇਸ ਔਰਤ ਵਿਰੋਧੀ ਮਾਨਸਿਕਤਾ, ਪਿੱਤਰ ਸੱਤਾ, ਤੇ ਫਾਸੀਵਾਦੀ ਸੱਤਾ ਨੂੰ ਲਹਿਰਾਂ ਬਣ ਕੇ ਵੰਗਾਰ ਦੇਣੀ ਹੋਵੇਗੀ। ਜੋ ਔਰਤਾਂ ਆਪਣੇ ਹੱਕਾਂ ਪ੍ਰਤੀ ਸੁਚੇਤ ਹਨ ਉਹਨਾਂ ਨੂੰ ਹੋਰਾਂ ਔਰਤਾਂ ਦੀ ਗ਼ੁਲਾਮੀ ਨੂੰ ਤੋੜਣ ਲਈ ਕੰਮ ਕਰਨਾ ਚਾਹੀਦਾ ਹੈ। ਇਸ ਤੋਂ ਬਿਨਾਂ ਔਰਤਾਂ ਦੀ ਇਸ ਲੜਾਈ ਵਿੱਚ ਅਗਾਂਹਵਧੂ, ਸੰਵੇਦਨਸ਼ੀਲ ਨੌਜਵਾਨਾਂ ਤੇ ਹਰ ਉਸ ਇਨਸਾਨ ਨੂੰ ਭਾਈਵਾਲ ਬਣਨਾ ਚਾਹੀਦਾ ਹੈ ਜੋ ਇਸ ਬਰਾਬਰਤਾ ਤੋਂ ਮਨੁੱਖਤਾ ਨੂੰ ਅਜ਼ਾਦ ਦੇਖਣਾ ਚਾਹੁੰਦਾ ਹੈ। ਔਰਤਾਂ ਨੂੰ ਕੇਵਲ ਇੱਥੇ ਹੀ ਨਾ ਰੁਕਦੇ ਹੋਏ, ਪੁਨਰਜਾਗਰਨ ਤੇ ਪ੍ਰਬੋਧਨ ਤੋਂ ਵੀ ਅੱਗੇ ਵੱਧ ਕੇ ਆਪਣੀ ਲੜਾਈ ਨੂੰ ਕਿਰਤੀ ਲੋਕਾਂ ਦੀ ਲੜਾਈ ਨਾਲ਼ ਜੋੜਨਾ ਹੋਵੇਗਾ ਅਤੇ ਇਸ ਸਾਮਰਾਜੀ ਦੌਰ ਵਿੱਚ ਫਾਸੀਵਾਦੀ ਤਾਕਤਾਂ ਦੁਆਰਾ ਔਰਤਾਂ 'ਤੇ ਥੋਪੀਆਂ ਜਾ ਰਹੀਆਂ ਮੱਧਯੁਗੀ-ਬਰਬਰਤਾਵਾਂ ਦੀ ਕਬਰ ਵਿੱਚ ਆਪਣੀ ਅਜ਼ਾਦੀ ਦਾ ਝੰਡਾ ਗੱਡਦੇ ਹੋਵੇ ਸੰਸਾਰ ਵਿੱਚ ਖਰੀਆਂ ਮਨੁੱਖੀ ਕਦਰਾਂ-ਕੀਮਤਾਂ ਨੂੰ ਬਹਾਲ ਕਰਨਾ ਹੋਵੇਗਾ ਜਿਹਨਾਂ ਦਾ ਹਰ ਕਿਨਕਾ ਅੱਜ ਮੰਡੀ ਦੀ ਬੇਲਗਾਮ ਤਾਕਤ ਦੇ ਹੱਥ ਹੈ।

Gill Appliances & Heating Services
Residential, Commercial Service and Installation
24 Hour Service
Call: Surinder Gill
905.460.5544
***Repair and Install duct, heating, humidifier, air conditioner, water heater, dish washer, dryer, stove, fridge***

ਇੰਟਰਨੈਸ਼ਨਲ ਮਿਆਰਾਂ ਦੇ ਪੱਧਰ 'ਤੇ ਪੰਜਾਬੀ ਭਾਸ਼ਾ, ਸਾਹਿਤ, ਸਭਿਆਚਾਰ ਦੇ ਮੈਗਜ਼ੀਨਾਂ, ਕਿਤਾਬਾਂ ਅਤੇ ਅਖ਼ਬਾਰਾਂ ਨੂੰ ਆਧੁਨਿਕ ਤਕਨੀਕ ਨਾਲ ਤਿਆਰ ਕਰਵਾਉਣ ਲਈ ਸੰਪਰਕ ਕਰੋ
BALJINDER ARTS
Baljinder Singh
Mob. +91-92167-29598, +91-98782-29598
akashdeep.1046@gmail.com

# ਓਬਾਮਾ ਦੀ ਭਾਰਤ ਫੇਰੀ

**ਬਲਜਿੰਦਰ ਸਿੰਘ ਵੜੈਚ**



12 ਮਾਘ ਦਿਨ ਐਤਵਾਰ ਨੂੰ ਮੋਦੀ-ਓਬਾਮਾ ਦੀ ਪਈ ਜੱਫੀ ਨੇ ਜਿਥੇ ਗੁਆਂਢੀ ਮੁਲਕਾਂ ਨੂੰ ਕੰਬਣੀ ਚਾੜ੍ਹ ਦਿੱਤੀ, ਉਥੇ ਹੀ ਬੁੱਧੀਜੀਵੀ ਵਰਗ ਨੂੰ ਸੋਚਣ ਲਈ ਮਜ਼ਬੂਰ ਕਰ ਦਿੱਤਾ ਕਿ ਆਖਰ ਇਨੀ ਨਿੱਘੀ ਜੱਫ਼ੀ ਦਾ ਰਾਜ਼ ਕੀ ਹੋ ਸਕਦਾ ਹੈ? ਦਿੱਲੀ ਚੋਣਾਂ ਜਾਂ ਅਮਰੀਕੀ, ਚੱਲੋ ਛੱਡੋ ਜੋ ਵੀ ਹੋਵੇ ਪਰ ਸਾਨੂੰ ਸਾਡੇ ਵਿਕਾਸਸ਼ੀਲ ਦੇਸ਼ ਭਾਰਤ ਤੇ ਮਾੜਾ ਅਸਰ ਪਿਆ ਜ਼ਰੂਰ ਨਜ਼ਰ ਆ ਰਿਹਾ ਹੈ। ਜਿਥੇ ਸਾਡੇ ਦੇਸ਼ ਦੀ ਵਧਦੀ ਮਹਿੰਗਾਈ ਨੇ ਆਮ ਜਨਤਾ ਦਾ ਲੱਕ ਤੋੜ ਰੱਖਿਆ ਹੈ, ਉਥੇ ਹੀ ਸਾਡੇ ਦੇਸ਼ ਦੇ ਮੋਦੀ ਸਾਹਿਬ ਵਿਦੇਸ਼ੀ ਮਹਿਮਾਨਾਂ ਅਤੇ ਉਨ੍ਹਾਂ ਦੇ ਕੁੱਤਿਆਂ 'ਤੇ ਦਿਲ ਖੋਲ੍ਹ ਕੇ ਖਰਚ ਕਰ ਰਹੇ ਹਨ। ਓਬਾਮਾ ਦਾ ਭਾਰਤ ਫੇਰੀ ਦੌਰਾਨ ਵੱਡੀ ਮਾਤਰਾ ਵਿਚ ਆਪਣੀ ਸੁਰੱਖਿਆ ਛੱਤਰੀ ਵਿਚ ਗੱਡੀਆਂ, ਆਦਮੀ ਅਤੇ ਕੁੱਤੇ ਲੈ ਕੇ ਆਉਣਾ ਭਾਈਚਾਰੇ ਦਾ ਪ੍ਰਤੀਕ ਤਾਂ ਨਹੀਂ ਸਗੋਂ ਅਵਿਸ਼ਵਾਸੀ ਦੀ ਭਾਵਨਾ ਜ਼ਰੂਰ ਦਿਖਾ ਰਿਹਾ ਹੈ। ਜਦੋਂ ਕਿ ਸਾਡੇ ਦੇਸ਼ ਦੇ ਨੇਤਾਵਾਂ ਅਤੇ ਜਵਾਨਾਂ ਨੇ ਓਬਾਮਾ ਦੀ ਫੇਰੀ ਸਬੰਧੀ 2 ਮਹੀਨੇ ਪਹਿਲਾਂ ਤੋਂ ਹੀ ਤਿਆਰੀਆਂ ਸ਼ੁਰੂ ਕਰਦਿੱਤੀਆਂ ਸਨ। ਦਿੱਲੀ ਤੋਂ ਆਗਰੇ ਤੱਕ ਦਾ ਸਫ਼ਰ ਸੁਹਾਵਣਾ ਬਣਾਉਣ ਲਈ ਜਿਥੇ ਸਰਕਾਰ ਨੇ ਕਰੋੜਾਂ ਰੁਪਏ ਬਹਾ ਦਿੱਤੇ ਉਥੇ ਹੀ ਆਮ ਜਨਤਾ ਲਈ ਇਨ੍ਹਾਂ ਦੋ ਦਿਨਾਂ ਲਈ ਲੱਗੀ ਪਾਬੰਦੀ ਨੇ ਲੋਕਾਂ ਦੇ ਸਾਹ ਸੂਤ ਦਿੱਤੇ, ਇਨ੍ਹਾਂ ਦਿਨਾਂ ਵਿਚ ਆਗਰੇ ਦੇ ਲੋਕਾਂ ਦਾ ਤਾਜ ਮਹਿਲ ਨੇੜੇ ਘੁੰਮਣਾ ਨ-ਵਾਜਬ ਹੀ ਨਹੀਂ ਸਗੋਂ ਗੈਰ ਕਾਨੂੰਨੀ ਵੀ ਸਮਝਿਆ ਗਿਆ। ਇਸ ਨਾਲ ਜਿਥੇ ਲੋਕਾਂ ਨੂੰ ਦਿਲੀ ਠੇਸ ਪਹੁੰਚੀ ਉਥੇ ਲੋਕਤੰਤਰ ਆਜ਼ਾਦੀ ਤੇ ਵੀ ਸਵਾਲੀਆਚਿੰਨ੍ਹ ਲੱਗ ਗਿਆ। ਇਸ ਤੋਂ ਵੀ ਭਾਰੀ ਠੇਸ ਉਸ ਸਮੇਂ ਲੱਗੀ ਜਦੋਂ ਐਨੇ ਪੁਖਤਾ ਪ੍ਰਬੰਧ ਦੇ ਬਾਅਦ ਵੀ ਓਬਾਮਾ ਨੇ ਰਾਜ ਫੇਰੀ ਰੱਦ ਕਰਦਿੱਤੀ ਤੇ ਮੋਦੀ ਦੀ ਕੀਤੀ ਮਿਹਨਤ ਦੀ ਫੂਕ ਕੱਢ ਦਿੱਤੀ।

ਇਸ ਤਰ੍ਹਾਂ ਸੰਸਾਰਿਕ ਸ਼ਕਤੀ ਅਮਰੀਕਾ ਅਤੇ ਉਸਦੇ ਮੁਖੀ ਓਬਾਮਾ ਦੇ ਬਦਲਦੇ ਖਿਆਲਾਂ ਤੋਂ ਉਸਦੀ ਧਨਾਢ ਪ੍ਰਵਿਰਤੀ ਲੜ ਖੜਾਉਂਦੀ ਨਜ਼ਰ ਆ ਰਹੀ ਹੈ। ਪਿਛਲੇ ਕਈ ਸਾਲਾਂ ਤੋਂ ਜੰਗਾਂ ਵਿਚ ਉਲਝੇ ਅਤੇ ਆਰਥਿਕ ਪੱਖੋਂ ਕੰਗਾਲ ਹੋਏ ਅਮਰੀਕਾ ਨੇ ਇਹ ਧਾਰਨਾ ਧਾਰੀ ਨਜ਼ਰ ਆ ਰਹੀ ਹੈ ਕਿ "ਹਮ ਤੋਂ ਡੂੱਬੇ ਹੈਂ ਸਨਮ, ਤੁਮੇ ਵੀ ਲੈ ਡੂਬੇਂਗੇ'। ਇਹ ਗੱਲ ਸੋਲ੍ਹਾਂ ਆਨੇ ਸੱਚੀ ਹੈ ਕਿ ਓਬਾਮਾ ਦੀ ਇਸ ਫੇਰੀ ਦਾ ਭਾਰਤ, ਪਾਕਿ, ਚੀਨ ਅਤੇ ਰੂਸ ਦੇ ਕੂਟਨੀਤਕ ਸਬੰਧਾਂ ਤੇ ਅਸਰ ਜ਼ਰੂਰ ਪਵੇਗਾ। ਅਮਰੀਕਾ ਦੀ ਇਸ ਫੇਰੀ ਦੇ ਸਾਰਿਆਂ ਪਹਿਲੂਆਂ ਨੂੰ ਘੋਖਣ ਤੋਂ ਬਾਅਦ ਇਸ ਨਤੀਜੇ 'ਤੇ ਪਹੁੰਚਿਆ ਜਾ ਸਕਦਾ ਹੈ ਕਿ ਸੰਸਾਰਿਕ ਸ਼ਕਤੀ ਅਮਰੀਕਾ ਅਤੇ ਇੰਗਲੈਂਡ ਨੂੰ ਚਲਾਉਣ ਵਾਲੇ ਚੌਥ ਲਾਇਲਡ ਜਿਹੇ ਬੈਕਰਾਂ ਦਾ ਕਾਲਾ ਪਰਛਾਵਾਂ ਹੁਣ ਭਾਰਤ ਤੇ ਪੈਂਦਾ ਵੀ ਨਜ਼ਰ ਆ ਰਿਹਾ ਹੈ। ਜੋ ਸਾਰੇ ਸੰਸਾਰ ਦੀ ਇਕ ਕਰੰਸੀ ਦਾ ਰਾਗ ਅਲਾਪ ਰਹੇ ਹਨ ਤਾਂ ਕਿ ਸਾਰਾ ਮੁਲਕ ਉਨ੍ਹਾਂ ਦੀ ਮੁੱਠੀ ਵਿਚ ਆ ਸਕੇ।

ਚਲੋ ਮੰਨ ਲੋ ਕਿ ਸੈਤਾਨ ਨੇ ਤਾਂ ਆਪਣੀ ਪਾਰੀ ਸ਼ੁਰੂ ਕਰਨੀ ਹੀ ਹੁੰਦੀ ਹੈ ਪਰ ਜੇ ਅੱਗੇ ਕੋਈ ਅਨਾੜੀ ਹੋਵੇ ਤਾਂ ਜਿੱਤ ਸੈਤਾਨ ਦੀ ਪਰ ਜੇ ਖਿਡਾਰੀ ਹੋਵੇ ਤਾਂ ਪਾਸਾ ਪਲਟ ਜਾਂਦਾ ਹੈ। ਕਹਿਣ ਦਾ ਮਤਲਬ ਇਹ ਹੈ ਕਿ ਸਾਨੂੰ ਅਨਾੜੀ ਨਹੀਂ ਖਿਡਾਰੀ ਬਣਨਾ ਚਾਹੀਦਾ ਹੈ ਤਾਂ ਕਿ ਪਾਰੀ ਖੇਡਣ ਤੋਂ ਪਹਿਲਾਂ ਹੀ ਸੈਤਾਨ ਨੂੰ ਨੱਪ ਲਈਏ, ਨਾਲੇ ਸਾਡੇ ਭਾਰਤ ਦੇਸ਼ ਕਿਸੇ ਤਰਸ ਦਾ ਪਾਤਰ ਨਹੀਂ ਸਗੋਂ ਆਪਣੀ ਵੱਖਰੀ ਪਹਿਚਾਣ ਰੱਖਦਾ ਹੈ। ਇਸ ਲਈ ਮੋਦੀ ਸਾਹਿਬ ਨੂੰ ਮੰਗਣ ਦੀ ਨਹੀਂ ਸਗੋਂ ਦੇਣ ਦੀ ਨੀਤੀ ਅਪਣਾਉਣੀ ਚਾਹੀਦੀ ਹੈ। ਸਾਡੀ ਅਤੇ ਸਾਡੇ ਦੇਸ਼ ਦੀ ਦਿਖ ਵਿਚ ਚਮਕ ਲਿਆਉਣੀ ਚਾਹੀਦੀ ਹੈ। ਮਿਹਨਤ ਤੇ ਦ੍ਰਿੜ੍ਹ ਇਰਾਦੇ ਨਾਲ ਅੱਗੇ ਵਧਦੇ ਹੋਏ ਇਕ ਲਾਜਵਾਬ ਸ਼ੇਅਰ ਦੀਆਂ ਪੰਕਤੀਆਂ ਤੇ ਅਮਲ ਕਰਨਾ ਚਾਹੀਦਾ ਹੈ ਕਿ

**"ਖੁਦੀ ਕੋ ਕਰ ਬੁਲੰਦ ਇਤਨਾ**
**ਕਿ ਖ਼ੁਦਾ ਖੁਦ ਪਾਸ ਆ ਕਰ ਪੂਛੇ,**
**ਹੇ ਮਨੁੱਖ ! ਬਤਾ ਤੇਰੀ ਰਜ਼ਾ ਕਿਆ ਹੈ।"**

ਇਸ ਪ੍ਰਕਾਰ ਦੀ ਸੋਚ ਨਾਲ ਜਿਥੇ ਸਾਡੀ ਆਰਥਿਕ ਲਹਿਰ ਨੂੰ ਹੁਲਾਰਾ ਮਿਲੇਗਾ ਉਥੇ ਹੀ ਸਾਡੇ ਦੇਸ਼ ਦੀ ਕਿਸਮਤ ਵੀ ਚਮਕ ਉਠੇਗੀ।

92167-29598

Village of India
Restaurant & Sweets
Tel : 905-450-3333 www.villageofindia.ca
*Open days a week *Pur Veg. Authentic Fine Indian Cuisine
PARTY HALL (up to 100 people)
Party Hall+Catering+Seating
Arrangement+Sound System+Lighting
*DINE IN * TAKE OUT *CATERING *SWEETS&SNACKS
114 Kennedy Road, South, Brampton, ON L6W 3E7
(Between Queen/HWY 7 & Steeles)



Kulwant Singh Pannu
Sales Representative
416.276.1566
k.pannu@hotmail.com
Century 21
Century 21 Green Realty Inc., Brokerage
Bus: 905.565.9565
Fax: 905.565.9522
24 Hour Pager Service
151 Superior Blvd. Unit 19-21
Mississauga ON L5T 1L2
REALTOR
MLS
Buy Green, Build Green...Save Environment!!!
Each office is independently owned and operated.
Trademarks of AIRMILES International Trading B.V.
used under license by Loyalty Management Group
Canada Inc. and Century 21 Canada Ltd.
Partnership

GILL
Truck & Trailer Repair
and Mobile Service
OPEN 7 DAYS A WEEK
Cell: 416.312.4707
Tel: 905.458.3455
Fax: 905.458.3456
04 Blair Dr.
Brampton, ON
L6P 2X5
gilltruckandtrailer@yahoo.com
Inderjit Gill
Heavy Duty Truck & Trailer Mechanic

AVTAR SINGH KAMBOJ
Real Estate Representative
Dir: 416-319-9830
Email: akamboj@trebnet.com
Sutton
Residential, Commercial & Investment
SUTTON-ROYAL REALTY BROKERAGE
INDEPENDENTLY OWNED AND OPERATED
45 Woodbine Downs Blvd., #3
Toronto, Ontario M9W 6N5
Bus: 416-748-7900 Fax: 416-674-1682



Hiring Drivers/Owners/Operators
GALAXY Freightline inc.
We Offer:
*Competitive Salary
* Fuel Cards
* Late Model Equipment
* NewPay Package
* On Site Maintenance Facility
* Extra Drops and Pickups Paid
* Guaranteed Miles Per Month
* Guaranteed Home Time
We Require:
* 2 Years Experience
* Clean Current Abstract
* Ability to Cross Border
* Positive, Professional Attitude
For:
*GTA
* ON-QC
* ON-MB-AB-BC
* USA
TEL: 1-877-251-5299
FAX: 416-644-8882
EMAIL: dispatch@galaxyfreightline.com
www.galaxyfreightline.com
*1580 Britannia Road East *Mississauga *ON *L4W 1J2

# ਯੂਨੀਵਰਸਿਟੀ ਆਫ ਕੈਲਗਰੀ ਵਿਚ ਦਿਲ ਦੀਆਂ ਬਿਮਾਰੀਆਂ ਅਤੇ ਖੋਜ ਲਈ ਚੇਅਰ ਸਥਾਪਤ

## ਡਾ. ਅਨਮੋਲ ਕਪੂਰ ਅਤੇ ਦਿਲ ਵਾਕ ਫਾਊਂਡੇਸ਼ਨ ਦੇ ਯਤਨ ਸਫਲ ਹੋਏ




**ਬਲਜਿੰਦਰ ਸੰਘਾ**

ਪੰਜਾਬੀ ਕਮਿਊਨਿਟੀ ਲਈ ਉਦੋਂ ਮਾਣ ਵਾਲੀ ਗੱਲ ਹੋਈ ਜਦੋਂ ਦਿਲਾਂ ਦੀਆਂ ਬਿਮਾਰੀਆਂ ਦੇ ਡਾਕਟਰ ਅਤੇ ਸਮਾਜਸੇਵੀ ਡਾਕਟਰ ਅਨਮੋਲ ਕਪੂਰ ਅਤੇ ਦਿਲ ਵਾਕ ਫਾਊਂਡੇਸ਼ਨ ਕੈਲਗਰੀ ਦੇ ਯਤਨਾਂ ਨਾਲ ਏਸ਼ੀਅਨ ਭਾਈਚਾਰੇ ਨੂੰ ਪੱਛਮੀ ਦੇਸ਼ਾਂ ਵਿਚ ਦਿਲ ਦੀਆਂ ਬਿਮਾਰੀਆਂ ਵੱਧ ਹੋਣ ਦੇ ਕਾਰਨਾਂ ਬਾਰੇ ਖੋਜ ਕਰਨ ਅਤੇ ਸਿੱਖਿਅਤ ਕਰਨ ਲਈ ਗੁਰੂ ਨਾਨਕ ਦੇਵ ਜੀ ਦੇ ਨਾਮ ਉੱਪਰ ਇੱਕ ਹਾਰਟ ਰਿਸਰਚ ਚੇਅਰ ਸਥਾਪਿਤ ਕਰਨ ਨੂੰ ਮਨਜ਼ੂਰੀ ਮਿਲ ਗਈ। ਡਾਕਟਰ ਅਨਮੋਲ ਕਪੂਰ ਨੇ ਇਸ ਸਬੰਧ ਵਿਚ ਰੱਖੇ ਪ੍ਰੋਗਰਾਮ ਦੌਰਾਨ ਦੱਸਿਆ ਕਿ ਪੰਜਾਬੀ ਕਮਿਊਨਿਟੀ ਲਈ ਇਹ ਮਾਣ ਵਾਲੀ ਗੱਲ ਹੈ ਕਿ ਅਨੇਕਾਂ ਹੋਰ ਲੋਕਾਂ ਵੱਲੋਂ ਯੂਨੀਵਰਸਿਟੀਆਂ ਵਿਚ ਵੱਖ-ਵੱਖ ਖੇਤਰਾਂ ਨਾਲ ਸਬੰਧਤ ਖੋਜ ਸਬੰਧੀ ਚੇਅਰ ਸਥਾਪਿਤ ਕਰਨ ਲਈ ਬਹੁਤ ਯਤਨ ਕੀਤੇ ਜਾਂਦੇ ਹਨ ਪਰ ਸਫਲਤਾ ਹਰ ਇੱਕ ਨੂੰ ਨਹੀਂ ਮਿਲਦੀ। ਇਸ ਰਿਸਰਚ ਚੇਅਰ ਦਾ ਨਾਮ ਵੀ ਸਰਬੱਤ ਦਾ ਭਲਾ ਚਾਹੁੰਣ ਵਾਲੇ ਸਿੱਖਾ ਦੇ ਪਹਿਲੇ ਗੁਰੂ ਨਾਨਕ ਦੇਵ ਜੀ ਦੇ ਨਾਮ ਉੱਪਰ ਰੱਖਣ ਦਾ ਮਤਲਬ ਵੀ ਇਹੀ ਹੈ ਕਿ ਇਹ ਹਾਰਟ ਰਿਸਰਚ ਚੇਅਰ ਦਾ ਮੁੱਖ ਉਦੇਸ਼ ਦਿਲਾਂ ਦੇ ਰੋਗਾਂ ਦੀ ਖੋਜ ਅਤੇ ਕਾਰਨਾਂ ਰਾਹੀਂ ਮਨੁੱਖਤਾ ਦਾ ਭਲਾ ਹੈ ਤੇ ਖ਼ਾਸ ਕਰਕੇ ਸਾਊਥ-ਏਸ਼ੀਅਨ ਕਮਿਊਨਿਟੀ ਵਿਚ ਜੋ ਇਥੇ ਹੋਰਨਾਂ ਦੇ ਮੁਕਾਬਲੇ 3 ਤੋਂ 5 ਗੁਣਾਂ ਵੱਧ ਦਿਲ ਦੇ ਰੋਗਾਂ ਦਾ ਸ਼ਿਕਾਰ ਹੁੰਦੇ ਹਨ। ਜ਼ਿਕਰਯੋਗ ਹੈ ਕਿ ਡਾਕਟਰ ਅਨਮੋਲ ਕਪੂਰ ਅਤੇ ਰਮਨ ਕਪੂਰ ਆਪਣੀ ਸਹਿਯੋਗੀ ਟੀਮ ਨਾਲ ਇਕ ਦਿਲ ਵਾਕ ਫਾਊਡੇਸ਼ਨ ਨਾਮ ਦੀ ਬਿਨਾਂ ਲਾਭ ਸੰਸਥਾ ਚਲਾ ਰਹੇ ਹਨ ਜੋ ਕੈਲਗਰੀ ਸ਼ਹਿਰ ਤੋਂ ਸ਼ੁਰੂ ਹੋਕੇ ਹੁਣ ਕੈਨੇਡਾ ਦੇ ਹੋਰ ਸ਼ਹਿਰਾਂ ਵਿਚ ਵੀ ਇਕੱਲੇ ਪੰਜਾਬੀਆਂ ਹੀ ਨਹੀਂ ਬਲਕਿ ਸਾਰੇ ਭਾਈਚਾਰਿਆਂ ਨੂੰ ਇਹਨਾਂ ਦੇਸ਼ਾਂ ਵਿਚ ਦਿਲ ਦੀਆਂ ਬਿਮਾਰੀਆਂ ਪ੍ਰਤੀ ਜਾਗਰੂਕ ਕਰਦੀ ਹੋਈ ਇਹ ਵੀ ਜਾਣਕਾਰੀ ਦਿੰਦੀ ਹੈ ਕਿ ਭੂਗੋਲਿਕ ਅਤੇ ਖਾਣ-ਪੀਣ ਦੀਆਂ ਵੱਖ-ਵੱਖ ਪ੍ਰਸਥਿਤੀਆਂ ਵਿਚੋਂ ਆਏ ਏਸ਼ੀਅਨ ਕਿਸ ਤਰਾਂ ਆਪਣੇ ਆਪ ਨੂੰ ਸਿਹਤਮੰਦ ਰੱਖਦੇ ਹੋਏ ਦਿਲ ਦੀਆਂ ਬਿਮਾਰੀਆਂ ਤੋਂ ਬਚ ਸਕਦੇ ਹਨ। ਉਹਨਾਂ ਅਨੁਸਾਰ ਇਹ ਚੇਅਰ ਸਥਾਪਿਤ ਹੋਣ ਨਾਲ ਸਾਨੂੰ ਸਭ ਤੋਂ ਵੱਡਾ ਫਾਇਦਾ ਇਹ ਹੋਵੇਗਾ ਕਿ ਹੁਣ ਏਸ਼ੀਅਨ ਭਾਈਚਾਰੇ ਨੂੰ ਦਿਲਾਂ ਦੇ ਰੋਗਾਂ ਪ੍ਰਤੀ ਜਾਗਰੂਕ ਕਰਨ ਦੇ ਨਾਲ-ਨਾਲ ਖੋਜ ਕਰਨ ਦਾ ਰਾਹ ਵੀ ਪੱਧਰਾ ਹੋ ਜਾਵੇਗਾ ਕਿ ਵਿਗਿਆਨਿਕ ਅਤੇ ਬਾਰੀਕੀ ਦੇ ਤੌਰ ਤੇ ਉਹ ਕਿਹੜੇ ਕਾਰਨ ਹਨ ਜਿਸ ਨਾਲ ਏਸ਼ੀਅਨ ਲੋਕਾਂ ਵਿਚ ਦਿਲ ਦੇ ਰੋਗਾਂ ਦੇ ਕੇਸ ਵੱਧ ਹਨ ਤੇ ਉਹ ਆਪਣੇ ਰਹਿਣ-ਸਹਿਣ ਅਤੇ ਖੁਰਾਕ ਵਿਚ ਇਹਨਾਂ ਦੇਸ਼ਾਂ ਦੀਆਂ ਭੂਗੋਲਿਕ ਅਤੇ ਹੋਰ ਸਥਿਤੀਆਂ ਅਨੁਸਾਰ ਕਿਸ ਤਰ੍ਹਾਂ ਦੀ ਤਬਦੀਲੀ ਕਰਨ। ਇਸ ਪੰਜ ਸਾਲਾਂ ਚੇਅਰ ਲਈ ਹੁਣ ਅਗਲਾ ਕਦਮ ਇਸ ਲਈ ਕਮਿਊਨਿਟੀ ਦੁਆਰਾ ਫੰਡ ਜਟਾਉਣਾ ਹੋਵੇਗਾ। ਕਿਉਂਕਿ ਇਸਦਾ ਕੁੱਲ ਇਕ ਮਿਲੀਅਨ ਡਾਲਰ ਦਾ ਅੱਧਾ ਖਰਚ ਯੂਨੀਵਰਸਿਟੀ ਵੱਲੋਂ ਕੀਤਾ ਜਾਣਾ ਹੈ ਅਤੇ ਬਾਕੀ ਫੰਡ ਦਾ ਪ੍ਰਬੰਧ ਦਾਨੀ ਲੋਕਾਂ ਅਤੇ ਸਮਾਜਸੇਵੀ ਸੰਸਥਾਵਾਂ ਵੱਲੋਂ ਜਟਾਉਣਾ ਹੋਵੇਗਾ। ਜਿਸ ਲਈ ਡਾਕਟਰ ਅਨਮੋਲ ਕਪੂਰ ਨੇ ਕਿਹਾ ਕਿ ਇਸ ਲਈ ਇਕੱਠਾ ਹੋਇਆ ਫੰਡ ਸਿੱਧਾ ਇਸ ਉਦੇਸ਼ ਦੇ ਖਾਤੇ ਵਿਚ ਜਾਵੇਗਾ ਅਤੇ ਟੈਕਸ ਛੋਟ ਲਈ ਯੋਗ ਹੋਵੇਗਾ। ਇਸ ਸਮੇਂ ਯੂਨੀਵਰਸਿਟੀ ਆਫ ਕੈਲਗਰੀ ਅਤੇ ਦਿਲ ਦੇ ਰੋਗਾਂ ਨਾਲ ਸਬੰਧਤ ਹਸਤੀਆਂ ਨੇ ਸੰਬੋਧਨ ਕੀਤਾ। ਡਾਕਟਰ ਅਨਮੋਲ ਕਪੂਰ ਨੂੰ ਉਹਨਾਂ ਦੇ ਸਮਾਜਸੇਵੀ ਕੰਮਾਂ ਲਈ ਹੁਣ ਤੱਕ ਦੇਸ਼-ਵਿਦੇਸ਼ ਵਿਚ ਕਈ ਸਨਮਾਨ ਮਿਲ ਚੁੱਕੇ ਹਨ।

SINGH & PARTNERS
LAW OFFICE
Commonwealth Centre
Unit 1101, 3961-52nd Ave.N.E.
Calgary, AB T3J 0J7
Tel. : 285-7070
Barristers, Solicitors and Notary Public
Our law group practices in
IMMIGRATION
Applications for Family Class and APPEALS,
Skilled Workers, Investors,
Refugee Claims
REAL ESTATE
Buying and Selling
Commercial and Residential
Land Development
Condominium Projects
WILLS & ESTATE
CRIMINAL LAW
SMALL BUSINESS
Buying and Selling
Franchises, Shareholder
Agreements and Incorporations
FORMATION OF
PUBLIC COMPANIES
PERSONAL INJURY (Car Accident Claims)
NO LEGAL FEES UNTIL RECOVERY
Our clients include small businesses, public companies, builders, land developers, charitable organizations and individuals.
We donate part of our fees to Alberta Children Hospital.
* Experienced lawyers, caring, confidential
* Reasonable fees
* Free Initial Consultation
* Weekend & Evening Appointments (available upon request)

Velocity
Colission
Complete truck - auto body repair & electrical centre
Tel: 905.673.7878
Fax: 905.673.7876
Cell: 416.817.5760
7120 Tranmere Drive
Mississauga, ON L5S 1L9

Varun Mehra
Sales Representative
cell: 416.833.2162
email: varun.m.mehra@gmail.com
web: www.properties2profit.com
Century 21
Millennium Inc.
Brokerage
Commercial
Residential
Investment properties
We fulfill your dreams!



HOMELIFE
HIGHER STANDARDS
Home Life/Superstars
Real Estate Ltd., Brokerage
Each office is independently owned & operated
*Residential *Commercial
*Investment *Condominium
Cell : 416-274-1146
Email : sliddar@hotmail.com
*Office : 905-792-7800 *Fax : 905-792-9092
Sukdev Singh Liddar
*2555 Steeles Ave E. Unit 11 *Brampton *ON*L6T4L6



CHERA IMMIGRATION CONSULTANCY SERVICES
22 Years of Service
Specializing in:
• Appeals
• H&C Cases
• PRRA Appeals
• Sponsorships
• Refugee Claims
• Admissibility Hearings
• Super Visa / Affidavits/ Declarations
• Skilled Workers
• Citizenship Matters
• Work/Study Permits
WE PROVIDE ALL IMMIGRATION AND CITIZENSHIP SERVICES.
Sardara Singh Chera
B.A., M.A.
Former Member (Commissioner) Of The Immigration And Refugee Board Of Canada
Commissioner Of Oath
Regulated Canadian Immigration Consultant
Tel: 905-461-9885
sschera@rogers.com
2355 Derry Rd. E. Unit # 35 Skyport Corporate Centre Mississauga, ON. L5S 1V6








# ਸਿਆਸੀ ਸ਼ਹਿ ਪ੍ਰਾਪਤ ਗੁੰਡਾ ਗਿਰੋਹ ਦੀ ਸ਼ਿਕਾਰ ਤੇ ਜ਼ੁਲਮਾਂ ਅੱਗੇ

## ਈਨ ਨਾ ਮੰਨਣ ਵਾਲੀ ਬਹਾਦਰ ਸ਼ਹਿਨਾਜ਼ ਨੂੰ ਇਨਸਾਫ਼ ਦੁਆਉਣ ਲਈ ਗੁੰਡਾ-ਪੁਲੀਸ-ਸਿਆਸੀ ਗਠਜੋੜ ਖਿਲਾਫ਼ ਵਿਸ਼ਾਲ ਲਾਮਬੰਦੀ, ਜੁਝਾਰੂ ਘੋਲ਼

**ਲਖਵਿੰਦਰ**

ਲੁਧਿਆਣੇ ਦੇ ਢੰਡਾਰੀ ਇਲਾਕੇ ਵਿੱਚ ਰਹਿਣ ਵਾਲ਼ੇ ਇੱਕ ਸਧਾਰਨ ਪਰਿਵਾਰ ਦੀ 16 ਸਾਲਾਂ ਧੀ ਅਤੇ 12ਵੀਂ ਜਮਾਤ ਦੀ ਵਿਦਿਆਰਥਣ ਸ਼ਹਿਨਾਜ਼ ਨੂੰ ਇੱਕ ਸਿਆਸੀ ਸ਼ਹਿ ਪ੍ਰਾਪਤ ਗੁੰਡਿਆਂ ਵੱਲੋਂ ਅਗਵਾ ਕੀਤੇ ਜਾਣ, ਸਮੂਹਿਕ ਬਲਾਤਕਾਰ ਕਰਨ, ਅਦਾਲਤੀ ਕੇਸ ਵਾਪਸ ਲੈਣ ਲਈ ਡਰਾਉਣ-ਧਮਕਾਉਣ, ਕੁੱਟਣ-ਮਾਰਨ ਅਤੇ ਆਖਰ ਘਰ ਵਿੱਚ ਵੜ੍ਹ ਕੇ ਦਿਨ-ਦਿਹਾੜੇ ਮਿੱਟੀ ਦਾ ਤੇਲ ਪਾ ਕੇ ਸਾੜੇ ਜਾਣ ਦੇ ਹੌਲਨਾਕ ਘਟਨਾਕ੍ਰਮ ਖਿਲਾਫ਼ ਪਿਛਲੀ ਦਿਨੀਂ ਲੋਕਾਂ, ਖਾਸਕਰ ਸਨਅਤੀ ਮਜ਼ਦੂਰਾਂ, ਦਾ ਰੋਹ ਫੁੱਟ ਪਿਆ। ਇਨਸਾਫ਼ਪਸੰਦ ਜੱਥੇਬੰਦੀਆਂ ਦੀ ਅਗਵਾਈ ਵਿੱਚ ਲਾਮਬੰਦ ਹੋ ਕੇ ਲੋਕਾਂ ਨੇ ਜ਼ਬਰਦਸਤ ਜੁਝਾਰੂ ਘੋਲ਼ ਲੜਿਆ ਹੈ ਅਤੇ ਦੋਸ਼ੀ ਗੁੰਡਾ ਗਿਰੋਹ ਨੂੰ ਸਲਾਖਾਂ ਪਿੱਛੇ ਪਹੁੰਚਾਇਆ ਹੈ। ਦੋਸ਼ੀ ਗੁੰਡਿਆਂ ਨੂੰ ਸਜ਼ਾਵਾਂ ਦੁਆਉਣ ਲਈ ਪੁਲੀਸ-ਸਰਕਾਰ ਖਿਲਾਫ਼ ਲੋਕ ਘੋਲ਼ ਅਜੇ ਵੀ ਜਾਰੀ ਹੈ। ਸ਼ਹਿਨਾਜ਼ ਅਤੇ ਉਸਦੇ ਪਰਿਵਾਰ ਨਾਲ਼ ਵਾਪਰਿਆ ਇਹ ਹੌਲਨਾਕ ਘਟਨਾਕ੍ਰਮ ਸਮਾਜ ਵਿੱਚ ਔਰਤਾਂ ਅਤੇ ਆਮ ਲੋਕਾਂ ਦੀ ਨਿੱਘਰੀ ਹੋਈ ਹਾਲਤ ਦੀ ਇੱਕ ਨੁਮਾਇੰਦਾ ਉਦਾਹਰਣ ਹੈ। ਜੂਝਾਰੂ ਜੱਥੇਬੰਦੀਆਂ ਦੀ ਅਗਵਾਈ ਵਿੱਚ ਹਜ਼ਾਰਾਂ ਲੋਕਾਂ ਵੱਲੋਂ ਸੜਕਾਂ 'ਤੇ ਉੱਤਰ ਕੇ ਜੁਝਾਰੂ ਘੋਲ਼ ਲੜਿਆ ਜਾਣਾ ਤੇ ਕਈ ਅਹਿਮ ਪ੍ਰਾਪਤੀਆਂ ਕਰਨਾ ਲੋਕ-ਮੁਕਤੀ ਲਹਿਰ ਲਈ ਇੱਕ ਸ਼ੁਭ ਸੰਕੇਤ ਹੈ।

**ਅਗਵਾ, ਬਲਾਤਕਾਰ ਅਤੇ ਕਤਲ ਦਾ ਹੌਲਨਾਕ ਘਟਨਾਕ੍ਰਮ :** ਸ਼ਹਿਨਾਜ਼ ਅਤੇ ਉਸਦੇ ਪਰਿਵਾਰ ਨਾਲ਼ ਜੋ ਬੀਤਿਆ ਉਹ ਸੁਣਕੇ ਰੌਂਗਟੇ ਖੜੇ ਹੋ ਜਾਂਦੇ ਹਨ। ਉਸਨੂੰ ਇੱਕ ਸਿਆਸੀ ਸ਼ਹਿ ਪ੍ਰਾਪਤ ਗੁੰਡਾ ਗਿਰੋਹ ਨੇ 25 ਅਕਤੂਬਰ ਨੂੰ ਸਕੂਲ ਜਾਂਦੇ ਸਮੇਂ



ਅਗਵਾ ਕੀਤਾ। ਸ਼ਹਿਨਾਜ਼ ਅਤੇ ਉਸਦਾ ਪਰਿਵਾਰ ਪੁਲੀਸ ਕੋਲ਼ ਲੜਕੀ ਦੇ ਗਾਇਬ ਹੋਣ ਦੀ ਰਿਪੋਰਟ ਦਰਜ਼ ਕਰਾਉਣ ਗਏ ਤਾਂ ਉਨ੍ਹਾਂ ਨੂੰ ਪੁਲੀਸ ਦੇ ਬੇਹੱਦ ਅਣਮਨੁੱਖੀ ਰਵੱਈਏ ਦਾ ਸਾਹਮਣਾ ਕਰਨਾ ਪਿਆ। ਪੁਲੀਸ ਵਾਲ਼ਿਆਂ ਨੇ ਕਿਹਾ ਕਿ ਰਿਪੋਰਟ ਦਰਜ਼ ਕਰਵਾ ਕੇ ਕਿਉਂ ਬਦਨਾਮੀ ਖੱਟਦੇ ਹੋ, ਕੁੜੀ ਕਿਸੇ ਨਾਲ਼ ਭੱਜ ਗਈ ਹੋਵੇਗੀ, ਆਪੇ ਵਾਪਸ ਆ ਜਾਵੇਗੀ। ਦੋ ਦਿਨ ਬਾਅਦ ਗੁੰਡਿਆਂ ਨੇ ਸ਼ਹਿਨਾਜ਼ ਨੂੰ ਛੱਡ ਦਿੱਤਾ। ਸਮੂਹਕ ਬਲਾਤਕਾਰ ਦਾ ਸ਼ਿਕਾਰ, ਸ਼ਰੀਰਕ ਤੇ ਮਾਨਸਿਕ ਤੌਰ 'ਤੇ ਬੇਹੱਦ ਬੁਰੀ ਹਾਲਤ ਵਿੱਚ ਸ਼ਹਿਨਾਜ਼ 27 ਅਕਤੂਬਰ ਦੀ ਰਾਤ ਬਾਰਾਂ ਵਜੇ ਘਰ ਪਰਤੀ। ਅਗਲੇ ਦਿਨ ਮਾਤਾ-ਪਿਤਾ ਸ਼ਹਿਨਾਜ਼ ਨੂੰ ਲੈ ਕੇ ਪੁਲੀਸ ਕੋਲ਼ ਗਏ ਤਾਂ ਫਿਰ ਉਹੀ ਨਸੀਹਤਾਂ ਤੇ ਟਾਲ਼-ਮਟੋਲ। ਇੱਕ ਚੌਂਕੀ ਇੰਚਾਰਜ਼ ਨੇ ਤਾਂ ਉਹਨਾਂ ਤੋਂ ਪੰਜਾਹ ਹਜ਼ਾਰ ਰੁਪਏ ਰਿਸ਼ਵਤ ਤੱਕ ਮੰਗ ਲਈ। ਉਹਨਾਂ ਨੂੰ ਇੱਕ ਚੌਂਕੀ ਤੋਂ ਦੂਜੀ ਚੌਂਕੀ ਦੌੜਾਇਆ ਗਿਆ। ਬਹੁਤ ਭੱਜ-ਨੱਠ ਤੋਂ ਬਾਅਦ ਐਫ.ਆਈ.ਆਰ. ਲਿਖੀ ਵੀ ਗਈ ਤਾਂ ਬਲਾਤਕਾਰ ਦੀ ਧਾਰਾ ਨਹੀਂ ਲਾਈ ਗਈ। ਸ਼ਹਿਨਾਜ਼ ਅਤੇ ਉਸਦੇ ਮਾਪਿਆਂ ਨੇ ਪੁਲਿਸ ਨੇ ਬਹੁਤ ਕਿਹਾ ਕਿ ਉਸਦਾ ਮੈਡੀਕਲ ਕਰਵਾਇਆ ਜਾਵੇ। ਪਰ ਪੁਲਿਸ ਵਾਲ਼ੇ ਅੱਜ-ਕੱਲ ਕਰਕੇ ਟਾਲ਼ਦੇ ਰਹੇ ਅਤੇ ਹਫ਼ਤਾ ਲੰਘਾ ਦਿੱਤਾ। ਹਫਤੇ ਬਾਅਦ ਹੋਏ ਮੈਡੀਕਲ ਵਿੱਚ ਬਲਾਤਕਾਰ ਹੋਣ ਦੀ ਪੁਸ਼ਟੀ ਹੋਣ ਦੀਆਂ ਬਹੁਤ ਘੱਟ ਸੰਭਾਵਨਾਵਾਂ ਹੁੰਦੀਆਂ ਹਨ। ਉਹਨਾਂ ਦਾ ਵਕੀਲ ਵੀ ਖਰੀਦ ਲਿਆ ਗਿਆ। ਬੁਹਤ ਹੀ ਚਲਾਕੀ ਨਾਲ਼ ਜੱਜ ਸਾਹਮਣੇ ਸ਼ਹਿਨਾਜ਼ ਦਾ ਇਹ ਬਿਆਨ ਕਰਵਾ ਦਿੱਤਾ ਗਿਆ ਕਿ ਉਸ ਨਾਲ਼ ਬਲਾਤਕਾਰ ਕਰਨ ਦੀ ਕੋਸ਼ਿਸ਼ ਹੋਈ ਹੈ। ਉਹ ਇਹ ਨਹੀਂ ਸਮਝ ਸਕੀ ਕਿ "ਕੋਸ਼ਿਸ਼" ਕਹਿਣ ਨਾਲ਼ ਉਸਦੇ ਬਿਆਨ ਦੇ ਅਰਥ ਹੀ ਬਦਲ ਜਾਣਗੇ। ਚਾਰ ਗੁੰਡਿਆਂ ਉੱਤੇ ਐਫ.ਆਈ.ਆਰ. ਦਰਜ਼ ਹੋਈ ਸੀ। ਤਿੰਨ ਗ੍ਰਿਫਤਾਰ ਹੋਏ। ਗੁੰਡਾ ਗਿਰੋਹ ਦੇ ਬਾਕੀ ਗੁਡਿੰਆਂ ਨੇ ਸ਼ਹਿਨਾਜ਼ ਅਤੇ ਉਸਦੇ ਪਰਿਵਾਰ ਨੂੰ ਕੇਸ ਵਾਪਸ ਲੈਣ ਲਈ ਡਰਾਇਆ-ਧਮਕਾਇਆ। ਸ਼ਹਿਨਾਜ਼ ਜਦੋਂ 31 ਅਕਤੂਬਰ ਨੂੰ ਘਰ ਵਿੱਚ ਇਕੱਲੀ ਸੀ ਗੁੰਡਿਆਂ ਨੇ ਘਰ ਵਿੱਚ ਵੜ ਕੇ ਉਸਦੇ ਹੱਥ ਪਿੱਛੋਂ ਬੰਨ੍ਹ ਕੇ, ਮੂੰਹ ਵਿੱਚ ਕੱਪੜਾ ਤੁੰਨ ਕੇ ਕੁੱਟਿਆ-ਮਾਰਿਆ। ਅਠਾਰਾਂ ਦਿਨ ਜੇਲ੍ਹ 'ਚ ਰਹਿਣ ਤੋਂ ਬਾਅਦ ਬਲਾਤਕਾਰ ਅਤੇ ਅਗਵਾ ਕਰਨ ਦੇ ਤਿੰਨ ਦੋਸ਼ੀ ਵੀ ਜ਼ਮਾਨਤ 'ਤੇ ਰਿਹਾਅ ਕਰ ਦਿੱਤੇ ਗਏ। ਸ਼ਹਿਨਾਜ਼ ਅਤੇ ਉਸਦੇ ਪਰਿਵਾਰ ਨੂੰ ਜਾਨ ਤੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਸਨ ਪਰ ਉਨ੍ਹਾਂ ਮੁਕੱਦਮਾ ਵਾਪਸ ਨਹੀਂ ਲਿਆ। ਉਹ ਪੁਲੀਸ-ਪ੍ਰਸ਼ਾਸਨ ਕੋਲ਼ ਸੁੱਰਖਿਆ ਮੰਗਣ ਗਏ। ਪ੍ਰਧਾਨ ਮੰਤਰੀ ਮੋਦੀ ਨੂੰ ਚਿੱਠੀ ਲਿਖਕੇ ਮਦਦ ਮੰਗੀ। ਵੱਖ-ਵੱਖ ਸਿਆਸੀ ਪਾਰਟੀਆਂ ਤੋਂ ਮਦਦ ਮੰਗੀ। ਪਰ ਕਿਤੋਂ ਮਦਦ ਨਹੀਂ ਮਿਲ਼ੀ। ਚਾਰ ਦਸੰਬਰ ਨੂੰ ਮਾਤਾ-ਪਿਤਾ ਇਸੇ ਮਸਲੇ ਦੇ ਸਬੰਧ ਵਿੱਚ ਕਚਿਹਰੀ ਗਏ ਸਨ। ਪਿੱਛੋਂ ਗੁੰਡਾ-ਗਿਰੋਹ ਗੁਆਂਡ ਘਰ ਦੀ ਛੱਤ ਤੋਂ ਸ਼ਹਿਨਾਜ਼ ਦੇ ਘਰ ਵਿੱਚ ਵੜਿਆ ਅਤੇ ਉਸਨੂੰ ਮਿੱਟੀ ਦਾ ਤੇਲ ਪਾ ਕੇ ਅੱਗ ਲਾ ਕੇ ਸਾੜ ਦਿੱਤਾ।

4 ਦਸੰਬਰ ਨੂੰ ਉਸਨੂੰ ਸਾੜੇ ਜਾਣ ਦੀ ਘਟਨਾ ਤੋਂ ਬਾਅਦ ਵੀ ਪੁਲੀਸ-ਪ੍ਰਸ਼ਾਸਨ ਦੀ ਕਾਰਵਾਈ ਦੋਸ਼ੀਆਂ ਦਾ ਸਾਥ ਦੇਣ ਵਾਲ਼ੀ ਰਹੀ। ਸਾੜਨ ਦੀ ਘਟਨਾ ਤੋਂ ਬਾਅਦ ਸ਼ਹਿਨਾਜ਼ ਦੇ ਮਾਤਾ ਪਿਤਾ ਉਸਨੂੰ ਮੋਟਰ-ਸਾਈਕਲ 'ਤੇ ਬਿਠਾ ਕੇ ਫੋਕਲ ਪੁਆਂਇਟ ਥਾਣੇ ਲੈ ਗਏ। ਉੱਥੇ ਪੁਲਿਸ ਵਾਲ਼ਿਆਂ ਨੇ ਉਨ੍ਹਾਂ ਦੀ ਕੋਈ ਵੀ ਗੱਲ ਸੁਣਨ ਅਤੇ ਮਦਦ ਕਰਨ ਤੋਂ ਇਨਕਾਰ ਕਰ ਦਿੱਤਾ। ਮਾਤਾ-ਪਿਤਾ ਨੂੰ ਸ਼ਹਿਨਾਜ਼ ਨੂੰ ਮੋਟਰ-ਸਾਈਕਲ 'ਤੇ ਬਿਠਾ ਕੇ ਹੀ ਸਰਕਾਰੀ ਹਸਪਤਾਲ ਲਿਜਾਣਾ ਪਿਆ। ਸ਼ਹਿਨਾਜ਼ ਨੇ ਹਸਪਤਾਲ ਵਿੱਚ ਜੱਜ ਸਾਹਮਣੇ ਦਿੱਤੇ ਬਿਆਨ ਵਿੱਚ ਸਾੜੇ ਜਾਣ ਸਬੰਧੀ ਸੱਤ ਗੁੰਡਿਆਂ (ਅਗਵਾ-ਬਲਾਤਕਾਰ ਕੇਸ ਸਮੇਤ ਕੁੱਲ ਅੱਠ ਦੋਸ਼ੀ ਹਨ) ਦਾ ਨਾਂ ਲਿਆ। ਚਾਰੇ ਪਾਸਿਓਂ ਥੂਹ-ਥੂਹ ਹੋਣ ਤੋਂ ਬਾਅਦ ਚਾਰ ਗੁੰਡਿਆਂ ਨੂੰ ਫੜਿਆ ਗਿਆ। ਬਾਕੀ ਅਜ਼ਾਦ ਘੁੰਮਦੇ ਰਹੇ। ਇਲਾਜ਼ ਲਈ ਪੁਲੀਸ-ਪ੍ਰਸ਼ਾਸਨ ਜਾਂ ਸਰਕਾਰ ਨੇ ਜ਼ਰਾ ਵੀ ਮਦਦ ਨਹੀਂ ਕੀਤੀ। 90 ਫੀਸਦੀ ਸੜੀ ਸ਼ਹਿਨਾਜ਼ ਨੂੰ ਲੁਧਿਆਣੇ ਸਰਕਾਰੀ ਹਸਪਤਾਲ ਤੋਂ ਪਟਿਆਲੇ ਰਜਿੰਦਰਾ ਹਸਪਤਾਲ ਰੈਫ਼ਰ ਕਰ ਦਿੱਤਾ ਗਿਆ। ਰਜਿੰਦਰਾ ਹਸਪਤਾਲ ਤੋਂ ਚੰਡੀਗੜ੍ਹ 32 ਸੈਕਟਰ ਹਸਪਤਾਲ ਵਿੱਚ ਰੈਫ਼ਰ ਕਰ ਦਿੱਤਾ ਗਿਆ। ਸ਼ਹਿਨਾਜ਼ ਨੂੰ ਸਿੱਧਾ ਹੀ ਚੰਡੀਗੜ੍ਹ 32 ਸੈਕਟਰ ਹਸਪਤਾਲ, ਪੀ.ਜੀ.ਆਈ. ਜਾਂ ਕਿਸੇ ਹੋਰ ਹਸਪਤਾਲ ਪਹੁੰਚਾਉਣ ਅਤੇ ਇਲਾਜ ਕਰਾਉਣ ਵਿੱਚ ਪਰਿਵਾਰ ਦੀ ਮਦਦ ਕਰਨ ਵਿੱਚ ਪੁਲੀਸ-ਪ੍ਰਸ਼ਾਸਨ ਨੇ ਲੋੜੀਂਦੀ ਭੂਮੀਕਾ ਦਿਖਾਈ ਹੁੰਦੀ ਤਾਂ ਸ਼ਾਇਦ ਸ਼ਹਿਨਾਜ਼ ਬਚ ਜਾਂਦੀ। ਚਾਰ ਦਿਨ ਤੱਕ ਸ਼ਹਿਨਾਜ਼ ਮੌਤ ਨਾਲ਼ ਜੂਝਦੀ ਰਹੀ। ਅੱਠ ਦਸੰਬਰ ਦੀ ਰਾਤ ਤਕਰੀਬਨ 1 ਵਜੇ ਉਸਦੀ ਮੌਤ ਹੋ ਗਈ। ਮੌਤ ਤੋਂ ਕੁੱਝ ਦੇਰ ਪਹਿਲਾਂ ਉਸਨੇ ਆਪਣੇ ਮਾਤਾ-ਪਿਤਾ ਨੂੰ ਆਖਰੀ ਇੱਛਾ ਪ੍ਰਗਟਾਉਂਦੇ ਹੋਏ ਕਿਹਾ - ਮੈਨੂੰ ਇਨਸਾਫ਼ ਚਾਹੀਦਾ ਹੈ...।

**ਸ਼ਹਿਨਾਜ਼ - ਔਰਤਾਂ 'ਤੇ ਜ਼ਬਰ-ਜ਼ੁਲਮ ਤੇ ਗੁੰਡਾਗਰਦੀ ਖਿਲਾਫ਼ ਸੰਘਰਸ਼ ਦਾ ਇੱਕ ਪ੍ਰਤੀਕ :** ਸ਼ਹਿਨਾਜ਼ ਔਰਤਾਂ 'ਤੇ ਜ਼ੁਲਮਾਂ ਖਿਲਾਫ਼ ਲੜਾਈ ਦਾ ਇੱਕ ਪ੍ਰਤੀਕ ਹੈ। ਉਹ ਸਭਨਾਂ ਔਰਤਾਂ ਸਾਹਮਣੇ ਇੱਕ ਮਿਸਾਲ ਕਾਇਮ ਕਰਕੇ ਗਈ ਹੈ। ਜ਼ਿਆਦਾਤਰ ਔਰਤਾਂ ਅਤੇ ਉਨ੍ਹਾਂ ਦੇ ਪਰਿਵਾਰ ਬਲਾਤਕਾਰ, ਅਗਵਾ, ਛੇੜਛਾੜ ਆਦਿ ਘਟਨਾਵਾਂ ਨੂੰ ਸਮਾਜਿਕ ਬਦਨਾਮੀ, ਕੁੱਟਮਾਰ, ਜਾਨਲੇਵਾ ਹਮਲੇ ਦੇ ਡਰ, ਨਿਆਂ ਮਿਲਣ ਦੀ ਨਾਉਮੀਦ ਆਦਿ ਕਾਰਨਾਂ ਕਰਕੇ ਲੁਕਾ ਜਾਂਦੇ ਹਨ। ਪਰ

(ਬਾਕੀ ਸਫ਼ਾ 26 'ਤੇ)






# ਔਰਤ ਅਪਰਾਧਾਂ ਦੇ ਖ਼ਾਤਮੇ ਲਈ ਨਿੱਜੀ ਮਾਲਕੀ ਦਾ ਖ਼ਾਤਮਾ ਜ਼ਰੂਰੀ

ਨਰਭਿੰਦਰ

ਦੇਸ਼ ਦੀ ਆਬਾਦੀ ਦਾ ਅੱਧ ਨੇ ਔਰਤਾਂ-ਕਿਰਤ ਵਿਚ ਹਿੱਸੇਦਾਰੀ ਅੱਧ ਤੋਂ ਵੱਧ ਭਾਵ 60 ਤੋਂ 65 ਫੀਸਦੀ ਪਰ ਫੇਰ ਵੀ ਮੱਧ ਯੁੱਗੀ ਸੰਤਾਪ ਤੋਂ ਮੁਕਤ ਨਹੀਂ। ਅਜੇ ਵੀ ਦੂਸਰੇ ਦਰਜੇ ਦੇ ਨਾਗਰਿਕ ਦੇ ਤੌਰ'ਤੇ ਵਿਉਪਾਰ ਹੁੰਦਾ ਹੈ ਔਰਤਾਂ ਨਾਲ। ਮਹਿਜ ਭੋਗ ਦੀ ਵਸਤੂ ਦੇ ਰੂਪ 'ਚ ਵੇਖੀ ਤੇ ਪੇਸ਼ ਕੀਤੀ ਜਾ ਰਹੀ ਹੈ ਭਾਰਤੀ ਔਰਤ। ਭਾਰਤੀ ਸਮਾਜ ਦੀ ਬਣਤਰ ਹੀ ਨਹੀਂ ਸੰਵਿਧਾਨ ਵੀ ਉਨ੍ਹਾਂ ਨੂੰ ਬਰਾਬਰ ਦੇ ਨਾਗਰਿਕ ਹੋਣ ਦੀ ਗਰੰਟੀ ਨਹੀਂ ਦਿੰਦਾ। ਸਵਾਲ ਇਹ ਕਿ ਔਰਤ ਨਾਲ ਅਜਿਹੇ ਸਮਾਜਿਕ ਵਿਉਪਾਰ ਦੇ ਦ੍ਰਿਸ਼ਟੀਕੋਨ ਦੀ ਜੜ੍ਹ ਕਿਥੇ ਹੈ?

ਇਹ ਜੜ੍ਹ ਪਈ ਹੈ ਮਨੂੰ ਸਿਮਰਤੀ ਵਿਚ। ਭਾਰਤੀ ਸਮਾਜ ਦੀ ਬੁਨਿਆਦ ਇਥੇ ਧਾਰਮਿਕ ਗ੍ਰੰਥ ਉਤੇ ਟਿਕੀ ਹੈ। ਮਨੂੰ ਸਿਮਰਤੀ ਦਾ ਇਕ ਸਲੋਕ ਹੈ :

ਭਈਆ, ਪੁਤਰਸਚ, ਦਾਸ਼ਸ਼ਚ, ਤੈਯ ਦੇਵਾਧਨਾ, ਸਮ੍ਰਿਤਾ।
ਯੱਤੇ ਸਮਧਿਰਾਚਤ ਨਤਿ ਯਸਯ ਤੈ ਤਸਾਯ ਤਦਧਨਮੈ॥

ਸੰਸਕ੍ਰਿਤੀ ਦੇ ਇਸ ਸਲੋਕ ਦਾ ਭਾਵ ਅਰਥ ਹੈ-ਔਰਤ, ਪੁੱਤਰ ਅਤੇ ਦਾਸ (ਗੁਲਾਮ) ਦੀ ਆਪਣੀ ਕੋਈ ਧਨ ਸੰਪਤੀ ਨਹੀਂ ਹੁੰਦੀ। ਜੋ ਕੁਝ ਉਹ ਕੰਮ ਕਰਦੇ ਹਨ ਉਹ ਉਨ੍ਹਾਂ ਦਾ ਨਾ ਹੋ ਕੇ ਮਾਲਕ [ਪਿਤਾ, ਪਤੀ ਜਾਂ ਸੁਆਮੀ] ਦਾ ਮੰਨਿਆ ਜਾਵੇਗਾ। ਮਨੂੰ ਸਿਮਰਤੀ ਅਤੇ ਅਜਿਹੇ ਹਿੰਦੂ ਧਾਰਮਿਕ ਗ੍ਰੰਥਾਂ ਵਿਚ ਅਜਿਹੇ ਕਈ ਸਲੋਕ ਮਿਲਣਗੇ ਜਿਨ੍ਹਾਂ 'ਚ ਔਰਤ ਅਤੇ ਦਾਸ ਭਾਵ ਗੁਲਾਮ ਨੂੰ ਇਕ ਹੀ ਵਰਗ 'ਚ ਰੱਖਿਆ ਗਿਆ ਹੈ। ਭਾਵ ਔਰਤ ਵਿਚ ਦਲਿਤ ਹੈ ਤੁਲਸੀ ਦੀ ਰਮਾਇਣ ਵਿਚ ਵੀ ਤੁਸੀਂ ਇਹੋ ਨਜ਼ਰੀਏ ਇਵੇਂ ਦੇਖੋਗੇ ਜਿਹੜਾ ਇਕ ਲੋਕ ਮੁਸਵਰੇ ਦੇ ਰੂਪ ਵਿਚ ਵੀ ਪ੍ਰਚਲਤ ਹੈ :

ਢੋਲ, ਗਵਾਰ, ਸ਼ੂਦਰ ਔਰ ਨਾਰੀ,
ਯਹ ਸਭ ਤਾੜਣ ਦੇ ਅਧਿਕਾਰੀ।

ਜਿਸ ਦੇਸ਼ ਦੇ ਧਾਰਮਿਕ ਗ੍ਰੰਥਾਂ 'ਚ ਔਰਤ ਨੂੰ ਦਲਿਤ ਅਤੇ ਪਸ਼ੂ ਦੇ ਸਮਾਨ ਦਰਜਾ ਦਿੱਤਾ ਗਿਆ ਹੋਵੇ ਉਸ ਸਮਾਜ ਦੀ ਔਰਤ ਵਿਰੋਧੀ ਮਾਨਸਿਕਤਾ ਦੀ ਪਹਿਚਾਨ ਸਹਿਜੇ ਹੀ ਕੀਤੀ ਜਾ ਸਕਦੀ ਹੈ। ਇਹੋ ਕਾਰਨ ਹੈ ਕਿ ਔਰਤਾਂ ਵਿਰੁੱਧ ਸਭ ਤੋਂ ਵੱਖਰੇ ਅਤੇ ਸਭ ਤੋਂ ਭਿਆਨਕ ਅਪਰਾਧ ਭਾਰਤ ਵਿਚ ਹੀ ਵੇਖਣ ਨੂੰ ਮਿਲਦੇ ਹਨ। ਹਿੰਦੂ ਧਾਰਮਿਕ ਗ੍ਰੰਥਾਂ, ਮਹਾਂਭਾਰਤ ਰਮਾਇਣ ਮਨੂੰ ਸਿਮਰਤੀ ਅਤੇ ਅਜਿਹੇ ਹੋਰ ਗ੍ਰੰਥਾਂ ਵਿਚ ਔਰਤਾਂ ਲਈ ਕਿਸੇ ਪ੍ਰਮਾਤਮਾ ਦੀ ਉਪਾਸਨਾ ਤੱਕ ਦੀ ਮਨਾਹੀ ਹੈ, ਉਨ੍ਹਾਂ ਲਈ ਸਿਰਫ਼ ਪਤੀ ਹੀ ਇਕੋ ਇਕ ਪਰਮੇਸ਼ਵਰ ਹੈ। ਵੇਦ ਵਿਆਸ, ਪਰਾਸ਼ਰ, ਵਸ਼ਿਸ਼ਠ, ਮਾਰਕੰਡੇ, ਯਾਗਵਲਕਯ ਅਤੇ ਬਾਲਮੀਕੀ ਸਾਰਿਆਂ ਨੇ ਔਰਤਾਂ ਪ੍ਰਤੀ ਮਨੂੰ ਦੀ ਪਹੁੰਚ ਹੀ ਅਪਣਾਈ ਹੈ। ਸੈਂਕੜੇ ਨਹੀਂ ਹਜ਼ਾਰਾਂ ਸਾਲਾਂ ਦੇ ਭਾਰਤੀ ਸਮਾਜ ਦੇ ਸਫ਼ਰ ਤੋਂ ਪਿਛੋਂ ਵੀ ਅਤੇ ਅਨੇਕਾਂ ਧਾਰਮਿਕ, ਸੁਧਾਰਕ, ਇਨਕਲਾਬੀ ਅਤੇ ਮੁਕਤੀ ਦੀਆਂ ਲਹਿਰਾਂ ਚਲਣ ਦੇ ਪਿਛੋਂ ਵੀ ਔਰਤਾਂ ਪ੍ਰਤੀ ਇਸ ਮਾਨਸਿਕਤਾ ਨੂੰ ਤੋੜਨ ਵਿਚ ਸਫਲਤਾ ਨਹੀਂ ਮਿਲੀ ਸਗੋਂ ਅਜੋਕੇ ਪੂੰਜੀਵਾਦੀ ਦੌਰ ਨੇ ਤਾਂ ਇਸ ਮਾਨਸਿਕਤਾ ਦੇ ਨਾਲ ਔਰਤ ਨੂੰ ਮੰਡੀ ਦੇ ਮਾਲ ਦੀ ਵਸਤੂ ਵਜੋਂ ਪੇਸ਼ ਕਰਕੇ ਸਥਿਤੀ ਨੂੰ ਹੋਰ ਪੇਚੀਦਾ ਬਣਾ ਦਿੱਤਾ ਹੈ।

ਔਰਤ ਨੂੰ ਬਰਾਬਰ ਦਾ ਮਨੁੱਖ ਪ੍ਰਵਾਨ ਕਰਨ ਦਾ ਹੋਕਾ ਭਗਤੀ ਲਹਿਰ ਸਮੇਂ ਉਠਿਆ ਸੀ। ਭਗਤੀ ਲਹਿਰ 'ਚ ਵੈਸੇ ਤਾਂ ਸਾਰੇ ਭਗਤਾਂ ਨੇ ਹੀ ਪਰ ਗੁਰੂ ਨਾਨਕ ਨੇ 'ਸੋ ਕਿਉਂ ਮੰਦਾ ਆਖੀਐ ਜਿਤ ਜੰਮੇ ਰਾਜਾਨ' ਕਹਿ ਕੇ ਵਡਿਆਇਆ ਵੀ। ਪਰ ਇਸ ਦੇ ਬਾਵਜੂਦ ਔਰਤਾਂ ਪ੍ਰਤੀ ਸਮਾਜਿਕ ਮਾਨਸਿਕਤਾ ਵਿਚ ਤਬਦੀਲੀ ਨਾਂਮਾਤਰ ਹੀ ਆਈ ਹੈ। ਦਰਅਸਲ ਸਮਾਜ ਦੀਆਂ ਪ੍ਰੰਪਰਾਵਾਂ ਐਨੀਆਂ ਜਟਿਲ ਅਤੇ ਗਹਿਰੀਆਂ ਹੁੰਦੀਆਂ ਹਨ ਜਿਨ੍ਹਾਂ ਨੂੰ ਤੋੜਨ ਲੱਗਿਆਂ ਸਾਲ ਨਹੀਂ ਦਹਾਕੇ ਹੀ ਨਹੀਂ ਕਈ ਵਾਰੀ ਸ਼ਤਾਬਦੀਆਂ ਲੱਗ ਜਾਂਦੀਆਂ ਹਨ। ਮਿਸਾਲ ਲਈ ਪ੍ਰੰਪਰਾ 'ਚ ਸੀਤਾ ਨੂੰ ਆਦਰਸ਼ ਔਰਤ ਮੰਨਿਆ ਗਿਆ ਹੈ ਪਰ ਸੀਤਾ ਦੀ ਅਗਨੀ ਪ੍ਰੀਖਿਆ ਮਨੁੱਖੀ ਸੌੜੀ ਸੋਚ ਦੀਆਂ ਜੰਜੀਰਾਂ 'ਚ ਜਕੜੀ ਹੋਈ ਹੈ। ਪ੍ਰੰਪਰਾ ਦੀ ਮਰਿਆਦਾ ਰਾਖੀ ਔਰਤ ਲਈ ਹੀ ਕਿਉਂ ਜ਼ਰੂਰੀ ਹੈ? ਕਿਉਂਕਿ ਔਰਤ ਇਕ ਸਰੀਰ ਹੈ ਇਹ ਹਜ਼ਾਰਾਂ ਸਾਲ ਪਹਿਲਾਂ ਵੀ ਸਰੀਰ ਸੀ ਅੱਜ ਵੀ ਸਰੀਰ ਹੀ ਹੈ।

ਹਾਲਾਂਕਿ ਔਰਤ ਸਿਰਫ਼ ਸਰੀਰ ਹੀ ਨਹੀਂ ਰਹੀ। ਮਨੁੱਖੀ ਕਿਰਤ ਦੇ ਇਤਿਹਾਸ ਦੇ ਵਿਕਾਸ ਵਿਚ ਜਿੰਨੀ ਭੂਮਿਕਾ ਮਰਦ ਦੀ ਰਹੀ ਹੈ ਉਸ ਤੋਂ ਕਿਤੇ ਵਧੇਰੇ ਔਰਤ ਦੀ ਰਹੀ ਹੈ। ਮੁਢਲੇ ਕਬੀਲਿਆਂ ਯੁੱਗ 'ਚ ਜਦੋਂ ਮਨੁੱਖ ਜੰਗਲਾਂ 'ਚ ਰਹਿੰਦਾ ਸੀ ਲੈ ਕੇ ਜਗੀਰਦਾਰੀ ਯੁੱਗ ਅਤੇ ਆਧੁਨਿਕ ਪੂੰਜੀਵਾਦੀ ਯੁੱਗ 'ਚ ਅਤੇ ਹਰ ਖੇਤਰ ਦੀ ਕਿਰਤ ਵਿਚ ਔਰਤ ਦੀ ਭੂਮਿਕਾ ਮਨੁੱਖ ਨਾਲੋਂ ਕਿਤੇ ਵਧੇਰੇ ਹੈ। ਮੱਧ ਯੁੱਗ ਤੋਂ ਪਹਿਲਾਂ ਇਕ ਦੌਰ ਅਜਿਹਾ ਵੀ ਰਿਹਾ ਹੈ ਜਦੋਂ ਔਰਤ ਪ੍ਰਧਾਨ ਸਮਾਜ ਰਿਹਾ ਇਹੀ ਦੌਰ ਹੈ ਜਦੋਂ ਦੇਵੀਆਂ ਦੀ ਪੂਜਾ ਹੋਣ ਲੱਗੀ। ਮੱਧ ਯੁੱਗ ਵਿਚ ਵਿਸ਼ੇਸ਼ ਕਰਕੇ ਬੁੱਧ ਧਰਮ ਦੇ ਪਸਾਰ ਤੋਂ ਪਿਛੋਂ ਹਿੰਦੂ ਧਰਮ ਦੇ ਕੱਟੜਵਾਦੀਆਂ ਦੇ ਮੋਹਰੀ ਮਨੂੰ ਨੇ ਔਰਤ ਵਰਗ ਪ੍ਰਤੀ ਜਿਹੜੇ



ਸਖ਼ਤ ਨਿਯਮ ਲਿਆਂਦਾ ਉਨ੍ਹਾਂ ਦਾ ਸਮਾਜਿਕ, ਆਰਥਿਕ ਆਧਾਰ ਸੀ। ਉਸ ਫਿਊਡਲ (ਜਗੀਰੂ) ਪ੍ਰਬੰਧ ਦਾ ਆਉਣਾ ਜਿਸ ਨੇ ਨਿੱਜੀ ਮਾਲਕੀ ਦੇ ਪ੍ਰਬੰਧ ਦੀ ਆਧਾਰਸ਼ਿਲਾ ਰੱਖੀ ਅਤੇ ਇਸ ਨੂੰ ਮਜ਼ਬੂਤ ਕੀਤਾ। ਇਸੇ ਦੌਰ 'ਚ ਔਰਤ ਨੂੰ ਵੀ ਇਕ ਜਾਇਦਾਦ ਦੇ ਰੂਪ ਚਿੰਨਤ ਕੀਤਾ ਗਿਆ। ਡੀ.ਡੀ. ਕੋਸੰਬੀ ਜਿਨ੍ਹਾਂ ਨੇ ਭਾਰਤੀ ਇਤਿਹਾਸ ਦਾ ਗਹਿਰਾ ਅਧਿਐਨ ਕੀਤਾ, ਨੇ ਇਕ ਥਾਂ ਹੋਰ ਸਪਸ਼ਟ ਕੀਤਾ ਹੈ ਕਿ "ਭਗਵਤ ਗੀਤਾ ਵਿਚ ਕ੍ਰਿਸ਼ਨ ਨੇ ਜਿਹੜੀ ਇਕ (ਅ) ਸਿੱਖਿਆ ਦਿੱਤੀ ਉਸ ਵਿਚ ਔਰਤਾਂ ਨੂੰ ਵਰਣ ਵਿਵਸਥਾ ਦੇ ਹੇਠਲੇ ਵਰਣਾਂ ਜਿਨ੍ਹਾਂ 'ਚ ਵੈਸ਼ ਅਤੇ ਸ਼ੂਦਰ ਆਉਂਦੇ ਸਨ ਔਰਤ ਨੂੰ ਇਸ ਕਰਕੇ ਸ਼ਾਮਲ ਕੀਤਾ ਕਿ ਉਹ ਐਸਾਲਿੰਗਕ (ਯੋਨੀ) ਵਖਰੇਵਾਂ ਰੱਖਦੀ ਹੈ ਜਿਹੜਾ ਪਾਪ ਕਰਨ ਵੱਲ ਪ੍ਰੇਰਿਤ ਕਰਦਾ ਹੈ।" ਔਰਤ ਪ੍ਰਤੀ ਅਜੋਕੀ ਨਫ਼ਰਤ ਯੋਗ ਭਾਵਨਾ ਦਾ ਭੌਤਿਕ ਆਧਾਰ ਇਹੋ ਜਗੀਰੂ ਪ੍ਰਬੰਧ ਹੈ ਜਿਹੜਾ ਪੂੰਜੀਵਾਦੀ ਦੌਰ ਵਿਚ ਆ ਕੇ ਵੀ ਆਪਣੀ ਹੋਂਦ ਬਣਾਈ ਬੈਠਾ ਹੈ ਜਾਂ ਕਹਿ ਲਈਏ ਕਿ ਭਾਰਤੀ ਪੂੰਜੀਵਾਦ ਜਿਹੜਾ ਜਨਮੋ ਹੀ ਵਿਕਲਾਂਗ ਹੈ ਇਨ੍ਹਾਂ ਗਲੀਆਂ ਸੜੀਆਂ ਅਤੇ ਜੰਗਲੀ ਮਾਨਤਾਵਾਂ ਨੂੰ ਉਵੇਂ ਹੀ ਬਣਾਈ ਬੈਠਾ ਹੈ ਕਿਉਂਕਿ ਇਹ ਉਹਦੀ ਲੰਮੇਰੀ ਉਮਰ ਦੀਆਂ ਸਹਾਇਕ ਹਨ।

ਮਨੂੰ ਦੀ ਇਸ ਸੋਚ ਦਾ ਦ੍ਰਿੜ ਜੜ੍ਹਾਂ ਜਮ੍ਹਾਂ ਜਾਣਾ ਇਸ ਕਰਕੇ ਵੀ ਵਧੇਰੇ ਹੋਇਆ ਕਿ ਭਾਰਤੀ ਧਰਤੀ ਉਤੇ ਜਿੰਨੇ ਹਮਲਾਵਰ ਆਏ ਉਨ੍ਹਾਂ ਦਾ ਪਹਿਲਾ ਨਿਸ਼ਾਨਾ ਜਾਇਦਾਦ ਤੇ ਵਸੀਲਿਆਂ ਦੀ ਲੁੱਟ ਤੋਂ ਪਿਛੋਂ ਔਰਤ ਰਹੀ॥ ਗੋਰੀ ਤੋਂ ਲੈ ਕੇ ਮੁਗਲ ਕਾਲ ਤੱਕ ਅਤੇ ਫਿਰ ਅੰਗਰੇਜ਼ਾਂ ਤੋਂ ਲੈ ਕੇ ਅੱਜ ਤੱਥ ਰਾਜਕਰਨ ਵਾਲੀ ਧਿਰ ਦੀ ਫੌਜ ਤੇ ਪੁਲਿਸ ਵਲੋਂ ਔਰਤਾਂਵਿਰੁੱਧ ਜਿੰਨੇ ਅਪਰਾਧ ਹੋਏ, ਨੂੰ ਜਾਣੀਏ ਤਾਂ ਰੌਂਗਟੇ ਖੜ੍ਹੇ ਹੋ ਜਾਂਦੇਹਨ।

ਆਜ਼ਾਦੀ ਦੀ ਲੜਾਈ 'ਚ ਔਰਤਾਂ ਦੀ ਭੂਮਿਕਾ ਮਰਦਾਂ ਨਾਲੋਂ ਘੱਟ ਨਹੀਂ ਰਹੀ ਇਹੋ ਕਾਰਨ ਕਿ ਇਸ ਸਮੇਂ ਹੀ ਔਰਤਾਂ ਦੀ ਮੁਕਤੀ ਦਾ ਸਵਾਲ ਵੀ ਇਕ ਅਲੱਗ ਰੂਪ ਵਿਚ ਉਭਰਿਆ। ਪਹਿਲੇ ਦੌਰ 'ਚ ਵਿਧਵਾ ਵਿਆਹ ਨੂੰ ਮਾਨਤਾ ਦੇਣ ਦੇ ਰੂਪ ਵਿਚ ਅਤੇ ਫਿਰ ਰਾਜਨੀਤੀ ਵਿਚ ਅਤੇ ਲੜਾਈ 'ਚ ਹਿੱਸਾ ਲੈਣ ਦੇ ਰੂਪ ਵਿਚ। 1857 'ਚ ਰਾਣੀ ਤਾਂ ਸੀ ਤੇ ਝਲਕਾਰੀ ਬਾਈ ਤੋਂ ਲੈ ਦੇ ਦੁਰਗਾ ਭਾਬੀ ਅਤੇ ਗਦਰੀ ਗੁਲਾਬ ਕੌਰ ਤੱਕ ਜਾਂਫਿਰ ਆਜ਼ਾਦ ਹਿੰਦ ਫੌਜ ਦੀ ਕਮਾਂਡਰ ਲਕਸ਼ਮੀ ਸਹਿਗਲ ਤੱਕ ਵਲੋਂ ਨਿਭਾਈ ਭੂਮਿਕਾ ਨੇ ਇਕ ਮਿਥ ਜ਼ਰੂਰ ਤੋੜਿਆ ਪਰ ਸਮਾਜ ਵਿਚ ਪਸਾਰੀ ਮਨੂੰਵਾਦੀ ਮਾਨਸਿਕਤਾ ਜਿਉਂ ਦੀ ਤਿਉਂ ਬਣੀ ਰਹੀ।

ਇਸ ਦੌਰ 'ਚ ਰਾਜਾ ਰਾਮ ਮੋਹਨ ਰਾਏ ਤੋਂ ਲੈ ਕੇ ਗਾਂਧੀ ਤੱਕ ਅੰਬੇਦਕਰ ਤੋਂ ਲੈ ਕੇ ਸ਼ਹੀਦ ਭਗਤ ਸਿੰਘ ਅਤੇ ਸੁਭਾਸ਼ ਚੰਦਰ ਬੋਸ ਤੱਕ ਨੇ ਔਰਤਾਂ ਪ੍ਰਤੀ ਸਮਾਜਿਕ ਨਜ਼ਰੀਏ ਅਤੇ ਉਨ੍ਹਾਂ ਨਾਲ ਦੂਸਰੇ ਦਰਜੇ ਦੇ ਨਾਗਰਿਕ ਵਾਲੇ ਵਿਓਹਾਰ ਦੀ ਤਿੱਖੀ ਆਲੋਚਨਾ ਵੀ ਕੀਤੀ ਅਤੇ ਇਸ ਹੱਕ 'ਚ ਟੈਗੋਰ ਤੋਂ ਲੈ ਕੇ ਪ੍ਰੇਮ ਚੰਦ ਤੱਕ ਅਤੇ ਦੇਸ਼ ਦੇ ਹਰ ਖੇਤਰ ਵਿਚ ਕੰਮ ਕਰਦੇ ਸਾਹਿਤਕਾਰਾਂ ਨੇ ਔਰਤਾਂ ਦੇ ਸੁਆਲਾਂ ਨੂੰ ਛੂਹਿਆ ਅਤੇ ਉਨ੍ਹਾਂ ਦੇ ਹੱਕ ਵਿਚ ਆਵਾਜ਼ ਵੀ ਉਠਾਈ ਪਰ ਭਾਰਤੀ ਸਮਾਜ ਦੀ ਪੀਡੀ ਜਕੜ ਨੂੰ ਤੋੜਨ ਤੋਂ ਅਸਮਰਥ ਰਹੇ।

ਇਹੀ ਕਾਂਡ ਹੈ ਜਦੋਂ ਸਨਅਤੀ ਖੇਤਰ ਵਿਚ ਵਿਕਾਸ ਨੇ ਔਰਤ ਲਈ ਖੁੱਲ੍ਹੇ ਕੰਮ ਕਰਨ ਦੇ ਮੌਕੇ ਦਿੱਤੇ। ਇਸ ਤੋਂ ਪਹਿਲਾਂ ਜਗੀਰੂ ਪ੍ਰਬੰਧ ਵਿਚ ਔਰਤ ਘਰੇਲੂ ਅਤੇ ਖੇਤੀ ਦੇ ਕੰਮਾਂ ਵਿਚ ਕੁੰਜੀਵਤ ਭੂਮਿਕਾ ਨਿਭਾਉਂਦੀ ਸੀ। ਸਨਅਤੀ ਤੇ ਤਕਨੀਕੀ ਵਿਕਾਸ ਦਾ ਸਿੱਟਾ ਹੀ ਸੀ ਕਿ ਔਰਤ ਵਿਦਿਆ ਦਾ ਸੁਆਲ ਵੀ ਉਭਰਿਆ। ਜਗੀਰੂ ਯੁੱਗ 'ਚ ਤਾਂ ਔਰਤਾਂ ਨੂੰ ਧਾਰਮਿਕ ਵਿਦਿਆ ਤੱਕ ਮਨਾਹੀ ਸੀ। ਬੇਸ਼ੱਕ ਭਗਤੀ ਕੌਰ ਨੇ ਇਸ ਮਿਥ ਨੂੰ ਤੋੜਣ ਦਾ ਪਹਿਲਾ ਉਪਰਾਲਾ ਕੀਤਾ ਪਰ 18ਵੀਂ ਸਦੀ 'ਚ ਭਾਰਤ 'ਚ ਔਰਤ ਵਿਦਿਆ ਦਾ ਸੁਆਲ ਉਭਰਿਆ। 19ਵੀਂ ਸਦੀ 'ਚ ਕੁਝ ਸਕੂਲ ਵੀ ਖੁੱਲ੍ਹੇ। ਇਹਦੇ ਬਾਵਜੂਦ ਕਿ 200 ਸਾਲ ਤੱਕ ਵੀ ਭਾਰਤ ਵਿਚ ਕੁੜੀਆਂ ਦੀ ਪੜ੍ਹਾਈ ਸਭ ਤੋਂ ਮਾੜੀ ਹਾਲਤ ਵਿਚ ਹੈ। ਅਜੇ ਵੀ ਪੁਰਾਤਨ ਪ੍ਰੰਪਰਾਵਾਂ ਦੀ ਮਾਨਸਿਕਤਾ ਕੁੜੀਆਂ ਨੂੰ ਪੜ੍ਹਾਉਣ ਦੇ ਹੀ ਹੱਕ 'ਚ ਨਹੀਂ। ਪੜ੍ਹਾਉਣਾ ਤਾਂ ਕੀ ਕੁੜੀ ਜੰਮਣ ਨੂੰ ਹੀ ਕਲੰਕ ਸਮਝਿਆ ਜਾਂਦਾ ਹੈ। ਕਿਉਂਕਿ ਕੁੜੀਆਂ ਨਾਲ ਬਲਾਤਕਾਰ, ਦਾਜ ਅਤੇ ਸਮਾਜਿਕ ਮਾਣ ਮਰਿਆਦਾ ਦੇ ਸਵਾਲ ਜੁੜੇ ਹਨ। ਇਹ ਸਵਾਲ ਤਾਂ ਪਹਿਲਾਂ ਵੀ ਸਨ ਪਰ ਪੂੰਜੀ ਵਲੋਂ ਪ੍ਰਬੰਧ ਨੂੰ ਚੁਤਰਫਿਉਂ ਆਪਣੀ ਜਕੜ 'ਚ ਲੈਣ ਪਿਛੋਂ ਇਹ ਹੋਰ ਜ਼ਾਹਿਰਾ ਰੂਪ ਵਿਚ ਸਾਹਮਣੇ ਆਏ ਹਨ।

ਯੂਰਪੀਨ ਸਮਾਜ ਦੇ ਮੁਕਾਬਲੇ ਭਾਰਤੀ ਸਮਾਜ ਪੂੰਜੀ ਦੇ ਦੌਰ 'ਚ ਦਾਖਲ ਹੋ ਕੇ ਵੀ ਪੁਰਾਤਨ ਵੇਲਾਵਿਹਾ ਚੁੱਕੀਆਂ ਪ੍ਰੰਪਰਾਵਾਂ ਤੋਂ ਮੁਕਤ ਨਹੀਂ ਹੋਇਆ। ਇਸ ਪਿਛੇ ਕਾਰਨ ਇਹ ਕਿ ਭਾਰਤ ਦਾ ਗੁਲਾਮਦਾਰੀ ਯੁੱਗ ਵੀ ਯੂਰਪੀਨ ਸਮਾਜਾਂ ਵਿਸ਼ੇਸ਼ਕਰਕੇ ਰੋਮ ਅਤੇ ਯੂਨਾਨ ਨਾਲੋਂ ਭਿੰਨ ਸੀ। ਜਗੀਰੂ ਪ੍ਰਬੰਧਦੀਆਂ ਵੀ ਆਪਣੀਆਂ ਅਲੱਗ ਵਿਸ਼ੇਸ਼ਤਾਈਆਂ ਸਨ। ਵਰਣ ਵਿਵਸਥਾ ਦੇ ਢਾਂਚੇ ਅੰਦਰ ਵੀ ਕਬੀਲਿਆਈ ਸਮਾਜਾਂ ਦੀ ਪੁਰਾਤਨ ਕੁਦਰਤੀ ਅਰਥ ਪ੍ਰਣਾਲੀ ਜਾਰੀ ਰਹੀ। ਜਿਹਦੇ ਅਵਸ਼ੇਸ਼ ਅਸੀਂ ਅੱਜ ਵੀ ਭਾਰਤੀ ਆਦਿਵਾਸੀ ਖੇਤਰਾਂ, ਕਬਲਿਆਂ ਜਾਂ ਆਦਿਵਾਸੀ ਅੰਮੇਤ੍ਰ ਕਬੀਲਿਆਂ ਦੇ ਸਭਿਆਚਾਰ ਰਹਿਣ ਸਹਿਣ ਕਦਰਾਂ ਕੀਮਤਾਂ ਵਿਚ ਵੇਖ ਸਕਦੇ ਹਾਂ।

ਪੂੰਜੀ ਦੇ ਇਸ ਦੌਰ ਵਿਚ ਔਰਤਾਂ ਪ੍ਰਤੀ ਹਿੰਸਾ ਦੀ ਮਾਨਸਿਕਤਾ ਦਾ ਸਵਾਲ ਵਾਰ-ਵਾਰ ਉਭਰ ਰਿਹਾ ਹੈ। ਦਸੰਬਰ 2012 ਵਿਚ

WE GET THINGS DONE

Metro Immiaration

(Division of Metro Legal & Immigration Inc.)

*Family Sponsorship *Spousal *Super Visa *Visitor Visa *Skilled Workers *Investors *PNP *Nannies *Business Applicants *Student Visa *Work Permits (LMO) *Appeals

Head Office : 2355 Derry Rd. E *#12 Miss. *ON *L551V6
*905-673-1200 *1-800-694-133 India Office : 98148-66633
*Brampotn : 905-794-6003 *Toronto : 416-840-7554
*info@metroimmigration.com
*www.metroimmigration.com *www.metroimmigration.org



Suresh Gupta
Certified Immigration Practitioner (RCIC)

ਦਿੱਲੀ 'ਚ ਇਕ ਵਿਦਿਆਰਥਣ ਨਾਲ ਜਾਂਗਲੀ ਪੱਧਰ ਦੇ ਸਮੂਹਿਕ ਬਲਾਤਕਾਰ ਅਤੇ ਕਤਲ ਪਿਛੋਂ ਇਹ ਬਹਿਸ ਅਜੇ ਤੱਕ ਭਖੀ ਹੋਈ ਹੈ। ਇਹ ਇਕ ਕੇਸ ਨਹੀਂ ਦੇਸ਼ ਵਿਚ 1990 ਤੋਂ ਲੈ ਕੇ 2011 ਤੱਥ ਅਪਰਾਧਾਂ ਦੀ ਗਿਣਤੀ ਦੁਗਣੀ ਹੋਈ ਹੈ। ਜੇ 1973 ਵਿਚ ਔਰਤਾਂ ਨਾਲ ਬਲਾਤਕਾਰ ਦੇ 2919 ਕੇਸ ਦਰਜ ਹੋਏ ਸਨ ਤਾਂ 2011 ਵਿਚ ਵਧ ਕੇ 24206 ਪਹੁੰਚ ਗਏ ਹਨ। 2008 ਤੋਂ 2013 ਦੇ ਦਰਮਿਆਨ 109979 ਕੇਸ ਸਿਰਫ਼ ਬਲਾਤਕਾਰਾਂ ਦੇ ਸੰਬੰਧੀ ਹੀ ਦਰਜ ਹੋਏ। ਸਰਕਾਰੀ ਅੰਕੜਿਆਂ ਮੁਤਾਬਕ ਹਰ 22 ਮਿੰਟਾਂ 'ਚ ਇਕ ਬਲਾਤਕਾਰ ਦਾ ਕੇਸ ਹੁੰਦਾ ਹੈ। ਇਹ ਸਰਕਾਰੀ ਅੰਕੜੇ ਹਨ। ਗਰੀਬ ਅਤੇ ਆਦਿਵਾਸੀ ਖੇਤਰਾਂ ਜਾਂ ਦਲਿਤਾਂ ਦੀਆਂ ਔਰਤਾਂ ਤੋਂ ਇਲਾਵਾ ਵੱਡੀ ਗਿਣਤੀ 'ਚ ਮੱਧਵਰਗੀ ਪਰਿਵਾਰਾਂ ਵਿਚ ਵਾਪਰੇ ਜਾਂ ਵਾਪਰ ਰਹੇ ਅਜਿਹੇ ਵੱਡੀ ਗਿਣਤੀ ਦੇ ਕੇਸ ਪੁਲਿਸ ਕੋਲ ਦਰਜ ਹੀ ਨਹੀਂ ਹੁੰਦੇ ਜਾਂ ਦਬਾ ਦਿੱਤੇ ਜਾਂਦੇ ਹਨ।

ਬਹੁਤੇ ਸਮਾਜ ਸ਼ਾਸਤਰੀ ਇਸ ਨੂੰ ਯੋਨ ਹਿੰਸਾ (Sexual Voilence) ਕਹਿੰਦੇ ਹਨ, ਪਰ ਇਸ ਪਿਛੇ ਜਿਹੜੀ ਮਾਨਸਿਕਤਾ ਹੈ ਉਹ ਲਿੰਗਕ ਹਿੰਸਾ (Gender Voilence) ਹੈ। ਸੈਕਸ ਹਿੰਸਾ ਵਿਰੁੱਧ ਸਖ਼ਤ ਕਾਨੂੰਨ ਬਣ ਸਕਦੇ ਹਨ। ਜਿਹਦੀ ਮੰਗ ਵੀ ਉਠਦੀ ਹੈ। ਸਜ਼ਾਵਾਂ ਹੋ ਸਕਦੀਆਂ ਹਨ ਅਤੇ ਦੋਸ਼ੀ ਨੂੰ ਸਜ਼ਾ ਮਿਲ ਸਕਦੀ ਹੈ ਪਰ ਸਮਾਜ ਵਿਚੋਂ ਸੈਕਸ ਹਿੰਸਾ ਰਾਜ ਦੀ ਦਹਿਸ਼ਤ ਅਤੇ ਦਬਾਅ ਨਾਲ ਖਤਮ ਨਹੀਂ ਕੀਤੀ ਜਾ ਸਕਦੀ ਸਗੋਂ ਇਹ ਲਗਾਤਾਰ ਵਧਦੀ ਹੈ ਅਤੇ ਅਜਿਹਾ ਵਾਪਰ ਵੀ ਰਿਹਾ ਹੈ। ਸਵਾਲ ਤਾਂ ਲਿੰਗਕ ਹਿੰਸਾ ਖਤਮ ਕਰਨ ਦਾ ਹੈ। ਲਿੰਗਕ ਹਿੰਸਾ ਦਾ ਮਤਲਬ ਔਰਤ ਨੂੰ ਬਰਾਬਰ ਦਾ ਨਾਗਰਿਕ ਦਾ ਦਰਜਾ ਹੋਣਾ।

ਲਿੰਗਕ ਹਿੰਸਾ (Gender Voilence) ਖਤਮ ਹੋਣ ਦਾ ਭਾਵ ਇਹ ਹੈ ਕਿ ਮਰਦ ਦੀ ਸਰਦਾਰੀ ਨੂੰ ਚੈਲਿੰਜ ਹੋਣਾ। ਮਰਦ ਦੀ ਸਰਦਾਰੀ ਉਸ ਜਾਇਦਾਦ ਨਾਲ ਬੱਝੀ ਹੈ ਜਿਹੜੀ ਨਿੱਜੀ ਸੰਪਤੀ ਅਖਵਾਉਂਦੀ ਹੈ। ਜੇ ਜਗੀਰੂ ਪ੍ਰਬੰਧ ਨੇ ਔਰਤ ਨੂੰ ਨਿੱਜੀ ਜਾਇਦਾਦ ਵਿਹੂਣੀ ਕੀਤਾ ਸੀ ਤਾਂ ਪੂੰਜੀਵਾਦੀ ਪ੍ਰਬੰਧ ਵੀ ਤਾਂ ਇਹੋ ਕਰ ਰਿਹਾ ਹੈ। ਏਂਗਲਜ਼ ਆਪਣੀ ਕਿਤਾਬ 'ਚ ਲਿਖਦੇ ਹਨ : "ਆਧੁਨਿਕ ਵਿਅਕਤੀਗਤ ਪਰਿਵਾਰ ਔਰਤਾਂ ਦੀ ਖੁੱਲ੍ਹੀ ਅਤੇ ਘਰੇਲੂ ਦਾਸਤਾ (ਗੁਲਾਮੀ) ਉਤੇ ਆਧਾਰਤ ਹੈ ਅਤੇ ਆਧੁਨਿਕ ਸਮਾਜ ਉਹ ਸਮੂਹ ਹੈ ਜਿਹੜਾ ਵਿਅਕਤੀਗਤ ਪਰਿਵਾਰਾਂ ਦੇ ਅਨੂੰਆਂ (ਅੰਸਾਂ) ਨਾਲ ਮਿਲਕੇ ਬਣਿਆ ਹੈ। ਅੱਜ ਜ਼ਿਆਦਾਤਰ ਪਰਿਵਾਰਾਂ ਵਿਚ, ਘੱਟੋ ਘੱਟ ਮਿਥਕੀਆ ਵਰਣਾ ਵਿਚ ਆਦਮੀ ਨੂੰ ਜ਼ਿੰਦਗੀ ਤੇ ਪਰਿਵਾਰ ਚਲਾਉਣ ਲਈ ਜੰਗ ਕਰਨਾ ਪੈਂਦਾ ਹੈ ਅਤੇ ਪਰਿਵਾਰ ਦਾ ਢਿੱਡ ਭਰਨਾ ਪੈਂਦਾ ਹੈ। ਇਸ ਨਾਲ ਪਰਿਵਾਰ ਉਤੇ ਉਹਦੀ ਸਰਦਾਰੀ ਕਾਇਮ ਹੋ ਜਾਂਦੀ ਹੈ ਅਤੇ ਉਹਦੇ ਲਈ ਕਿਸੇ ਕਾਨੂੰਨੀ ਵਿਸ਼ੇਸ਼ ਅਧਿਕਾਰ ਦੀ ਲੋੜ ਨਹੀਂ ਪੈਂਦੀ ਪਰਿਵਾਰ ਵਿਚ ਪਤੀ (ਮਰਦ) ਬੁਰਜੂਆ ਹੁੰਦਾ ਹੈ ਅਤੇ ਪਤਨੀ ਸਰਵਹਾਰਾ ਦੀ ਹਾਲਤ ਵਿਚ ਹੁੰਦੀ ਹੈ।" ਨਿੱਜੀ ਮਾਲਕੀ ਦਾ ਦਬਦਬਾ ਹੀ ਹੈ ਜਿਹੜਾ ਲਿੰਗਕ ਭੇਦਭਾਵ ਨੂੰ ਜਨਮ ਦਿੰਦਾ ਹੈ। ਇਹੀ ਕਾਰਨ ਹੈ ਕਿ ਮਾਰਕਸ ਏਂਗਲਜ਼ ਤੋਂ ਲੈ ਕੇ ਲੈਨਿਨ ਮਾਓ ਤੱਕ ਨੇ ਔਰਤ ਆਜ਼ਾਦੀ ਅਤੇ ਹਕੀਕੀ ਅਰਥਾਂ ਵਿਚ ਔਰਤਾਂ ਦੇ ਬਰਾਬਰ ਅਧਿਕਾਰਾਂ ਨੂੰ ਨਿੱਜੀ ਜਾਇਦਾਦ ਦੀ ਮਾਲਕੀ ਨਾਲ ਜੁੜੇ ਵੇਖਿਆ ਅਤੇ ਇਹਦੇ ਖਾਤਮੇ ਦੀ ਗੱਲ ਕਹੀ। ਸਮਾਜ ਵਿਚਲਾ ਕਾਂਗਜਲੀਪੁਣਾ ਔਰਤ ਨੂੰ ਬਰਾਬਰ ਦਾ ਲਿੰਗਕ ਰੁਤਬਾ ਦੇਣ ਨਾਲ ਹੀ ਖਤਮ ਕੀਤਾ ਜਾ ਸਕਦਾ ਹੈ ਅਤੇ ਇਹਦਾ ਮੂਲ ਹਰ ਪੱਧਰ ਦੀ ਜਾਇਦਾਦ ਦੀ ਮਾਲਕੀ ਦਾ ਖਾਤਮਾ। ਜਿਸ 'ਚੋਂ ਆਦਮੀ ਅਤੇ ਔਰਤ ਦੀ ਸੁਆਮੀ ਵਾਲੀ ਹਸਤੀ ਦਾ ਅੰਦਰੋਂ ਬੀਜ ਨਾਸ਼ ਕਰਨਾ। ਉਹ ਪਤੀ ਦੇ ਰੂਪ 'ਚ ਹੈ ਪਿਤਾ ਦੇ ਰੂਪ 'ਚ ਹੈ ਜਾਂ ਮਾਲਕ ਦੇ ਰੂਪ ਵਿਚ ਹੈ। ਏਂਗਲਜ਼ ਕਹਿੰਦੇ ਹਨ-"ਵਿਆਹ ਵਿਚ ਪੂਰਨ ਆਜ਼ਾਦੀ ਸਿਰਫ਼ ਉਸ ਸਮੇਂ ਆਮ ਤੌਰ 'ਤੇ ਅਮਲੀ ਕਾਰਜ ਰੂਪ ਲੈ ਸਕੇਗੀ ਜਦੋਂ ਪੂੰਜੀਵਾਦੀ ਉਤਪਾਦਨ ਅਤੇ ਉਸ ਨਾਲ ਪੈਦਾ ਹੋਏ ਮਾਲਕਾਨਾ ਸੰਬੰਧ ਮਿਟ ਜਾਣਗੇ ਜਿਹੜੇ ਅੱਜ ਵੀ ਜੀਵਨ ਸਾਥੀ ਦੀ ਚੋਣ ਉਤੇ ਬਹੁਤ ਜ਼ਿਆਦਾ ਭਾਰੀ ਪ੍ਰਭਾਵ ਪਾਉਂਦੇ ਹਨ।"

ਅੱਜ ਦੇ ਦੌਰ 'ਚ ਔਰਤ ਵਿਰੁੱਧ ਅਪਰਾਧਾਂ ਦੇ ਵਿਰੁੱਧਜਿਹੜੀ ਔਰਤ ਮੁਕਤੀ ਦੀ ਆਵਾਜ਼ ਉਠ ਰਹੀ ਹੈ ਉਹ ਸਿਰਫ਼ ਯੋਨ ਆਜ਼ਾਦੀ ਤੱਕ ਸੀਮਤ ਕਰ ਦਿੱਤੀ ਗਈ ਹੈ। ਦਰਅਸਲ ਅੱਜ ਇਕ ਪਾਸੇ ਪੂਰੇ ਪ੍ਰਬੰਧ ਦਾ ਆਲਜਲਾਲ (ਭਾਵ ਪੂੰਜੀ ਦਾ ਮੰਡੀਆਂ 'ਤੇ ਉਹਦੀਆਂ ਹੋਰ ਸੰਸਥਾਵਾਂ) ਔਰਤ ਨੂੰ ਇਕ ਸੈਕਸ ਮਾਡਲ ਦੇ ਤੌਰ 'ਤੇ ਪੇਸ਼ ਕਰ ਰਿਹਾ ਹੈ ਅਤੇ ਇਹ ਪ੍ਰਚਾਰ ਨੌਜਵਾਨ ਪੀੜ੍ਹੀ ਸਮੇਤ ਪੂਰੇ ਸਮਾਜ ਵਿਚ ਔਰਤ ਨੂੰ ਭੋਗਣ ਵਾਲੀ ਇਕ ਮਾਨਸਿਕ ਦ੍ਰਿਸ਼ਟੀ ਪੈਦਾ ਕਰਨ ਉਤੇ ਲੱਗਾ ਹੋਇਆ ਹੈ। ਦੂਸਰੇ ਪਾਸੇ ਭਾਰਤ ਵਰਗੇ ਦੇਸ਼ 'ਚ ਪੁਰਾਤਨ ਪ੍ਰੰਪਰਾਵਾਦੀ ਕੱਟੜਪੰਥੀਏ ਔਰਤ ਨੂੰ ਗੁਲਾਮ (ਦਾਸੀ) ਦੀ ਨਿਗਾਹ ਨਾਲ ਵੇਖਦਿਆਂ ਉਸ ਉਤੇ ਮੱਧ ਯੁੱਗੀ ਕਦਰਾਂ ਕੀਮਤਾਂ ਠੋਸਣ ਉਤੇ ਉਤਾਰੂ ਹਨ। ਜਿਥੇ ਪੂੰਜੀਵਾਦ ਔਰਤ ਦੀ ਆਜ਼ਾਦੀ ਨਾਲ ਸਸਤੀ ਕਿਰਤ ਹਥਿਆਉਣ ਅਤੇ ਸਮਾਜ ਵਿਚ ਉਪਭੋਗ ਸਭਿਆਚਾਰ ਪੈਦਾ ਕਰਨ ਉਤੇ ਲੱਗਾ ਹੋਇਆ ਹੈ, ਉਥੇ ਪਿਛਾਖੜੀ ਸੋਚ ਸਵੈਇੱਛਾ ਨਾਲ ਵਿਆਹ ਕਰਾਉਣ ਦੇ ਔਰਤ ਦੇ ਅਧਿਕਾਰ ਨੂੰ ਪੁਰਾਤਨਤਾ ਦੇ ਪੁੜਾਂ 'ਚ ਦੇਣ ਉਤੇ ਉਤਾਰੂ ਹਨ।

ਇਸ ਸਭ ਵਿਚ ਮਾੜੀ ਸਥਿਤੀ ਹੈ ਦਲਿਤ ਔਰਤਾਂ ਦੀ ਜਿਹੜੀ ਦੋਹਰੀ ਤੀਹਰੀ ਗੁਲਾਮੀ ਦਾ ਸ਼ਿਕਾਰ ਹਨ। ਉਹ ਪਰਿਵਾਰਾਂ ਦੀ ਆਰਥਿਕਤਾ ਚਲਾਉਣ ਵਿਚ ਵੀ ਪ੍ਰਮੁੱਖ ਭੂਮਿਕਾ ਅਦਾ ਕਰ ਰਹੀਆਂ ਹਨ ਅਤੇ ਉਚ ਵਰਗਾਂ ਵਲੋਂ ਸਰੀਰਕ ਸੋਸ਼ਣ ਦਾ ਵੀ ਸ਼ਿਕਾਰ ਹੁੰਦੀਆਂ ਹਨ ਅਤੇ ਪਤੀ (ਸੁਆਮੀ) ਦੀ ਸਤਾ ਦਾ ਵੀ ਸ਼ਿਕਾਰ ਹਨ। ਜਿਵੇਂ ਅਸੀਂ ਪਹਿਲਾਂ ਕਿਹਾ ਸੀ ਕਿ ਔਰਤਾਂ ਦੀ ਕੁੱਲ ਕਿਰਤ ਸ਼ਕਤੀ ਵਿਚ ਹਿੱਸੇਦਾਰੀ ਮਰਦਾਂ ਨਾਲੋਂ ਜ਼ਿਆਦਾ ਹੈ। ਉਸ ਵਿਚ ਇਸ ਵਰਗ ਨੂੰ ਹੀ ਗਿਣਿਆ ਜਾ ਸਕਦਾ ਹੈ।

ਪਰ ਇਹਦੇ ਨਾਲ ਹੀ ਇਕ ਹੋਰ ਪੱਖ ਹੈ ਉਹ ਹੈ ਔਰਤਾਂ ਦੀ ਉਹ ਕਿਰਤ ਜਿਹਦਾ ਕਦੇ ਆਰਥਿਕ ਗਿਣਤੀਆਂ ਮਿਣਤੀਆਂ 'ਚ ਜ਼ਿਕਰ ਹੀ ਨਹੀਂ ਆਉਂਦਾ। ਮਿਸਾਲ ਲਈ ਇਕ ਘਰੇਲੂ ਔਰਤ ਨੇ ਸਵੇਰ ਤੋਂ ਲੈ ਕੇ ਰਾਤ ਸੌਣ ਤੱਕ ਘਰ ਦੀ ਚਾਰਦੀਵਾਰੀ ਵਿਚ ਰਹਿੰਦਿਆਂ ਜਿਹੜੀ ਭੂਮਿਕਾ ਇਕ ਕਿਰਤੀ ਵਜੋਂ ਨਿਭਾਈ ਉਸ ਨਾਲ ਉਹਦੀ ਕੀ ਮਜਬੂਰੀ ਬਣੀ, ਦੀ ਗਿਣਤੀ ਕਦੇ ਵੀ ਨਹੀਂ ਕੀਤੀ ਗਈ। ਅਸੀਂ ਔਰਤ ਨੂੰ ਕਮਜ਼ੋਰ ਸੈਕਸ ਦੇ ਤੌਰ 'ਤੇ ਹੀ ਵੇਖਦੇ ਹਾਂ। ਇਸ ਕਮਜ਼ੋਰ ਸੈਕਸ (ਲਿੰਗ) ਦੀ ਭੂਮਿਕਾ ਅਸੀਂ ਜੇ ਆਪਣੇ ਹੀ ਘਰ ਤੋਂ ਸ਼ੁਰੂ ਕਰੀਏ ਤਾਂ ਉਹਦੀ ਕੀਮਤ ਕਿੰਨੀ ਬਣਦੀ ਹੈ। ਮਿਸਾਲ ਲਈ ਇਕ ਔਰਤ ਸਵੇਰੇ ਉਠਦੀ ਹੈ ਚਾਹ ਬਣਾਉਂਦੀ ਹੈ ਅਤੇ ਸਾਰੇ ਪਰਿਵਾਰ ਨੂੰ ਦਿੰਦੀ ਹੈ। ਇਸ ਕੰਮ ਦੀ ਕੀਮਤ+ਪਰਿਵਾਰ ਨੂੰ ਨਹਾਉਣ ਲਈ ਬੱਚੇ ਤਿਆਰ ਕਰਨ ਦੀ ਭੂਮਿਕਾ ਦੀ ਕੀਮਤ 2. + ਪਰਿਵਾਰ ਨੂੰ ਬਾਹਰ ਭੋਜਨ ਵਿਚ ਰੋਟੀ ਬਣਾਉਣ ਵਿਚ ਭੂਮਿਕਾ, 3. ਘਰ ਦੀ ਸਫ਼ਾਈ ਰਾਤ ਦੇ ਬਿਸਤਰਿਆਂ ਦੀ ਸੰਭਾਲ, 4. +ਕੱਪੜਿਆਂ ਦੀ ਧੁਆਈ ਤੇ ਪ੍ਰੈਸ, 5. ਘਰ ਨੂੰ ਸਾਫ਼ ਕਰਨਾ ਤੇ ਹਰ ਚੀਜ਼ ਨੂੰ ਸੁਹਜ ਨਾਲ ਸੁਆਰਨ ਵਿਚ ਪਾਈ ਕਿਰਤ, 6. ਬੱਚਿਆਂ ਤੇ ਪਤੀ ਨੂੰ ਸਕੂਲ ਤੇ ਕੰਮ ਉਤੇ ਤੋਰਨ ਸਮੇਂ ਦਿੱਤੀ ਮੁਸਕਰਾਹਟ ਦੀ ਕਿਰਤ ਕੀਮਤ 7. ਖੁਦ ਦਫ਼ਤਰ ਜਾਂ ਕੰਮ ਤੇ ਜਾ ਕੇ ਕੰਮ ਕਰਨਾ, 8. ਘਰ ਦੀ ਸੰਭਾਲ ਦੀ ਕਿਰਤ, 9. ਘਰੇ ਵਾਪਸ ਆ ਕੇ ਪਤੀ ਅਤੇ ਬੱਚਿਆਂ ਨੂੰ ਮੁੜ ਸੰਭਾਲਨਾ ਤੇ ਖੁਰਾਕ ਦੇਣਾ, 10. ਰਾਤ ਦੀ ਰੋਟੀ ਤੇ ਸੌਣ ਦੇ ਪ੍ਰਬੰਧ ਵਿਚ ਕੀਤੀ ਕਿਰਤ। ਬੱਚਿਆਂ ਨੂੰ ਸਲਾਉਣ ਪਿਛੋਂ, 11. ਪਤੀ ਦੇ ਲਈ ਮਨੋਰੰਜਨ ਜਾਂ ਸੈਕਸ ਤ੍ਰਿਪਤੀ ਵਿਚ ਕਿਰਤ ਦਾ ਯੋਗਦਾਨ, 12. ਦੋਵੇਂ ਸਮੇਂ ਜੂਠੇ ਬਰਤਨ ਮਾਂਜਣ ਦੀ ਕਿਰਤ, 13. ਸਭ ਜ਼ਿੰਮੇਵਾਰੀਆਂ ਨਿਭਾ ਕੇ ਬੱਚਿਆਂ ਦੀ ਪੜ੍ਹਾਈ ਤੇ ਘਰ ਦੀ ਹਰ ਜ਼ਿੰਮੇਵਾਰੀ ਪ੍ਰਤੀ ਫਿਕਰਮੰਦੀ ਭਾਵ ਘਰ ਮੈਨੇਜਮੈਂਟ ਵਿਚ ਪਾਈ ਕਿਰਤ ਦੀ ਭੂਮਿਕਾ। ਕੁਲ ਮਿਲਾ ਕ ਇਕ ਪਰਿਵਾਰ ਦ ਗਠਨ ਅਤ ਚਲਾਉਣ ਵਿਚ ਔਰਤਾਂ ਵਲੋਂ ਪਾਇਆ ਘਰੇਲੂ ਕਿਰਤ ਦਾ ਯੋਗਦਾਨ ਕਦੇ ਕਿਸੇ ਅਰਥ ਗਣਨਾ ਵਿਚ ਨਹੀਂ ਆਉਂਦਾ ਅਤੇ ਸਭ ਤੋਂ ਅਹਿਮ ਮਨੁੱਖੀ ਕੁਦਰਤੀ ਸਮਾਜਿਕ ਵਿਕਾਸ (ਪੈਦਾਵਾਰ) ਵਿਚ ਨਿਭਾਈ ਭੂਮਿਕਾ। ਭਾਵ ਬੱਚੇ ਪੈਦਾ ਕਰਕੇ। ਭਾਵ Social Preduction ਦੇ ਰੂਪ ਵਿਚ। ਇਹਦੇ ਬਾਵਜੂਦ ਵੀ ਔਰਤ ਦੀ ਇਕ ਪਵਿੱਤਰ ਕਿਰਤੀ ਦੇ ਤੌਰ 'ਤੇ ਸਮਾਜ ਵਿਚ ਪੂਜਾ ਨਹੀਂ ਉਹ ਸਿਰਫ਼ ਭੋਗ ਦੀ ਵਸਤੂ ਹੈ ਅਤੇ ਦੋਮ ਦਰਜੇ ਦੀ ਨਾਗਰਿਕ ਇਹੋ ਗੁਲਾਮੀ ਹੈ ਜਿਸ ਤੋਂ ਔਰਤ ਨੂੰ ਮੁਕਤ ਹੋਣਾ ਪਵੇਗਾ। ਇਹੀ ਗੁਲਾਮੀ ਹੈ ਜਿਹੜੀ ਔਰਤਾਂ ਵਿਰੁੱਧ ਅਪਰਾਧਾਂ ਨੂੰ ਜਨਮ ਦਿੰਦੀ ਹੈ। ਹਾਲਾਂਕਿ ਚਾਹੀਦਾ ਤਾਂ ਇਹ ਹੈ ਕਿ ਅਜਿਹੀ ਕਿਰਤ ਦੀ ਦੇਵੀ ਔਰਤ ਦੀ ਪੂਜਾ ਹੋਵੇ ਪਰ ਉਹ ਸਭ ਤੋਂ ਲਿਤਾੜਿਆ ਹੋਇਆ ਮਜ਼ਦੂਰ ਹੈ ਅਤੇ ਉਹਦੇ ਪ੍ਰਤੀ ਸਮਾਜ ਦੀ ਮਾਨਸਿਕਤਾ ਇਕ ਦਲਿਤ ਪੱਧਰ ਦੀ ਹੈ।

ਜਿਵੇਂ ਅਸੀਂ ਕਹਿ ਆਏ ਹਾਂ ਇਸ ਕੁੰਠਤ ਮਨੁੱਖ ਮਾਨਸਿਕਤਾ ਦਾ ਅਪਰਾਧ ਨਿੱਜੀ ਮਾਲਕੀ ਦੇ ਆਧਾਰ 'ਚ ਪਿਆ ਹੈ। ਜਦੋਂ ਤੱਕ ਸਮਾਜ ਵਿਚੋਂ ਪੈਦਾਵਾਰੀਸਾਧਨਾਂ ਉਤੇ ਮਾਲਕੀ ਦੀ ਨਿੱਜੀ ਸਰਦਾਰੀ ਖਤਮ ਨਹੀਂ ਹੁੰਦੀ ਅਤੇ ਸਮੁੱਚੀ ਮਾਲਕੀ ਸਮੂਹਕ ਸਮਾਜ ਦੀ ਨਹੀਂ ਹੁੰਦੀ, ਔਰਤ ਨੂੰ ਬਰਾਬਰ ਦਾ ਨਾਗਰਿਕ ਹੋਣ ਦਾ ਅਧਿਕਾਰ ਮਿਲਣਾ ਅਸੰਭਵ ਹੈ ਜਿਸ ਸਮਾਜ ਵਿਚ ਮਰਦ ਅਤੇ ਔਰਤ ਬਰਾਬਰ ਦੇ ਨਾਗਰਿਕ ਗਿਣੇ ਜਾਣਗੇ ਉਸ ਸਮਾਜ ਵਿਚੋਂ ਹੀ ਔਰਤਾਂ ਵਿਰੁੱਧ ਅਪਰਾਧ ਖਤਮ ਹੋਣ ਦੀ ਭੋ ਤਿਆਰ ਹੋਵੇਗੀ ਭਾਵ ਲਿੰਗਕ ਅਸਮਾਨਤਾ ਦੇ ਖਾਤਮੇ ਲਈ ਨਿੱਜੀ ਮਾਲਕੀ ਤੋਂ ਮੁਕਤ ਸਮਾਜ ਤੇ ਪ੍ਰਬੰਧ ਦੀ ਸਿਰਜਣਾ ਕਰਨ ਨਾਲ ਹੀ ਇਕ ਅਪਰਾਧ ਰਹਿਤ ਸਮਾਜ ਸਿਰਜਿਆ ਜਾ ਸਕਦਾ ਹੈ।

93544-30211

# ਮੋਦੀ ਹਕੂਮਤ ਵੱਲੋਂ ਜ਼ਮੀਨਾਂ, ਜੰਗਲ 'ਤੇ ਝਪਟਣ ਲਈ ਕਾਨੂੰਨੀ ਸ਼ਿਕੰਜਾ ਹੋਰ ਕਸਿਆ

(ਸਫ਼ਾ 39 ਦੀ ਬਾਕੀ)

ਕਰਵਾਉਣ, ਭੋਜਨ ਸੁਰੱਖਿਆ ਯਕੀਨੀ ਬਣਾਉਣ ਆਦਿ ਯਕੀਨੀ ਬਣਾਉਣ ਦੀਆਂ ਮਦਾਂ ਨਹੀਂ ਲਾਗੂ ਹੋਣਗੀਆਂ। ਇਹ ਪੰਜ ਕਿਸਮਾਂ ਦੇ ਪ੍ਰੋਜੈਕਟ ਹਨ:

1. ਅਜਿਹੇ ਪ੍ਰੋਜੈਕਟ ਜੋ ਕੌਮੀ ਸੁਰੱਖਿਆ (ਨੈਸ਼ਨਲ ਸਕਿਉਰਿਟੀ), ਭਾਰਤ ਜਾਂ ਇਸਦੇ ਕਿਸੇ ਹਿੱਸੇ ਦੀ ਰਾਖੀ (ਡੀਫੈਂਸ), ਰਾਖੀ ਦੀ ਤਿਆਰੀ ਅਤੇ ਰੱਖਿਆ-ਉਤਪਾਦਨ ਲਈ ਜ਼ਰੂਰੀ ਹਨ।

2. ਪੇਂਡੂ ਬੁਨਿਆਦੀ ਢਾਂਚਾ ਸਮੇਤ ਬਿਜਲੀਕਰਨ ਦੇ; 3. ਮਕਾਨ (ਪੁੱਗਤ ਯੋਗ ਅਤੇ ਗਰੀਬ ਲੋਕਾਂ ਲਈ) ਉਸਾਰੀ। 4. ਸਨਅੱਤੀ ਗਲਿਆਰੇ। 5. ਬੁਨਿਆਦੀ ਢਾਂਚੇ ਨਾਲ ਸਬੰਧਤ ਪ੍ਰੋਜੈਕਟ ਜਿਸ ਵਿੱਚ ਜਨਤਕ-ਨਿੱਜੀ ਭਾਈਵਾਲੀ ਦੇ ਅਜਿਹੇ ਪ੍ਰੋਜੈਕਟ ਵੀ ਸ਼ਾਮਲ ਹੋਣਗੇ, ਜਿਹਨਾਂ ਵਿੱਚ ਜ਼ਮੀਨਾਂ ਦੀ ਮਾਲਕ ਕੇਂਦਰੀ ਸਰਕਾਰ ਹੋਵੇਗੀ। 6. ਬੁਨਿਆਦੀ ਢਾਂਚੇ ਦੇ ਉਪਰੋਕਤ ਪ੍ਰੋਜੈਕਟਾਂ ਦੀ ਲਿਸਟ ਵਿੱਚ ਪਹਿਲਾਂ ਨਿੱਜੀ ਹਸਪਤਾਲ ਅਤੇ ਵਿਦਿਅਕ ਸੰਸਥਾਵਾਂ ਸ਼ਾਮਲ ਨਹੀਂ ਸਨ, ਹੁਣ ਇਹ ਵੀ ਸ਼ਾਮਲ ਕਰ ਲਏ ਗਏ ਹਨ।

ਉਂਝ ਥੋੜ੍ਹਾ ਗਹੁ ਨਾਲ ਦੇਖਿਆਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਕਾਂਗਰਸ ਸਰਕਾਰ ਵੱਲੋਂ ਪਾਸ ਕੀਤੇ 2013 ਦੇ ਜ਼ਮੀਨ ਅਧਿਗ੍ਰਹਿਣ ਕਾਨੂੰਨ ਦੀ ਧਾਰਾ 40 ਵੀ ਸਰਕਾਰ ਨੂੰ ਬਿਲਕੁੱਲ ਅਜਿਹੇ ਅਧਿਕਾਰ ਦਿੰਦੀ ਸੀ। ਇਸ ਧਾਰਾ ਤਹਿਤ ਸਰਕਾਰ ਕਿਸੇ ਵੀ ਪ੍ਰੋਜੈਕਟ ਨੂੰ "ਅਤਿ ਜ਼ਰੂਰੀ" ਕਹਿ ਕੇ ਉਸ ਲਈ ਗ੍ਰਹਿਣ ਕੀਤੇ ਜਾਣ ਵਾਲੀ ਜ਼ਮੀਨ ਨੂੰ ਤੁਰੰਤ ਕਬਜ਼ੇ ਹੇਠ ਲੈ ਸਕਦੀ ਸੀ ਅਤੇ ਇਸ ਲਈ 'ਸਮਾਜਿਕ ਪ੍ਰਭਾਵਾਂ ਬਾਰੇ ਜਾਇਜ਼ਾ ਅਤੇ ਪ੍ਰਬੰਧਨ ਰਿਪੋਰਟ' ਤਿਆਰ ਕਰਨਾ, ਜਨ-ਸੁਣਵਾਈ ਕਰਨ, ਕੁਲੈਕਟਰ ਵੱਲੋਂ ਲੋਕਾਂ ਦੇ ਇਤਰਾਜ਼ ਸੁਣਨ, ਭੋਜਨ ਸੁਰੱਖਿਆ ਸਬੰਧੀ ਮਦ ਦੀ ਪਾਲਣਾ ਕਰਨ ਜਾਂ ਨਿਸ਼ਚਿਤ ਫੀਸਦੀ ਮਾਲਕਾਂ ਦੀ ਅਗਾਊਂ ਰਜ਼ਾਮੰਦੀ ਹਾਸਲ ਕਰਨ ਦੀਆਂ ਸ਼ਰਤਾਂ ਦੀ ਪਾਲਣਾ ਕਰਨ ਦੀ ਕੋਈ ਲੋੜ ਨਹੀਂ ਸੀ। ਪਿਛਲੇ ਤਿੰਨ-ਚਾਰ ਦਹਾਕਿਆਂ ਦੇ ਤਜਰਬੇ ਤੋਂ- ਜਦੋਂ ਤੋਂ ਸਰਕਾਰ ਨੇ 1894 ਦੇ ਜ਼ਮੀਨ ਅਧਿਗ੍ਰਹਿਣ ਕਾਨੂੰਨ ਵਿੱਚ ਸੋਧ ਕਰਕੇ ਨਿੱਜੀ ਕੰਪਨੀਆਂ ਲਈ ਜ਼ਮੀਨ ਗ੍ਰਹਿਣ ਕਰਨ ਦਾ ਹੱਕ ਹਾਸਲ ਕੀਤਾ ਹੈ, ਇਹ ਗੱਲ ਸਪਸ਼ਟ ਹੈ ਕਿਸੇ ਵੀ ਪ੍ਰੋਜੈਕਟ ਨੂੰ "ਅਤਿ ਜ਼ਰੂਰੀ" ਐਲਾਨੇ ਜਾਣ ਦਾ ਕੋਈ ਤਹਿਸ਼ੁਦਾ ਪੈਮਾਨਾ ਨਹੀਂ ਹੈ। ਇਸ ਤਰ੍ਹਾਂ ਐਲਾਨੇ ਗਏ ਪ੍ਰੋਜੈਕਟ ਸਮਾਜਿਕ ਜਾਂ ਆਰਥਿਕ ਆਧਾਰ 'ਤੇ ਸੱਚੀ ਮੁੱਚੀਂ ਲੋਕਾਂ ਲਈ ਜ਼ਰੂਰੀ ਨਹੀਂ ਹੁੰਦੇ। ਬਹੁਤੇ ਵਾਰੀ ਇਹ ਪ੍ਰੋਜੈਕਟ, ਮਾਲਕਾਂ ਦੀ ਸਿਆਸੀ ਅਤੇ ਵਿੱਤੀ ਪਹੁੰਚ ਦੇ ਸਿਰ 'ਤੇ ਹੀ "ਅਤਿ ਜ਼ਰੂਰੀ" ਐਲਾਨੇ ਜਾਂਦੇ ਹਨ। ਕਾਨੂੰਨ ਅਨੁਸਾਰ ਇਹ ਮਾਮਲਾ ਭਾਰਤ ਦੀ ਆਪਾ-ਸ਼ਾਹ ਰਾਜ-ਭਾਗ ਅਤੇ ਭ੍ਰਿਸ਼ਟ ਅਫ਼ਸਰਸ਼ਾਹੀ ਦੀ ਅੰਤਰਮੁਖੀ ਸੰਤੁਸ਼ਟੀ (ਸਬਜੈਕਟਿਵ ਸੈਟਿਸਫੈਕਸ਼ਨ) 'ਤੇ ਨਿਰਭਰ ਕਰਦਾ ਹੈ।

### ਗ੍ਰਹਿਣ ਕੀਤੀ ਜ਼ਮੀਨ ਦੀ ਨਿਸ਼ਚਿਤ ਸਮੇਂ ਵਿੱਚ ਵਰਤੋਂ ਜ਼ਰੂਰੀ ਨਹੀਂ

2013 ਦੇ ਕਾਨੂੰਨ ਦੀ ਧਾਰਾ 101 ਵਿੱਚ ਦਰਜ ਕੀਤਾ ਗਿਆ ਸੀ ਕਿ ਜੇ ਗ੍ਰਹਿਣ ਕੀਤੀ ਜ਼ਮੀਨ ਦਾ ਕਬਜ਼ਾ ਲਏ ਜਾਣ ਤੋਂ ਬਾਅਦ 5 ਸਾਲਾਂ ਦੇ ਅੰਦਰ ਅੰਦਰ ਇਸਦੀ ਵਰਤੋਂ ਨਹੀਂ ਕੀਤੀ ਜਾਂਦੀ ਤਾਂ ਇਹ ਪਹਿਲੇ ਮਾਲਕਾਂ ਜਾਂ ਉਹਨਾਂ ਦੇ ਕਾਨੂੰਨੀ ਵਾਰਸਾਂ ਨੂੰ ਵਾਪਸ ਕਰ ਦਿੱਤੀ ਜਾਵੇਗੀ ਜਾਂ ਸਬੰਧਤ ਸਰਕਾਰ ਦੇ 'ਜ਼ਮੀਨ ਬੈਂਕ' ਨੂੰ ਦੇ ਦਿੱਤੀ ਜਾਵੇਗੀ। ਮੋਦੀ ਸਰਕਾਰ ਵੱਲੋਂ ਜਾਰੀ ਕੀਤੇ ਆਰਡੀਨੈਂਸ ਰਾਹੀਂ ਇਹ ਸਮਾਂ ਅਨਿਸ਼ਚਿਤ ਕਾਲ ਤੱਕ ਵਧਾ ਦਿੱਤਾ ਗਿਆ ਹੈ ਅਤੇ ਸਮਾਂ ਸੀਮਾ ਤਹਿ ਕਰਨ ਦਾ ਕੰਮ ਸਰਕਾਰ ਦੀ ਮਰਜ਼ੀ 'ਤੇ ਛੱਡ ਦਿੱਤਾ ਗਿਆ ਹੈ। ਰਾਜਪੁਰਾ ਵਿੱਚ ਸ੍ਰੀ ਰਾਮ ਇੰਡਸਟਰੀਅਲ ਐਂਟਰਪ੍ਰਾਈਜਜ਼ ਲਿਮਟਿਡ (ਐਸ. ਆਈ. ਈ. ਐਲ.) ਦੇ ਮਾਮਲੇ ਵਿੱਚ ਉਸ ਕੰਪਨੀ ਨੂੰ 10 ਸਾਲਾਂ ਵਿੱਚ ਵਿਕਾਸ ਕਰਨ ਅਤੇ 40000 ਲੋਕਾਂ ਨੂੰ ਰੁਜ਼ਗਾਰ ਮੁਹੱਈਆ ਕਰਵਾਉਣ ਦੀ ਸ਼ਰਤ 'ਤੇ 1119 ਏਕੜ ਜ਼ਮੀਨ ਸਵਾ ਲੱਖ ਰੁਪਏ ਪ੍ਰਤੀ ਏਕੜ ਦੇ ਹਿਸਾਬ ਗ੍ਰਹਿਣ ਕਰਕੇ ਦਿੱਤੀ ਗਈ ਸੀ। ਇਹ ਸਮਝੌਤਾ 1994 ਵਿੱਚ ਹੋਇਆ ਸੀ ਅਤੇ ਜ਼ਮੀਨ ਵੀ ਉਦੋਂ ਹੀ ਦੇ ਦਿੱਤੀ ਗਈ ਸੀ। 21 ਸਾਲ ਬੀਤ ਜਾਣ ਤੋਂ ਬਾਅਦ ਕੰਪਨੀ ਨੇ ਸਿਰਫ 98 ਏਕੜ ਹੀ ਵਰਤੀ ਹੈ ਅਤੇ ਸਿਰਫ 600 ਲੋਕਾਂ ਨੂੰ ਰੁਜ਼ਗਾਰ ਦਿੱਤਾ ਹੈ। ਜਦੋਂ ਲੋਕ ਉਕਤ ਸਮਝੌਤੇ ਦੀ ਉਲੰਘਣਾ ਦੇ ਆਧਾਰ 'ਤੇ ਆਪਣੀ ਜ਼ਮੀਨ ਵਾਪਸ ਮੰਗ ਕਰ ਰਹੇ ਹਨ ਤਾਂ ਸਰਕਾਰ ਨੇ ਕੰਪਨੀ ਨੂੰ ਆਪਣਾ ਕੰਮ ਪੂਰਾ ਕਰਨ ਲਈ ਸਾਲ 2021 ਤੱਕ ਦਾ ਸਮਾਂ ਦੇ ਦਿੱਤਾ ਹੈ। ਇਸ ਤਰ੍ਹਾਂ ਸਰਕਾਰ ਆਪਣੀ ਮਰਜ਼ੀ ਨਾਲ ਕੰਪਨੀ ਦੇ ਕਹਿਣ 'ਤੇ ਸਮਾਂ ਵਧਾਉਂਦੀ ਰਹੇਗੀ।

ਗਲਤ ਜਾਣਕਾਰੀ ਜਾਂ ਝੂਠੇ ਦਸਤਾਵੇਜ਼ ਪੇਸ਼ ਕਰਕੇ ਜਬਰੀ ਜ਼ਮੀਨ ਗ੍ਰਹਿਣ ਕਰਵਾਉਣਾ ਹੁਣ ਜੁਰਮ ਨਹੀਂ

—2013 ਦੇ ਕਾਨੂੰਨ ਦੀ ਧਾਰਾ 87 ਤਹਿਤ ਜੇ ਜ਼ਮੀਨ ਗ੍ਰਹਿਣ ਸਬੰਧੀ ਕਾਰਵਾਈ ਦੌਰਾਨ ਕਿਸੇ ਸਰਕਾਰੀ ਵਿਭਾਗ ਵੱਲੋਂ ਗਲਤ ਜਾਣਕਾਰੀ ਦਿੱਤੀ ਜਾਂਦੀ ਹੈ ਜਾਂ ਕੋਈ ਝੂਠਾ ਦਸਤਾਵੇਜ਼ ਪੇਸ਼ ਕੀਤਾ ਜਾਂਦਾ ਹੈ, ਜਾਂ ਕੋਈ ਕਾਰਵਾਈ ਦੁਰਭਾਵਨਾ ਤਹਿਤ ਕੀਤੀ ਜਾਂਦੀ ਹੈ ਤਾਂ ਸਬੰਧਤ ਵਿਭਾਗ ਦੇ ਮੁਖੀ ਨੂੰ ਦੋਸ਼ੀ ਮੰਨ ਕੇ ਉਸਦੇ ਖਿਲਾਫ ਮੁਕੱਦਮਾ ਚਲਾਇਆ ਜਾ ਸਕਦਾ ਸੀ। ਇਹ ਮੁਕੱਦਮਾ ਸਬੰਧਤ ਕੁਲੈਕਟਰ ਦੀ ਸ਼ਿਕਾਇਤ 'ਤੇ ਚਲਾਇਆ ਜਾਣਾ ਸੀ ਅਤੇ ਦੋਸ਼ ਸਿੱਧ ਹੋਣ 'ਤੇ 6 ਮਹੀਨੇ ਦੀ ਕੈਦ ਜਾਂ ਇੱਕ ਲੱਖ ਰੁਪਇਆ ਜੁਰਮਾਨਾ ਜਾਂ ਦੋਵੇਂ ਸਜ਼ਾਵਾਂ ਦਿੱਤੀਆਂ ਜਾ ਸਕਦੀਆਂ ਸਨ। ਵਿਭਾਗ ਦੇ ਮੁਖੀ ਦੀ ਖਲਾਸੀ ਸਿਰਫ ਤਾਂ ਹੀ ਹੋ ਸਕਦੀ ਹੈ ਜੇ ਉਹ ਸਿੱਧ ਕਰੇ ਕਿ ਗਲਤ ਜਾਣਕਾਰੀ ਜਾਂ ਝੂਠਾ ਦਸਤਾਵੇਜ਼ ਉਸ ਨੂੰ ਦੱਸੇ ਤੋਂ ਬਿਨਾ ਪੇਸ਼ ਕੀਤਾ ਗਿਆ ਹੈ ਜਾਂ ਉਸ ਵੱਲੋਂ ਹਰ ਸੰਭਵ ਚੌਕਸੀ ਵਰਤਣ ਦੇ ਬਾਵਜੂਦ ਵੀ ਅਜਿਹਾ ਹੋਣ ਤੋਂ ਰੋਕਿਆ ਨਹੀਂ ਜਾ ਸਕਿਆ। ਵਿਭਾਗ ਮੁਖੀ ਦੇ ਖਿਲਾਫ ਅਜਿਹੀ ਕਾਰਵਾਈ ਸਿਰਫ ਕੁਲੈਕਟਰ ਦੀ ਸ਼ਿਕਾਇਤ 'ਤੇ ਹੀ ਸ਼ੁਰੂ ਕੀਤੀ ਜਾ ਸਕਦੀ ਹੈ।

ਮੋਦੀ ਸਰਕਾਰ ਵੱਲੋਂ ਜਾਰੀ ਕੀਤੇ ਆਰਡੀਨੈਂਸ ਵਿੱਚ ਇਹ ਵਿਵਸਥਾ ਪੂਰੀ ਤਰ੍ਹਾਂ ਨਾਲ ਬਦਲ ਦਿੱਤੀ ਗਈ ਹੈ। ਨਵੀਂ ਵਿਵਸਥਾ ਅਨੁਸਾਰ ਕਾਰਵਾਈ ਸਿਰਫ ਉਸ ਅਧਿਕਾਰੀ ਦੇ ਖਿਲਾਫ ਕੀਤੀ ਜਾਵੇਗੀ ਜਿਸ ਨੇ ਗਲਤ ਜਾਣਕਾਰੀ ਜਾਂ ਦਸਤਾਵੇਜ਼ ਪੇਸ਼ ਕੀਤਾ ਹੈ। ਅਤੇ ਕੋਈ ਵੀ ਕਾਰਵਾਈ ਕਰਨ ਤੋਂ ਪਹਿਲਾਂ ਵਿਭਾਗ ਦੇ ਸਮਰੱਥ ਅਧਿਕਾਰੀ ਦੀ ਅਗਾਊਂ ਪ੍ਰਵਾਨਗੀ ਜ਼ਰੂਰੀ ਹੋਵੇਗੀ। ਇਸ ਨਾਲ ਪਹਿਲਾਂ ਹੇਠਲੇ ਅਧਿਕਾਰੀਆਂ ਤੋਂ ਸੱਤਾਧਾਰੀ ਸਿਆਸੀ ਆਗੂਆਂ ਅਤੇ ਉੱਚ-ਅਧਿਕਾਰੀਆਂ ਦੀਆਂ ਹਦਾਇਤਾਂ 'ਤੇ ਗਲਤ ਜਾਣਕਾਰੀ ਅਤੇ ਝੂਠੇ ਦਸਤਾਵੇਜ਼ ਪੇਸ਼ ਕਰਵਾਉਣ ਅਤੇ ਬਾਅਦ ਵਿੱਚ ਜੇ ਕਿਤੇ ਕੋਈ ਰੌਲਾ ਪੈ ਜਾਵੇ ਤਾਂ ਕੋਈ ਮਾਮੂਲੀ ਕਾਰਵਾਈ ਕਰਕੇ ਪੋਚਾ-ਪਾਚੀ ਕਰਨ ਅਤੇ ਲੋਕਾਂ ਦੀਆਂ ਅੱਖਾਂ ਪੂੰਝਣ ਦਾ ਰਾਹ ਖੁੱਲ੍ਹ ਗਿਆ ਹੈ।

### ਜ਼ਮੀਨ ਗ੍ਰਹਿਣ ਕਰਨ ਲਈ ਨਿੱਜੀ ਕੰਪਨੀਆਂ ਦਾ ਘੇਰਾ ਹੋਰ ਵਧਾਇਆ

ਪਹਿਲੇ ਕਾਨੂੰਨਾਂ ਵਿੱਚ ਸਰਕਾਰ ਸਿਰਫ ਉਹਨਾਂ ਨਿੱਜੀ ਕੰਪਨੀਆਂ ਲਈ ਹੀ ਜ਼ਮੀਨ ਜਬਰੀ ਗ੍ਰਹਿਣ ਕਰ ਸਕਦੀ ਸੀ, ਜੋ ਕੰਪਨੀ ਕਾਨੂੰਨ 1956 ਦੇ ਤਹਿਤ ਰਜਿਸਟਰ ਹੋਣ। ਹੁਣ ਜਾਰੀ ਕੀਤੇ ਆਰਡੀਨੈਂਸ ਵਿੱਚ 'ਨਿੱਜੀ ਕੰਪਨੀ' (ਪ੍ਰਾਈਵੇਟ ਕੰਪਨੀ) ਦੀ ਥਾਂ ਤੇ 'ਨਿੱਜੀ ਅਦਾਰਾ' (ਪ੍ਰਾਈਵੇਟ ਐਨਟਿਟੀ) ਸ਼ਬਦ ਵਰਤਿਆ ਹੈ। ਇਸ ਨਾਲ ਹੁਣ ਸਰਕਾਰ ਸਾਰੇ ਨਿੱਜੀ ਅਦਾਰਿਆਂ-ਜਿਹਨਾਂ ਵਿੱਚ ਨਿੱਜੀ ਕੰਪਨੀਆਂ ਦੇ ਨਾਲ ਪਾਰਟਨਰਸ਼ਿੱਪ ਫਰਮਾਂ, ਕਿਸੇ ਇਕੱਲੇ ਵਿਅਕਤੀ ਦੀ ਮਾਲਕੀ ਵਾਲੀਆਂ ਫਰਮਾਂ, ਕਾਰਪੋਰੇਸ਼ਨਾਂ, ਸਮਾਜ-ਸੇਵੀ ਸੰਸਥਾਵਾਂ, ਸਭਾਵਾਂ, ਸੁਸਾਇਟੀਆਂ, ਟਰਸਟਾਂ ਅਤੇ ਕਿਸੇ ਵੀ ਹੋਰ ਕਾਨੂੰਨ ਤਹਿਤ ਬਣਾਈਆਂ ਗਈਆਂ ਸੰਸਥਾਵਾਂ ਲਈ ਜ਼ਮੀਨ ਗ੍ਰਹਿਣ ਕਰ ਸਕਦੀ ਹੈ। ਇਸ ਤਰਮੀਮ ਨਾਲ ਸਰਕਾਰ ਨੇ ਕਿਸੇ ਸਭਾ, ਸੁਸਾਇਟੀ ਜਾਂ ਟਰਸਟ ਵੱਲੋਂ ਚਲਾਏ ਜਾ ਰਹੇ ਮੰਦਰ, ਗੁਰਦੁਆਰੇ, ਗਊਸ਼ਾਲਾ ਆਦਿ ਅਦਾਰਿਆਂ ਦੀ ਪਾਰਟਨਰਸ਼ਿੱਪ ਫਰਮ ਜਾਂ ਇਕੱਲੇ ਵਿਅਕਤੀ ਦੀ ਮਾਲਕੀ ਵਾਲੀ ਫਰਮ ਵੱਲੋਂ ਚਲਾਏ ਜਾਣ ਵਾਲੀ ਵਿਦਿਅਕ ਸੰਸਥਾ ਜਾਂ ਹਸਪਤਾਲ, ਸਹਿਕਾਰੀ ਸੰਸਥਾਵਾਂ ਆਦਿ ਲਈ ਜਬਰੀ ਜ਼ਮੀਨਾਂ ਗ੍ਰਹਿਣ ਕਰਨ ਦਾ ਹੱਕ ਹਾਸਲ ਕਰ ਲਿਆ ਹੈ।

(Courtsey : SURKH REKHA)

# ਭਾਈ ਲਾਲੋ ਕਲਾ ਸਨਮਾਨ ਦੇ ਹਵਾਲੇ ਨਾਲ ਅਜਮੇਰ ਔਲਖ ਦੀ ਸਾਹਿਤਕ ਘਾਲਣਾ ਦਾ ਮਹੱਤਵ

**ਪਾਵੇਲ ਕੁੱਸਾ**

ਇਨਾਮ ਸਨਮਾਨ ਸਾਹਿਤ ਕਲਾ ਜਗਤ ਦੇ ਨਾਲ ਨਾਲ ਚਲਦੇ ਹਨ। ਪੰਜਾਬੀ ਸਾਹਿਤ ਕਲਾ ਜਗਤ 'ਚ ਵੀ ਲੇਖਕਾਂ ਕਲਾਕਾਰਾਂ ਦੇ ਇਨਾਮਾਂ ਸਨਮਾਨਾਂ ਦਾ ਸਿਲਸਿਲਾ ਚਲਦਾ ਆ ਰਿਹਾ ਹੈ। ਇਨ੍ਹਾਂ ਸਨਮਾਨਾਂ ਦੀਆਂ ਵੰਨਗੀਆਂ ਵੱਖ-ਵੱਖ ਹਨ। ਸਨਮਾਨ ਉਹ ਵੀ ਹਨ, ਜਿਨ੍ਹਾਂ ਬਾਰੇ ਸੁਰਜੀਤ ਪਾਤਰ ਨੇ ਆਪਣੀ ਕਵਿਤਾ ਬੁੱਢੀ ਜਾਦੂਗਰਨੀ ਵਿੱਚ ਕਿਹਾ ਸੀ:

**ਮੈਂ ਜਿਸ ਬੰਦੇ ਦੇ ਗਲ਼ ਹਾਰ ਪਾਇਆ ਹੈ**
**ਉਹ ਬੁੱਤ ਬਣ ਗਿਆ ਹੈ**
**ਮੈਂ ਜਿਹੜੀ ਹਿੱਕ 'ਤੇ ਤਮਗਾ ਸਜਾਇਆ ਹੈ**
**ਉਹੀ ਇੱਕ ਘੜੀ ਬਣ ਕੇ ਰਹਿ ਗਈ ਹੈ**
**ਮੈਂ ਜਿਸ ਨੂੰ ਆਪਣਾ ਪੁੱਤਰ ਆਖਿਆ ਹੈ**
**ਉਸੇ ਨੂੰ ਆਪਣੀ ਮਾਂ ਦਾ ਨਾਂ ਭੁੱਲਿਆ ਹੈ**

ਪਰ ਸਾਹਿਤਕਾਰਾਂ ਨੂੰ ਸਤਿਕਾਰਨ ਦੀ ਇੱਕ ਵੰਨਗੀ ਇਸਤੋਂ ਬਿਲਕੁਲ ਵੱਖਰੀ ਹੈ ਜੀਹਦੇ 'ਚ ਨਾ ਕਿਸੇ ਵੱਡੀ ਰਕਮ ਲਈ ਥਾਂ ਹੈ ਨਾ ਰਾਜਭਾਗ ਦੇ ਕਿਸੇ ਅੰਗ ਦੀ ਸੱਦ-ਪੁੱਛ। ਅਜਿਹਾ ਹੀ ਸਨਮਾਨ ਉੱਘੇ ਨਾਟਕਕਾਰ ਅਜਮੇਰ ਸਿੰਘ ਔਲਖ ਨੂੰ ਪੰਜਾਬ ਦੀ ਇਨਕਲਾਬੀ ਜਮਹੂਰੀ ਲਹਿਰ ਤਰਫੋਂ ਦਿੱਤਾ ਜਾ ਰਿਹਾ ਹੈ। ਅੱਜ ਤੋਂ 9 ਵਰ੍ਹੇ ਪਹਿਲਾਂ ਪਿੰਡ ਕੁੱਸਾ (ਮੋਗਾ) 'ਚ ਉੱਘੇ ਮਰਹੂਮ ਨਾਟਕਕਾਰ ਗੁਰਸ਼ਰਨ ਸਿੰਘ ਨੂੰ ਵਿਸ਼ਾਲ ਇਕੱਠ 'ਚ 'ਇਨਕਲਾਬੀ ਨਿਹਚਾ ਸਨਮਾਨ' ਭੇਂਟ ਕੀਤਾ ਗਿਆ ਸੀ। ਇਸ ਸਨਮਾਨ ਬਾਰੇ ਇਉਂ ਟਿੱਪਣੀ ਹੋਈ ਸੀ:

**ਤੂੰ ਬਰਾਬਰੀ ਦੇ ਸੁਪਨੇ ਜਗਾਏ**
**ਸਾਡੇ ਕਾਫ਼ਲੇ ਸਲਾਮ ਲੈ ਕੇ ਆਏ**

ਏਸੇ ਰਵਾਇਤ ਨੂੰ ਜਾਰੀ ਰੱਖਦਿਆਂ ਹੁਣ ਅਜਮੇਰ ਸਿੰਘ ਔਲਖ ਨੂੰ 'ਭਾਈ ਲਾਲੋ ਕਲਾ ਸਨਮਾਨ ਨਾਲ ਸਤਿਕਾਰਿਆ ਜਾ ਰਿਹਾ ਹੈ।

ਇਹ ਸਨਮਾਨ ਲੋਕਾਂ ਦੇ ਧੜੇ ਵੱਲੋਂ ਦਿੱਤਾ ਜਾ ਰਿਹਾ ਹੈ। ਇਸ ਸਪੱਸ਼ਟ ਸੋਝੀ ਨਾਲ ਦਿੱਤਾ ਜਾ ਰਿਹਾ ਹੈ ਕਿ ਸਾਡਾ ਸਮਾਜ ਦੋ ਧੜਿਆਂ 'ਚ ਵੰਡਿਆ ਹੋਇਆ ਹੈ। ਇੱਕ ਪਾਸੇ ਰਾਜ ਭਾਗ ਦੀਆਂ ਮਾਲਕ ਲੁਟੇਰੀਆਂ ਜਮਾਤਾਂ ਹਨ ਤੇ ਦੂਜੇ ਪਾਸੇ ਕਿਰਤੀ ਕਮਾਊ ਲੋਕ ਹਨ। ਸਾਹਿਤਕਾਰ ਤੇ ਕਲਾਕਾਰ ਵੀ ਇਹਨਾਂ ਧੜਿਆਂ ਅਨੁਸਾਰ ਹੀ ਵੰਡੇ ਹੋਏ ਹਨ। ਇੱਕ ਪਾਸੇ ਉਹ ਸਾਹਿਤਕਾਰ-ਕਲਾਕਾਰ ਹਨ ਜਿਨ੍ਹਾਂ ਦੀ ਕਲਾ ਸੁਚੇਤ ਜਾਂ ਅਚੇਤ ਲੁਟੇਰੀਆਂ ਜਮਾਤਾਂ ਦੇ ਹਿਤਾਂ 'ਚ ਭੁਗਤਦੀ ਹੈ। ਉਹ ਕਲਾ ਲੁਟੇਰੇ ਨਿਜ਼ਾਮ ਦੀ ਉਮਰ ਹੋਰ ਲੰਮੀ ਕਰਨ ਦੇ ਹਾਕਮ ਜਮਾਤਾਂ ਦੇ ਹਿਤਾਂ ਦੀ ਸੇਵਾ ਕਰਦੀ ਹੈ। ਲੋਕਾਂ ਦੇ ਮਨਾਂ 'ਚ ਇਸ ਲੁਟੇਰੇ ਨਿਜ਼ਾਮ ਤੇ ਸਮਾਜ ਦੇ ਅਬਦਲ ਹੋਣ ਅਤੇ ਇਉਂ ਹੀ ਦਿਨ ਕਟੀ ਕਰਨ ਦੇ ਵਿਚਾਰਾਂ/ਸੰਸਕਾਰਾਂ ਦਾ ਪਸਾਰ ਕਰਦੀ ਹੈ, ਲੋਕਾਂ ਦੀਆਂ ਅੱਖਾਂ ਤੇ ਪੱਟੀ ਬੰਨ੍ਹ ਕੇ ਜ਼ਿੰਦਗੀ ਦੀ ਹਕੀਕੀ ਤਸਵੀਰ ਤੇ ਪਰਦਾ ਪਾਉਣ ਦਾ ਰੋਲ ਅਦਾ ਕਰਦੀ ਹੈ। ਦੂਜੇ ਪਾਸੇ ਲੋਕਾਂ ਦੇ ਧੜੇ ਦੇ ਸਾਹਿਤਕਾਰ, ਕਲਾਕਾਰ ਹਨ ਜਿਹੜੇ ਲੋਕਾਂ ਸਾਹਮਣੇ ਜੀਵਨ ਦੀ ਅਸਲ ਤਸਵੀਰ ਪੇਸ਼ ਕਰਦੇ ਹਨ। ਉਹ ਲੋਕਾਂ ਦੀ ਜ਼ਿੰਦਗੀ ਨੂੰ ਬੇਹਤਰ ਤੇ ਖੁਸ਼ਹਾਲ ਬਣਾਉਣ ਦਾ ਸੁਪਨਾ ਲੈ ਕੇ ਚਲਦੇ ਹਨ। ਅਜਿਹੇ ਸਾਹਿਤਕਾਰ-ਕਲਾਕਾਰ ਲੋਕਾਂ ਦੇ ਧੜੇ ਦੀ ਸੇਵਾ ਕਰਦੇ ਹਨ ਤੇ ਉਹ ਲੋਕਾਂ ਦੇ ਸਨਮਾਨ ਸਤਿਕਾਰ ਦੇ ਹੱਕਦਾਰ ਬਣਦੇ ਹਨ। ਲੋਕਾਂ ਦੇ ਧੜੇ ਦਾ ਇਹ ਫ਼ਰਜ਼ ਬਣਦਾ ਹੈ ਕਿ ਉਹ ਆਪਣੇ ਸਾਹਿਤਕਾਰਾਂ-ਕਲਾਕਾਰਾਂ ਨੂੰ ਸਾਂਭਣ ਤੇ ਉਹਨਾਂ ਦੀ ਸਾਹਿਤਕ ਘਾਲਣਾ ਦਾ ਮੁੱਲ ਪਾਉਣ। ਇਸ ਸਨਮਾਨ ਰਾਹੀਂ ਲੋਕ ਲਹਿਰ ਇਹੀ ਫ਼ਰਜ਼ ਨਿਭਾਅ ਰਹੀ ਹੈ।

ਅਜਮੇਰ ਸਿੰਘ ਔਲਖ ਪੰਜਾਬੀ ਸਾਹਿਤ ਕਲਾ ਜਗਤ ਦੀਆਂ ਉਹਨਾਂ ਨਾਮਵਰ ਤੇ ਮੋਹਰੀ ਹਸਤੀਆਂ 'ਚ ਸ਼ੁਮਾਰ ਹਨ ਜਿਨ੍ਹਾਂ ਦਾ ਨਵੇਂ ਸਮਾਜ ਦੀ ਉਸਾਰੀ ਦਾ ਸੁਪਨਾ ਹਮੇਸ਼ਾਂ ਕਾਇਮ ਰਿਹਾ ਹੈ। ਸੰਸਾਰ ਭਰ 'ਚ ਅਤੇ ਮੁਲਕ 'ਚ ਵੀ ਅਜਿਹਾ ਭਰੋਸਾ ਹਿੱਲ ਜਾਣ ਦੇ ਕਈ ਦੌਰ ਆਏ ਹਨ, ਮੌਜੂਦਾ ਲੁਟੇਰੇ ਨਿਜ਼ਾਮ ਦੇ ਅਜਿੱਤ ਹੋਣ ਦੇ ਸ਼ੋਰੀਲੇ ਐਲਾਨ ਹੋਏ ਹਨ, ਪਰ ਕਿਰਤ ਦੀ ਸਰਦਾਰੀ ਵਾਲੇ ਨਵੇਂ ਯੁੱਗ ਦੀ ਉਸਾਰੀ ਦਾ ਉਹਨਾਂ ਦਾ ਵਿਸ਼ਵਾਸ ਕਦੇ ਤਿੜਕਿਆ ਨਹੀਂ ਹੈ। ਕਿਰਤੀਆਂ-ਕਿਸਾਨਾਂ ਤੇ ਮਿਹਨਤਕਸ਼ ਤਬਕਿਆਂ ਦੇ ਸੋਹਣੇ ਭਵਿੱਖ ਦੀ ਆਸ ਸਦਾ ਕਾਇਮ ਰਹੀ ਹੈ ਤੇ ਉਹਨਾਂ ਦੀਆਂ ਸਾਹਿਤਕ ਕਲਾ ਕ੍ਰਿਤਾਂ 'ਚ ਪ੍ਰਗਟ ਹੁੰਦੀ ਆ ਰਹੀ ਹੈ।

ਅਜਮੇਰ ਸਿੰਘ ਔਲਖ ਨੇ ਭਾਵੇਂ ਆਪਣੇ ਨਾਟਕਾਂ ਦਾ ਸਫ਼ਰ ਕਾਲਜਾਂ ਤੇ ਯੂਨੀਵਰਸਿਟੀਆਂ ਦੇ ਯੁਵਕ ਮੇਲਿਆਂ ਤੋਂ ਸ਼ੁਰੂ ਕੀਤਾ ਪਰ ਬਹੁਤ ਛੇਤੀ ਹੀ ਉਹਨਾਂ ਨੇ ਨਾਟਕ ਨੂੰ ਯੂਨੀਵਰਸਿਟੀ ਤੇ ਕਾਲਜਾਂ ਦੇ ਸੀਮਤ ਦਾਇਰੇ 'ਚੋਂ ਕੱਢ ਕੇ ਮਿਹਨਤਕਸ਼ ਪੇਂਡੂ ਕਿਰਤੀ ਲੋਕਾਂ ਤੱਕ ਪਹੁੰਚਾਇਆ। ਉਹਨਾਂ ਆਪਣੇ ਰੰਗਮੰਚ ਦੀ ਕਰਮ ਭੂਮੀ ਪਿੰਡਾਂ ਨੂੰ ਬਣਾ ਲਿਆ ਤੇ ਮਜ਼ਦੂਰਾਂ ਕਿਸਾਨਾਂ ਦੀ ਜ਼ਿੰਦਗੀ ਨੂੰ ਆਪਣੇ ਨਾਟਕਾਂ ਦੇ ਵਿਸ਼ੇ ਵਜੋਂ ਚੁਣ ਲਿਆ। ਉਹ ਅਜਿਹਾ ਤਾਂ ਕਰ ਸਕੇ ਕਿਉਂਕਿ ਉਹ ਹਮੇਸ਼ਾਂ 'ਕਲਾ ਲੋਕਾਂ ਲਈ' ਦੇ ਵਿਚਾਰ ਦੇ ਧਾਰਨੀ ਬਣ ਕੇ ਚੱਲੇ ਹਨ। ਕਲਾ ਨੂੰ ਸਮਾਜਿਕ ਤਬਦੀਲੀ ਦੇ ਵੱਡੇ ਉਦੇਸ਼ ਦੀ ਪੂਰਤੀ ਦਾ ਸਾਧਨ ਬਣਾਇਆ ਹੈ। ਉਹਨਾਂ ਹਾਕਮ ਜਮਾਤਾਂ ਦੇ ਅਜਿਹੇ ਵਿਚਾਰਾਂ ਨੂੰ ਰੱਦ ਕੀਤਾ ਹੈ ਕਿ ਕਲਾ ਤਾਂ ਸਿਰਫ਼ ਮਨੋਰੰਜਨ ਦਾ ਸਾਧਨ ਹੁੰਦੀ ਹੈ ਤੇ ਜ਼ਿੰਦਗੀ ਦੇ ਗੰਭੀਰ ਮੁੱਦਿਆਂ ਦਾ ਕਲਾ ਦੇ ਖੇਤਰ 'ਚ ਕੋਈ ਸਥਾਨ ਨਹੀਂ ਹੁੰਦਾ ਹੈ। ਉਹਨਾਂ ਲਈ ਕਲਾ ਤਾਂ ਕਿਰਤੀਆਂ ਦੇ ਜੀਵਨ ਦੀ ਅਸਲ ਤਸਵੀਰ ਉਘਾੜਨ ਦਾ ਜ਼ਰੀਆ ਹੈ ਤੇ ਇਹਦੇ ਕੋਹਜ ਨੂੰ ਸੰਵਾਰਨ ਦੀ ਤਾਂਘ ਪੈਦਾ ਕਰ ਦੇਣ ਦਾ ਅਹਿਮ ਹਥਿਆਰ ਹੈ। ਆਪਣੇ ਅਜਿਹੇ ਨਿਸ਼ਾਨੇ ਦੀ ਪੂਰਤੀ ਲਈ ਹੀ ਉਹਨਾਂ ਨੇ ਲੋਕ ਮੁਖੀ ਰੰਗਮੰਚ ਦੀ ਸਿਰਜਣਾ ਕੀਤੀ ਹੈ। ਉਹਨਾਂ ਨੇ ਗੁਰਸ਼ਰਨ ਸਿੰਘ ਦੀਆਂ ਰੰਗਮੰਚ ਪਿਰਤਾਂ ਦੇ ਹਮਸਫ਼ਰ ਰਹਿੰਦਿਆਂ, ਅਜਿਹੇ ਢੰਗ ਤਰੀਕੇ ਖੋਜੇ ਤੇ ਸਿਰਜੇ ਹਨ ਜਿਹਦੇ ਨਾਲ ਸਧਾਰਨ ਕਿਰਤੀ ਲੋਕਾਂ ਤੱਕ ਪਹੁੰਚ ਕੀਤੀ ਜਾ ਸਕੇ। ਏਸੇ ਲੋੜ 'ਚੋਂ ਹੀ ਉਹਨਾਂ ਨੇ ਉੱਚ ਪੱਧਰੀਆਂ ਪਰ ਮਹਿੰਗੀਆਂ ਤਕਨੀਕਾਂ ਤੇ ਨਾਟ-ਜੁਗਤਾਂ ਨੂੰ ਤਿਆਗਿਆ। ਘੱਟ ਤੋਂ ਘੱਟ ਖਰਚੀਲੇ ਤੇ ਜਨ-ਸਾਧਾਰਨ ਦੀ ਪਹੁੰਚ ਵਾਲੇ ਪੰਜਾਬੀ ਰੰਗਮੰਚ ਦਾ ਮੁਹਾਂਦਰਾਂ ਘੜਨ 'ਚ ਉਹਨਾਂ ਦਾ ਅਹਿਮ ਰੋਲ ਹੈ। ਉਹਨਾਂ ਨੇ 70 ਵਿਆਂ ਦੇ ਦਹਾਕੇ 'ਚ ਉਦੋਂ ਆਪਣੀ ਪਤਨੀ ਤੇ ਧੀਆਂ ਨੂੰ ਰੰਗਮੰਚ ਕਲਾਕਾਰਾਂ ਵਜੋਂ ਤੋਰਿਆ ਜਦੋਂ ਔਰਤਾਂ ਦੇ ਸਟੇਜਾਂ 'ਤੇ ਆਉਣ ਨੂੰ ਆਮ ਪੇਂਡੂ ਲੋਕਾਂ ਦੀਆਂ ਨਜ਼ਰਾਂ 'ਚ ਮਾਣ-ਇੱਜ਼ਤ ਵਾਲਾ ਕੰਮ ਨਹੀਂ ਸੀ ਗਿਣਿਆ ਜਾਂਦਾ। ਇਉਂ ਉਹ ਗੁਰਸ਼ਰਨ ਸਿੰਘ ਦੀ 'ਬੜ੍ਹਾ ਥੀਏਟਰ' ਦੀ ਰਵਾਇਤ ਦੇ ਵਾਰਿਸ ਵੀ ਹਨ।

ਆਰਥਿਕ ਖੇਤਰ ਤੋਂ ਲੈ ਕੇ ਸਮਾਜਿਕ ਖੇਤਰ 'ਚ ਪਸਰੇ ਸੰਕਟ ਦਾ ਸੰਤਾਪ ਅਜਮੇਰ ਔਲਖ ਦੇ ਨਾਟਕਾਂ 'ਚੋਂ ਸਪੱਸ਼ਟ ਉੱਘੜਦਾ ਹੈ। ਉਹਨਾਂ ਆਪਣੇ ਮਕਬੂਲ ਨਾਟਕ 'ਬੇਗਾਨੇ ਬੋਹੜ ਦੀ ਛਾਂ' 'ਚ ਬੋਹੜ ਨੂੰ ਅਜਿਹੇ ਆਰਥਿਕ ਸਮਾਜਿਕ ਨਿਜ਼ਾਮ ਦਾ ਚਿੰਨ੍ਹ ਦਰਸਾਇਆ ਹੈ ਜੋ ਲੋਕ ਵਿਰੋਧੀ ਹੈ ਤੇ ਜਿਸਦੀ ਛਾਂ ਥੱਲੇ ਲੋਕ ਕਦੇ ਵੀ ਸੁੱਖਾਂ ਭਰੀ ਜ਼ਿੰਦਗੀ ਨਹੀਂ ਗੁਜ਼ਾਰ ਸਕਦੇ। ਜ਼ਿੰਦਗੀ ਦੀ ਹਕੀਕਤ ਇਸ ਨਾਟਕ 'ਚ ਬਹੁਤ ਹੀ ਕਲਾਮਈ ਢੰਗ ਨਾਲ ਪੇਸ਼ ਹੁੰਦੀ ਹੈ ਜਦ ਇਹ



ਸਤਰਾਂ ਗੂੰਜਦੀਆਂ ਹਨ

**ਜਨਮ ਧਾਰਿਆ ਢਿੱਡ ਦੀ ਲੋੜ ਵਿੱਚੋਂ**
**ਮਰ ਜਾਣਗੇ ਢਿੱਡ ਦੀ ਲੋੜ ਥੱਲੇ**
**ਘੜੀ ਸੁੱਖ ਦੀ ਭਾਲਦੇ ਭਲਾ ਕਿੱਥੋਂ**
**ਜਿਹੜੇ ਰਹਿਣਗੇ ਬੇਗਾਨੜੇ ਬੋਹੜ ਥੱਲੇ**

ਔਲਖ ਦੇ ਨਾਟਕਾਂ ਦਾ ਕੇਂਦਰੀ ਸੰਦੇਸ਼ ਹੈ ਕਿ ਸਮਾਜ 'ਚ ਪਸਰੀਆਂ ਸਮੱਸਿਆਵਾਂ ਦੀ ਜੜ੍ਹ ਮੌਜੂਦਾ ਪੈਸਾ ਪ੍ਰਧਾਨ ਸਮਾਜ ਹੈ ਜੀਹਦੇ 'ਚ ਆਮ ਆਦਮੀ ਦੀ ਵੁੱਕਤ ਇੱਕ ਖੋਟੇ ਪੈਸੇ ਤੋਂ ਜ਼ਿਆਦਾ ਨਹੀਂ ਹੈ। (ਤੂੜੀ ਵਾਲਾ ਕੋਠਾ)

ਉਸਨੇ ਆਪਣੇ ਨਾਟਕਾਂ 'ਚ ਗਰੀਬ ਕਿਸਾਨਾਂ, ਖੇਤ-ਮਜ਼ਦੂਰਾਂ, ਔਰਤਾਂ ਤੇ ਮਜ਼ਲੂਮ ਜਾਤਾਂ ਦੇ ਸੰਤਾਪ ਨੂੰ ਚਿਤਰਿਆ ਹੈ। ਉਹਨਾਂ ਦੇ ਦੁੱਖ ਤਕਲੀਫ਼ਾਂ, ਅਧੂਰੀਆਂ ਖਾਹਿਸ਼ਾਂ-ਉਮੰਗਾਂ ਨੂੰ ਦਿਖਾਇਆ ਹੈ, ਇਹਨਾਂ ਦੇ ਦਮ ਤੋੜਨ ਦਾ ਹਾਲ ਪ੍ਰਗਟਾਇਆ ਹੈ। ਇਹ ਤਸਵੀਰ ਦਰਸ਼ਕ ਨੂੰ ਹਲੂਣਦੀ ਹੈ ਤੇ ਕੁੱਝ ਚੰਗਾ ਕਰਨ ਲਈ ਪ੍ਰੇਰਦੀ ਹੈ। ਉਹਦੇ ਨਾਟਕਾਂ 'ਚ ਮਿਹਨਤਕਸ਼ ਲੋਕਾਂ ਦੀ ਸਿਰਫ਼ ਦੁੱਖ ਦਰਦ ਦੀ ਸੰਤਾਪੀ ਜ਼ਿੰਦਗੀ ਹੀ ਨਹੀਂ ਦਿਖਦੀ ਸਗੋਂ ਇਹਦੇ 'ਚੋਂ ਪੈਦਾ ਹੁੰਦਾ ਗੁੱਸਾ ਤੇ ਰੋਹ ਵੀ ਝਲਕਦਾ ਹੈ। ਇਹਨਾਂ ਸਥਿਤੀਆਂ 'ਚੋਂ ਜਨਮ ਲੈਂਦੀ ਸੰਘਰਸ਼ ਚੇਤਨਾ ਦੇ ਝਲਕਾਰਿਆਂ ਨਾਲ ਜ਼ਿੰਦਗੀ ਦੇ ਹੋਰ ਸੋਹਣੀ ਹੋ ਸਕਣ ਦੀ ਆਸ ਵੀ ਬੰਨ੍ਹਾਉਂਦਾ ਹੈ। ਉਹਦੀ ਸਮੁੱਚੀ ਨਾਟ ਰਚਨਾ 'ਚ ਕਿਰਤ ਦੀ ਵਡਿਆਈ ਤੇ ਉਹਦੀ ਰਾਖੀ ਦਾ ਸੁਨੇਹਾ ਰਚਿਆ ਹੋਇਆ ਹੈ।

ਅਜਮੇਰ ਸਿੰਘ ਔਲਖ ਨੇ ਪ੍ਰਚਲਿਤ ਸਮਾਜਿਕ ਧਾਰਨਾਵਾਂ ਦੇ ਪਿੱਛੇ ਛੁਪੀ ਕਰੂਰ ਹਕੀਕਤ ਨੂੰ ਬਹੁਤ ਹੀ ਕਲਾਤਮਕ ਢੰਗ ਨਾਲ ਉਘਾੜਿਆ ਹੈ। ਆਦਮੀ ਦਾ ਅਣਵਿਆਹਿਆ ਰਹਿ ਜਾਣਾ ਔਲਖ ਲਈ ਮਜ਼ਾਕ ਦਾ ਮੁੱਦਾ ਨਹੀਂ ਸਗੋਂ ਗੁਜ਼ਾਰੇ ਦੇ ਸਾਧਨਾਂ ਦੀ ਤੋਟ 'ਚੋਂ ਉਪਜੀ ਗ਼ਰੀਬ ਆਦਮੀ ਦੀ ਤ੍ਰਾਸਦੀ ਹੈ। ਗਰੀਬ ਕਿਸਾਨੀ 'ਚ ਅਣਵਿਆਹੇ ਆਦਮੀਆਂ ਦੀ ਤ੍ਰਾਸਦੀ ਤੇ ਉਸੇ ਘਰ ਦੀਆਂ ਔਰਤਾਂ ਦੇ ਜੀਵਨ ਹਾਲਤਾਂ ਨੂੰ ਔਲਖ ਨੇ ਇਉਂ ਪੇਸ਼ ਕੀਤਾ ਹੈ ਕਿ ਸਧਾਰਨ ਦਿਖਦੇ ਅਜਿਹੇ ਸਮਾਜਿਕ ਵਰਤਾਰੇ ਰੜਕਣ ਲੱਗ ਜਾਂਦੇ ਹਨ। ਉਹਦੇ ਨਾਟਕ ਅਜਿਹੇ ਸੰਸਕਾਰਾਂ ਤੇ ਸੋਚਾਂ ਦੇ ਅਸਰਾਂ ਨੂੰ ਖੋਰਨ 'ਚ ਸਹਾਈ ਹੁੰਦੇ ਹਨ ਜਿਹੜੀਆਂ ਸੋਚਾਂ ਮੌਜੂਦਾ ਲੁਟੇਰੇ ਸਮਾਜਿਕ ਨਿਜ਼ਾਮ ਨੂੰ ਤਾਕਤ ਬਖਸ਼ਦੀਆਂ ਹਨ ਤੇ ਇਹਦੀ ਇਨਕਲਾਬੀ ਤਬਦੀਲੀ ਲਈ ਸੰਘਰਸ਼ ਕਰਦੇ ਲੋਕਾਂ ਦੀ ਤਿਆਰੀ ਨੂੰ ਨਾਂਹ-ਪੱਖੀ ਰੁਖ਼ ਪ੍ਰਭਾਵਿਤ ਕਰਦੀਆਂ ਹਨ। ਸਮਾਜਿਕ ਵਿਕਾਸ 'ਚ ਅੜਿੱਕਾ ਬਣਦੀ ਜਗੀਰੂ ਚੌਧਰ, ਮਰਦਾਵਾਂ ਸਮਾਜਿਕ ਦਾਬਾ ਤੇ ਜਾਤਪਾਤੀ ਸਮਾਜਕ ਦਾਬਾ ਵਿਤਕਰਾ ਉਸਦੀ ਕਲਾ ਦਾ ਵਿਸ਼ੇਸ਼ ਚੋਟ-ਨਿਸ਼ਾਨਾ ਹਨ। ਉਸਦੀ ਕਲਾ ਦਾ ਝੰਜੋੜਾ ਪਿਛਾਂਹ-ਖਿੱਚੂ ਸੋਚਾਂ ਸੰਸਕਾਰਾਂ ਨੂੰ ਤਿਆਗਣ ਤੇ ਨਵਾਂ ਸਮਾਜ ਬਣਾਉਣ ਦਾ ਇਨਕਲਾਬੀ ਉੱਦਮ ਜੁਟਾਉਣ ਲਈ ਪ੍ਰੇਰਦਾ ਹੈ। ਅਖੌਤੀ ਨੀਵੀਆਂ ਜਾਤਾਂ ਲਈ ਉਹਦੇ ਨਾਟਕਾਂ 'ਚ ਤਰਸ ਦੀ ਭਾਵਨਾ ਦੀ ਥਾਂ ਮਾਣ ਨਾਲ ਸਿਰ ਉੱਚਾ ਕਰਕੇ ਜਿਉਣ ਦੀ ਅਧਿਕਾਰ ਜਤਾਈ ਝਲਕਦੀ ਹੈ।

ਅਜਮੇਰ ਔਲਖ ਦਾ ਨਾਟਕ ਤੇ ਰੰਗਮੰਚ ਲੋਕ ਲਹਿਰ ਦੇ ਨਾਲ ਨਾਲ ਤੁਰਿਆ ਹੈ। 80 ਵਿਆਂ ਦੇ ਸ਼ੁਰੂ 'ਚ ਲਿਖੇ ਉਸਦੇ ਨਾਟਕਾਂ 'ਚ ਆੜ੍ਹਤੀਆਂ ਸ਼ਾਹੂਕਾਰਾਂ ਦੀ ਲੁੱਟ ਦੀ ਸਤਾਈ ਗਰੀਬ ਕਿਸਾਨੀ ਤੇ ਖੇਤ-ਮਜ਼ਦੂਰਾਂ 'ਚ ਉਬਾਲੇ ਮਾਰਦੇ ਗੁੱਸੇ ਦੀ ਤਸਵੀਰ ਹੈ। ਇਸ ਗੁੱਸੇ ਦੇ ਗਲਤ ਲੀਹ ਤੇ ਚੜ੍ਹ ਜਾਣ ਤਾ ਤੌਖ਼ਲਾ ਵੀ ਹੈ ਤੇ ਸਹੀ ਲੀਹ ਤੇ ਤੋਰਨ ਲਈ ਵੱਡੇ ਸਾਂਝੇ ਦੁਸ਼ਮਣ ਖਿਲਾਫ਼ ਸੰਘਰਸ਼ਾਂ ਦੀ ਧਾਰ ਸੇਧਤ ਕਰਨ ਦੀ ਦਿਸ਼ਾ ਵੀ ਹੈ। ਮੌਜੂਦਾ ਨਿੱਜੀਕਰਨ ਸੰਸਾਰੀਕਰਨ ਦੇ ਹੱਲੇ ਦੇ ਦੌਰ 'ਚ ਉਸਨੇ ਜ਼ਮੀਨੀ ਘੋਲ ਨੂੰ ਆਪਣੀਆਂ ਕਲਾ-ਕ੍ਰਿਤਾਂ ਦਾ ਵਿਸ਼ਾ ਬਣਾਇਆ ਹੈ। ਔਲਖ ਨੇ ਗੋਬਿੰਦਪੁਰੇ 'ਚ ਚੱਲੇ ਘੋਲ ਨਾਲ ਬਹੁਤ ਗਹਿਰਾ ਸਰੋਕਾਰ ਦਿਖਾਉਂਦਿਆਂ ਨਾਟਕ 'ਐਇੰ ਨੀਂ ਹੁਣ ਸਰਨਾ' ਲਿਖ ਕੇ, ਹਕੂਮਤੀ ਤੇ ਕਾਰਪੋਰੇਟ ਲਾਣੇ ਦੀਆਂ ਲੋਟੂ ਵਿਉਂਤਾਂ ਦਾ ਪਾਜ ਉਘੇੜਦਿਆਂ, ਕਿਸਾਨੀ ਸੰਘਰਸ਼ ਦੀ ਲੋੜ ਨੂੰ ਉਭਾਰਿਆ ਹੈ। 'ਸਰਮਾਏਦਾਰਾਂ ਨੂੰ ਚਿੱਤ ਕਰਨ ਲਈਂ' ਹਰ ਹਥਿਆਰ ਵਰਤਣ ਦਾ ਸੰਦੇਸ਼ ਦਿੱਤਾ ਹੈ। ਖਾਲਿਸਤਾਨੀ ਦਹਿਸ਼ਤਗਰਦੀ ਦੇ ਦੌਰ 'ਚ ਔਲਖ ਆਪਣੇ ਨਾਟਕ 'ਅੰਨ੍ਹੇ ਨਿਸ਼ਾਨਚੀ' ਰਾਹੀਂ ਫ਼ਿਰਕੂ ਸਿਆਸਤ ਦਾ ਪਾਜ ਉਘੇੜਦਿਆਂ, ਭਾਈਚਾਰਕ ਏਕਤਾ ਦਾ ਸੰਦੇਸ਼ ਦਿੰਦਾ ਰਿਹਾ ਹੈ। ਲੋਕ ਮਨਾਂ 'ਤੇ ਪੱਸਰੀ ਅੰਧਵਿਸ਼ਵਾਸਾਂ ਦੀ ਧੁੰਦ ਨੂੰ ਦੂਰ ਕਰਨ ਲਈ ਤਰਕਸ਼ੀਲ ਲਹਿਰ ਦੀ ਮਹੱਤਤਾ ਨੂੰ ਉਭਾਰਦਾ ਨਾਟਕ "ਚਾਨਣ ਦੇ ਵਣਜਾਰੇ" ਲਿਖਿਆ ਤੇ ਖੇਡਿਆ ਹੈ। ਗਦਰ ਸ਼ਤਾਬਦੀ ਮੌਕੇ ਗਦਰ ਲਹਿਰ ਦੀ ਵਿਰਾਂਗਣ ਗੁਲਾਬ ਕੌਰ ਦੀ ਕਰਨੀ ਰਾਹੀਂ ਲਹਿਰ ਦੀ ਦੇਣ ਦਰਸਾਉਂਦਾ ਨਾਟਕ "ਤੂੰ ਚਰਖਾ ਘੂਕਦਾ ਰੱਖ ਜਿੰਦੇ" ਲੋਕਾਂ ਨੂੰ ਦਿੱਤਾ ਹੈ।

ਐਨੀ ਬਰੀਕੀ 'ਚ ਮਿਹਨਤਕਸ਼ ਲੋਕਾਂ ਦੀ ਜ਼ਿੰਦਗੀ ਚਿਤਰ ਸਕਣ 'ਚ ਉਹਦੀ ਇਨਕਲਾਬੀ ਦ੍ਰਿਸ਼ਟੀ ਦੇ ਨਾਲ ਨਾਲ ਉਹਦਾ ਆਪਣਾ ਪੇਂਡੂ ਕਿਸਾਨੀ ਜੀਵਨ ਦਾ ਸਿੱਧਾ ਅਨੁਭਵ ਵੀ ਹੈ। ਇੱਕ ਗ਼ਰੀਬ ਕਿਸਾਨ ਮੁਜਾਰੇ ਪਰਿਵਾਰ 'ਚ ਜਨਮੇ ਅਜਮੇਰ ਔਲਖ ਨੇ ਗਰੀਬ ਕਿਸਾਨੀ ਦੀਆਂ ਮੁਸ਼ਕਿਲਾਂ ਨੂੰ ਆਪਣੇ ਪਿੰਡੇ ਤੇ ਹੰਢਾਇਆ ਹੈ ਜਗੀਰਦਾਰਾਂ ਦੇ ਜਬਰ ਦਾ ਸੇਕ ਝੱਲਿਆ ਹੈ। ਥੁੜ-ਜ਼ਮੀਨੇ ਕਿਸਾਨ ਪਰਿਵਾਰ ਦੀਆਂ ਤੋਟਾਂ ਭਰੀ ਜ਼ਿੰਦਗੀ 'ਚ ਬਚਪਨ ਗੁਜ਼ਾਰਿਆ ਹੈ। ਨਿੱਕੇ ਹੁੰਦਿਆਂ ਔਲਖ ਵੱਲੋਂ ਆਪਣੀ ਮਾਂ ਤੋਂ ਮੱਕੀ ਦੀ ਛੱਲੀ ਮੰਗਣ ਤੇ ਮਾਂ ਵੱਲੋਂ ਖੇਤੋਂ ਛੱਲੀ ਲਿਆਉਣ ਮੌਕੇ ਜਗੀਰਦਾਰਾਂ ਦੇ ਗੁੰਡਿਆਂ ਵੱਲੋਂ ਪੰਡ ਦੀ ਤਲਾਸ਼ੀ ਲੈਣ ਤੇ ਮਾਂ ਵੱਲੋਂ ਗੁੱਸੇ 'ਚ ਛੱਲੀ ਵਗ੍ਹਾ ਮਾਰਨ ਦੀ ਘਟਨਾ ਉਹਦੇ ਚੇਤਿਆਂ 'ਚ ਡੂੰਘੀ ਤਰ੍ਹਾਂ ਉੱਕਰੀ ਪਈ ਹੈ। ਇਉਂ ਹੀ ਮਗਰੋਂ ਚੜ੍ਹਦੀ ਜਵਾਨੀ ਵੇਲੇ ਜਗੀਰਦਾਰ ਵੱਲੋਂ ਉਹਦੀ ਪਿੱਠ 'ਤੇ ਮਾਰੇ ਠੁੱਡੇ ਦੀ ਪੀੜ ਅਜਮੇਰ ਔਲਖ ਨੂੰ ਅਜੇ ਵੀ ਮਹਿਸੂਸ ਹੁੰਦੀ ਹੈ। ਉਹਨੇ ਕਿਸਾਨਾਂ ਦੀ ਲੁੱਟ ਦਾ ਸੰਤਾਪ ਦੇਖਿਆ ਤੇ ਖੇਤਾਂ ਦੀ ਰਾਖੀ ਲਈ ਉੱਠਦੇ ਕਿਸਾਨ ਉਭਾਰ ਦੇ ਦਿਨਾਂ 'ਚ ਹੀ ਪਲ ਕੇ ਵੱਡਾ ਹੋਇਆ। ਉਹਦੇ ਮਨ 'ਚ ਪੈਪਸੂ ਦੀ ਜੁਝਾਰ ਮੁਜਾਰਾ ਲਹਿਰ ਦੀ ਚੜ੍ਹਤ ਦੇ ਦਿਨਾਂ ਦੀਆਂ ਯਾਦਾਂ ਸਾਂਭੀਆਂ ਪਈਆਂ ਹਨ। ਬਚਪਨ 'ਚ ਕਿਸਾਨ ਸੰਘਰਸ਼ਾਂ ਦੀਆਂ ਸਟੇਜਾਂ ਤੋਂ ਆਪਣੇ ਰਚੇ ਗੀਤ ਗਾਉਂਦਿਆਂ ਉਹਨੇ ਆਪਣਾ ਸਾਹਿਤਕ ਸਫ਼ਰ ਸ਼ੁਰੂ ਕੀਤਾ। ਇਉਂ ਉਹ ਕਿਸਾਨ ਸੰਘਰਸ਼ਾਂ ਦੀ ਗੁੜ੍ਹਤੀ ਲੈ ਕੇ ਸਾਹਿਤਕ ਪਿੜ 'ਚ ਆਇਆ। ਉੱਘੇ ਕਿਸਾਨ ਆਗੂ ਧਰਮ ਸਿੰਘ ਫੱਕਰ ਵੱਲੋਂ ਉਹਦੇ ਗੀਤ ਬਦਲੇ ਦਿੱਤੀ ਹੱਲਾਸ਼ੇਰੀ ਤੇ ਇੱਕ ਰੁਪਏ ਦਾ ਇਨਾਮ ਅੱਜ ਵੀ ਅਜਮੇਰ ਔਲਖ ਨੂੰ ਕਿਸਾਨ ਮਜ਼ਦੂਰ ਹਿਤਾਂ ਲਈ ਕਲਮ ਚਲਾਉਣ ਤੇ ਨਾਟਕ ਖੇਡਣ ਦੀ ਪ੍ਰੇਰਨਾ ਦਿੰਦਾ ਹੈ।

ਕਲਾ ਤੇ ਸਾਹਿਤਕ ਖੇਤਰ ਦੀ ਘਾਲਣਾ ਦੇ ਨਾਲ ਅਜਮੇਰ ਸਿੰਘ ਔਲਖ ਨੇ ਲੋਕ ਹੱਕਾਂ ਦੀ ਲਹਿਰ 'ਚ ਇੱਕ ਜਮਹੂਰੀ ਕਾਰਕੁੰਨ ਵਜੋਂ ਵੀ ਰੋਲ ਅਦਾ ਕੀਤਾ ਹੈ। ਉਹ ਅਜਿਹੇ ਦੌਰ 'ਚ ਅੱਗੇ ਆਇਆ ਜਦੋਂ ਵੱਡੀਆਂ ਬਹੁਕੌਮੀ ਕੰਪਨੀਆਂ ਦੀ ਅੰਨ੍ਹੀ ਲੁੱਟ ਲਈ ਦੇਸ਼ ਦੇ ਕਿਰਤੀ ਲੋਕਾਂ ਤੇ ਹਕੂਮਤੀ ਜਬਰ ਦਾ ਕੁਹਾੜਾ ਤੇਜ਼ ਕੀਤਾ ਗਿਆ। ਜੰਗਲਾਂ ਤੇ ਜ਼ਮੀਨਾਂ ਦੀ ਰਾਖੀ ਲਈ ਜੂਝਦੇ ਆਦਿਵਾਸੀਆਂ ਦਾ ਸ਼ਿਕਾਰ ਖੇਡਣ ਲਈ 'ਅਪ੍ਰੇਸ਼ਨ ਗਰੀਨ ਹੰਟ' ਸ਼ੁਰੂ ਕੀਤਾ ਗਿਆ ਤਾਂ ਪੰਜਾਬ 'ਚ 'ਅਪ੍ਰੇਸ਼ਨ ਗਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਪੰਜਾਬ' ਨਾਂ ਦੇ ਪਲੇਟਫਾਰਮ ਨੇ ਇਸ ਹਕੂਮਤੀ ਜਬਰ ਖਿਲਾਫ਼ ਜ਼ੋਰਦਾਰ ਆਵਾਜ਼ ਉਠਾਈ। ਅਜਮੇਰ ਔਲਖ ਇਸ



ਫਰੰਟ ਦੀਆਂ ਮੋਹਰੀ ਕਤਾਰਾਂ 'ਚ ਖੜ੍ਹਾ ਹੈ। ਉਹ ਜਮਹੂਰੀ ਅਧਿਕਾਰ ਸਭਾ ਦਾ ਪੰਜਾਬ ਦਾ ਪ੍ਰਧਾਨ ਬਣਿਆ। ਅੱਜ ਕੱਲ੍ਹ ਉਹ ਲੋਕਾਂ 'ਚ ਜਮਹੂਰੀ ਹੱਕਾਂ ਦੀ ਸੋਝੀ ਦਾ ਪਸਾਰਾ ਕਰਨ ਤੇ ਹਕੂਮਤੀ ਜਬਰ ਦਾ ਵਿਰੋਧ ਕਰਨ ਦੀਆਂ ਸਰਗਰਮੀਆਂ ਦਾ ਮੋਢੀ ਹੈ। ਉਹ ਸ਼ਹੀਦ ਭਗਤ ਸਿੰਘ ਜਨਮ ਸ਼ਤਾਬਦੀ ਮੌਕੇ ਚੱਲੀ 'ਰਾਜ ਬਦਲੋ, ਸਮਾਜ ਬਦਲੋ' ਨਾਂ ਦੀ ਵਿਸ਼ਾਲ ਜਨਤਕ ਮੁਹਿੰਮ ਦਾ ਅੰਗ ਰਿਹਾ ਹੈ।

ਅਜਮੇਰ ਔਲਖ ਦੇ ਸਨਮਾਨ ਰਾਹੀਂ ਪੰਜਾਬ ਦੀ ਇਨਕਲਾਬੀ ਲਹਿਰ ਉਹਨਾਂ ਸਭਨਾਂ ਸਾਹਿਤਕਾਰਾਂ, ਕਲਾਕਾਰਾਂ ਨੂੰ ਸਲਾਮ ਕਰ ਰਹੀ ਹੈ ਜਿਨ੍ਹਾਂ ਨੇ ਲੋਕਾਂ ਦੇ ਸੋਹਣੇ ਭਵਿੱਖ ਦਾ ਸੁਪਨਾ ਲਿਆ ਹੈ। ਪੰਜਾਬੀ ਸਾਹਿਤ ਦੀ ਇਹ ਲੋਕ ਪੱਖੀ ਦ੍ਰਿਸ਼ਟੀ ਯੁੱਗਾਂ ਯੁੱਗਾਂ ਤੋਂ ਚੱਲਦੀ ਆਈ ਹੈ। ਸਾਡੇ ਦੇਸ਼ 'ਚ ਪੁਰਾਤਨ ਸਮਿਆਂ ਤੋਂ ਹੀ ਸਾਹਿਤ ਦਾ ਮਨੋਰਥ ਸੱਚ ਪ੍ਰਗਟਾਉਣਾ ਦੱਸਿਆ ਜਾਂਦਾ ਰਿਹਾ ਹੈ। ਪੰਜਾਬੀ ਸਾਹਿਤ ਰਾਜੇ ਮਹਾਰਾਜਿਆਂ ਦੇ ਜਬਰ ਨੂੰ ਲਲਕਾਰਦਾ ਆਇਆ ਹੈ। ਬਾਬੇ ਨਾਨਕ ਵੱਲੋਂ ਆਪਣੇ ਸੁਨੇਹੇ ਲਈ ਸਾਹਿਤ ਕਲਾ ਦੇ ਹਥਿਆਰ ਦੀ ਵਰਤੋਂ ਦਾ ਹੀ ਕਮਾਲ ਹੈ ਕਿ ਉਹਦਾ ਹੋਕਾ ਭਾਈ ਲਾਲੋਆਂ ਨੂੰ ਜਾਗ੍ਰਿਤ ਕਰਦਾ ਆ ਰਿਹਾ ਹੈ। ਸਾਹਿਤ ਕਲਾ ਦਾ ਖੇਤਰ ਲੋਕਾਂ ਦੀ ਮੁਕਤੀ ਲਈ ਸੰਘਰਸ਼ ਦਾ ਅਹਿਮ ਹਥਿਆਰ ਬਣਦਾ ਰਿਹਾ ਹੈ। ਪੰਜਾਬ 'ਚ ਕਿਸੇ ਵੇਲੇ ਚੱਲੀ ਇਪਟਾ ਲਹਿਰ ਦੇ ਨਾਟਕਾਂ ਤੇ ਓਪੇਰਿਆਂ ਨੇ ਮਿਹਨਤਕਸ਼ ਜਨਤਾ ਨੂੰ ਕਲਾ ਨਾਲ ਹਲੂਣ ਜਗਾਉਣ ਦਾ ਰੋਲ ਨਿਭਾਇਆ ਸੀ। ਗੁਰਸ਼ਰਨ ਸਿੰਘ ਦੀ ਅਗਵਾਈ 'ਚ ਚੱਲਦੀ ਰਹੀ ਨਾਟਕ ਲਹਿਰ ਨੇ ਹਮੇਸ਼ਾਂ ਹੀ ਪੰਜਾਬ ਦੀ ਲੋਕ ਲਹਿਰ ਦਾ ਅਹਿਮ ਮੋਰਚਾ ਸੰਭਾਲੀ ਰੱਖਿਆ ਹੈ। ਸਾਹਿਤ ਕਲਾ ਦੀ ਤਾਕਤ ਸਾਡਾ ਵਿਰਸਾ ਵੀ ਦਰਸਾਉਂਦਾ ਹੈ, ਚੰਡੀ ਦੀ ਵਾਰ ਸੂਰਮਿਆਂ ਵਿੱਚ ਮੈਦਾਨ-ਏ-ਜੰਗ 'ਚ ਜਾਣ ਦਾ ਜੋਸ਼ ਭਰਦੀ ਰਹੀ ਹੈ। ਸਾਹਿਤ ਤੇ ਕਲਾ ਕਦਰਾਂ ਕੀਮਤਾਂ ਤੇ ਸੰਸਕਾਰਾਂ ਦੇ ਖੇਤਰ 'ਚ ਹਾਕਮ ਜਮਾਤਾਂ ਨੂੰ ਟੱਕਰ ਦੇਣ ਪੱਖੋਂ ਬਹੁਤ ਮਹੱਤਵਪੂਰਨ ਹੈ। ਹਾਕਮ ਜਮਾਤਾਂ ਵੱਲੋਂ ਲੋਕ ਮਨਾਂ 'ਤੇ ਪਾਈ ਧੁੰਦ ਦੀ ਚਾਦਰ ਨੂੰ ਦੂਰ ਕਰਨ 'ਚ ਇਸ ਖੇਤਰ ਦਾ ਅਹਿਮ ਰੋਲ ਹੈ। ਲੋਕ ਪੱਖੀ ਸਾਹਿਤ ਕਲਾ ਦੀ ਤਾਕਤ ਤੋਂ ਹਾਕਮ ਘਬਰਾਉਂਦੇ ਆਏ ਹਨ। ਉਹ ਲੋਕ ਪੱਖੀ ਕਲਾਕਾਰਾਂ ਸਾਹਿਤਕਾਰਾਂ ਨੂੰ ਕਤਲ ਕਰਵਾਉਂਦੇ, ਜੇਲੀਂ ਡੱਕਦੇ ਤੇ ਜਬਰ ਢਾਹੁੰਦੇ ਰਹੇ ਹਨ। ਉੱਘੇ ਕਵੀ ਪਾਸ਼ ਦਾ ਕਤਲ, ਲੋਕ ਪੱਖੀ ਨਾਟਕਕਾਰ ਸਫ਼ਦਰ ਹਾਸ਼ਮੀ ਦੇ ਕਤਲ ਤੋਂ ਲੈ ਕੇ, ਲੋਕਾਂ ਨੂੰ ਜਗਾਉਂਦੇ ਨਾਟਕਾਂ ਗੀਤਾਂ ਤੇ ਪਾਬੰਦੀਆਂ ਮੜ੍ਹਦੇ ਆਏ ਹਨ। ਜਤਿਨ ਮਰਾਂਡੀ ਨੂੰ ਫ਼ਾਂਸੀ ਦੀ ਸਜ਼ਾ ਦੇ ਫ਼ੁਰਮਾਨਾਂ ਤੇ ਕਬੀਰ ਕਲਾ ਮੰਚ ਦੇ ਕਲਾਕਾਰਾਂ 'ਤੇ ਦਰਜ ਹੋਏ ਕੇਸ ਰਾਹੀਂ ਇਹ ਵਰਤਾਰਾ ਹੋਰ ਤੇਜ਼ ਹੋ ਰਿਹਾ ਹੈ।

ਇਹ ਸਨਮਾਨ ਹਕੂਮਤਾਂ ਦੇ ਸੋਹਲੇ ਗਾਉਣ ਵਾਲੇ ਦਰਬਾਰੀ ਸਾਹਿਤਕਾਰਾਂ ਤੋਂ ਨਿਖੇੜੇ ਦੀ ਲਕੀਰ ਖਿੱਚ ਕੇ ਦਿੱਤਾ ਜਾ ਰਿਹਾ ਹੈ। ਇਹ ਉਹਨਾਂ ਦਾ ਸਨਮਾਨ ਨਹੀਂ ਹੈ ਜਿਨ੍ਹਾਂ ਨੇ ਤਰੱਕੀਆਂ ਕਰਦਾ ਦੇਸ਼ ਦਿਖਾ ਕੇ, ਸਾਡੇ ਖੇਤਾਂ ਤੇ ਘਰਾਂ 'ਚ ਬਹਾਰਾਂ ਦਰਸਾ ਕੇ ਲੋਕਾਂ ਦੀਆਂ ਅੱਖਾਂ ਤੇ ਪੱਟੀ ਬੰਨ੍ਹਣ ਦਾ ਯਤਨ ਕੀਤਾ ਹੈ। ਨਾ ਉਹਨਾਂ ਦਾ ਸਨਮਾਨ ਹੈ ਜਿਨ੍ਹਾਂ ਨੇ ਸਰਮਾਏਦਾਰਾਂ ਦੇ ਵਪਾਰਕ ਹਿਤਾਂ ਲਈ ਆਪਣੀ ਕਲਾ ਦਾ ਮੁੱਲ ਵੱਟਿਆ ਹੈ। ਨੌਜਵਾਨ ਪੀੜ੍ਹੀ ਨੂੰ ਲੱਚਰਤਾ, ਅੱਯਾਸ਼ੀ ਤੇ ਫੋਕੀ ਸ਼ੋਹਰਤ ਦੇ ਡੂੰਘੇ ਸਮੁੰਦਰਾਂ 'ਚ ਡੁਬੋਣ ਦਾ ਯਤਨ ਕੀਤਾ ਹੈ।

ਮੰਡੀ ਦੇ ਯੁੱਗ 'ਚ ਸਾਹਿਤਕਾਰਾਂ ਕਲਾਕਾਰਾਂ ਲਈ ਵੱਡੀਆਂ ਚੁਣੌਤੀਆਂ ਦਾ ਸਾਹਮਣਾ ਹੈ। ਪੂੰਜੀ ਦੇ ਬੋਲਬਾਲੇ ਦੇ ਦੌਰ 'ਚ ਸਭ ਕੁਝ ਵਿਕਾਊ ਹੈ। ਹਾਕਮ ਜਮਾਤਾਂ ਵੱਲੋਂ ਪਰੋਸੇ ਜਾ ਰਹੇ ਲਾਲਚ ਸਾਹਿਤਕਾਰਾਂ ਕਲਾਕਾਰਾਂ ਦੇ ਪੈਰ ਉਖਾੜ ਰਹੇ ਹਨ ਤੇ ਲੋਕਾਂ ਦੇ ਕਾਜ਼ ਪ੍ਰਤੀ ਵਫ਼ਾਦਾਰੀ ਤੇ ਸਮਾਜ ਬਦਲੀ ਦੀ ਨਿਹਚਾ ਦੀ ਪਰਖ ਹੋ ਰਹੀ ਹੈ ਤਾਂ ਅਜਮੇਰ ਔਲਖ ਇਸ ਦੌਰ 'ਚ ਪੈਰ ਗੱਡ ਕੇ ਲੋਕਾਂ ਦੀ ਧਿਰ ਨਾਲ ਖੜ੍ਹੇ ਹਨ ਤੇ ਵਫ਼ਾ ਨਿਭਾਈ ਹੈ। ਉਹ ਵੱਡੀਆਂ ਕਮਾਈਆਂ ਤੇ ਸ਼ੋਹਰਤਾਂ ਲਈ ਕਲਾ ਨੂੰ ਵੇਚਣ ਦੇ ਰਾਹ ਨਹੀਂ ਪਏ।

ਸਨ 2008 'ਚ ਉਹਨਾਂ ਨੂੰ ਚਿੰਬੜੀ ਕੈਂਸਰ ਦੀ ਬਿਮਾਰੀ ਨੂੰ ਲੈ ਕੇ ਸੰਘਰਸ਼ਸ਼ੀਲ ਲੋਕਾਂ 'ਚ ਉੱਠੀ ਫ਼ਿਕਰਮੰਦੀ ਤੇ ਗਹਿਰੇ ਸਰੋਕਾਰ ਦਾ ਪ੍ਰਗਟਾਵਾ ਉਹਨਾਂ ਦੇ ਇਲਾਜ ਲਈ ਆਰਥਿਕ ਸਹਾਇਤਾ ਜੁਟਾਉਣ ਦੀ ਮੁਹਿੰਮ ਰਾਹੀਂ ਹੋਇਆ ਸੀ। ਬਿਸਤਰ ਤੇ ਪਿਆਂ ਲੋਕਾਂ ਦੀ ਇਸ ਦੇਣ ਦਾ 'ਕਰਜ਼ਾ' ਚੁਕਾਉਣ ਦਾ ਐਲਾਨ ਉਹਨਾਂ ਇੱਕ ਕਵਿਤਾ ਰਾਹੀਂ ਕੀਤਾ ਸੀ। ਜਿਹਦੇ ਵਿੱਚ ਮੌਤ ਨੂੰ ਵੰਗਾਰਦਿਆਂ ਉਹਨਾਂ ਕਿਹਾ ਸੀ -

**ਮੈਂ ਦੱਸਾਂਗਾ ਉਸਨੂੰ**
**ਕਿ ਕਿਰਤ, ਸਿਰਜਣਾ ਤੇ ਜ਼ਿੰਦਗੀ ਮੇਰੇ ਸੰਗ ਨੇ**
**ਕੁਝ ਨਹੀਂ ਵਿਗਾੜ ਸਕਦੀ ਤੂੰ ਮੇਰਾ**
**ਉਹਨਾਂ ਐਲਾਨ ਕੀਤਾ**
**ਹੇ ਜ਼ਿੰਦਗੀ ਮੈਂ ਆ ਰਿਹੈਂ**
**ਮੇਰੇ ਸਿਰ ਚੜ੍ਹਿਆ ਤੇਰਾ ਕਰਜ਼ਾ**
**ਉਤਾਰਨ ਵਾਸਤੇ**

ਇਹ ਐਲਾਨ ਲੋਕ ਪੱਖੀ ਸਾਹਿਤ ਕਲਾ ਸਿਰਜਣਾ ਦੇ ਖੇਤਰ 'ਚ ਹੋਰ ਸ਼ਿੱਦਤ ਤੇ ਲਗਨ ਨਾਲ "ਆਪਣੀ ਥਾਂ" ਦੀ ਤਾਂਘ ਦਾ ਪ੍ਰਗਟਾਵਾ ਸੀ ਅਤੇ ਲੋਕਾਂ ਦੀਆਂ ਆਸਾਂ ਨੂੰ ਹੁੰਗਾਰਾ ਸੀ। ਗੰਭੀਰ ਬਿਮਾਰੀ ਦੀ ਹਾਲਤ 'ਚ ਅਜਿਹੀ ਘਾਲਣਾ ਨਾ ਸਿਰਫ਼ ਲੋਕ ਪੱਖੀ ਕਲਾਕਾਰਾਂ ਲਈ ਇੱਕ ਸ਼ਾਨਮੱਤੀ ਮਿਸਾਲ ਹੈ ਸਗੋਂ ਲੋਕ ਘੁਲਾਟੀਆਂ ਲਈ ਵੀ ਪ੍ਰੇਰਨਾ ਬਣ ਰਹੀ ਹੈ। ਲੋਕ ਰੰਗਮੰਚ ਦੇ ਮੋਰਚੇ ਤੇ ਡਟੇ ਜੁਝਾਰ ਦੀ ਸਾਹਿਤਕ ਘਾਲਣਾ ਨੂੰ ਸਲਾਮ ਕਰਨ ਲਈ 8 ਮਾਰਚ ਨੂੰ ਪਿੰਡ ਰੱਲਾ (ਮਾਨਸਾ) 'ਚ ਹਜ਼ਾਰਾਂ ਕਿਰਤੀ ਕਿਸਾਨ, ਮਜ਼ਦੂਰ, ਮੁਲਾਜ਼ਮ, ਵਿਦਿਆਰਥੀ, ਨੌਜਵਾਨ, ਔਰਤਾਂ, ਕਲਾਕਾਰ, ਜਮਹੂਰੀ ਹੱਕਾਂ ਦੇ ਕਾਰਕੁੰਨ ਤੇ ਬੁੱਧੀਜੀਵੀ ਇਕੱਠੇ ਹੋਣਗੇ। ਇਹ ਸਨਮਾਨ ਸਮਾਰੋਹ ਲੋਕ ਹੱਕਾਂ ਦੀ ਲਹਿਰ ਤੇ ਸਾਹਿਤ-ਕਲਾ ਦੇ ਰਿਸ਼ਤੇ ਨੂੰ ਗੂੜ੍ਹਾ ਕਰਦਿਆਂ ਨਵੇਂ ਸਮਾਜ ਦੀ ਉਸਾਰੀ ਲਈ ਚੱਲ ਰਹੇ ਸੰਗਰਾਮਾਂ ਦੇ ਕਾਫ਼ਲੇ ਨੂੰ ਹੋਰ ਤਕੜਾ ਕਰਨ ਦਾ ਸੰਦੇਸ਼ ਬਣੇਗਾ।

# ਬਾਗ਼ੀ ਵਿਚਾਰਕ ਤੇ ਵਿਗਿਆਨੀ ਬਰੂਨੋ

ਅੱਜ ਤੋਂ 415 ਸਾਲ ਪਹਿਲਾਂ ਇਟਲੀ ਅੰਦਰ ਨੇਪਲਜ਼ ਦੇ ਨੇੜੇ ਨੋਲਾ ਨਾਂ ਦੇ ਪਿੰਡ ਦੇ ਜੰਮਪਲ ਜੀਅਰ ਡੈਨੋ ਬਰੂਨੋ ਨੂੰ ਤਫਤੀਸ਼ੀ ਸੂਹੀਆਂ ਵਜੋਂ ਖੰਭੇ ਨਾਲ ਬੰਨ੍ਹ ਕੇ ਜਿਉਂਦੇ ਸਾੜ ਦਿੱਤਾ ਗਿਆ ਸੀ। ਬਰੂਨੋ ਉਨ੍ਹਾਂ ਪਹਿਲੇ ਦਾਰਸ਼ਨਿਕ-ਵਿਚਾਰਵਾਨਾਂ ਵਿੱਚੋਂ ਇੱਕ ਸੀ ਜਿਨ੍ਹਾਂ ਨੇ ਵਿਗਿਆਨਕ ਅਤੇ ਦਰਸ਼ਨਿਕ ਵਿਚਾਰ ਦੇਸੀ ਭਾਸ਼ਾ ਵਿੱਚ ਬਹਿਸ ਅਧੀਨ ਲਿਆਂਦੇ ਸਨ। ਉਨ੍ਹਾਂ ਸਮਿਆਂ 'ਚ ਬੌਧਿਕ ਵਾਰਤਾਲਾਪ ਦੀ ਭਾਸ਼ਾ ਲਾਤੀਨੀ ਸੀ। ਇਸ ਕਰਕੇ ਬਰੂਨੋ ਨੂੰ ਵਿਗਿਆਨ ਦੇ ਮੁੱਢਲੇ ਲੋਕ-ਪ੍ਰਚਾਰਕਾਂ ਵਿੱਚ ਗਿਣਿਆ ਜਾ ਸਕਦਾ ਹੈ। ਬਰੂਨੋ ਦਾ ਨਾਂ ਉਨ੍ਹਾਂ ਮੁੱਢਲੇ ਵਿਗਿਆਨੀਆਂ ਵਿੱਚੋਂ ਇੱਕ ਉੱਭਰਵੀਂ ਮਿਸਾਲ ਵਜੋਂ ਲਿਆ ਜਾਂਦਾ ਹੈ ਜਿਨ੍ਹਾਂ ਨੇ 16ਵੀਂ ਤੇ 17ਵੀਂ ਸਦੀ ਦੌਰਾਨ ਧਾਰਮਿਕ ਸੱਤਾਧਾਰੀਆਂ ਹੱਥੋਂ ਭਾਰੀ ਤਸੀਹੇ ਝੱਲੇ।

ਬਰੂਨੋ ਦਾ ਜੀਵਨ-ਕਾਲ ਉਹ ਸਮਾਂ ਸੀ ਜਦੋਂ ਅਜੋਕਾ ਵਿਗਿਆਨ ਅਜੇ ਉੱਭਰ ਰਿਹਾ ਸੀ। ਉਹ ਇੱਕ ਜੋਸ਼ੀਲਾ ਜਨਤਕ-ਬੁਲਾਰਾ ਸੀ, ਗਰਮ ਖ਼ਿਆਲੀ ਵਿਚਾਰਵਾਨ ਅਤੇ ਸੱਚਾ, ਸਿਰੜੀ-ਸਿਦਕੀ ਬੰਦਾ ਸੀ। ਉਹ ਸਚਾਈ ਨੂੰ ਸਾਬਤ ਕਰਨ ਲਈ ਤਰਕ ਅਤੇ ਦਲੀਲ ਵਿੱਚ ਯਕੀਨ ਰੱਖਦਾ ਸੀ ਤੇ ਇਸ ਦੀ ਜ਼ੋਰਦਾਰ ਵਕਾਲਤ ਵੀ ਕਰਦਾ ਸੀ। ਉਸ ਨੇ ਸਾਲ 1591 ਵਿੱਚ ਆਪਣੀ ਇੱਕ ਪੁਸਤਕ ਵਿੱਚ ਲਿਖਿਆ,'ਜਿਹੜਾ ਵੀ ਦਾਰਸ਼ਨਿਕ ਬਣਨਾ ਚਾਹੁੰਦਾ ਹੈ, ਉਸ ਨੂੰ ਸਭ ਤੋਂ ਪਹਿਲਾਂ ਸਭਨਾਂ ਵਿਚਾਰਾਂ 'ਤੇ ਕਿੰਤੂ-ਪ੍ਰੰਤੂ ਕਰਨਾ ਚਾਹੀਦਾ ਹੈ। ਉਸ ਨੂੰ ਕਿਸੇ ਵੀ ਵਾਦ-ਵਿਵਾਦ ਅੰਦਰ ਵੱਖ-ਵੱਖ ਦਲੀਲਾਂ ਸੁਣਨ ਅਤੇ ਹੱਕ ਤੇ ਵਿਰੋਧ ਵਿੱਚ ਦਿੱਤੀਆਂ ਦਲੀਲਾਂ ਉੱਪਰ ਵਿਚਾਰ ਕਰਨ ਤੋਂ ਬਿਨਾ ਆਪਣੀ ਪੱਕੀ ਰਾਇ ਨਹੀਂ ਬਣਾਉਣੀ ਚਾਹੀਦੀ। ਉਸ ਨੂੰ ਸਿਰਫ਼ ਸੁਣੀ-ਸੁਣਾਈ ਗੱਲ ਉੱਪਰ ਭਰੋਸਾ ਕਰਕੇ ਜਾਂ ਬਹੁ-ਗਿਣਤੀ ਦੀ ਰਾਇ ਦੇ ਆਧਾਰ 'ਤੇ ਜਾਂ ਬੋਲਣ ਵਾਲੇ ਦੀ ਉਮਰ, ਯੋਗਤਾ ਜਾਂ ਸ਼ੁਹਰਤ ਦੇ ਆਧਾਰ 'ਤੇ ਕਦੇ ਵੀ ਆਪਣਾ ਮਨ ਨਹੀਂ ਬਣਾਉਣਾ ਚਾਹੀਦਾ। ਸਗੋਂ ਉਸ ਨੂੰ ਇੱਕ ਜੀਵਿਤ ਸਿਧਾਂਤ ਦੀ ਸੇਧ ਮੁਤਾਬਕ ਚੱਲਣਾ ਚਾਹੀਦਾ ਹੈ ਜਿਹੜਾ ਹਕੀਕਤ ਅਤੇ ਸਚਾਈ ਨਾਲ ਮੇਲ ਖਾਂਦਾ ਹੋਵੇ ਅਤੇ ਤਰਕ ਦੀ ਕਸੌਟੀ 'ਤੇ ਖਰਾ ਉੱਤਰਦਾ ਹੋਵੇ।

ਆਮ ਕਰਕੇ ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਬਰੂਨੋ ਨੂੰ ਤਫਤੀਸ਼ੀ ਸੂਹੀਆਂ ਵੱਲੋਂ ਇਸ ਲਈ ਖੰਭੇ ਨਾਲ ਬੰਨ੍ਹ ਕੇ ਜਿਉਂਦੇ ਸਾੜਿਆ ਗਿਆ ਕਿ ਉਹ ਕਾਪਰਨੀਕਸ ਦੇ 'ਸੂਰਜੀ ਕੇਂਦਰਕ ਬ੍ਰਹਿਮੰਡ' ਦੇ ਵਿਚਾਰਾਂ ਦੀ ਵਕਾਲਤ ਕਰਦਾ ਸੀ ਅਤੇ ਉਹ ਧਰਤੀ ਵਰਗੇ ਹੋਰ ਅਨੰਤ ਵਸਦੇ ਸੰਸਾਰਾਂ 'ਚ ਯਕੀਨ ਰੱਖਦਾ ਸੀ। ਇਹ ਕਾਪਰਨੀਕਸ ਹੀ ਸੀ ਜਿਸ ਨੇ ਇਹ ਇਨਕਲਾਬੀ ਮਨੌਤ ਪੇਸ਼ ਕੀਤੀ ਕਿ 'ਸਾਰੇ ਗੋਲਾਕਾਰ ਪਿੰਡ ਸੂਰਜੀ ਕੇਂਦਰ ਦੁਆਲੇ ਘੁੰਮਦੇ ਹਨ। ਇਸ ਲਈ ਸੂਰਜ ਹੀ ਬ੍ਰਹਿਮੰਡ ਦਾ ਕੇਂਦਰ ਹੈ'। ਇਸ ਦੀ ਪੁਸ਼ਟੀ ਗੈਲੀਲੀਓ ਦੀਆਂ ਖੋਜਾਂ ਰਾਹੀਂ ਉਸ ਨੇ ਦਿਖਾਇਆ ਕਿ ਪ੍ਰਿਥਵੀ ਤਾਂ ਸੂਰਜ ਦੁਆਲੇ ਤੇ ਆਪਣੇ ਧੁਰੇ ਦੁਆਲੇ ਘੁੰਮਣ ਵਾਲੇ ਗ੍ਰਹਿਆਂ ਵਰਗਾ ਹੀ ਇੱਕ ਗ੍ਰਹਿ ਹੈ।

ਬਰੂਨੋ ਦੀਆਂ ਲਿਖਤਾਂ 'ਚ ਭਾਵੇਂ ਕਾਪਰਨੀਕਸ ਸਵਾਦ ਦੀ ਵਕਾਲਤ ਕੀਤੀ ਗਈ ਦਿਸਦੀ ਹੈ ਪਰ ਉਹ ਤਾਰਾ ਵਿਗਿਆਨੀ ਨਹੀਂ ਸੀ। ਉਂਜ ਉਸ ਨੇ ਵਿਗਿਆਨ ਦੇ ਆਧਾਰ ਨੂੰ ਵਿਸ਼ਾਲ ਅਤੇ ਮਜ਼ਬੂਤ ਬਣਾਉਣ ਲਈ ਇੱਕ ਨਿਸ਼ਚਿਤ ਭੂਮਿਕਾ ਨਿਭਾਈ। ਉਸ ਨੇ ਕੁਦਰਤ ਵਿਗਿਆਨੀਆਂ ਅਤੇ ਦਾਰਸ਼ਨਿਕਾਂ ਨੂੰ ਕਾਪਰਨੀਕਸ ਦੇ ਸਿਧਾਂਤਾਂ ਦੀਆਂ ਦੂਰ-ਰਸ ਅਰਥ-ਸੰਭਾਵਨਾਵਾਂ ਪ੍ਰਤੀ ਸੋਚਣ ਲਈ ਮਜਬੂਰ ਕੀਤਾ ਜਿਸ ਨੇ ਅਜੋਕੇ ਵਿਗਿਆਨ ਦੇ ਬੂਹੇ 'ਤੇ



ਦਸਤਕ ਦੇਣ ਵਿੱਚ ਮਦਦ ਕੀਤੀ।

ਬਰੂਨੋ ਨੇ ਸਭ ਕਿਸਮ ਦੇ ਰੂੜੀਵਾਦ ਨੂੰ ਚੁਣੌਤੀ ਦਿੱਤੀ। ਭਾਵੇਂ ਉਸ ਨੇ ਆਪਣਾ ਜ਼ਿੰਦਗੀ ਦਾ ਬਹੁਤਾ ਹਿੱਸਾ ਦੁਸ਼ਮਣ ਅਤੇ ਵਿਰੋਧੀ ਮੁਲਕਾਂ ਅੰਦਰ ਇੱਧਰ-ਉੱਧਰ ਘੁੰਮ-ਫਿਰ ਕੇ ਹੀ ਗੁਜ਼ਾਰਿਆ ਫਿਰ ਵੀ ਉਸ ਨੇ 20 ਦੇ ਲਗਪਗ ਪੁਸਤਕਾਂ ਲਿਖੀਆਂ। ਉਹ ਸ਼ਬਦ-ਸ਼ਾਸਤਰ ਵਿੱਚ ਰੁਚੀ ਰੱਖਦਾ ਸੀ। ਉਸ ਨੂੰ ਇੱਕ ਮੋਢੀ ਸ਼ਬਦਾਰਥ ਵਿਗਿਆਨੀ ਵੀ ਕਿਹਾ ਜਾ ਸਕਦਾ ਹੈ। ਬਰੂਨੋ ਦੇ ਬ੍ਰਹਿਮੰਡ ਵਿਗਿਆਨ ਬਾਰੇ ਵਿਚਾਰ ਉਸ ਦੀਆਂ ਤਿੰਨ ਲਿਖਤਾਂ ਵਿੱਚ ਦਰਜ ਹਨ। 1. ਬੁਧਵਾਰੀ ਰਾਤਰੀ ਭੋਜ, 2. ਕਾਰਨ, ਸਿਧਾਂਤ ਤੇ ਏਕਤਾ ਬਾਰੇ, 3. ਅਸੀਮ ਬ੍ਰਹਿਮੰਡ ਤੇ ਅਨੰਤ ਸੰਸਾਰਾਂ ਬਾਰੇ। 'ਬੁਧਵਾਰੀ ਰਾਤਰੀ ਭੋਜ ਵਿੱਚ ਬਰੂਨੋ ਨੇ ਕਾਪਰਨੀਕਸ ਦੇ 'ਸੂਰਜੀ ਕੇਂਦਰਕ ਬ੍ਰਹਿਮੰਡ' ਵਿਚਾਰਾਂ ਦੀ ਵਕਾਲਤ ਕੀਤੀ ਹੈ। 'ਕਾਰਨ, ਸਿਧਾਂਤ ਤੇ ਏਕਤਾ ਵਿੱਚ ਉਸ ਨੇ ਲਿਖਿਆ ਹੈ 'ਇਸ ਸਮੁੱਚੇ ਭੂਮੰਡਲ ਦੀ ਇਸ ਤਾਰੇ ਦੀ ਕਿ ਕਿਉਂਕਿ ਨਾ ਮੌਤ ਅਤੇ ਨਾ ਹੀ ਤਬਾਹੀ ਹੋ ਸਕਦੀ ਹੈ ਅਤੇ ਵਿਨਾਸ਼ ਕੁਦਰਤ ਵਿੱਚ ਕਿਤੇ ਵੀ ਸੰਭਵ ਨਹੀਂ ਹੈ, ਇਸ ਲਈ ਇਹ ਭੂਮੰਡਲ ਆਪਣੇ ਸਭ ਅੰਸ਼ਾਂ ਦੀ ਅਦਲਾ-ਬਦਲੀ ਅਤੇ ਰੂਪਾਂਤਰਕ ਰਾਹੀਂ ਸਮੇਂ-ਸਮੇਂ ਸਿਰ ਆਪਣੇ-ਆਪ ਨੂੰ ਨਵਿਆਉਂਦਾ ਰਹਿੰਦਾ ਹੈ। ਨਿਰੋਲ ਅਮੂਰਤ 'ਉਪਰ-ਹੇਠਾਂ' ਕੁਝ ਵੀ ਨਹੀਂ ਹੁੰਦਾ (ਜਿਵੇਂ ਕਿ ਅਰਸਤੂ ਦੀ ਸਿੱਖਿਆ ਪ੍ਰਚੱਲਤ ਸੀ) ਸਗੋਂ ਕਿਸੇ ਵਸਤੂ ਦੀ ਸਥਿਤੀ ਦੂਜੀਆਂ ਵਸਤਾਂ ਦੀ ਸਥਿਤੀ ਦੇ ਤੁਲਨਾਤਮਕ ਹੀ ਹੁੰਦੀ ਹੈ। ਸਾਰੇ ਬ੍ਰਹਿਮੰਡ ਅੰਦਰ ਹਰ ਜਗ੍ਹਾ ਲਗਾਤਾਰ ਸੰਖੇਪ ਪਰਿਵਰਤਨ ਹੁੰਦਾ ਰਹਿੰਦਾ ਹੈ ਅਤੇ ਨਿਰੀਖਣ ਹਮੇਸ਼ਾਂ ਕੇਂਦਰ 'ਚ ਹੁੰਦਾ ਹੈ'। ਆਪਣੀ ਲਿਖਤ 'ਅਸੀਮ ਬ੍ਰਹਿਮੰਡ ਤੇ ਅਨੰਤ ਸੰਸਾਰ' ਵਿੱਚ ਬਰੂਨੋ ਨੇ ਦਲੀਲ ਦਿੱਤੀ ਹੈ ਕਿ 'ਬ੍ਰਹਿਮੰਡ ਅਸੀਮ ਹੈ। ਇਸ ਅੰਦਰ ਆਨੰਤ ਸੰਸਾਰ ਹਨ ਅਤੇ ਇਨ੍ਹਾਂ ਆਨੰਤ ਸੰਸਾਰਾਂ 'ਤੇ ਸੂਝਵਾਨ ਵਿਅਕਤੀਆਂ ਦੀ ਹੋਂਦ ਹੈ'।

ਜੀਓਰ ਡੈਨੋ ਦਾ ਅਸਲੀ ਨਾਂ ਫਿਲੀਪੋ ਬਰੂਨੋ ਸੀ। ਉਸ ਦੇ ਫ਼ੌਜੀ ਪਿਤਾ ਜੀਓਵੈਲੀ ਬਰੂਨੋ ਨੇ ਉਸ ਨੂੰ ਨੇਪਲਜ਼ ਦੇ 'ਸੇਂਟ ਡੋਮੀਨੀਕੋ ਮੱਠ' ਵਿੱਚ ਦਾਖ਼ਲ ਕਰਵਾ ਦਿੱਤਾ। ਇਹ ਇੱਕ ਮਹਾਨ ਮੱਠ ਸੀ ਜਿੱਥੇ ਕਿਸੇ ਸਮੇਂ ਇਟਲੀ ਦਾ ਵਿਦਵਾਨ-ਦਾਰਸ਼ਨਿਕ ਤੇ ਅਧਿਆਤਮਵਾਦੀ ਸੇਂਟ ਥਾਮਸ ਏਕਨਜ਼ (1225-1274) ਰਿਹਾ ਕਰਦਾ ਸੀ ਅਤੇ ਪੜ੍ਹਾਇਆ ਕਰਦਾ ਸੀ। ਬਰੂਨੋ ਦੇ ਮੱਠ ਵਿੱਚ ਸ਼ਾਮਲ ਹੋਣ ਤੋਂ ਬਾਅਦ ਨਾਂ ਜੀਅਰਡੈਨੋ ਪੈ ਗਿਆ। ਸਾਲ 1572 ਵਿੱਚ ਉਸ ਨੂੰ ਪਾਦਰੀ ਨਿਯੁਕਤ ਕਰ ਦਿੱਤਾ ਗਿਆ। ਇਸ ਡੋਮੀਨੀਕਨ ਮੱਤ ਦਾ ਮੁੱਖ ਉਦੇਸ਼ ਪ੍ਰਚਾਰ ਅਤੇ ਸਿੱਖਿਆ ਸੀ। ਇਸ ਦੇ ਪਰਚਾਰਕ ਰੂੜੀਵਾਦ ਦੇ ਪ੍ਰਮੁੱਖ ਮੁਦਈ ਸਨ। ਇਸ ਮੱਤ ਦੀ ਤਫਤੀਸ਼ੀ ਸੂਹੀਆਂ ਪ੍ਰਣਾਲੀ ਰਸਮੀ ਤੌਰ 'ਤੇ ਪੋਪ ਗਰੇਗਰੀ ਵੱਲੋਂ ਸਾਲ 1231 ਵਿੱਚ ਕਾਇਮ ਕੀਤੀ ਗਈ ਸੀ। ਇਸ ਦਾ ਮੁੱਖ ਮੰਤਵ ਵਧ ਰਹੇ 'ਨਾਸਤਕਿਕਤਾ ਦੇ ਖ਼ਤਰੇ' ਦਾ ਮੁਕਾਬਲਾ ਕਰਨਾ ਸੀ। ਤਫਤੀਸ਼ੀ ਸੂਹੀਏ ਪੋਪ ਦੁਆਰਾ ਵਿਸ਼ੇਸ਼ ਤੌਰ 'ਤੇ ਨਿਯੁਕਤ ਕੀਤੇ ਜਾਂਦੇ ਸਨ। ਉਨ੍ਹਾਂ ਦੇ ਹੱਥ 'ਚ ਕਾਫ਼ੀ ਤਾਕਤ ਹੁੰਦੀ ਸੀ। ਸਾਲ 1252 ਵਿੱਚ ਤਸ਼ੱਦਦ ਦੀ ਵਰਤੋਂ ਜਾਇਜ਼ ਕਰਾਰ ਦੇ ਦਿੱਤੀ ਗਈ। ਮੁਕੱਦਮੇ ਗੁਪਤ ਤੌਰ 'ਤੇ ਚਲਾਏ ਜਾਂਦੇ ਸਨ। ਜਿਹੜੇ ਵਿਅਕਤੀ ਆਪਣਾ ਦੋਸ਼ ਸਵੀਕਾਰ ਕਰ ਲੈਂਦੇ ਸਨ, ਤਫਤੀਸ਼ੀ ਸੂਹੀਏ ਉਨ੍ਹਾਂ ਤੋਂ ਪਸ਼ਚਾਤਾਪ ਕਰਵਾਉਂਦੇ ਸਨ ਅਤੇ ਮੁਆਫ਼ੀ ਮੰਗਵਾਉਂਦੇ ਸਨ। ਜਿਹੜੇ ਆਪਣਾ ਦੋਸ਼ ਸਵੀਕਾਰ ਨਹੀਂ ਸੀ ਕਰਦੇ, ਉਨ੍ਹਾਂ ਨੂੰ ਜੇਲ੍ਹ ਵਿੱਚ ਡੱਕ ਦਿੱਤਾ ਜਾਂਦਾ ਸੀ ਤੇ ਜਿਉਂਦਿਆਂ ਸਾੜ ਦਿੱਤਾ ਜਾਂਦਾ ਸੀ।

ਬਰੂਨੋ ਆਪਣੇ ਵਿਦਿਆਰਥੀ ਜੀਵਨ ਵਿੱਚ ਵੀ ਆਪਣੇ ਮੌਲਿਕ ਵਿਚਾਰਾਂ ਕਰਕੇ ਅਤੇ ਪਰੰਪਰਾਗਤ ਅਧਿਆਤਮਿਕ ਸਿਧਾਂਤਾਂ ਦੀ ਬੇਬਾਕ ਆਲੋਚਨਾ ਕਰਨ ਕਰਕੇ ਖਾਸਾ ਚਰਚਿਤ ਸੀ। ਸਾਲ 1576 ਵਿੱਚ ਉਸ ਨੂੰ ਤਫਤੀਸ਼ੀ ਸੂਹੀਆਂ ਵੱਲੋਂ ਰਸਮੀ ਤੌਰ 'ਤੇ ਨਾਸਤਿਕਤਾ ਦਾ ਦੋਸ਼ੀ ਠਹਿਰਾਇਆ ਗਿਆ। ਉਹ ਗ੍ਰਿਫ਼ਤਾਰੀ ਤੋਂ ਬਚਣ ਲਈ ਨੇਪਲਜ਼ ਨੂੰ ਛੱਡ ਕੇ ਰੋਮ ਚਲਾ ਗਿਆ, ਪਰ ਉਸ ਦੇ ਵਿਚਾਰਾਂ 'ਚ ਕੋਈ ਤਬਦੀਲੀ ਨਾ ਆਈ। ਇਸ ਲਈ ਉਸ ਵਿਰੁੱਧ ਦੋਸ਼ ਮੁੜ ਨਵੇਂ ਸਿਰਿਓਂ ਮੜ੍ਹ ਦਿੱਤੇ ਗਏ। ਇਸ ਮੌਕੇ ਉਸ ਨੇ 'ਡੋਮੀਨੀਕੀਨ ' ਨਾਲੋਂ ਆਪਣਾ ਨਾਤਾ ਤੋੜ ਲਿਆ ਅਤੇ ਰੋਮ ਸ਼ਹਿਰ ਵੀ ਛੱਡ ਦਿੱਤਾ। ਬਰੂਨੋ ਇਟਲੀ-ਫਰਾਂਸ, ਇੰਗਲੈਂਡ ਅਤੇ ਜਰਮਨੀ ਸਾਰੇ ਘੁੰਮਿਆ। ਫਰਾਂਸ ਵਿੱਚ ਉਸ ਨੂੰ ਰਾਜਾ ਹੈਨਰੀ-3 (1551-89) ਨੇ ਥਾਪਣਾ ਦਿੱਤੀ ਜਿਸ ਨੇ ਉਸ ਦੀ 'ਕਾਲਜ ਆਫ ਫਰਾਂਸ ਵਿੱਚ ਨਿਯੁਕਤੀ ਕੀਤੀ। ਬਰੂਨੋ ਸਾਲ 1583 ਵਿੱਚ ਲੰਡਨ ਪਹੁੰਚਿਆ ਅਤੇ ਉੱਥੇ ਤਿੰਨ ਸਾਲ ਤਕ ਰਿਹਾ। ਇੰਗਲੈਂਡ ਵਿੱਚ ਉਸ ਦੀ ਠਹਿਰ ਉਸ ਦੇ ਜੀਵਨ ਦੇ ਸਭ ਤੋਂ ਵੱਧ ਸਫ਼ਲ ਸਮਿਆਂ ਵਿੱਚੋਂ ਇੱਕ ਸੀ। ਇੱਥੇ ਉਸ ਨੇ ਪਹਿਲੀ ਵਾਰ ਆਪਣੇ ਦਾਰਸ਼ਨਿਕ ਵਿਚਾਰਾਂ ਦੀ ਵਿਸਥਾਰਤਾ ਵਿਆਖਿਆ ਵਾਲੀਆਂ ਤਿੰਨ ਪੁਸਤਕਾਂ, ਇਟਲੀ ਦੀ ਭਾਸ਼ਾ 'ਚ ਲਿਖੀਆਂ। ਵਿਲੀਅਮ ਗਿਲਗਰਟ (1544-1603) ਅਤੇ ਥਾਮਸ ਹੈਰੀਅਟ (1560-1621) ਵਰਗੇ ਉੱਘੇ ਵਿਗਿਆਨੀ ਬਰੂਨੋ ਦੇ ਬ੍ਰਹਿਮੰਡੀ ਵਿਚਾਰਾਂ ਦੇ ਮੂਹਰਲੇ ਹਮਾਇਤੀ ਬਣ ਗਏ। ਗਿਲਗਰਟ ਨੇ ਬਰੂਨੋ ਦੇ ਬ੍ਰਹਿਮੰਡੀ ਵਿਚਾਰਾਂ ਦੀ ਰੋਸ਼ਨੀ ਵਿੱਚ ਪਹਿਲੀ ਮਹਾਨ ਵਿਗਿਆਨਕ 'ਚੁੰਬਕ, ਚੁੰਬਕੀ ਵਸਤਾਂ ਤੇ ਮਹਾਨ ਧਰਤ-ਚੁੰਬਕ' ਸਾਲ 1600 ਵਿੱਚ ਛਪਵਾਈ। ਹੈਰੀਅਟ ਨੇ ਸਾਲ 1608 ਵਿੱਚ ਬਰੂਨੋ ਦੇ ਅਸੀਮ ਬ੍ਰਹਿਮੰਡ ਵਿਚਾਰਾਂ 'ਤੇ ਬਹਿਸ ਕਰਨ ਲਈ ਜੋਹਨ ਕੈਪਲਰ (1571-1630) ਨਾਲ ਖ਼ਤੋ-ਖਿਤਾਬ ਕੀਤਾ।

ਸਾਲ 1591 ਵਿੱਚ ਬਰੂਨੋ ਜੁਆਨੋ-ਮੋਸੀਨੀਗੋ ਨਾਂ ਦੇ ਪਾਦਰੀ ਦੇ ਸੱਦੇ 'ਤੇ ਇਟਲੀ ਵਾਪਸ ਆ ਗਿਆ। ਕਿਸੇ ਨਾ ਕਿਸੇ ਤਰ੍ਹਾਂ ਮੋਸੀਨੀਗੋ ਨੇ ਉਸ ਨੂੰ ਵੀਨਸ ਵਿੱਚ ਤਫਤੀਸ਼ੀ ਸੂਹੀਆਂ ਅੱਗੇ ਦੋਸ਼ੀ ਠਹਿਰਾ ਦਿੱਤਾ ਅਤੇ ਬਰੂਨੋ ਨੂੰ ਸਾਲ 1592 ਵਿੱਚ ਗ੍ਰਿਫ਼ਤਾਰ ਕਰ ਲਿਆ ਗਿਆ। ਫਿਰ ਉਸ ਨੂੰ ਰੋਮ ਵਿੱਚ ਤਫਤੀਸ਼ੀ ਸੂਹੀਆਂ ਨੂੰ ਸੌਂਪ ਦਿੱਤਾ ਅਤੇ ਜੇਲ੍ਹ ਵਿੱਚ ਸੁੱਟ ਦਿੱਤਾ ਗਿਆ। ਸੱਤ ਸਾਲਾਂ ਦੇ ਮੁਕੱਦਮੇ ਤੋਂ ਬਾਅਦ ਤਫਤੀਸ਼ੀ ਸੂਹੀਆਂ ਨੇ 20 ਜਨਵਰੀ 1600 ਨੂੰ ਆਪਣਾ ਫ਼ੈਸਲਾ ਸੁਣਾਇਆ। ਸਜ਼ਾ ਸੁਣਾਉਣ ਤੋਂ ਬਾਅਦ ਵੀ ਉਸ ਨੂੰ ਪਸ਼ਚਾਤਾਪ ਕਰਨ ਤੇ ਮੁਆਫ਼ੀ ਮੰਗਣ ਲਈ ਅੱਠ ਦਿਨ ਦਿੱਤੇ ਗਏ ਪਰ ਉਹ ਫਿਰ ਵੀ ਨਹੀਂ ਝੁਕਿਆ। 16 ਫਰਵਰੀ 1600 ਨੂੰ ਬਰੂਨੋ ਨੂੰ ਰੋਮ ਵਿੱਚ ਖੰਭੇ ਨਾਲ ਬੰਨ੍ਹ ਕੇ ਜਿਉਂਦੇ ਸਾੜ ਦਿੱਤਾ ਗਿਆ। ਮਰਦੇ ਦਮ ਤਕ ਬਰੂਨੋ ਵਿਦਰੋਹੀ ਰਿਹਾ।

- ਯਸ਼ਪਾਲ
ਮੋਬਾਈਲ: 98145-35005

# ਸਿਆਸੀ ਸ਼ਹਿ ਪ੍ਰਾਪਤ ਗੁੰਡਾ ਗਿਰੋਹ ਦੀ ਸ਼ਿਕਾਰ ਤੇ ਜ਼ੁਲਮਾਂ ਅੱਗੇ

(ਸਫ਼ਾ 21 ਦੀ ਬਾਕੀ)

ਹਿੰਮਤੀ ਮਜ਼ਦੂਰ ਪਰਿਵਾਰ ਅਤੇ ਉਸਦੀ ਬਹਾਦਰ ਧੀ ਸ਼ਹਿਨਾਜ਼ ਨੇ ਅਜਿਹਾ ਨਹੀਂ ਕੀਤਾ। ਉਹ ਡਟੀ ਰਹੀ, ਲੜਦੀ ਰਹੀ, ਹਾਰ ਕੇ ਚੁੱਪ ਨਹੀਂ ਬੈਠੀ। ਲੜਦੇ-ਲੜਦੇ ਉਸਨੇ ਮੌਤ ਨੂੰ ਗਲ਼ੇ ਲਗਾ ਲਿਆ। ਸੋਲ੍ਹਾਂ ਵਰ੍ਹਿਆਂ ਦੀ ਉਹ ਬਹਾਦਰ ਕੁੜੀ ਸਾਰੀਆਂ ਔਰਤਾਂ, ਦੱਬਿਆਂ-ਕੁਚਲਿਆਂ, ਗਰੀਬਾਂ, ਆਮ ਲੋਕਾਂ ਮੂਹਰੇ ਇੱਕ ਮਹਾਨ ਮਿਸਾਲ ਕਾਇਮ ਕਰ ਗਈ। ਸ਼ਹਿਨਾਜ਼ ਨੂੰ ਇਨਸਾਫ਼ ਦੁਆਉਣ ਲਈ ਗੁੰਡਾ-ਪੁਲਿਸ-ਸਿਆਸੀ ਗੱਠਜੋੜ ਖਿਲਾਫ਼ ਜੁਝਾਰੂ ਘੋਲ਼ ਦੇ ਰਾਹ ਪੈ ਕੇ ਇਨਸਾਫ਼ਪਸੰਦ ਲੋਕਾਂ ਨੇ ਉਸਨੂੰ ਸੱਚੀ ਸ਼ਰਧਾਂਜਲੀ ਦਿੱਤੀ ਹੈ।

**ਗੁੰਡਾ-ਪੁਲੀਸ-ਸਿਆਸੀ ਨਾਪਾਕ ਗਠਜੋੜ ਖਿਲਾਫ਼ ਜੁਝਾਰੂ ਲੋਕ ਘੋਲ਼ :** 8 ਦਸੰਬਰ ਨੂੰ ਕਾਰਖਾਨਾ ਮਜ਼ਦੂਰ ਯੂਨੀਅਨ, ਪੰਜਾਬ ਨੇ ਪ੍ਰੇਮ ਨਗਰ, ਢੰਡਾਰੀ ਵਿੱਚ ਲੋਕਾਂ ਦੀ ਵੱਡੀ ਮੀਟਿੰਗ ਬੁਲਾ ਕੇ ਸ਼ਹਿਨਾਜ਼ ਤੇ ਉਸਦੇ ਪਰਿਵਾਰ ਨੂੰ ਇਨਸਾਫ਼ ਦੁਆਉਣ ਲਈ ਲੋਕ-ਘੋਲ਼ ਲੜਨ ਦਾ ਐਲਾਨ ਕਰ ਦਿੱਤਾ। ਇਸ ਮੀਟਿੰਗ ਵਿੱਚ ਲਗਭਗ ਇੱਕ ਹਜ਼ਾਰ ਸਨਅਤੀ ਮਜ਼ਦੂਰ, ਦੁਕਾਨਦਾਰ, ਰੇਹੜੀ-ਫੜੀ ਦਾ ਕੰਮ ਕਰਨ ਵਾਲ਼ੇ ਆਦਿ ਲੋਕ ਸ਼ਾਮਲ ਸਨ। ਕਾਰਖਾਨਾ ਮਜ਼ਦੂਰ ਯੂਨੀਅਨ ਦੇ ਆਗੂਆਂ ਅਤੇ ਮੁਹੱਲੇ ਦੇ ਕੁਝ ਲੋਕਾਂ ਨੂੰ ਸ਼ਾਮਲ ਕਰਕੇ "ਢੰਡਾਰੀ ਬਲਾਤਕਾਰ ਅਤੇ ਕਤਲ ਕਾਂਡ ਵਿਰੋਧੀ ਸੰਘਰਸ਼ ਕਮੇਟੀ" ਬਣਾਈ ਗਈ। ਇਹ ਤੈਅ ਕੀਤਾ ਗਿਆ ਕਿ ਅਗਲੇ ਦਿਨ ਯਾਨੀ 9 ਦਸੰਬਰ ਨੂੰ ਪੁਲੀਸ ਕਮਿਸ਼ਨਰ ਦੇ ਦਫਤਰ 'ਤੇ ਵੱਡਾ ਧਰਨਾ-ਮੁਜਾਹਰਾ ਕੀਤਾ ਜਾਵੇ ਅਤੇ ਮੰਗ ਕੀਤੀ ਜਾਵੇ ਕਿ ਸਾਰੇ ਦੋਸ਼ੀਆਂ ਨੂੰ ਤੁਰੰਤ ਗ੍ਰਿਫਤਾਰ ਕੀਤਾ ਜਾਵੇ, ਜਲਦ ਤੋਂ ਜਲਦ ਚਲਾਨ ਪੇਸ਼ ਕਰਕੇ ਕੇਸ ਫਾਸਟ ਟ੍ਰੈਕ ਕੋਰਟ ਵਿੱਚ ਚਲਾਇਆ ਜਾਵੇ। ਬਲਾਤਕਾਰ ਅਤੇ ਕਤਲ ਦੇ ਸਾਰੇ ਦੋਸ਼ੀਆਂ ਨੂੰ ਫਾਹੇ ਲਾਇਆ ਜਾਵੇ। ਇਸ ਗੁੰਡਾ ਗਿਰੋਹ ਦੀ ਮਦਦ ਕਰਨ ਵਾਲ਼ੇ ਦੋਸ਼ੀ ਸਾਰੇ ਪੁਲੀਸ ਅਫਸਰਾਂ ਨੂੰ ਜੇਲ੍ਹੀਂ ਡੱਕਿਆ ਜਾਵੇ ਅਤੇ ਅਪਰਾਧਿਕ ਮੁਕੱਦਮਾ ਚਲਾ ਕੇ ਸਖਤ ਤੋਂ ਸਖਤ ਸਜ਼ਾ ਦਿੱਤੀ ਜਾਵੇ। ਪੀੜਤ ਪਰਿਵਾਰ ਨੂੰ ਵੱਧ ਤੋਂ ਵੱਧ ਮੁਆਵਜਾ ਦਿੱਤਾ ਜਾਵੇ। ਆਮ ਲੋਕਾਂ ਖਾਸਕਰ ਔਰਤਾਂ ਦੀ ਸੁਰੱਖਿਆ ਦੀ ਗਰੰਟੀ ਕੀਤੀ ਜਾਵੇ। ਗੁੰਡਾ-ਪੁਲਿਸ-ਸਿਆਸੀ ਨਾਪਾਕ ਗਠਜੋੜ ਨੂੰ ਤੋੜਿਆ ਜਾਵੇ।

ਇਸੇ ਰਾਤ ਤਕਰੀਬਨ ਇੱਕ ਵਜੇ ਸ਼ਹਿਨਾਜ਼ ਦੀ ਮੌਤ ਹੋ ਗਈ। ਅਗਲੇ ਦਿਨ ਪੁਲੀਸ ਕਮਿਸ਼ਨਰ ਦੇ ਦਫ਼ਤਰ 'ਤੇ ਮੁਜਾਹਰਾ ਨਹੀਂ ਹੋ ਸਕਿਆ ਪਰ ਸ਼ਹਿਨਾਜ਼ ਦੇ ਘਰ ਅੱਗੇ ਹਜ਼ਾਰਾਂ ਲੋਕਾਂ ਦਾ ਮੁਜ਼ਾਹਰਾ ਹੋਇਆ। ਕਾਰਖਾਨਾ ਮਜ਼ਦੂਰ ਯੂਨੀਅਨ ਦੇ ਨਾਲ਼ ਟੈਕਸਟਾਈਲ-ਹੌਜ਼ਰੀ ਕਾਮਗਾਰ ਯੂਨੀਅਨ, ਪੰਜਾਬ ਸਟੂਡੈਂਟਸ ਯੂਨੀਅਨ, ਨੌਜਵਾਨ ਭਾਰਤ ਸਭਾ ਅਤੇ ਬਿਗੁਲ ਮਜ਼ਦੂਰ ਦਸਤਾ ਵੀ ਘੋਲ਼ ਦੀ ਹਮਾਇਤ ਵਿੱਚ ਆ ਗਏ। ਇਲਾਕੇ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਮਜ਼ਦੂਰ ਕੰਮਾਂ 'ਤੇ ਨਾ ਜਾਣ, ਦੁਕਾਨਦਾਰ ਕੰਮ-ਧੰਦੇ ਬੰਦ ਰੱਖਣ ਅਤੇ ਸ਼ਹਿਨਾਜ਼ 'ਤੇ ਜ਼ਬਰ-ਜ਼ੁਲਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਕਰਾਉਣ ਲਈ ਘੋਲ਼ ਵਿੱਚ ਸ਼ਾਮਲ ਹੋਣ। ਹਜ਼ਾਰਾਂ ਲੋਕਾਂ ਨੇ ਇਸ ਸੱਦੇ ਦਾ ਭਰਵਾਂ ਹੁੰਗਾਰਾ ਦਿੱਤਾ। ਪ੍ਰਸ਼ਾਸਨ ਨੇ ਇਲਾਕੇ ਨੂੰ ਪੁਲੀਸ ਛਾਉਣੀ ਵਿੱਚ ਬਦਲ ਦਿੱਤਾ। ਲੋਕਾਂ ਨੂੰ ਮੁਜ਼ਾਹਰਾ ਬੰਦ ਕਰਨ ਲਈ ਕਿਹਾ ਗਿਆ, ਪਰ ਲੋਕ ਡਟੇ ਰਹੇ। ਗਲ਼ੀ-ਗਲ਼ੀ ਵਿੱਚ ਨਾਕੇ ਲਾਈ ਖੜੀ ਪੁਲੀਸ ਨੇ ਬਹੁਤ ਵੱਡੀ ਗਿਣਤੀ ਮਜ਼ਦੂਰਾਂ ਨੂੰ ਮੁਜ਼ਾਹਰੇ ਵਾਲ਼ੀ ਥਾਂ ਪਹੁੰਚਣ ਨਹੀਂ ਦਿੱਤਾ। ਪਰ ਬਹੁਤ ਵੱਡੀ ਗਿਣਤੀ ਅਜਿਹੇ ਮਜ਼ਦੂਰਾਂ ਦੀ ਸੀ, ਜਿਹਨਾਂ ਵਿੱਚ ਔਰਤਾਂ ਵੀ ਸ਼ਾਮਲ ਸਨ ਜੋ ਪੁਲੀਸ ਨਾਲ਼ ਝਗੜ ਕੇ ਧਰਨਾ ਸਥਾਨ ਉੱਤੇ ਪਹੁੰਚੇ। ਦਹਿਸ਼ਤ ਰਾਹੀਂ ਮੁਜ਼ਾਹਰੇ ਨੂੰ ਖਿਡਾਉਣ ਵਿੱਚ ਨਾਕਾਮ ਰਹਿਣ ਤੋਂ ਬਾਅਦ ਪੁਲੀਸ ਨੇ ਵੋਟ-ਬਟੋਰੂ ਪਾਰਟੀਆਂ ਦੇ ਛੋਟੇ-ਵੱਡੇ ਦਲਾਲ ਲੀਡਰਾਂ ਅਤੇ ਦਲਾਲ ਧਾਰਮਿਕ ਆਗੂਆਂ ਦਾ ਸਹਾਰਾ ਲਿਆ। ਪੁਲੀਸ-ਸਰਕਾਰ ਦੇ ਦਲਾਲ ਲੀਡਰਾਂ ਦਾ ਇੱਕ ਵੱਡਾ ਝੁੰਡ ਮੁਜ਼ਾਹਰੇ ਨੂੰ ਹਟਵਾਉਣ ਦੀ ਕੋਸ਼ਿਸ਼ ਕਰਨ ਲੱਗਿਆ। ਇਹਨਾਂ ਦਾ ਪੂਰਾ ਜ਼ੋਰ ਸੀ ਕਿ ਲਾਸ਼ ਆਉਣ ਤੋਂ ਪਹਿਲਾਂ-ਪਹਿਲਾਂ ਮੁਜ਼ਾਹਰਾ ਬੰਦ ਹੋ ਜਾਵੇ। ਸ਼ਹਿਨਾਜ਼ ਦੀ ਮਾਂ ਅਤੇ ਭਰਾ ਪਹਿਲਾਂ ਵਾਪਸ ਆ ਗਏ ਸਨ। ਪੁਲੀਸ ਅਤੇ ਦਲਾਲ ਲੀਡਰਾਂ ਨੇ ਪਰਿਵਾਰ ਅਤੇ ਮੁਹੱਲੇ ਦੇ ਹੋਰ ਲੋਕਾਂ 'ਤੇ ਨੂੰ ਭਰਮਾਉਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਕਾਮਯਾਬ ਨਹੀਂ ਹੋਏ। ਅਕਾਲੀ-ਭਾਜਪਾ ਨੇ ਤਾਂ ਜੋ ਕਰਨਾ ਸੀ ਉਹ ਕੀਤਾ ਹੀ ਪਰ ਕਾਂਗਰਸ ਦੇ ਇੱਕ ਮੁਸਲਿਮ ਲੀਡਰ ਨੇ ਇਸਨੂੰ ਆਪਣੀ ਕੌਮ ਦਾ ਮਸਲਾ ਕਹਿ ਕੇ ਮੁਜ਼ਾਹਰਾ ਬੰਦ ਕਰਨ ਲਈ ਕਿਹਾ। ਉਸਨੇ ਮਾਂ ਨੂੰ ਕਿਹਾ ਕਿ ਯੂਨੀਅਨ ਵਾਲਿਆਂ ਨੂੰ ਕਹਿਣ ਕਿ ਧਰਨਾ ਚੁੱਕ ਲੈਣ। ਪਰ ਮਾਂ ਨੇ ਉਸਨੂੰ ਠੋਕ ਕੇ ਜਵਾਬ ਦਿੱਤਾ ਕਿ ਮੁਜ਼ਾਹਰਾ ਬੰਦ ਨਹੀਂ ਹੋਵੇਗਾ। ਦਲਾਲਾਂ ਨੇ ਮਜ਼ਦੂਰ ਆਗੂਆਂ ਨੂੰ ਗੈਰ-ਸਮਾਜਿਕ ਤੱਤ, ਦਹਿਸ਼ਤਗਰਦ ਆਦਿ ਕਹਿ ਕੇ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ। ਸ਼ਹਿਨਾਜ਼ ਦੀ ਮੌਤ ਲਈ ਪੀੜਤ ਪਰਿਵਾਰ ਨੂੰ ਹੀ ਦੋਸ਼ੀ ਠਹਿਰਾਉਣ ਦੀਆਂ ਕੋਸ਼ਿਸ਼ਾਂ ਹੋਈਆਂ। ਬਾਅਦ ਵਿੱਚ ਇਹਨਾਂ ਲੀਡਰਾਂ ਨੇ ਬਿਨਾਂ ਨਾਂ ਤੋਂ ਅਖਬਾਰਾਂ ਵਿੱਚ ਵੀ ਇਹ ਗਲਤ ਬਿਆਨਬਾਜ਼ੀ ਕੀਤੀ। ਇਹਨਾਂ ਦੱਲਿਆਂ ਨੂੰ ਮੂੰਹ ਤੋੜ ਜਵਾਬ ਦਿੰਦੇ ਹੋਏ ਲੋਕ ਸ਼ੰਘਰਸ਼ 'ਤੇ ਡਟੇ ਰਹੇ। ਪੁਲੀਸ ਪ੍ਰਸ਼ਾਸਨ ਵੋਟ ਪਾਰਟੀਆਂ ਅਤੇ ਧਾਰਮਿਕ ਜੱਥੇਬੰਦੀਆਂ ਦੇ ਦਲਾਲ ਲੀਡਰਾਂ ਦੀ ਮਦਦ ਨਾਲ਼ ਲਾਸ਼ ਨੂੰ ਲੋਕਾਂ ਦੇ ਕਬਜ਼ੇ ਵਿੱਚ ਆਉਣ ਤੋਂ ਬਚਾਉਣ ਵਿੱਚ ਕਾਮਯਾਬ ਰਿਹਾ। ਇੱਕ ਵੱਡੇ ਧਾਰਮਿਕ ਲੀਡਰ ਵੱਲੋਂ ਧਾਰਮਿਕ ਰੀਤੀ ਰਿਵਾਜਾਂ ਦਾ ਬਹੁਤ ਜ਼ਿਆਦਾ, ਵਾਰ-ਵਾਰ, ਵਾਸਤਾ ਪਾਏ ਜਾਣ ਕਾਰਨ ਪਰਿਵਾਰ ਨੂੰ ਰਾਤ 10.30 ਵਜੇ ਸ਼ਹਿਨਾਜ਼ ਦੀ ਲਾਸ਼ ਦਫ਼ਨਾਉਣ ਲਈ ਮਜ਼ਬੂਰ ਹੋਣਾ ਪਿਆ।

ਪਰ ਪੁਲੀਸ ਲੋਕਾਂ ਦਾ ਰੋਹ ਅਤੇ 'ਸੰਘਰਸ਼ ਕਮੇਟੀ' ਤੇ ਯੂਨੀਅਨ ਆਗੂਆਂ ਦਾ ਸਖਤ ਰਵੱਈਆ ਵੇਖ ਚੁੱਕੀ ਸੀ। 9 ਦਸੰਬਰ ਦੇ ਧਰਨੇ-ਮੁਜ਼ਾਹਰੇ ਤੋਂ ਬਾਅਦ ਹੋਰਨਾਂ ਗੁੰਡਿਆਂ ਨੂੰ ਗ੍ਰਿਫਤਾਰ ਕੀਤਾ ਗਿਆ। ਇਸ ਤੋਂ ਬਾਅਦ ਹੋਰ ਗੁੰਡੇ ਵੀ ਫੜ ਲਏ ਗਏ। ਪਰ ਸਰਕਾਰ ਅਤੇ ਪੁਲੀਸ ਵੱਲੋਂ ਦੋਸ਼ੀਆਂ ਨੂੰ ਬਚਾਉਣ ਦੀਆਂ ਸਾਜ਼ਿਸ਼ਾਂ ਬੰਦ ਨਹੀਂ ਹੋਈਆਂ। ਪੰਜਾਬ ਦਾ ਉਪ ਮੁੱਖ ਮੰਤਰੀ ਅਤੇ ਗ੍ਰਹਿ ਮੰਤਰੀ ਸੁਖਬੀਰ ਬਾਦਲ 12 ਦਸੰਬਰ ਨੂੰ ਮੀਡੀਆ ਨੂੰ ਬਿਆਨ ਦਿੰਦਾ ਹੈ ਕਿ "ਮਾਮਲੇ ਦੀ ਸੱਚਾਈ ਕੁੱਝ ਹੋਰ ਹੈ"। ਇਸ ਬਿਆਨ ਦਾ ਅਰਥ ਹੈ ਨੱਬੇ ਫੀਸਦੀ ਸੜ ਚੁੱਕੀ, ਜ਼ਿੰਦਗੀ ਮੌਤ ਦੀ ਲੜਾਈ ਲੜ ਰਹੀ ਸ਼ਹਿਨਾਜ਼ ਦਾ ਜੱਜ ਸਾਹਮਣੇ ਦਿੱਤਾ ਬਿਆਨ ਝੂਠਾ ਹੈ, ਕਿ ਸ਼ਹਿਨਾਜ਼ ਦੇ ਮਾਤਾ, ਪਿਤਾ, ਭੈਣ-ਭਰਾ ਵੀ ਝੂਠ ਬੋਲ ਰਹੇ ਹਨ। ਡੇਢ ਮਹੀਨੇ ਤੋਂ ਸੁਰੱਖਿਆ ਅਤੇ ਇਨਸਾਫ਼ ਲਈ ਜੂਝ ਰਹੇ, ਨੌਜਵਾਨ ਧੀ ਦੀ ਭਿਆਨਕ ਮੌਤ ਦਾ ਸਦਮਾ ਝੱਲ ਰਹੇ ਪੀੜਤ ਪਰਿਵਾਰ ਦੇ ਜ਼ਖ਼ਮਾਂ 'ਤੇ ਸੁਖਬੀਰ ਬਾਦਲ ਦੇ ਬਿਆਨ ਨੇ ਲੂਣ ਛਿੜਕ ਦਿੱਤਾ। ਸਪੱਸ਼ਟ ਹੋ ਚੁੱਕਾ ਸੀ ਕਿ ਭ੍ਰਿਸ਼ਟ ਪੰਜਾਬ ਸਰਕਾਰ ਮਸਲੇ ਨੂੰ ਗਲਤ ਰੰਗਤ ਦੇ ਕੇ ਕਾਤਲਾਂ, ਬਲਾਤਕਾਰੀਆਂ ਦੇ ਗੁੰਡਾ ਗਿਰੋਹ ਅਤੇ ਉਸਦੀ ਪਿੱਠ ਥਾਪੜਨ ਵਾਲ਼ੇ ਲੀਡਰਾਂ ਨੂੰ ਬਚਾਉਣਾ ਚਾਹੁੰਦੀ ਹੈ। ਜ਼ਾਲਮ-ਭ੍ਰਿਸ਼ਟ ਹਾਕਮ ਘਿਣਾਉਣੀਆਂ ਚਾਲਾਂ ਚੱਲ ਰਹੇ ਸਨ। ਸਰਕਾਰ ਇਸ ਮਾਮਲੇ ਨੂੰ ਗਲਤ ਰੰਗਤ ਦੇ ਕੇ ਮਾੜੇ ਰਾਜ ਪ੍ਰਬੰਧ ਨੂੰ ਛੁਪਾਉਣਾ ਚਾਹੁੰਦੀ ਸੀ। ਸੁਖਬੀਰ ਬਾਦਲ ਦੇ ਬਿਆਨ ਖਿਲਾਫ਼ 14 ਦਸੰਬਰ ਨੂੰ ਲੁਧਿਆਣੇ ਦੇ ਤਿੰਨ ਹਜ਼ਾਰ ਤੋਂ ਵਧੇਰੇ ਲੋਕਾਂ ਨੇ, ਜਿਨ੍ਹਾਂ ਵਿੱਚ ਮੁੱਖ ਤੌਰ 'ਤੇ ਮਜ਼ਦੂਰ ਸ਼ਾਮਲ ਸਨ, ਨੇ 'ਸੰਘਰਸ਼ ਕਮੇਟੀ' ਅਤੇ ਮਜ਼ਦੂਰ-ਨੌਜਵਾਨ-ਵਿਦਿਆਰਥੀ ਜੱਥੇਬੰਦੀਆਂ ਦੀ ਅਗਵਾਈ ਵਿੱਚ ਨੈਸ਼ਨਲ ਹਾਈਵੇ-1 (ਜੀ.ਟੀ. ਰੋਡ) 'ਤੇ ਆਵਾਜਾਈ ਦੋ-ਢਾਈ ਘੰਟੇ ਲਈ ਪੂਰੀ ਤਰ੍ਹਾਂ ਠੱਪ ਕਰ ਦਿੱਤੀ। ਢੰਡਾਰੀ ਇਲਾਕਾ ਫਿਰ ਤੋਂ ਪੁਲੀਸ ਛਾਉਣ ਵਿੱਚ ਬਦਲ ਦਿੱਤਾ ਗਿਆ। ਰਾਈਫਲਾਂ, ਡੰਡਿਆਂ ਆਦਿ ਹਥਿਆਰਾਂ ਨਾਲ਼ ਲੈਸ ਪੁਲੀਸ ਦਸਤੇ ਮੁਜ਼ਾਹਰੇ ਸਾਹਮਣੇ ਤੈਨਾਤ ਕਰ ਦਿੱਤੇ ਗਏ। ਪੁਲੀਸ ਦਹਿਸ਼ਤ ਰਾਹੀਂ ਧਰਨਾ ਖਿਡਾਉਣਾ ਚਾਹੁੰਦੀ ਸੀ। ਪਰ ਲੋਕ ਹਿੱਲੇ ਨਹੀਂ। ਪ੍ਰਸ਼ਾਸਨ ਵੱਲੋਂ ਇਨਸਾਫ਼ ਦੇਣ ਦੀ ਗਰੰਟੀ ਕਰਨ ਤੋਂ ਬਾਅਦ ਹੀ ਨੈਸ਼ਨਲ ਹਾਈਵੇ ਖਾਲੀ ਕੀਤਾ ਗਿਆ। ਇਹ ਸਰਕਾਰ ਅਤੇ ਪੁਲੀਸ-ਪ੍ਰਸ਼ਾਸਨ ਨੂੰ ਇੱਕ ਚਿਤਾਵਨੀ ਸੀ ਕਿ ਜੇਕਰ ਦੋਸ਼ੀਆਂ ਨੂੰ ਬਚਾਉਣ ਦੀ ਭੋਰਾ ਵੀ ਕੋਸ਼ਿਸ਼ ਹੋਈ ਤਾਂ ਲੋਕ ਹਾਕਮਾਂ ਦੀ ਇੱਟ ਨਾਲ਼ ਇੱਟ ਖੜਕਾ ਦੇਣਗੇ। ਇਸ ਤੋਂ ਬਾਅਦ ਸਰਕਾਰ ਵੱਲੋਂ ਇਹ ਸਫੈਦ ਝੂਠ ਬੋਲਿਆ ਗਿਆ ਕਿ ਸੁਖਬੀਰ ਬਾਦਲ ਦਾ ਬਿਆਨ ਕਿਸੇ ਹੋਰ ਮਸਲੇ ਸਬੰਧੀ ਸੀ। ਇਸ ਤੋਂ ਬਾਅਦ ਅਜ਼ਾਦ ਘੁੰਮ ਰਿਹਾ ਇੱਕ ਹੋਰ ਦੋਸ਼ੀ ਵੀ ਫੜ ਲਿਆ ਗਿਆ। ਬਿੰਦਰ, ਅਨਵਰ, ਅਮਰਜੀਤ, ਨਿਆਜ਼, ਬੱਲੀ, ਸ਼ਹਿਜ਼ਾਦ, ਬੱਬੂ ਅਤੇ ਵਿੱਕੀ ਜੇਲ੍ਹ ਵਿੱਚ ਹਨ।

ਉਪਰੋਕਤ ਦੋਸ਼ੀਆਂ ਤੋਂ ਇਲਾਵਾ ਪੁਲੀਸ ਨੇ ਦੋ ਹੋਰ ਵਿਅਕਤੀ ਗ੍ਰਿਫਤਾਰ ਕੀਤੇ ਗਏ ਹਨ। ਪੁਲੀਸ ਹੁਣ ਇਹ ਰਹੀ ਹੈ ਕਿ ਇਹਨਾਂ ਵਿੱਚੋਂ ਇੱਕ ਸੁਲਤਾਨ ਨਾਂ ਦਾ ਲੜਕਾ ਇਹ ਕਹਿ ਰਿਹਾ ਹੈ ਕਿ 25 ਤੋਂ 27 ਅਕਤੂਬਰ ਤੱਕ ਲੜਕੀ ਉਸਦੇ ਨਾਲ਼ ਸੀ ਨਾ ਕਿ ਅਗਵਾ ਹੋਈ ਸੀ। ਸਪੱਸ਼ਟ ਹੈ ਕਿ ਗੁੰਡਾ-ਪੁਲੀਸ-ਸਿਆਸੀ ਗੱਠਜੋੜ ਹੁਣ ਝੂਠੇ ਗਵਾਹ ਖੜੇ ਕਰ ਰਿਹਾ ਹੈ। ਮਸਲੇ ਵਿੱਚ ਫਿਰ ਤੋਂ ਗਲਤ ਰੰਗਤ ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਜਾਂਚ-ਪੜਤਾਲ ਨੂੰ ਦੋਸ਼ੀਆਂ ਨੂੰ ਬਚਾਉਣ ਦੀ ਦਿਸ਼ਾ ਵਿੱਚ ਚਲਾਇਆ ਜਾ ਰਿਹਾ ਹੈ ਨਾ ਕਿ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਲਈ। ਸਰਕਾਰ ਅਗਵਾ, ਬਲਾਤਕਾਰ ਅਤੇ ਕਤਲ ਦੇ ਅਣਮਨੁੱਖੀ ਕਾਰੇ ਪ੍ਰਤੀ ਲੋਕ ਰੋਹ ਨੂੰ ਘੱਟ ਕਰਨ ਲਈ ਇਸਨੂੰ ਪ੍ਰੇਮ ਕਹਾਣੀ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹੈ।

**ਸੰਘਰਸ਼ ਕਮੇਟੀ ਦਾ ਮੁੜ-ਗਠਨ ਅਤੇ ਸ਼ਰਧਾਂਜਲੀ ਸਮਾਗਮ ਲਈ ਵਿਸ਼ਾਲ ਲਾਮਬੰਦੀ :** ਘੋਲ਼ ਦੀਆਂ ਜ਼ਰੂਰਤਾਂ ਨੂੰ ਵੇਖਦੇ ਹੋਏ 'ਸੰਘਰਸ਼ ਕਮੇਟੀ' ਨੂੰ ਨਵਾਂ ਰੂਪ ਦਿੱਤਾ ਗਿਆ। ਕਾਰਖਾਨਾ ਮਜ਼ਦੂਰ ਯੂਨੀਅਨ, ਪੰਜਾਬ ਨੇ ਟੈਕਸਟਾਈਲ-ਹੌਜ਼ਰੀ ਕਾਮਗਾਰ ਯੂਨੀਅਨ, ਪੰਜਾਬ; ਪੰਜਾਬ ਸਟੂਡੈਂਟਸ ਯੂਨੀਅਨ, ਪੰਜਾਬ; ਨੌਜਵਾਨ ਭਾਰਤ ਸਭਾ; ਅਤੇ ਬਿਗੁਲ ਮਜ਼ਦੂਰ ਦਸਤਾ ਨੂੰ ਨਾਲ਼ ਲੈ ਕੇ 'ਢੰਡਾਰੀ ਬਲਾਤਕਾਰ ਅਤੇ ਕਤਲ ਕਾਂਡ ਵਿਰੋਧੀ ਸੰਘਰਸ਼ ਕਮੇਟੀ' ਨੂੰ ਮੁੜ-ਗਠਿਤ ਕੀਤਾ। 28 ਦਸੰਬਰ ਨੂੰ ਗੁੰਡਾਗਰਦੀ ਖਿਲਾਫ਼ ਜੂਝਦੇ ਹੋਏ ਮਰ-ਮਿਟਣ ਵਾਲ਼ੀ ਸ਼ਹਿਨਾਜ਼ ਨੂੰ ਸਮਰਪਿਤ ਵਿਸ਼ਾਲ ਸ਼ਰਧਾਂਜਲੀ ਕਰਨ ਦਾ ਐਲਾਨ ਕੀਤਾ ਗਿਆ। ਲੁਧਿਆਣੇ ਸਮੇਤ ਹੋਰਨਾਂ ਜ਼ਿਲ੍ਹਿਆਂ ਦੇ ਸ਼ਹਿਰਾਂ-ਪਿੰਡਾਂ ਵਿੱਚ ਸੰਘਣੀ ਮੁਹਿੰਮ ਚਲਾ ਕੇ ਲੋਕਾਂ ਦੀ ਲਾਮਬੰਦੀ ਕੀਤੀ ਗਈ। ਸ਼ਹਿਨਾਜ਼ ਨੂੰ ਸ਼ਰਧਾਂਜਲੀ ਦੇਣ ਲਈ ਅਤੇ ਗੁੰਡਾ-ਪੁਲਿਸ-ਸਿਆਸੀ ਗਠਜੋੜ ਦਾ ਮੂੰਹ ਭੰਨਣ ਲਈ ਅੱਠ ਹਜ਼ਾਰ ਤੋਂ ਵਧੇਰ ਲੋਕ ਸ਼ਰਧਾਂਜਲੀ ਸਮਾਗਮ ਵਿੱਚ ਪਹੁੰਚੇ। ਇਸ ਦਿਨ ਸਰਕਾਰ ਨੇ ਢੰਡਾਰੀ ਇਲਾਕੇ ਵਿੱਚ ਪਹਿਲਾਂ ਨਾਲ਼ੋਂ ਵੀ ਕਿਤੇ ਵਧੇਰੇ ਪੁਲੀਸ ਲਗਾ ਕੇ ਇੱਕ ਦਹਿਸ਼ਤ ਦਾ ਮਾਹੌਲ ਖੜਾ। ਦਹਿਸ਼ਤ ਦੇ ਇਸ ਮਾਹੌਲ ਅਤੇ ਕੜਾਕੇ ਦੀ ਠੰਢ ਦੇ ਬਾਵਜੂਦ ਠਾਠਾਂ ਮਾਰਦਾ ਇਕੱਠ ਹੋਇਆ। ਲੋਕ ਦੁਸ਼ਮਣਾਂ ਨੂੰ ਮੂੰਹ ਵਿੱਚ ਉਂਗਲਾਂ ਪਾਉਣ 'ਤੇ ਮਜ਼ਬੂਰ ਹੋਣਾ ਪਿਆ। ਲੋਕ ਆਗੂਆਂ ਨੇ ਸਰਕਾਰ ਨੂੰ ਫਿਰ ਤੋਂ ਸਖ਼ਤ ਚਿਤਾਵਨੀ ਦਿੱਤੀ ਕਿ ਜੇਕਰ ਦੋਸ਼ੀਆਂ ਨੂੰ ਬਚਾਉਣ ਦੀ ਕੋਸ਼ਿਸ਼ ਹੋਈ ਤਾਂ ਲੋਕ ਹਾਕਮਾਂ ਦੀ ਇੱਟ ਨਾਲ਼ ਇੱਟ ਖੜਕਾ ਦੇਣਗੇ।

**ਘੋਲ਼ ਦੀਆਂ ਅਹਿਮ ਪ੍ਰਾਪਤੀਆਂ :** ਅੱਜ ਸਮਾਜ ਵਿੱਚ ਔਰਤਾਂ ਉੱਤੇ ਜ਼ੁਲਮ ਵੱਧਦੇ ਜਾ ਰਹੇ ਹਨ। ਬਲਾਤਕਾਰ, ਕਤਲ, ਛੇੜਛਾੜ, ਕੁੱਟਮਾਰ, ਤੇਜ਼ਾਬ ਸੁੱਟਣ, ਅਗਵਾ ਕਰਨ ਆਦਿ ਜ਼ੁਲਮਾਂ ਨਾਲ਼ ਖੌਫ਼ਨਾਕ ਹਲਾਤ ਪੈਦਾ ਹੋ ਚੁੱਕੇ ਹਨ। ਔਰਤ ਵਿਰੋਧੀ ਵਹਿਸ਼ੀ ਮਰਦ ਮਾਨਸਿਕਤਾ ਹਰ ਕਦਮ ਉੱਤੇ ਔਰਤਾਂ ਨੂੰ ਸ਼ਿਕਾਰ ਬਣਾ ਰਹੀ ਹੈ। ਵਿਸ਼ੇਸ਼ ਤੌਰ 'ਤੇ ਸਿਆਸੀ-ਪੁਲਸੀ-ਪ੍ਰਸ਼ਾਸਨਿਕ ਸਰਪ੍ਰਸਤੀ ਹੇਠ ਪਲ਼ਣ ਵਾਲ਼ੇ ਬੇਖੌਫ਼ ਗੁੰਡਾ ਗਿਰੋਹ ਔਰਤਾਂ ਨੂੰ ਹਵਸ਼ ਦੇ ਖੂਨੀ ਪੰਜਿਆਂ ਨਾਲ਼ ਲਹੂ-ਲੁਹਾਣ ਕਰ ਰਹੇ ਹਨ। ਗਲ਼ੀ-ਗਲ਼ੀ, ਮੁਹੱਲੇ-ਮੁਹੱਲੇ 'ਚ, ਸਕੂਲਾਂ-ਕਾਲਜਾਂ ਦੇ ਗੇਟਾਂ 'ਤੇ ਭੂਤਰੇ ਗੁੰਡਾ ਗਿਰੋਹ ਦਹਿਸ਼ਤ ਫੈਲਾ ਰਹੇ ਹਨ, ਔਰਤਾਂ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾ ਰਹੇ ਹਨ। ਅਜਿਹੇ ਸਮੇਂ ਵਿੱਚ ਔਰਤਾਂ ਸਮੇਤ ਸਭਨਾਂ ਆਮ ਲੋਕਾਂ ਦੀ ਸੁਰੱਖਿਆ ਲਈ ਹਾਕਮਾਂ 'ਤੇ ਝਾਕ ਨਹੀਂ ਕੀਤੀ ਜਾ ਸਕਦੀ। ਔਰਤਾਂ ਅਤੇ ਆਮ ਲੋਕਾਂ ਨੂੰ ਆਪਣੀ ਰਾਖੀ ਲਈ ਆਪ ਅੱਗੇ ਆਉਣਾ ਪਵੇਗਾ। ਇਕਮੁੱਠ ਹੋ ਕੇ ਸਾਨੂੰ ਜ਼ਬਾਰ-ਜ਼ਾਲਮ ਹਾਕਮਾਂ, ਭ੍ਰਿਸ਼ਟ ਸਿਆਸੀ ਲੀਡਰਾਂ ਅਤੇ ਉਨ੍ਹਾਂ ਦੇ ਪਾਲ਼ੇ ਹੋਏ ਭੂਤਰੇ ਗੁੰਡਾ ਗਿਰੋਹਾਂ ਨੂੰ ਲਲਕਾਰਨਾ ਹੋਵੇਗਾ। ਜੱਥੇਬੰਦ ਅਤੇ ਜੁਝਾਰੂ ਲੜਾਈ ਲੜਨੀ ਹੋਵੇਗੀ। ਬੇਇਨਸਾਫ਼ ਦੀਆਂ ਨੀਹਾਂ 'ਤੇ ਟਿਕੇ ਇਸ ਲੁਟੇਰੇ ਜਾਲਮ ਪ੍ਰਬੰਧ ਖਿਲਾਫ਼ ਘੋਲ਼ ਲੜ ਕੇ ਲੋਕ ਸ਼ਹਿਨਾਜ਼ ਤੇ ਉਸਦੇ ਪਰਿਵਾਰ ਨੂੰ ਕਿਸ ਪੱਧਰ ਤੱਕ ਇਨਸਾਫ਼ ਦੁਆਉਣ ਵਿੱਚ ਕਾਮਯਾਬ ਹੋ ਪਾਉਣਗੇ ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ। ਪਰ ਇਸ ਘੋਲ਼ ਨੇ ਹੁਣ ਤੱਕ ਕਈ ਅਹਿਮ ਪ੍ਰਾਪਤੀਆਂ ਕੀਤੀਆਂ ਹਨ।

ਇਸ ਘੋਲ਼ ਨੇ ਸ਼ਹਿਨਾਜ਼ ਦੇ ਸਾਰੇ ਬਲਾਤਕਾਰੀਆਂ-ਕਾਤਲਾਂ ਨੂੰ ਜੇਲ੍ਹ 'ਚ ਬੰਦ ਕਰਾਉਣ 'ਚ ਕਾਮਯਾਬੀ ਹਾਸਲ ਕੀਤੀ ਹੈ। ਪੁਲੀਸ-ਪ੍ਰਸ਼ਾਸਨ-ਸਰਕਾਰ ਨੂੰ ਅਪਰਾਧੀਆਂ ਦੀ ਨੰਗੀ-ਚਿੱਟੀ ਮਦਦ ਕਰਨ ਤੋਂ ਪੈਰ ਪਿੱਛੇ ਖਿੱਚਣ ਲਈ ਮਜ਼ਬੂਰ ਕੀਤਾ ਹੈ। ਜੇਕਰ ਇਹ ਘੋਲ਼ ਨਾ ਛੇੜਿਆ ਗਿਆ ਹੁੰਦਾ ਤਾਂ ਗ੍ਰਿਫਤਾਰ ਗੁੰਡੇ ਜਲਦ ਹੀ ਜ਼ਮਾਨਤਾਂ ਕਰਾ ਕੇ ਬਾਹਰ ਆ ਜਾਂਦੇ, ਪੀੜਤ ਪਰਿਵਾਰ 'ਤੇ ਫਿਰ ਤੋਂ ਕਹਿਰ ਢਾਹੁੰਦੇ, ਲੋਕਾਂ ਨੂੰ ਗੁੰਡਾਗਰਦੀ ਦਾ ਸ਼ਿਕਾਰ ਬਣਾਉਂਦੇ।

ਜੇਕਰ ਇਹ ਘੋਲ਼ ਨਾ ਹੁੰਦਾ ਤਾਂ ਸ਼ਹਿਨਾਜ਼ ਅਤੇ ਉਸਦੇ ਪਰਿਵਾਰ ਨਾਲ਼ ਵਾਪਰਿਆ ਇਹ ਹੌਲਨਾਕ ਘਟਨਾਕ੍ਰਮ ਦਬ ਕੇ ਰਹਿ ਜਾਣਾ ਸੀ। ਲੋਕ ਘੋਲ਼ ਨੇ ਇਸ ਘਟਨਾਕ੍ਰਮ ਵੱਲ਼ ਵਿਆਪਕ ਲੋਕਾਈ ਦਾ ਧਿਆਨ ਖਿੱਚਿਆ ਹੈ। ਇਸ ਘੋਲ਼ ਨੇ ਆਮ ਲੋਕਾਂ 'ਤੇ, ਖਾਸਕਰ ਔਰਤਾਂ 'ਤੇ ਹੁੰਦੇ ਜ਼ੁਲਮਾਂ ਦੇ ਗੰਭੀਰ ਮੁੱਦੇ ਨੂੰ ਉਭਾਰ ਕੇ ਪੇਸ਼ ਕੀਤਾ ਹੈ। ਸ਼ਹਿਨਾਜ਼ ਨੂੰ ਇਨਸਾਫ਼ ਦੁਆਉਣ ਲਈ ਜ਼ਾਰੀ ਇਸ ਘੋਲ਼ ਨੇ ਗੁੰਡਾ-ਪੁਲੀਸ-ਸਿਆਸੀ ਗਠਜੋੜ ਨੂੰ ਲੋਕਾਂ ਵਿੱਚ ਨੰਗਾ ਕੀਤਾ ਹੈ ਅਤੇ ਇਸ ਖਿਲਾਫ਼ ਇਕਮੁੱਠ ਹੋ ਕੇ ਲੜਨ ਦੀ ਜ਼ਰੂਰਤ ਨੂੰ ਲੋਕ ਮਨਾਂ ਵਿੱਚ ਸਥਾਪਤ ਕੀਤਾ ਹੈ।

ਇਸ ਘੋਲ਼ ਦੀ ਇੱਕ ਬੇਹੱਦ ਅਹਿਮ ਪ੍ਰਾਪਤੀ ਲੰਮੇ ਸਮੇਂ ਦੌਰਾਨ ਲੋਕ ਮਨਾਂ ਵਿੱਚ ਪੈਦਾ ਹੋਈ ਪੁਲੀਸ ਅਤੇ ਗੁੰਡਿਆਂ ਦੀ ਦਹਿਸ਼ਤ ਨੂੰ ਤੋੜਿਆ ਜਾਣਾ ਹੈ। ਲੋਕ ਦੁਸ਼ਮਣਾਂ ਵਿੱਚ ਲੋਕ ਏਕੇ ਦੀ ਤਾਕਤ ਦੀ ਦਹਿਸ਼ਤ ਪੈਦਾ ਹੋਈ ਹੈ। ਵੈਸੇ ਤਾਂ ਪੂਰੇ ਸਮਾਜ ਵਿੱਚ ਹੀ ਗੁੰਡਿਆਂ ਤੇ ਪੁਲੀਸ ਦੀ ਦਹਿਸ਼ਤ ਆਮ ਹੈ ਪਰ ਸਨਅਤੀ ਮਜ਼ਦੂਰ ਅਬਾਦੀ ਵਾਲ਼ੇ ਢੰਡਾਰੀ ਇਲਾਕੇ ਵਿੱਚ ਪੁਲੀਸ ਅਤੇ ਗੁੰਡਿਆਂ ਦੀ ਬਹੁਤ ਜ਼ਿਆਦਾ ਦਹਿਸ਼ਤ ਬਣੀ ਹੋਈ ਸੀ। ਦਸੰਬਰ 2010 ਵਿੱਚ ਵਾਪਰੇ ਢੰਡਾਰੀ ਕਾਂਡ ਦੌਰਾਨ ਲੋਕਾਂ ਨੂੰ ਗੁੰਡਿਆਂ ਅਤੇ ਪੁਲੀਸ ਦੇ ਬਰਬਰ ਜ਼ਬਰ ਦਾ ਸਾਹਮਣਾ ਕਰਨਾ ਪਿਆ ਸੀ। ਲੁੱਟਾਂ-ਖੋਹਾਂ, ਕੁੱਟ-ਮਾਰ, ਕਤਲਾਂ ਦਾ ਸ਼ਿਕਾਰ ਮਜ਼ਦੂਰ ਅਤੇ ਹੋਰ ਆਮ ਲੋਕ ਜਦੋਂ ਸੜਕਾਂ 'ਤੇ ਉੱਤਰੇ ਸਨ ਤੋਂ ਪੁਲੀਸ ਨੇ ਗੁੰਡਿਆਂ ਨੂੰ ਨਾਲ਼ ਲੈ ਕੇ ਲੋਕਾਂ ਨੂੰ ਗੋਲ਼ੀਆਂ ਨਾਲ਼ ਭੁੰਨਿਆਂ ਸੀ, ਬਰਬਰ ਲਾਠੀਚਾਰਜ ਕੀਤਾ ਸੀ। ਡਾਂਗਾਂ, ਕਿਰਪਾਨਾਂ ਹੱਥਾਂ ਫੜੀ ਗੁੰਡਿਆਂ ਕੋਲ਼ੋਂ ਪੁਲੀਸ ਨੇ ਮਜ਼ਦੂਰਾਂ ਦੇ ਘਰਾਂ ਨੂੰ ਵੱਡੇ ਪੱਧਰ 'ਤੇ ਸਾੜਿਆ ਸੀ। ਔਰਤਾਂ ਨਾਲ਼ ਬਲਾਤਕਾਰ ਕੀਤੇ ਸਨ। ਵੱਡੀ ਗਿਣਤੀ ਮਜ਼ਦੂਰਾਂ ਨੂੰ ਜੇਲ੍ਹਾਂ ਵਿੱਚ ਸੁੱਟ ਦਿੱਤਾ ਗਿਆ ਸੀ। ਢੰਡਾਰੀ ਕਾਂਡ-2010 ਦੇ ਜ਼ਖ਼ਮ ਅਜੇ ਭਰੇ ਨਹੀਂ ਸਨ। ਪੁਲੀਸ ਅਤੇ ਗੁੰਡਿਆਂ ਦੀ ਦਹਿਸ਼ਤ ਅਜੇ ਗਈ ਨਹੀਂ ਸੀ। ਅਜਿਹੀਆਂ ਹਾਲਤਾਂ ਵਿੱਚ ਸ਼ਹਿਨਾਜ਼ ਨੂੰ ਇਨਸਾਫ਼ ਦੁਆਉਣ ਲਈ ਗੁੰਡਾ-ਪੁਲੀਸ-ਸਿਆਸੀ ਗਠਜੋੜ ਖਿਲਾਫ਼ ਘੋਲ਼ ਦੀ ਸ਼ੁਰੂਆਤ ਹੋਈ ਅਤੇ ਲੋਕਾਂ ਦੀ ਵਿਸ਼ਾਲ ਲਾਮਬੰਦੀ ਕਰਨ ਵਿੱਚ ਕਾਮਯਾਬੀ ਮਿਲੀ। ਘੋਲ਼ ਦਾ ਇਹ ਪੱਖ ਵੱਡੇ ਸਨਅਤੀ ਸ਼ਹਿਰ ਲੁਧਿਆਣੇ ਵਿੱਚ ਮਜ਼ਦੂਰਾਂ ਅਤੇ ਹੋਰ ਲੋਕਾਂ ਦੀ ਹੱਕੀ ਲਹਿਰ ਦੀ ਇੱਕ ਅਹਿਮ ਪ੍ਰਾਪਤੀ ਹੈ।

ਇਸ ਘੋਲ਼ ਦੌਰਾਨ ਵੱਖ-ਵੱਖ ਵੋਟ ਪਾਰਟੀਆਂ ਦੇ ਦਲਾਲ ਲੀਡਰਾਂ ਸਮੇਤ ਘੋਲ਼ ਨੂੰ ਸਾਬੋਤਾਜ਼ ਕਰਨ ਦੀ ਕੋਸ਼ਿਸ਼ ਕਰਨ ਵਾਲ਼ੀਆਂ ਕਈ ਰੰਗਾਂ ਦੀਆਂ ਤਾਕਤਾਂ ਨੂੰ ਨਿਖੇੜਨ ਵਿੱਚ ਅਤੇ ਇਲਾਕੇ ਵਿੱਚ ਖਰੀਆਂ ਇਨਕਲਾਬੀ ਤਾਕਤਾਂ ਦੇ ਅੱਗੇ ਵੱਧਣ ਦਾ ਰਾਹ ਪੱਧਰਾ ਕਰਨ ਵਿੱਚ ਕਾਫ਼ੀ ਕਾਮਯਾਬੀ ਹਾਸਿਲ ਕੀਤੀ ਹੈ।

ਲੋਕ ਜਦੋਂ ਇਕਮੁੱਠ ਹੋ ਕੇ ਇਮਾਨਦਾਰ, ਜੁਝਾਰੂ ਤੇ ਸਮਝਦਾਰ ਅਗਵਾਈ ਹੇਠ ਯੋਜਨਾਬੱਧ ਢੰਗ ਨਾਲ਼ ਲੜਦੇ ਹਨ ਤਾਂ ਵੱਡੇ ਤੋਂ ਵੱਡੇ ਲੋਕ ਦੁਸ਼ਮਣਾਂ ਨੂੰ ਮੂਧੇ ਮੂੰਹ ਡੇਗ ਸਕਦੇ ਹਨ। ਸ਼ਹਿਨਾਜ਼ ਦੇ ਬਲਾਤਕਾਰ ਤੇ ਕਤਲ ਦੇ ਦੋਸ਼ੀਆਂ ਨੂੰ ਸਜਾ ਕਰਵਾਉਣ ਲਈ ਸੰਘਰਸ਼ ਕਰਨ ਲਈ ਤਾਂ ਜੁਝਾਰੂ ਏਕਾ ਕਾਇਮ ਰੱਖਣਾ ਹੀ ਹੋਵੇਗਾ ਸਗੋਂ ਔਰਤਾਂ ਸਮੇਤ ਸਮੁੱਚੇ ਲੋਕਾਂ 'ਤੇ ਕਾਇਮ ਗੁੰਡਾ ਰਾਜ ਤੋਂ ਰੱਖਿਆ ਅਤੇ ਮੁਕਤੀ ਦੀ ਲੜਾਈ ਨੂੰ ਜ਼ਾਰੀ ਰੱਖਣੀ ਲਈ ਵੀ ਏਕੇ ਨੂੰ ਹੋਰ ਵਿਸ਼ਾਲ ਅਤੇ ਮਜ਼ਬੂਤ ਬਣਾਉਣਾ ਹੋਵੇਗਾ। •

# ਵਿਚਾਰਾਂ ਦਾ ਵਿਕਾਸ ਅਤੇ ਰੂੜੀਵਾਦੀ ਧਾਰਨਾਵਾਂ



ਗੁਰਚਰਨ ਨੂਰਪੁਰ

ਹਰ ਯੁੱਗ ਆਪਣੇ ਹਾਣ ਦੇ ਲੇਖਕ ਤੇ ਸਾਹਿਤਕਾਰ ਪੈਦਾ ਕਰਦਾ ਹੈ। ਸਾਹਿਤਕਾਰ ਉਹ ਵਿਗਿਆਨੀ ਹੁੰਦਾ ਹੈ ਜੋ ਸਮਾਜ ਲਈ ਨਵੇਂ ਵਿਚਾਰ ਈਜਾਦ ਕਰਦਾ ਹੈ। ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਹਰ ਯੁੱਗ ਦੇ ਆਪਣੇ ਵਿਚਾਰ ਹੁੰਦੇ ਹਨ।

ਕਦੇ ਸਮਾਂ ਸੀ ਜਦੋਂ ਮਨੁੱਖ ਵੀ ਦੂਜੇ ਜਾਨਵਰਾਂ ਜਿਹਾ ਹੀ ਇੱਕ ਜਾਨਵਰ ਸੀ। ਮਨੁੱਖੀ ਵਿਕਾਸ ਸਬੰਧੀ ਕੰਮ ਕਰਦੇ ਆ ਰਹੇ ਵਿਗਿਆਨੀਆਂ ਦਾ ਵਿਚਾਰ ਹੈ ਕਿ ਲੱਖਾਂ ਸਾਲ ਪਹਿਲਾਂ ਅਫਰੀਕਾ ਦੀ ਰਿਫਟ ਵੈਲੀ ਵਿੱਚ ਵਣਮਾਣਸਾਂ ਤੋਂ ਵਿਕਸਤ ਹੋਈ ਮਨੁੱਖੀ ਨਸਲ ਦੁਨੀਆਂ ਦੇ ਵੱਖ-ਵੱਖ ਖਿੱਤਿਆਂ ਤੱਕ ਫੈਲੀ ਅਤੇ ਆਪਣੀ ਨਸਲ ਦਾ ਅਗਾਂਹ ਵਾਧਾ ਕਰਨ ਲੱਗੀ। ਉਸ ਸਮੇਂ ਵੀ ਬਹੁਤ ਸਾਰੇ ਜੰਗਲੀ ਜੀਵ ਸਨ ਜੋ ਮਨੁੱਖ ਨਾਲੋਂ ਕਿਤੇ ਵੱਧ ਤਾਕਤਵਰ ਸਨ। ਇਹ ਉਹ ਸਮਾਂ ਸੀ ਜਦੋਂ ਧਰਤੀ 'ਤੇ ਜੀਵਾਂ ਦੀਆਂ ਕਈ ਨਸਲਾਂ ਪੈਦਾ ਹੋਈਆਂ ਅਤੇ ਲੰਮੇ ਜੀਵ ਸੰਘਰਸ਼ਾਂ 'ਚੋਂ ਕਈਆਂ ਦਾ ਖਾਤਮਾ ਵੀ ਹੋਇਆ। ਜੀਵਾਂ ਦੇ ਇਸ ਕੁਦਰਤੀ ਸੰਘਰਸ਼ 'ਚੋਂ ਮਨੁੱਖ ਨਾਮ ਦਾ ਜੀਵ ਜੇਤੂ ਹੋ ਕੇ ਨਿਕਲਿਆ। ਸਰੀਰਕ ਪੱਖੋਂ ਇਸ ਦਾ ਬਹੁਤ ਸਾਰੇ ਜੰਗਲੀ ਜੀਵਾਂ ਨਾਲ ਕੋਈ ਮੁਕਾਬਲਾ ਭਾਵੇਂ ਨਹੀਂ ਸੀ ਪਰ ਦਿਮਾਗੀ ਪੱਖੋਂ ਇਹ ਦੂਜੇ ਜੀਵਾਂ ਨਾਲ ਕੁਝ ਵੱਧ ਚੇਤਨ ਸੀ। ਇਹੋ ਦਿਮਾਗੀ ਸੂਝ ਨੇ ਹੀ ਇਸ ਨੂੰ ਧਰਤੀ ਦਾ ਸਭ ਤੋਂ ਸ੍ਰੇਸ਼ਠ ਜੀਵ ਬਣਾ ਦਿੱਤਾ ਅਤੇ ਇਹ ਦੂਜੇ ਜਾਨਵਰਾਂ ਦਾ ਵੀ ਮਾਲਕ ਬਣ ਗਿਆ। ਉਸ ਸਮੇਂ ਧਰਤੀ 'ਤੇ ਮਨੁੱਖਾਂ ਦੀ ਗਿਣਤੀ ਭਾਵੇਂ ਬਹੁਤ ਥੋੜ੍ਹੀ ਸੀ ਪਰ ਸੂਝ-ਸਮਝ ਨੇ ਇਸ ਨੂੰ ਆਪਣੀ ਨਸਲ ਦਾ ਤੇਜ਼ੀ ਨਾਲ ਵਾਧਾ ਕਰਨ ਵਿੱਚ ਮਦਦ ਕੀਤੀ। ਮਨੁੱਖ ਦੀ ਸਮਝ ਹੋਰ ਵਧੀ ਤਾਂ ਇਸ ਨੇ ਬਹੁਤ ਸਾਰੇ ਜੀਵਾਂ ਨੂੰ ਪਾਲਤੂ ਬਣਾ ਲਿਆ ਅਤੇ ਇਨ੍ਹਾਂ ਤੋਂ ਕਈ ਤਰ੍ਹਾਂ ਦੇ ਕੰਮ ਵੀ ਲੈਣ ਲੱਗ ਪਿਆ।

ਮਨੁੱਖ ਕੋਲ ਵਿਚਾਰਾਂ, ਫੁਰਨਿਆਂ ਅਤੇ ਸੁਪਨਿਆਂ ਦੀ ਅਦਭੁੱਤ ਤਾਕਤ ਸੀ, ਜਿਸ ਸਦਕਾ ਮਨੁੱਖੀ ਸਭਿਅਤਾ ਵਿਕਾਸ ਕਰਦੀ ਕਰਦੀ ਅੱਜ ਦੇ ਕੰਪਿਊਟਰ ਯੁੱਗ ਤੱਕ ਪਹੁੰਚੀ ਹੈ। ਵੱਖ-ਵੱਖ ਸਮੇਂ ਦੌਰਾਨ ਦੁਨੀਆਂ ਵਿੱਚ ਬਹੁਤ ਸਾਰੇ ਵਿਚਾਰਕ, ਵਿਦਵਾਨ ਅਤੇ ਫ਼ਿਲਾਸਫਰ ਪੈਦਾ ਹੋਏ ਜਿਨ੍ਹਾਂ ਦੇ ਵਿਚਾਰਾਂ ਨੇ ਦੁਨੀਆਂ ਨੂੰ ਨਵੀਂ ਦਿਸ਼ਾ ਦਿੱਤੀ। ਸੁਕਰਾਤ, ਪਲੈਟੋ, ਅਰਸਤੂ, ਕਨਫਿਊਸ਼ੀਅਸ਼, ਗੌਤਮ ਬੁੱਧ, ਗੁਰੂ ਨਾਨਕ ਦੇਵ ਜੀ, ਨੀਤਸ਼ੇ, ਮਾਰਕਸ, ਫਰਾਇਡ ਆਦਿ ਸ਼ਖਸੀਅਤਾਂ ਨੇ ਆਪਣੀ ਨਿਵੇਕਲੀ ਸੋਚ ਨਾਲ ਦੁਨੀਆਂ ਨੂੰ ਪ੍ਰਭਾਵਿਤ ਕੀਤਾ। ਰੂੜੀਵਾਦੀ ਧਾਰਨਾਵਾਂ ਨੂੰ ਤੋੜਿਆ ਅਤੇ ਦੁਨੀਆਂ ਨੂੰ ਨਵੇਂ ਵਿਚਾਰ ਦਿੱਤੇ।


ਸਮੇਂ ਦੇ ਹਰ ਦੌਰ ਵਿੱਚ ਮਨੁੱਖ ਦੇ ਸੋਚਣ-ਵਿਚਾਰਨ ਦਾ ਢੰਗ ਬਦਲਦਾ ਆਇਆ ਹੈ। ਵਿਗਿਆਨਕ ਖੋਜਾਂ ਅਤੇ ਤਕਨੀਕੀ ਵਿਕਾਸ ਨਾਲ ਜਿੱਥੇ ਮਨੁੱਖ ਦਾ ਰਹਿਣ-ਸਹਿਣ ਉੱਕਾ ਹੀ ਤਬਦੀਲ ਹੋ ਗਿਆ, ਉੱਥੇ ਸਦੀਆਂ ਪੁਰਾਣੀਆਂ ਮਿੱਥਾਂ ਵੀ ਟੁੱਟ ਰਹੀਆਂ ਹਨ। ਸਦੀਆਂ ਤੋਂ ਮਨੁੱਖੀ ਸਰੀਰ ਸਬੰਧੀ ਸਾਡੀ ਲੋਕਧਾਰਾ ਕਹਿੰਦੀ ਆਈ ਹੈ ਕਿ 'ਤੇਰਾ ਚੰਮ ਨਹੀਂ ਕਿਸੇ ਕੰਮ ਆਉਣਾ ਪਸ਼ੂਆਂ ਦੇ ਹੱਡ ਵਿਕਦੇ"ਪਰ ਅੱਜ ਸਥਿਤੀ ਬਦਲ ਗਈ ਹੈ। ਮਨੁੱਖੀ ਅੰਗ ਦੂਜਿਆਂ ਦੇ ਕੰਮ ਆਉਣ ਲੱਗ ਪਏ ਹਨ। ਮਨੁੱਖ ਦਾ ਖੂਨ, ਅੱਖਾਂ, ਗੁਰਦੇ, ਫੇਫੜੇ ਅਦਿ ਦੂਜਿਆਂ ਦੇ ਕੰਮ ਆ ਸਕਦੇ ਹਨ। ਇਸ ਵਿਸ਼ੇ 'ਤੇ ਹੋਰ ਵੀ ਖੋਜ ਲਗਾਤਾਰ ਜਾਰੀ ਹੈ। ਹੁਣ ਤੱਕ ਅਸੀਂ ਆਪਣੇ ਧਾਰਮਿਕ ਗ੍ਰੰਥਾਂ ਸ਼ਾਸਤਰਾਂ ਵਿੱਚ ਪੜ੍ਹਦੇ ਆਏ ਹਾਂ ਕਿ 'ਮਾਂ ਦੀ ਕੁੱਖ ਇੱਕ ਤਰ੍ਹਾਂ ਦਾ ਕੁੰਭੀ ਨਰਕ ਹੁੰਦੀ ਹੈ ਜਿਸ ਵਿੱਚ ਪੁੱਠਾ ਲਟਕਿਆ ਜੀਵ ਰੱਬ ਅੱਗੇ ਅਰਜੋਈਆਂ ਕਰਦਾ ਹੈ ਕਿ ਮੈਨੂੰ ਇਸ ਕੁੰਭੀ ਨਰਕ 'ਚੋਂ ਬਾਹਰ ਕੱਢ ਮੈਂ ਬਾਹਰ ਆ ਕੇ ਤੇਰਾ ਨਾਮ ਜਪਾਂਗਾ। ਪਰ ਜਨਮ ਲੈਣ ਉਪਰੰਤ ਜੀਵ ਦੁਨੀਆਂ ਦੇ ਰੰਗ-ਤਮਾਸ਼ਿਆਂ ਵਿੱਚ ਗਲਤਾਨ ਹੋ ਜਾਂਦਾ ਹੈ।' ਵਿਗਿਆਨ ਨੇ ਅੱਜ ਸਾਨੂੰ ਦੱਸਿਆ ਹੈ ਕਿ ਮਾਂ ਦੀ ਕੁੱਖ ਜਿਸ 'ਚੋਂ ਗੁਰੂ, ਪੀਰ, ਪੈਗੰਬਰ ਅਤੇ ਮਹਾਂਨਾਇਕ ਜਨਮੇ ਉਹ ਕੁੰਭੀ ਨਰਕ ਨਹੀਂ ਬਲਕਿ ਪਵਿੱਤਰ ਹੈ। ਮਾਂ ਦੀ ਕੁੱਖ ਵਿੱਚ ਬੱਚਾ ਮੰਦ-ਮੰਦ ਮੁਸਕਰਾਉਂਦਾ ਹੈ। ਆਪਣੇ ਆਪ ਨੂੰ ਬੇਹੱਦ ਸੁਰੱਖਿਅਤ ਮਹਿਸੂਸ ਕਰਦਾ ਹੈ। ਉਹਦੇ ਦੁਆਲੇ ਇੱਕ ਝਿੱਲੀਦਾਰ ਪਰਦਾ ਹੈ। ਉਹਦੇ ਮੂੰਹ ਵਿੱਚ ਗੰਦ-ਮੰਦ ਨਹੀਂ ਜਾਂਦਾ ਬਲਕਿ ਉਹ ਨਾੜੂਏ ਰਾਹੀਂ ਆਪਣੀ ਖੁਰਾਕ ਲੈ ਰਿਹਾ ਹੁੰਦਾ ਹੈ। ਹੁਣ ਮਾਂ ਦੇ ਗਰਭ ਵਿੱਚ ਬੱਚੇ ਨੂੰ ਵਿਚਰਦਿਆਂ ਦੇਖਿਆ ਜਾ ਸਕਦਾ ਹੈ।

ਇਸ ਤਰ੍ਹਾਂ ਮਨੁੱਖੀ ਸਭਿਅਤਾ ਯੁੱਗਾਂ ਤੋਂ ਲਗਾਤਾਰ ਵਿਕਾਸ ਕਰਦੀ ਆਈ ਹੈ। ਇਹ ਗਤੀ ਹੁਣ ਪਹਿਲਾਂ ਦੇ ਮੁਕਾਬਲੇ ਬੇਹੱਦ ਤੇਜ਼ ਹੋ ਗਈ ਹੈ। ਸਮਾਜਿਕ ਵਰਤਾਰਿਆ ਵਿੱਚ ਪੁਰਾਤਨ ਰੂੜੀਵਾਦੀ ਧਾਰਨਾਵਾਂ ਟੁੱਟਦੀਆਂ ਹਨ। ਕੁਝ ਨਵੀਂ ਤਰ੍ਹਾਂ ਅੰਧ-ਵਿਸ਼ਵਾਸ ਵੀ ਜਨਮ ਲੈ ਰਹੇ ਹਨ। ਮਿਸਾਲ ਵਜੋਂ ਅੱਜ ਵੱਖ-ਵੱਖ ਕੰਪਨੀਆਂ ਕਰਾਮਾਤੀ ਯੰਤਰ ਪ੍ਰੋਡਕਟ ਬਣਾ ਕੇ ਭੋਲੇ-ਭਾਲੇ ਲੋਕਾਂ ਨੂੰ ਲੁੱਟ ਰਹੀਆਂ ਹਨ। ਵਿਗਿਆਨਕ ਵਿਕਾਸ ਦੇ ਨਾਲ ਮਨੁੱਖ ਦੇ ਵਿਚਾਰਾਂ ਦਾ ਵਿਕਾਸ ਹੋਣਾ ਵੀ ਬੜਾ ਜ਼ਰੂਰੀ ਹੈ ਪਰ ਕੱਟੜ ਰੂੜੀਵਾਦੀ ਤਾਕਤਾਂ ਨਵੇਂ ਵਿਚਾਰਾਂ ਨੂੰ ਬਰਦਾਸ਼ਤ ਨਹੀਂ ਕਰਦੀਆਂ। ਜੇਕਰ ਵਿਕਾਸ ਦੇ ਨਾਲ-ਨਾਲ ਮਨੁੱਖ ਦੀ ਸੋਚ-ਵਿਚਾਰ ਦਾ ਵਿਕਾਸ ਨਹੀਂ ਹੁੰਦਾ ਤਾਂ ਵਿਗਿਆਨਕ ਖੋਜਾਂ ਵੀ ਸਮਾਜ ਲਈ ਵਿਨਾਸ਼ਕਾਰੀ ਸਾਬਤ ਹੋ ਸਕਦੀਆਂ। ਗ਼ਲਤ ਸੋਚ ਵਾਲੇ ਮਨੁੱਖਾਂ ਦੇ ਹੱਥਾਂ ਵਿੱਚ ਜਾਣ ਨਾਲ ਇਨ੍ਹਾਂ ਦੀ ਗ਼ਲਤ ਵਰਤੋਂ ਹੋਣੀ ਸ਼ੁਰੂ ਹੋ ਜਾਂਦੀ ਹੈ। ਨਵੇਂ ਵਿਚਾਰਾਂ ਦਾ ਹਰ ਯੁੱਗ ਵਿੱਚ ਵਿਰੋਧ ਹੁੰਦਾ ਆਇਆ ਹੈ। ਦੁਨੀਆਂ ਦੇ ਜਿਹੜੇ ਖਿੱਤਿਆਂ ਵਿੱਚ ਰੂੜੀਵਾਦੀ ਤਾਕਤਾਂ ਵਧੇਰੇ ਸ਼ਕਤੀਸ਼ਾਲੀ ਰਹੀਆਂ, ਉੱਥੇ-ਉੱਥੇ ਜੀਵਨ ਪਛੜ ਗਿਆ। ਉਹ ਸਮਾਜ ਬਹੁਤ ਵੱਡੇ ਵਿਚਾਰਕ, ਵਿਦਵਾਨ, ਲੇਖਕ ਅਤੇ ਵਿਗਿਆਨੀ ਨਹੀਂ ਪੈਦਾ ਕਰ ਸਕੀਆਂ। ਇਸ ਦੇ ਉਲਟ ਜਿੱਥੇ-ਜਿੱਥੇ ਪੁਰਾਣੇ ਵੇਲਿਆਂ ਵਿੱਚ ਵੀ ਆਪਣੇ ਵਿਚਾਰ ਪਰਗਟ ਕਰਨ ਦੀ ਕੁਝ ਆਜ਼ਾਦੀ ਸੀ, ਉੱਥੇ ਬੜੇ ਉਤਮ ਦਰਜੇ ਦਾ ਸਾਹਿਤ ਰਚਿਆ ਗਿਆ। ਪਿਛਲੇ ਕੁਝ ਅਰਸੇ ਦੌਰਾਨ ਯੂਰਪੀਨ ਦੇਸ਼ਾਂ ਵਿੱਚ ਹੋਈਆਂ ਬਿਜਲੀ, ਟੈਲੀਫੋਨ, ਸਿਨੇਮਾ, ਟੀ.ਵੀ. ਅਤੇ ਮੋਬਾਈਲ ਫੋਨ ਆਦਿ ਵਿਗਿਆਨਕ ਖੋਜਾਂ ਨੇ ਮਨੁੱਖੀ ਜੀਵਨ ਦਾ ਮੂੰਹ-ਮੁਹਾਂਦਰਾ ਹੀ ਬਦਲ ਦਿੱਤਾ। ਮਨੁੱਖ ਦੇ ਸੋਚਣ-ਵਿਚਾਰਨ ਅਤੇ ਧਰਤੀ ਦੇ ਵਿਚਰਣ ਦਾ ਢੰਗ ਬਦਲਿਆ ਹੈ। ਇਸ ਤਰ੍ਹਾਂ ਚਾਹੀਦਾ ਤਾਂ ਇਹ ਹੈ ਮਨੁੱਖੀ ਵਿਕਾਸ ਦੇ ਨਾਲ-ਨਾਲ ਮਨੁੱਖ ਦੀ ਸੋਚ-ਵਿਚਾਰ ਦਾ ਵੀ ਵਿਕਾਸ ਹੋਣਾ ਚਾਹੀਦਾ ਹੈ ਪਰ ਮਨੁੱਖ ਨੂੰ ਹਨੇਰੇ ਵਿੱਚ ਰੱਖਣ ਵਾਲੀਆਂ ਰੂੜੀਵਾਦੀ ਤਾਕਤਾਂ ਸਦੀਆਂ ਤੋਂ ਮਨੁੱਖੀ ਸੋਚ ਨੂੰ ਪੁਰਾਤਨ ਧਾਰਨਾਵਾਂ ਦੇ ਸੰਗਲਾਂ ਨਾਲ ਬੰਨ੍ਹ ਕੇ ਰੱਖਣ ਦੀ ਕੋਸ਼ਿਸ਼ ਕਰਦੀਆਂ ਆਈਆਂ ਹਨ। ਦੁਨੀਆਂ ਭਰ ਵਿੱਚ ਜਿੱਥੇ-ਜਿੱਥੇ ਮਨੁੱਖੀ ਸੋਚ ਰੂੜੀਵਾਦੀ ਧਾਰਨਾਵਾਂ ਤੋਂ ਮੁਕਤ ਨਹੀਂ ਹੁੰਦੀ ਤਾਂ ਉੱਥੇ ਵਿਕਾਸ ਵੀ ਇੱਕ ਤਰ੍ਹਾਂ ਨਾਲ ਵਿਨਾਸ਼ ਹੀ ਸਾਬਤ ਸਿੱਧ ਹੁੰਦਾ ਹੈ ਅਤੇ ਇਸ ਦਾ ਫਾਇਦਾ ਹਮੇਸ਼ਾ ਮੁੱਠੀ ਭਰ ਲੋਕਾਂ ਨੂੰ ਹੀ ਹੁੰਦਾ ਹੈ ਸਗੋਂ ਰਾਜ ਕਰਦੀਆਂ ਤਾਕਤਾਂ ਲੋਕਾਂ ਲਈ ਵਿਕਾਸ ਦੇ 'ਹਵਾਈ ਮਹਿਲ' ਉਸਾਰ ਕੇ ਉਨ੍ਹਾਂ ਦੀਆਂ ਸਮੱਸਿਆਵਾਂ ਤੋਂ ਵੀ ਕਮਾਈਆਂ ਕਰ ਜਾਂਦੀਆਂ ਹਨ।



ਧਰਮ ਅਸਥਾਨਾਂ ਅਤੇ ਡੇਰਿਆਂ 'ਤੇ ਲਗਾਤਾਰ ਵਧ ਰਹੀਆਂ ਭੀੜਾਂ ਦੱਸਦੀਆਂ ਹਨ ਕਿ ਸਮਾਜ ਦੀ ਬਹੁਗਿਣਤੀ ਬੌਧਿਕ ਪੱਖੋਂ ਲਗਾਤਾਰ ਕੰਗਾਲ ਹੋ ਰਹੀ ਹੈ। ਚੰਗੀਆਂ ਕਿਤਾਬਾਂ, ਮੈਗਜ਼ੀਨ, ਅਖਬਾਰ ਅਤੇ ਟੈਲੀਵਿਜ਼ਨ ਦੇ ਚੰਗੇ ਪ੍ਰੋਗਰਾਮ ਪ੍ਰਸਾਰਿਤ ਕਰਕੇ ਸਮਾਜ ਦੀ ਸੋਚ ਨੂੰ ਬਦਲਿਆ ਜਾ ਸਕਦਾ ਹੈ। ਸੰਕੀਰਨ ਦਾਇਰਿਆਂ ਨੂੰ ਤੋੜ ਕੇ ਬਹੁ-ਗਿਣਤੀ ਲੋਕਾਂ ਦੀ ਸੋਚ ਨੂੰ ਮਾਨਵਵਾਦੀ ਸੋਚ ਬਣਾਇਆ ਜਾ ਸਕਦਾ ਹੈ। ਚੰਗੇ ਅਤੇ ਨਵੇਂ-ਨਵੇਂ ਵਿਚਾਰ ਗ੍ਰਹਿਣ ਕਰਦੇ ਰਹਿਣ ਨਾਲ ਜ਼ਿੰਦਗੀ ਵਧੇਰੇ ਮਾਨਣਯੋਗ ਹੋ ਜਾਂਦੀ ਹੈ। ਇਸ ਲਈ ਸਾਨੂੰ ਸਭ ਨੂੰ ਚਾਹੀਦਾ ਹੈ ਕਿ ਆਪਣੇ ਦਿਮਾਗਾਂ ਦੇ ਦਰ ਖੁੱਲ੍ਹੇ ਰੱਖ ਕੇ ਨਵੇਂ ਵਿਚਾਰਾਂ ਨੂੰ ਪ੍ਰਵੇਸ਼ ਹੋਣ ਦੇਈਏ। ਨਵੇਂ ਵਿਚਾਰਾਂ ਦੀ ਰੋਸ਼ਨੀ ਵਿੱਚ ਰੂੜੀਵਾਦੀ ਧਾਰਨਾਵਾਂ ਦੀ ਧੁੰਦ ਆਪਣੇ ਆਪ ਬਿਖਰਣ ਲੱਗ ਪੈਂਦੀ ਹੈ। ਨਵੇਂ ਵਿਚਾਰ ਸਾਡੀਆਂ ਸੋਚਾਂ ਨੂੰ ਵਿਸ਼ਾਲਤਾ ਬਖਸ਼ਦੇ ਹਨ। ਸਾਡੇ ਵਿਹਾਰ ਨੂੰ ਤਬਦੀਲ ਕਰਦੇ ਹਨ। ਸਾਨੂੰ ਹਰ ਵਰਤਾਰੇ ਨੂੰ ਦੇਖਣ, ਸਮਝਣ ਅਤੇ ਪਰਖਣ ਦੀ ਦ੍ਰਿਸ਼ਟੀ ਮਿਲ ਜਾਂਦੀ ਹੈ। ਸਾਡੀ ਸੋਚ ਧਰਮਾਂ, ਮਜ਼੍ਹਬਾਂ ਅਤੇ ਸੰਪਰਦਾਵਾਂ ਦੇ ਦਾਇਰਿਆਂ ਨੂੰ ਉਲੰਘ ਕੇ ਮਨਾਵਵਾਦੀ ਸੋਚ ਬਣ ਜਾਂਦੀ ਹੈ। ਮਾਨਵਵਾਦੀ ਫਲਸਫਾ ਮਨੁੱਖ ਜਾਤੀ ਦੇ ਹਰ ਤਰ੍ਹਾਂ ਦੀਆਂ ਮੁਸ਼ਕਲਾਂ, ਸਮੱਸਿਆਵਾਂ ਦਾ ਹੱਲ ਹੈ। ਇਹੋ ਫਲਸਫਾ ਸਾਡੇ ਸਮਿਆਂ ਦੀ ਸਭ ਤੋਂ ਵੱਡੀ ਲੋੜ ਵੀ ਹੈ।

98550-51090





# ਕ੍ਰਾਂਤੀਕਾਰੀ ਕਵੀ ਪਾਸ਼



ਡਾ. ਸੁਰਿੰਦਰ ਧੰਜਲ

*(21 ਮਾਰਚ 2014 ਨੂੰ 106.7 ਰੈੱਡ ਐੱਫ ਐੱਮ ਰੇਡੀਓ ਕੈਲਗਰੀ ਦੇ ਸੰਚਾਲਕ ਰਿਸ਼ੀ ਨਾਗਰ ਨਾਲ ਹੋਈ ਗੱਲਬਾਤ ਤੇ ਆਧਾਰਿਤ)*

**? ਪਾਸ਼ ਕੌਣ ਸੀ ?**

– ਬਹੁਤ ਸਾਰੇ ਕਵੀ ਕ੍ਰਾਂਤੀ ਨਾਲ ਉਸ ਸਮੇਂ ਜੁੜਦੇ ਨੇ ਜਦੋਂ ਉਹ ਪਕਰੌੜ ਉਮਰ ਵਿਚ ਆਉਂਦੇ ਨੇ। ਪਰ ਪਾਸ਼ ਛੋਟੀ ਉਮਰ ਵਿਚ ਹੀ ਆਪਣੇ ਪਹਿਲੇ ਕਾਵਿ ਸੰਗ੍ਰਹਿ ਨਾਲ ਹੀ ਕ੍ਰਾਂਤੀਕਾਰੀ ਕਵੀਆਂ ਵਿਚ ਸ਼ਾਮਿਲ ਹੋ ਜਾਂਦਾ ਹੈ, 1950 ਵਿਚ ਜਨਮ ਲੈਣ ਪਿੱਛੋਂ ਚੜ੍ਹਦੀ ਜਵਾਨੀ ਵਿਚ ਹੀ ਉਹ ਕ੍ਰਾਂਤੀਕਾਰੀ ਹੋ ਗਿਆ ਸੀ। ਭਾਵ ਅਰਥ ਹੈ ਕਿ ਕ੍ਰਾਂਤੀਦੀ ਵਿਚਾਰਧਾਰਾ ਦੀ ਮਹੱਤਤਾ ਨੂੰ ਉਹ ਗਭਰੂਟ ਉਮਰੇ ਹੀ ਸਮਝ ਚੁੱਕਿਆ ਸੀ। ਆਪਣੇ ਕਤਲ ਹੋਣ ਤੱਕ ਉਹ ਕ੍ਰਾਂਤੀ ਨਾਲ ਜੁੜਿਆ ਰਿਹਾ। ਬੜੀ ਸ਼ਿੱਦਤ ਨਾਲ ਰੋਹ–ਵਿਦਰੋਹ ਵਿਚ ਸ਼ਾਮਿਲ ਰਿਹਾ। 20ਵੀਂ ਸਦੀ ਦਾ ਕੋਈ ਵੀ ਹੋਰ ਪੰਜਾਬੀ ਕਵੀ ਪਾਸ਼ ਜਿੰਨੀ ਛੋਟੀ ਉਮਰ ਵਿਚ ਕ੍ਰਾਂਤੀਕਾਰੀਸ਼ਬਦ ਨਾਲ਼ ਇਕ–ਮਿਕ ਨਹੀਂ ਹੋ ਸਕਿਆ। ਸੋ ਪਾਸ਼ ਮੁੱਖ ਤੌਰ ਤੇ ਕ੍ਰਾਂਤੀਕਾਰੀ ਕਵੀ ਸੀ। ਉਸ ਵਿਚ ਵਿਚਾਰਧਾਰਾ ਅਤੇ ਮੌਲਿਕਤਾ ਦਾ ਸੁਮੇਲ ਸੀ, ਰਾਜਨੀਤੀ ਅਤੇ ਕਵਿਤਾ ਦਾ ਸ਼ਿੱਦਤ ਭਰਪੂਰ ਸੁਮੇਲ ਉਸ ਅੰਦਰ ਭਰਿਆ ਹੋਇਆ ਸੀ। ਇਸ ਕਰਕੇ ਉਹ ਪੰਜਾਬੀ ਦੇ ਨੌਂ ਮੋਢੀ ਕਵੀਆਂ ਵਿਚੋਂ ਇੱਕ, ਅਤੇ ਬਹੁਤ ਛੋਟੀ ਉਮਰ ਵਿਚ ਕ੍ਰਾਂਤੀਕਾਰੀ ਵਿਚਾਰਧਾਰਾ ਵਾਲਾ, ਆਕ੍ਰੋਸ਼ ਭਰੀ ਕਵਿਤਾ ਲਿਖਣ ਵਾਲਾ ਕਵੀ ਬਣ ਗਿਆ। ਪੰਜਾਬੀ ਕ੍ਰਾਂਤੀਕਾਰੀ ਕਵਿਤਾ ਦੇ ਨੌਂ ਮੋਢੀ ਕਵੀ – ਪਾਸ਼, ਲਾਲ ਸਿੰਘ ਦਿਲ, ਸੰਤ ਰਾਮ ਉਦਾਸੀ, ਹਰਭਜਨ ਹਲਵਾਰਵੀ, ਗੁਰਦੀਪ ਗਰੇਵਾਲ, ਦਰਸ਼ਨ ਖਟਕੜ, ਅਮਰਜੀਤ ਚੰਦਨ, ਵਰਿਆਮ ਸੰਧੂ, ਅਤੇ ਸੰਤ ਸੰਧੂ – 1970ਵਿਆਂ ਦੇ ਅਰੰਭ ਦੀ ਸਾਡੀ ਲੇਖਕ–ਪੀੜ੍ਹੀ ਦੇ ਨਾਇਕ ਸਨ।

**ਪਾਸ਼ ਕ੍ਰਾਂਤੀਕਾਰੀ ਕਿਉਂ ਬਣਿਆ ?**

– ਜਦੋਂ ਆਪਣੇ ਆਲੇ–ਦੁਆਲੇ ਬਾਰੇ ਕੋਈ ਸ਼ਿੱਦਤ ਨਾਲ਼ ਇਹ ਮਹਿਸੂਸ ਕਰੇ ਕਿ ਜਿਹੜੀ ਜ਼ਿੰਦਗੀ ਉਹ ਜਿਉਂ ਰਹੇ ਨੇ, ਉਹ ਜਿਉਂਣ ਯੋਗ ਨਹੀਂ ਹੈ, ਰਾਜਨੀਤਕ–ਸਮਾਜਿਕ–ਆਰਥਿਕ ਢਾਂਚਾ ਤੁਹਾਡੇ ਸੁਪਨਿਆਂ, ਕਲਪਨਾ ਦੀਆਂ ਉਡਾਣਾਂ ਨੂੰ ਬੁਰੇ ਤਰੀਕੇ ਨਾਲ ਆਪਣੀ ਮੰਜ਼ਿਲ ਤੇ ਪੁੱਜਣ ਤੋਂ ਰੋਕ ਰਿਹਾ ਹੈ, ਆਮ ਆਦਮੀ ਨੂੰ ਉਸ ਦਾ ਹੱਕ ਨਹੀਂ ਮਿਲਦਾ, ਫਿਰ ਖ਼ਾਹਸ਼ ਹੁੰਦੀ ਹੈ ਕਿ ਜਾਂ ਇਸ ਢਾਂਚੇ ਨੂੰ ਸਵੀਕਾਰ ਕਰ ਲਓ ਜਾਂ ਇਸ ਦੇ ਵਿਰੁੱਧ ਸੰਘਰਸ਼ ਕਰੋ। ਜਿੱਨੀ ਛੇਤੀ ਅਤੇ ਸ਼ਿੱਦਤ ਨਾਲ ਕੋਈ ਵਿਦਰੋਹ ਅਤੇ ਸੰਘਰਸ਼ ਦਾ ਰਸਤਾ ਅਪਣਾਉਂਦਾ ਹੈ, ਉਨ੍ਹਾਂ ਛੇਤੀ ਉਹ ਕ੍ਰਾਂਤੀਕਾਰੀ ਬਣ ਜਾਂਦਾ ਹੈ। ਪਾਸ਼ ਵੀ ਇੰਜ ਹੀ ਕ੍ਰਾਂਤੀਕਾਰੀ ਬਣ ਗਿਆ।

**ਕੀ 80ਵਿਆਂ ਦੇ ਦਹਾਕੇ ਦੇ ਹਾਲਾਤ ਉਸ ਦੀ ਕ੍ਰਾਂਤੀਕਾਰੀ ਸੋਚ ਦਾ ਕਾਰਨ ਬਣੇ ?**

– ਨਹੀਂ, ਪੰਜਾਬ ਦੀ 80ਵਿਆਂ ਦੇ ਦਹਾਕੇ ਦੀ ਦਹਿਸ਼ਤ ਪਾਸ਼ ਦੇ ਜੀਵਨ ਵਿਚ ਨਵਾਂ ਮੋੜ ਦੇਣ ਵਾਲੀ ਦੂਜੀ ਵੱਡੀ ਘਟਨਾ ਸੀ ਜਾਂ ਪਾਸ਼ ਦੇ ਕ੍ਰਾਂਤੀਕਾਰੀ ਹੋਣ ਦਾ ਦੂਜਾ ਕਾਰਨ ਸੀ, ਪਹਿਲਾ ਨਹੀਂ ਸੀ। ਪਾਸ਼ ਅਸਲ ਵਿਚ ਹਕੂਮਤੀ ਅਤੇ ਫਿਰਕੂ ਦਹਿਸ਼ਤਗਰਦੀ ਦੋਵਾਂ ਦਾ ਵਿਰੋਧੀ ਸੀ। ਜੇ ਕੇਵਲ ਇਹ ਕਿਹਾ ਜਾਵੇ ਕਿ ਉਹ ਸਟੇਟ ਟੈਰੇਰਿਜ਼ਮ ਜਾਂ ਹਕੂਮਤੀ ਦਹਿਸ਼ਤਗਰਦੀ ਦਾ ਵਿਰੋਧੀ ਸੀ, ਤਾਂ ਇਹ ਉਸ ਦੀ ਸ਼ਖ਼ਸੀਅਤ ਦਾ ਅਧੂਰਾ ਪੱਖ ਹੈ। ਇਹ ਗੱਲ ਜਾਣੇ–ਅਣਜਾਣੇ, ਫਿਰਕੂ ਦਹਿਸ਼ਤਗਰਦਾਂ ਦੇ ਹੱਕ ਵਿਚ ਭੁਗਤਦੀ ਹੈ। ਜੇ ਕੇਵਲ ਇਹ ਕਹੋਂ ਕਿ ਪਾਸ਼ ਫਿਰਕੂ ਦਹਿਸ਼ਤਗਰਦੀ ਦੇ ਵਿਰੁੱਧ ਸੀ, ਤਾਂ ਫਿਰ ਇਹ ਗੱਲ ਹਕੂਮਤੀ ਦਸ਼ਿਤਗਰਦਾਂ ਨੂੰ ਪੱਠੇ ਪਾਉਂਦੀ ਹੈ। ਪੂਰੇ ਸੱਚ ਦਾ ਪਿਛੋਕੜ ਇਹ ਹੈ ਕਿ ਪਾਸ਼ ਪਹਿਲੇ ਕਾਵਿ–ਸੰਗ੍ਰਹਿ ਲੋਹ ਕਥਾਨਾਲ ਜਦੋਂ ਸਾਡੇ ਸਾਹਮਣੇ ਆਉਂਦਾ ਹੈ ਤਾਂ 1970 ਵਿਚ ਉਸ ਸਮੇਂ ਉਹ 20 ਸਾਲ ਤੋਂ ਘੱਟ ਉਮਰ ਦਾ ਸੀ ਤੇ ਜੇਲ੍ਹ ਵਿਚ ਸੀ। ਉਡਦੇ ਬਾਜ਼ਾਂ ਮਗਰ(1974) ਉਸ ਦਾ ਦੂਜਾ ਕਾਵਿ–ਸੰਗ੍ਰਹਿ ਸੀ, ਅਤੇ ਸਾਡੇ ਸਮਿਆਂ ਵਿਚ ਤੀਜਾ, ਜੋ ਸਤੰਬਰ 1978 ਵਿਚ ਉਸਦੇ ਜਿਉਂਦੇ ਜੀਅ ਛਪਿਆ ਸੀ। ਸੋ ਪਾਸ਼ ਨੂੰ ਕ੍ਰਾਂਤੀਕਾਰੀ ਕਵਿਤਾ ਦੇ ਨਾਲ ਜੋੜਨ ਵਾਲਾ ਫਿਰਕੂ ਦਹਿਸ਼ਤਵਾਦ ਨਹੀਂ ਸੀ, ਸਗੋਂ ਹਕੂਮਤੀ ਦਹਿਸ਼ਤਵਾਦ ਸੀ। ਇਸ ਬਾਰੇ ਇਹ ਦੱਸਣਾ ਜ਼ਰੂਰੀ ਹੈ ਕਿ ਜਦੋਂ ਪਾਸ਼ ਪੰਜਾਬੀ ਕਵਿਤਾ ਦੇ ਦ੍ਰਿਸ਼ ਉੱਪਰ ਨਜ਼ਰ ਆਉਂਦਾ ਹੈ ਤਾਂ ਉਸ ਸਮੇਂ ਨਕਸਲਬਾੜੀ ਲੋਕ ਲਹਿਰ ਚੱਲ ਰਹੀ ਸੀ, ਇਸੇ ਕਰਕੇ ਉਸਦੀ ਕਵਿਤਾ ਵਿਚ ਇਸੇ ਦੌਰ ਦਾ ਜਲੌਅ ਨਜ਼ਰ ਆਉਂਦਾ ਹੈ। ਜਦੋਂ 70ਵਿਆਂ ਦੇ ਅੰਤ ਵਿਚ ਤੇ 80ਵਿਆਂ ਦੇ ਸ਼ੁਰੂ ਵਿਚ ਫਿਰਕੂ ਦਹਿਸ਼ਤਵਾਦ ਪੰਜਾਬ ਵਿਚ ਆਉਂਦਾ ਹੈ, ਅਤੇ ਲੋਕ ਫਿਰਕੂ ਤੇ ਹਕੂਮਤੀ ਦਹਿਸ਼ਤਵਾਦ ਦੇ ਦੋ ਪੁੜਾਂ ਵਿਚਕਾਰ ਪੀਸੇ ਜਾਣ ਲੱਗਦੇ ਹਨ, ਉਸ ਸਮੇਂ ਪਾਸ਼ ਨੇ ਸ਼ਿੱਦਤ ਨਾਲ ਮਹਿਸੂਸ ਕੀਤਾ ਕਿ ਇਸ ਤਰ੍ਹਾਂ ਦੇ ਫਿਰਕੂ ਦਹਿਸ਼ਤਵਾਦ ਦੇ ਵਿਰੋਧ ਵਿਚ ਡਟ ਜਾਣਾ ਵੀ ਜਾਗਦੀ ਜ਼ਮੀਰ ਵਾਲੇ ਕਵੀ ਦਾ ਹੱਕ ਅਤੇ ਫ਼ਰਜ਼ ਹੁੰਦਾ ਹੈ, ਅਤੇ ਪਾਸ਼ ਨੇ ਆਪਣਾ ਇਹ ਫ਼ਰਜ਼ ਪੂਰੀ ਤਨਦੇਹੀ ਨਾਲ ਨਿਭਾਇਆ।

**ਪਾਸ਼ ਦੇ ਆਲੋਚਕ ਕਹਿੰਦੇ ਨੇ ਉਸ ਨੂੰ ਬਾਅਦ ਵਿਚ ਬੋਚ ਲਿਆ ਗਿਆ, ਜਾਂ ਜੇਬ ਵਿਚ ਪਾ ਲਿਆ ਗਿਆ !**

– ਇੱਕ ਧਿਰ ਦਾ ਸ਼ਹੀਦ ਦੂਜੀ ਧਿਰ ਲਈ ਅੱਤਵਾਦੀ ਹੁੰਦਾ ਹੈ। ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਹਿੰਦਸਤਾਨ ਦੀ ਜਨਤਾ ਲਈ ਹੀਰੋ ਨੇ, ਪਰ ਸਾਂਡਰਸ ਦੇ ਪਰਿਵਾਰ ਕੋਲੋਂ ਉਹਨਾਂ ਬਾਰੇ ਪੁੱਛੋ ਕਿ ਕੀ ਉਹ ਭਗਤ ਸਿੰਘ ਨੂੰ ਸ਼ਹੀਦੇ–ਆਜ਼ਮ ਕਹਿਣਗੇ?

ਇਸੇ ਤਰ੍ਹਾਂ ਪਾਸ਼ ਦੇ ਵਿਰੋਧੀ ਵਿਚਾਰਧਾਰਾ ਵਾਲਿਆਂ ਲਈ ਪਾਸ਼ ਨਾ ਕਦੀ ਸੀ, ਨਾ ਹੀ ਹੈ, ਤੇ ਨਾ ਹੀ ਕਦੀ ਹੋਏਗਾ। ਉਹਨਾਂ ਦੀਆਂ ਅੱਖਾਂ ਵਿਚ ਤਾਂ ਪਾਸ਼ ਇੰਨਾਂ ਰੜਕਦਾ ਸੀ ਕਿ ਉਹਨਾਂ ਨੂੰ ਉਸ ਦੇ ਖ਼ੂਨ ਦੀ ਵੀ ਲੋੜ ਪਈ। ਸਪਸ਼ਟ ਹੈ ਕਿ ਕੌਣ ਕਹਿ ਰਿਹਾ ਪਾਸ਼ ਕੀ ਸੀ, ਜਾਂ ਕੌਣ ਸੀ! ਦੂਸਰਾ, ਪਾਸ਼ ਨੂੰ ਆਪਣੀ ਜੇਬ ਵਿਚ ਪਾਉਣ ਵਾਲੇ ਮੁੱਦੇ ਦੀ ਗੱਲ ਤੋਂ ਪਹਿਲਾਂ ਇਹ ਵੀ ਦੇਖੋ ਕਿ ਭਗਤ ਸਿੰਘ ਨੂੰ ਕਾਂਗਰਸੀਆਂ, ਜਨਸੰਘੀਆਂ, ਆਰੀਆ ਸਮਾਜੀਆਂ, ਅਕਾਲੀਆਂ ਤੋਂ ਲੈ ਕੇ ਹਰੇਕ ਨੇ ਹੀ ਆਪਣੀ ਜੇਬ ਵਿਚ ਪਾਉਣ ਦੀ ਕੋਸ਼ਿਸ਼ ਕੀਤੀ ਹੈ, ਪਰ ਲੋਕ ਜਾਣਦੇ ਨੇ ਕਿ 1931 ਵਿਚ ਮਹਾਤਮਾ ਗਾਂਧੀ ਅਤੇ ਕਾਂਗਰਸੀਆਂ ਨੇ ਕੀ ਭੂਮਿਕਾ ਨਿਭਾਈ ਸੀ! ਕਿਸੇ ਵੀ ਵੱਡੀ ਸ਼ਖ਼ਸੀਅਤ ਨੂੰ ਜੇਬ ਵਿਚ ਪਾਉਣ ਵਾਲੇ ਮੌਕਾਪ੍ਰਸਤਾਂ ਦੀ ਕਦੇ ਕੋਈ ਕਮੀ ਨਹੀਂ ਹੁੰਦੀ। ਪਰ ਪਾਸ਼ ਬਾਰੇ ਸਪਸ਼ਟ ਹੈ ਕਿ ਉਸਦੇ ਪੈਰੋਕਾਰ ਪਹਿਲਾਂ ਵੀ ਪਾਸ਼ ਦੀ ਵਿਚਾਰਧਾਰਾ ਦੇ ਸਮਰਥਕ ਸਨ ਅਤੇ ਅੱਜ ਵੀ ਹਨ, ਕੱਲ੍ਹ ਵੀ ਰਹਿਣਗੇ। ਮੇਰੀ ਗੱਲ ਕਰਦੇ ਹੋਂ ਤਾਂ ਸੁਰਿੰਦਰ ਧੰਜਲ 1970 ਵਿਚ ਵੀ ਪਾਸ਼ ਦਾ ਦੋਸਤ ਸੀ, ਅੱਜ ਵੀ ਹੈ। ਪਾਸ਼ ਦੇ ਜਿਉਂਦੇ ਜੀ ਵੀ ਉਸ ਨਾਲ ਮਿਲਦਾ ਰਿਹਾ ਤੇ ਹੁਣ ਵੀ ਉਸਦੀ ਵਿਚਾਰਧਾਰਾ ਨਾਲ ਪਿਆਰ ਕਰਦਾ ਹਾਂ। ਵਿਚਾਰਾਂ ਦੀ ਨਿਰੰਤਰਤਾ ਅਤੇ ਲਗਾਤਾਰਤਾ ਲਈ ਵਫ਼ਾਦਾਰੀ ਦਾ ਹੋਣਾ ਜ਼ਰੂਰੀ ਹੈ।

**? ਤੁਹਾਡੇ ਪਾਸ਼ ਨਾਲ ਨਿੱਜੀ ਸਬੰਧਾਂ ਬਾਰੇ ਦੱਸੋ !**

– ਮੇਰੇ ਉਸ ਦੇ ਨਾਲ ਨਿੱਜੀ ਅਤੇ ਵਿਚਾਰਧਾਰਕ ਸਬੰਧ ਸਨ, ਨੇੜਤਾ ਸੀ, ਅਤੇ ਹੈ। ਨਿੱਜੀ ਸਬੰਧਾਂ ਬਾਰੇ ਪਾਸ਼ ਟ੍ਰਸਟ ਬਿਲਕੁੱਲ ਸਪਸ਼ਟ ਹੈ। ਬਹੁਤ ਲੋਕ ਨੇ ਜਿਹੜੇ ਪਾਸ਼ ਦਾ ਨਾਮ ਵਰਤਕੇ ਵੱਡਾ ਬਣਨ ਦੀ ਕੋਸ਼ਿਸ਼ ਕਰ ਰਹੇ ਨੇ, ਮੈਂ ਸਿਰਫ਼ ਇੰਨਾ ਹੀ ਕਹਾਂਗਾ ਕਿ ਜਦੋਂ 1986 ਤੇ 1987 ਵਿਚ ਉਹ ਕੈਲੀਫੋਰਨੀਆ ਆਇਆ, ਮੈਂ ਦੋ ਵਾਰ ਉਸ ਨੂੰ ਮਿਲਣ ਗਿਆ ਸੀ। ਕਈ–ਕਈ ਦਿਨ ਅਸੀਂ ਪਹਿਲਾਂ ਵੀ ਇਕੱਠੇ ਰਹਿੰਦੇ ਰਹੇ ਹਾਂ। ਜੱਥੇਬੰਦੀ ਤੇ ਸਿਆੜ ਵਿਚ ਵੀ ਮੈਂ ਛਪਦਾ ਰਿਹਾ ਹਾਂ। ਇਹ ਦੋਵੇਂ ਪਰਚੇ ਪਾਸ਼ ਕੱਢਦਾ ਜਾਂ ਕਢਵਾਉਂਦਾ ਰਿਹਾ ਹੈ, 1970 ਤੋਂ ਸ਼ੁਰੂ ਹੋਈ ਸਾਡੀ ਨੇੜਤਾ ਉਸਦੇ ਅੰਤ ਤੱਕ ਨਿਭੀ ਹੈ। ਸਭ ਤੋਂ ਮਹੱਤਵਪੂਰਨ ਗੱਲ ਸਾਂਝੀ ਕਰਨ ਵਾਲੀ ਇਹ ਹੈ ਕਿ ਮੇਰੀ ਇਕਲੌਤੀ ਬੇਟੀ ਸਮਤਾ ਦਾ ਜਨਮ 20 ਮਈ 1987 ਨੂੰ ਹੋਇਆ ਸੀ, ਜਦੋਂ ਅਗਸਤ 1987 ਵਿਚ ਮੈਂ ਪਾਸ਼ ਨੂੰ ਮਿਲਣ ਗਿਆ ਤਾਂ ਉਸਨੇ ਉਲਾਂਭਾਂ ਦਿੱਤਾ ਕਿ ਬੇਟੀ ਨੂੰ ਨਹੀਂ ਲਿਆਇਆ। ਬੱਚੀ ਛੋਟੀ ਸੀ ਤੇ ਮੈਂ ਉਸ ਨੂੰ ਨਾਲ ਨਹੀਂ ਲੈਕੇ ਗਿਆ ਸੀ, ਪਰ ਅਗਸਤ 1987 ਵਿਚ ਮੈਂ ਉਸ ਲਈ ਆਪਣੀ ਬੇਟੀ ਦੀ ਫੋਟੋ ਲੈ ਗਿਆ ਸੀ। ਸਮੇਂ ਦਾ ਕਿੱਡਾ ਵੱਡਾ ਧ੍ਰੋਹ ਹੈ, ਮੈਂ ਕਿਵੇਂ ਦੱਸਾਂ! ਜਦੋਂ 23 ਮਾਰਚ 1988 ਨੂੰ ਪਾਸ਼ ਨੂੰ ਤਲਵੰਡੀ ਸਲੇਮ ਵਿਚ ਗੋਲ਼ੀਆਂ ਮਾਰੀਆਂ ਗਈਆ ਤਾਂ ਉਸ ਵੇਲੇ ਮੇਰੀ ਇਕਲੌਤੀ ਬੱਚੀ ਦੀ ਤਸਵੀਰ ਉਸਦੀ ਜੇਬ ਵਿਚ ਸੀ। ਉਹਦੇ ਉੱਪਰ ਪਾਸ਼ ਦੇ ਸਰੀਰ ਵਿਚੋਂ ਦੀ ਨਿਕਲ਼ੀ ਖਾਲਿਸਤਾਨੀ ਦਹਿਸ਼ਤਗਰਦਾਂ ਦੀ ਇੱਕ ਗੋਲੀ ਅਤੇ ਪਾਸ਼ ਦੇ ਖ਼ੂਨ ਦੇ ਨਿਸ਼ਾਨ ਵੀ ਲੱਗੇ ਹੋਏ ਹਨ। ਮੈਨੂੰ ਇਕ ਤਰ੍ਹਾਂ ਨਾਲ ਇਹ ਮਹਿਸੂਸ ਹੁੰਦਾ ਹੈ ਕਿ ਹਮੇਸ਼ਾਂ ਲਈ ਵਿਛੜਨ ਤੋਂ ਪਹਿਲਾਂ ਪਾਸ਼ ਨੇ ਸੁਨੇਹਾ ਦਿੱਤਾ ਹੈ, ਜਿਵੇਂ ਕ੍ਰਾਂਤੀਕਾਰੀ ਕਵੀ ਸੰਤ ਰਾਮ ਉਦਾਸੀ ਦੀਆਂ ਸਤਰਾਂ ਹਨ:

"ਜੇਕਰ ਅੱਜ ਨਾ ਹੱਕਾਂ ਦੀ ਗੱਲ ਕੀਤੀ, ਸਾਰੇ ਬੱਚਿਆਂ ਦੇ ਵਿਹਨੈਂ ਚੋਹਲ ਜਲਦੇ।
ਖੇਤਾਂ ਵਿਚ ਕਿਸਾਨ ਦੇ ਬੋਹਲ ਜਲਦੇ,
ਮੇਰੇ ਗੀਤ ਜਲਦੇ, ਮੇਰੇ ਘੋਲ ਜਲਦੇ॥"

ਸੁਨੇਹਾ ਇਹ ਸੀ ਕਿ ਜਿਉਂਦੇ ਰਹਿਣ ਵਾਲਿਓ! ਜੇ ਆਪਣੇ ਹੱਕਾਂ ਉੱਪਰ ਪਹਿਰਾ ਨਾ ਦਿੱਤਾ ਤਾਂ ਦਹਿਸ਼ਤਗਰਦੀ ਤੁਹਾਡੇ ਬੱਚਿਆਂ ਦਾ ਇਹ ਹਾਲ ਕਰੇਗੀ। ਪਾਸ਼ ਦੀ ਭੈਣ ਪੰਮੀ ਸੰਧੂ ਗਿੱਲ ਨੇ ਪਾਸ਼ ਦੇ ਅੰਤ ਸਮੇਂ ਦਾ ਸਾਰਾ ਆਖਰੀ ਸਮਾਨ ਆਪਣੇ ਕੋਲ ਸੁਰੱਖਿਅਤ ਰੱਖਿਆ ਹੋਇਆ ਹੈ। ਜਦੋਂ ਉਸਨੇ ਮੈਨੂੰ ਪਹਿਲੀ ਵਾਰ ਇਹ ਤਸਵੀਰ ਦਿਖਾਈ ਤਾਂ ਅਸੀਂ ਦੋਵੇਂ ਭੈਣ–ਭਰਾ ਜਿਸ ਅਵਸਥਾ ਵਿਚੋਂ ਲੰਘੇ ਹੋਵਾਂਗੇ, ਤੁਸੀਂ ਖ਼ੁਦ ਉਸਦਾ ਅੰਦਾਜ਼ਾ ਲਗਾ ਸਕਦੇ ਹੋ।

**ਪਾਸ਼ ਯਾਦਗਾਰੀ ਕੌਮਾਂਤਰੀ ਟ੍ਰਸਟ ਦੇ ਬਣਨ ਬਾਰੇ, ਇਸ ਦੀ ਅਜੋਕੀ ਬਣਤਰ ਬਾਰੇ ਕੁਝ ਹੋਰ ਸਪਸ਼ਟ ਕਰੋ !**

– 23 ਮਾਰਚ 1988 ਨੂੰ ਆਪਣੇ ਮਿੱਤਰ ਹੰਸ ਰਾਜ ਸਮੇਤ ਜਦੋਂ ਪਾਸ਼ ਕਤਲ ਹੋ ਜਾਂਦਾ ਹੈ ਤਾਂ ਸਮੁੱਚੇ ਪੰਜਾਬ ਦੇਸ਼ ਦੇ ਕ੍ਰਾਂਤੀਕਾਰੀ ਖੇਮੇ ਵਿਚ ਗੁੱਸੇ ਤੇ ਸੋਗ ਦਾ ਮਾਹੌਲ ਸੀ। ਸਾਡੇ ਪ੍ਰਸਿੱਧ ਨਾਟਕਕਾਰ ਗੁਰਸ਼ਰਨ ਸਿੰਘ ਨੇ ਸਮਤਾ ਪਰਚੇ ਵਿਚ ਐਲਾਨ ਕੀਤਾ ਕਿ ਇੱਕ ਕੌਮਾਂਤਰੀ ਟ੍ਰਸਟ ਬਣਾ ਰਹੇ ਹਨ। ਉਸਤੋਂ ਮੈਨੂੰ ਪਤਾ ਲੱਗਿਆ ਕਿ ਉਸਦੇ ਮੈਂਬਰ ਗੁਰਸ਼ਰਨ ਸਿੰਘ, ਜਮਹੂਰੀ ਅਧਿਕਾਰ ਸਭਾ ਦੇ ਪ੍ਰਧਾਨ ਮਹਿੰਦਰ ਸਿੰਘ ਸੰਧੂ ਜਿਹੜੇ ਪਹਿਲਾਂ ਜੱਥੇਬੰਦੀ ਪਰਚੇ ਦੇ ਸੰਪਾਦਕ ਸਨ, ਪਾਸ਼ ਦੇ ਪਿਤਾ ਸੋਹਣ ਸਿੰਘ ਸੰਧੂ ਯੂ. ਐੱਸ. ਏ. ਤੋਂ, ਇੰਗਲੈਂਡ ਤੋਂ ਇੰਡੀਅਨ ਵਰਕਰਜ਼ ਐਸੋਸੀਏਸ਼ਨ ਦੇ ਜਨਰਲ ਸਕੱਤਰ ਅਵਤਾਰ ਸਿੰਘ ਜੌਹਲ, ਅਤੇ ਪੰਜਵਾਂ ਤੇ ਆਖਰੀ ਮੈਂ-ਸੁਰਿੰਦਰ ਧੰਜਲ–ਕੈਨੇਡਾ ਤੋਂ ਬਣਾਏ ਗਏ ਹਨ। ਫਿਰ ਦਸੰਬਰ 1988 ਵਿਚ ਸਰਬ–ਸੰਮਤੀ ਨਾਲ ਕਨਵੀਨਰ ਮੈਨੂੰ ਬਣਾਇਆ ਗਿਆ ਤੇ ਉਦੋਂ ਤੋਂ ਲੈਂਕੇ ਹੁਣ ਤੱਕ ਜ਼ਿੰਮੇਵਾਰੀ ਨਿਭਾ ਰਿਹਾ ਹਾਂ। ਪਹਿਲੇ ਤਿੰਨ ਮੈਂਬਰਾਂ (ਗੁਰਸ਼ਰਨ ਸਿੰਘ, ਮਹਿੰਦਰ ਸਿੰਘ ਸੰਧੂ, ਸੋਹਣ ਸਿੰਘ ਸੰਧੂ) ਦੇ ਸਦੀਵੀ ਵਿਛੋੜਾ ਦੇਣ ਤੋਂ ਬਾਅਦ, ਬਹੁਤ ਸਾਰੇ ਉਤਰਾਵਾਂ ਵਿਚੋਂ ਲੰਘ ਕੇ ਅੱਜਕਲ ਪਾਸ਼ ਯਾਦਗਾਰੀ ਕੌਮਾਂਤਰੀ ਟ੍ਰਸਟ ਦੇ 10 ਮੈਂਬਰ ਹਨ: ਭਾਰਤ ਤੋਂ ਡਾ. ਪਰਮਿੰਦਰ ਸਿੰਘ, ਕਹਾਣੀਕਾਰ ਅਤਰਜੀਤ, ਕਾਮਰੇਡ ਗੁਰਮੀਤ (ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ), ਗੁਰਸ਼ਰਨ ਭਾਅ ਜੀ ਦੀ ਬੇਟੀ ਡਾ. ਅਰੀਤ, ਅਤੇ ਜਗੀਰ ਜੋਸਣ ਹਨ; ਯੂ.ਕੇ. ਤੋਂ ਸੁਖਦੇਵ ਸਿੱਧੂ (ਇੰਡੀਅਨ ਵਰਕਰਜ਼ ਐਸੋਸੀਏਸ਼ਨ) ਅਤੇ ਭਾਰਤ ਭੂਸ਼ਨ; ਯੂ.ਐੱਸ.ਏ. ਤੋਂ ਪਾਸ਼ ਦੀ ਭੈਣ ਪੰਮੀ ਸੰਧੂ ਗਿੱਲ ਅਤੇ ਸੁਖਵਿੰਦਰ ਕੰਬੋਜ; ਕੈਨੇਡਾ ਤੋਂ ਸੁਰਿੰਦਰ ਧੰਜਲ। ਕੁਝ ਮੈਂਬਰ ਹੋਰ ਲੈਣ ਦਾ ਵਿਚਾਰ ਹੈ। ਇਹ ਹੈ ਪਾਸ਼ ਯਾਦਗਾਰੀ ਕੌਮਾਂਤਰੀ ਟ੍ਰਸਟ ਦੀ ਮੌਜੂਦਾ ਬਣਤਰ!

**1997 ਵਿਚ ਤੁਸੀਂ ਪਿੰਡ ਲਾਂਬੜਾ ਆਏ ਸੀ। ਉਦੋਂ ਪਾਸ਼ ਬਾਰੇ ਤੁਹਾਡੀਆਂ ਕਿਵੇਂ ਦੀਆਂ ਗੱਲਾਂ ਹੁੰਦੀਆਂ ਸਨ ?**

– ਮਹਿੰਦਰ ਸਿੰਘ ਸੰਧੂ (ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਉਸ ਸਮੇਂ ਦੇ ਪ੍ਰਧਾਨ ਸਨ), ਮਾਸਟਰ ਸੁਦਰਸ਼ਨ ਕੁਮਾਰ ਲਾਂਬੜਾ ਸਾਡੇ ਟ੍ਰਸਟ ਦੀ ਪੰਜਾਬ ਕਮੇਟੀ ਦੇ ਸਕੱਤਰ ਸਨ, ਜੁਲਾਈ–ਅਗਸਤ 1997 ਦਾ ਸਮਾਂ ਸੀ, ਅਸੀਂ ਸਾਰੇ ਇੱਕ ਦਿਨ ਸੈਰ ਤੇ ਨਿਕਲੇ ਸੀ। ਤੁਸੀਂ ਵੀ ਸਾਡੇ ਨਾਲ ਸੀ– ਅਸੀਂ ਟ੍ਰਸਟ ਵਲੋਂ ਡਾ. ਜਗਤਾਰ ਦਾ ਸਨਮਾਨ ਕਰਨਾ ਸੀ ਤੇ ਇਸੇ ਸਿਲਸਿਲੇ ਵਿਚ ਸਲਾਹ ਕਰਨ ਮੈਂ ਲਾਂਬੜਾ ਗਿਆ ਸੀ। ਪੁੱਛਣਾ ਤਾਂ ਮੈਨੂੰ ਚਾਹੀਦਾ ਹੈ ਕਿ ਰਿਸ਼ੀ ਜੀ, ਤੁਸੀਂ ਉਸ ਸਮੇਂ ਕੀ ਸੁਣਿਆ ਸੀ ਤੇ ਕਿਹੜੀਆਂ ਗੱਲਾਂ ਤੁਹਾਨੂੰ ਯਾਦ ਨੇ, ਪਰ ਤੁਹਾਡੇ ਪੁੱਛਣ ਤੇ ਮੈਂ ਦੱਸਣਾ ਚਾਹਾਂਗਾ ਕਿ ਸਾਡੀਆਂ ਗੱਲਾਂ ਪਾਸ਼ ਬਾਰੇ, ਕ੍ਰਾਂਤੀ ਬਾਰੇ, ਪਾਸ਼ ਦੇ ਫਿਕਰਾਂ ਬਾਰੇ, ਆਰਥਕ–ਸਾਹਿਤਕ–ਸਮਾਜਕ–ਰਾਜਨੀਤਕ ਫਿਕਰਾਂ ਬਾਰੇ ਸਨ, ਅਸੀਂ ਨਾ ਤਾਂ ਲੱਚਰ ਗੀਤਾਂ ਤੇ ਭੰਗੜੇ ਪਾ ਰਹੇ ਸੀ, ਨਾ ਅਸੀਂ ਕਿਸੇ ਲੋਕ ਵਿਰੋਧੀ ਹਕੂਮਤ ਦਾ ਗੁਣਗਾਣ ਕਰ ਰਹੇ ਸੀ– ਅਸੀਂ ਤਾਂ ਜਿਹੋ ਜਿਹੀਆਂ ਗੱਲਾਂ ਅੱਜ ਕਰਦੇ ਹਾਂ, ਉਹੋ ਜਿਹੀਆਂ ਉਸ ਸਮੇਂ ਕਰਦੇ ਸੀ।

**ਉਸ ਸਮੇਂ ਹੋਈ ਪਾਸ਼ ਦੀ ਕਵਿਤਾ ਦੀ ਚਰਚਾ ਬਾਰੇ ਵਿਸਥਾਰ ਨਾਲ ਦੱਸੋ !**

ਪਾਸ਼ ਆਪਣੀ ਕਵਿਤਾ ਕਰਕੇ ਹੀ ਮਹੱਤਵਪੂਰਨ ਬਣਿਆ ਹੈ। ਪਾਸ਼ ਦੇ ਸਾਹਿਤ ਵਿਚ ਅਥਾਹ ਗੁੱਸਾ ਸੀ–ਆਕ੍ਰੋਸ਼ ਸੀ। ਉਹ ਕਿਸੇ ਵੀ ਸ਼ਬਦ ਦੇ ਪ੍ਰਚੱਲਤ ਅਰਥਾਂ ਨੂੰ ਬਦਲਕੇ ਪੇਸ਼ ਕਰਦਾ ਹੋਇਆ ਪਾਠਕ ਨੂੰ ਅਜਿਹਾ ਝਟਕਾ ਦਿੰਦਾ ਸੀ ਕਿ ਪਾਠਕ ਦੰਗ ਰਹਿ ਜਾਂਦੇ ਸਨ। ਕਈ ਵੱਡੇ ਕਵੀ ਹੈਰਾਨ ਹੁੰਦੇ ਸਨ ਕਿ ਉਹਨਾਂ ਨੂੰ ਇਹ ਗੱਲ ਕਿਉਂ ਨਹੀਂ ਸੁੱਝੀ! ਆਮ ਕਿਹਾ ਜਾਂਦਾ ਹੈ ਕਿ ਇੰਡੀਆ ਜਾਂ ਭਾਰਤ ਦਾ ਨਾਮ ਰਾਜਾ ਦੁਸ਼ਯੰਤ ਦੇ ਪੁੱਤਰ ਭਰਤ ਉੱਤੇ ਪਿਆ ਸੀ– ਆਪੋ ਆਪਣੀ ਵਿਆਖਿਆ ਹੈ– ਪਰ ਪਾਸ਼ ਇਸ ਬਾਰੇ ਆਪਣੇ ਪਹਿਲੇ ਕਾਵਿ–ਸੰਗ੍ਰਹਿ ਦੀ ਪਹਿਲੀ ਕਵਿਤਾ ਭਾਰਤ ਵਿਚ– ਪਾਸ਼ ਦੀ ਉਮਰ ਉਦੋਂ 20 ਸਾਲ ਤੋਂ ਵੀ ਘੱਟ ਸੀ– ਕੁਝ ਹੋਰ ਕਹਿੰਦਾ ਹੈ:

ਭਾਰਤ-
ਮੇਰੇ ਸਤਿਕਾਰ ਦਾ ਸਭ ਤੋਂ ਮਹਾਨ ਸ਼ਬਦ
ਜਿੱਥੇ ਕਿਤੇ ਵੀ ਵਰਤਿਆ ਜਾਏ
ਬਾਕੀ ਸਾਰੇ ਸ਼ਬਦ ਅਰਥ-ਹੀਣ ਹੋ ਜਾਂਦੇ ਹਨ।
ਇਸ ਸ਼ਬਦ ਦੇ ਭਾਵ,
ਖੇਤਾਂ ਦੇ ਉਹਨਾਂ ਪੁੱਤਰਾਂ ਤੋਂ ਹਨ
ਜਿਹੜੇ ਅੱਜ ਵੀ ਰੁੱਖਾਂ ਦੇ ਪ੍ਰਛਾਵਿਆਂ ਨਾਲ,
ਵਕਤ ਮਿਣਦੇ ਹਨ।
ਉਨ੍ਹਾਂ ਕੋਲ ਢਿੱਡ ਤੋਂ ਬਿਨਾਂ, ਕੋਈ ਸਮੱਸਿਆ ਨਹੀਂ।
ਤੇ ਉਹ ਭੁੱਖ ਲੱਗਣ ਤੇ
ਆਪਣੇ ਅੰਗ ਵੀ ਚਬਾ ਸਕਦੇ ਹਨ।

ਇਸੇ ਤਰ੍ਹਾਂ ਇਸ ਕਵਿਤਾ ਵਿਚ ਅਖੀਰ ਤੇ ਉਹ ਕਹਿੰਦਾ ਹੈ:

ਜਦ ਵੀ ਕੋਈ ਸਮੁੱਚੇ ਭਾਰਤ ਦੀ
ਕੌਮੀ ਏਕਤਾ ਦੀ ਗੱਲ ਕਰਦਾ ਹੈ
ਤਾਂ ਮੇਰਾ ਚਿੱਤ ਕਰਦਾ ਹੈ-
ਉਸਦੀ ਟੋਪੀ ਹਵਾ ਚ ਉਛਾਲ ਦਿਆਂ।
ਉਸਨੂੰ ਦੱਸਾਂ
ਕਿ ਭਾਰਤ ਦੇ ਅਰਥ
ਕਿਸੇ ਦੁਸ਼ਯੰਤ ਨਾਲ ਸਬੰਧਤ ਨਹੀਂ
ਸਗੋਂ ਖੇਤਾਂ ਵਿਚ ਦਾਇਰ ਹਨ।
ਜਿੱਥੇ ਅੰਨ ਉੱਗਦਾ ਹੈ
ਜਿੱਥੇ ਸੰਨ੍ਹਾਂ ਲੱਗਦੀਆਂ ਹਨ... ...

ਇਹ ਹਨ ਉਸਦੇ ਮਨ ਵਿਚ ਭਾਰਤ ਦੇ ਅਰਥ। ਪਾਸ਼ ਦੀਆਂ ਆਖਰੀ ਤਿੰਨ ਕਵਿਤਾਵਾਂ 1985-87 ਵਿਚ ਪ੍ਰਕਾਸ਼ਿਤ ਹੋਈਆਂ ਸਨ। ਉਹਨਾਂ ਵਿਚੋਂ ਦੋ ਹਨ- ਬੇਦਖ਼ਲੀ ਲਈ ਬਿਨੈ-ਪੱਤਰ ਅਤੇ ਧਰਮ ਦੀਕਸ਼ਾ ਲਈ ਬਿਨੈ-ਪੱਤਰ। ਇਹਨਾਂ ਕਵਿਤਾਵਾਂ ਦਾ ਮਹੱਤਵ ਇਹ ਹੈ ਕਿ ਇਹਨਾਂ ਵਿਚੋਂ ਇੱਕ ਹਕੂਮਤ ਦਹਿਸ਼ਤਗਰਦੀ ਦੇ ਵਿਰੁੱਧ ਹੈ ਤੇ ਦੂਜੀ ਨਜ਼ਮ ਫਿਰਕੂ ਦਹਿਸ਼ਤਗਰਦੀ ਦੇ ਉਲਟ ਹੈ। ਬੇਦਖ਼ਲੀ ਲਈ ਬਿਨੈ-ਪੱਤਰ ਦਾ ਇੱਕ ਹਿੱਸਾ ਹੈ:

ਮੈਂ ਉਮਰ ਭਰ ਉਸਦੇ ਖਿਲਾਫ਼ ਸੋਚਿਆ ਤੇ ਲਿਖਿਆ (ਇਸ਼ਾਰਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲ ਹੈ)

ਜੇ ਉਸਦੇ ਸੋਗ ਵਿਚ ਸਾਰਾ ਹੀ ਦੇਸ਼ ਸ਼ਾਮਿਲ ਹੈ

ਤਾਂ ਇਸ ਦੇਸ਼ ਚੋਂ ਮੇਰਾ ਨਾਮ ਕੱਟ ਦੇਵੋ।

... ... ... ...

ਮੈਂ ਸਦਾ ਹੀ ਉਸ ਨੂੰ ਕਤਲ ਕੀਤਾ ਹੈ
ਹਰ ਵਾਕਿਫ਼ ਜਾਣੇ ਦੀ ਹਿੱਕ ਚੋ ਲੱਭ ਕੇ,
ਜੇ ਉਸਦੇ ਕਾਤਲਾਂ ਨੂੰ ਇੰਜ ਹੀ ਸੜਕਾਂ ਤੇ ਸਿੱਟਣਾ ਹੈ ਤਾਂ
ਬਣਦੀ ਸਜ਼ਾ ਮੈਨੂੰ ਵੀ ਮਿਲੇ।... ...

ਉਹ ਲੁੱਕਦਾ ਨਹੀਂ ਹੈ, ਇਸ ਕਵਿਤਾ ਦੇ ਅਖੀਰ ਤੇ ਪਾਸ਼ ਲਿਖਦਾ ਹੈ:

**ਇਸਦਾ ਜੋ ਵੀ ਨਾਂ ਹੈ- ਗੁੰਡਿਆਂ ਦੀ ਸਨਤਲਤ ਦਾ**
**ਮੈਂ ਉਸਦਾ ਨਾਗਰਿਕ ਹੋਣ ਤੇ ਥੁੱਕਦਾ ਹਾਂ।**
**ਮੈਂ ਉਸ ਪਾਇਲਟ ਦੀਆਂ**
**ਮੀਸਣੀਆਂ ਅੱਖਾਂ ਵਿਚ ਰੜਕਦਾ ਭਾਰਤ ਹਾਂ।**
**ਹਾਂ, ਮੈਂ ਭਾਰਤ ਹਾਂ ਰੜਕਦਾ ਹੋਇਆ ਉਹਦੀਆਂ ਅੱਖਾਂ ਵਿਚ,**
**ਜੇ ਉਸਦਾ ਕੋਈ ਆਪਣਾ ਖ਼ਾਨਦਾਨੀ ਭਾਰਤ ਹੈ**
**ਤਾਂ ਮੇਰਾ ਨਾਮ ਉਸ ਚੋਂ ਹੁਣੇ ਕੱਟ ਦੇਵੋ।**

ਪਹਿਲੀ ਕਿਤਾਬ ਲੋਹ ਕਥਾ ਵਿਚ ਵੀ ਪਾਸ਼ ਭਾਰਤ ਸ਼ਬਦ ਦੀ ਵਿਆਖਿਆ ਕਰਦਾ ਹੈ ਤੇ ਬੇਦਖ਼ਲੀ ਲਈ ਬਿਨੈ-ਪੱਤਰ ਵਿਚ ਵੀ ਕਿੱਡਾ ਵੱਡਾ ਸੁਨੇਹਾ ਸਾਨੂੰ ਦੇ ਗਿਆ ਹੈ ਕਿ ਇਹ ਭਾਰਤ ਕਿਸੇ ਖ਼ਾਨਦਾਨੀ ਗੁੰਡਿਆਂ ਦੀ ਸਨਤਲਤ ਨਹੀਂ ਹੈ। ਇਹ ਤਾਂ ਲੋਕਾਂ ਦਾ ਭਾਰਤ ਹੈ। ਦੂਸਰੀ ਨਜ਼ਮ ਧਰਮ ਦੀਕਸ਼ਾ ਲਈ ਬਿਨੈ-ਪੱਤਰ ਜੋ ਫਿਰਕੂ ਦਹਿਸ਼ਤਵਾਦ ਦੇ ਖਿਲਾਫ ਹੈ, ਉਸ ਵਿਚ ਇਕ ਬੇਬੱਸ ਔਰਤ ਆਪਣੇ ਧਰਮ-ਗੁਰੂ ਨੂੰ ਆਪਣਾ ਹਲਫ਼ੀਆ ਬਿਆਨ ਦਿੰਦੀ ਹੈ:

ਮੇਰਾ ਇਕੋ ਹੀ ਪੁੱਤ ਹੈ ਧਰਮ-ਗੁਰੂ
ਮਰਦ ਵਿਚਾਰਾ ਸਿਰ ਤੇ ਨਹੀਂ ਰਿਹਾ।
ਤੇਰੇ ਇਸ ਤਰ੍ਹਾਂ ਗਰਜਣ ਤੋਂ ਬਾਅਦ
ਮਰਦ ਤਾਂ ਦੂਰ-ਦੂਰ ਤੱਕ ਕਿਤੇ ਨਹੀਂ ਬਚੇ
ਹੁਣ ਸਿਰਫ਼ ਤੀਵੀਆਂ ਹਨ... ...

ਤੇ ਅਖੀਰ ਵਿਚ ਪਾਸ਼ ਦੀ ਸਿਰਜੀ ਬੇਬੱਸ ਔਰਤ ਕਹਿੰਦੀ ਹੈ:

ਮੈਂ ਤੇਰੇ ਦੱਸੇ ਹੋਏ ਹੀ ਇਸ਼ਟ ਪੂਜਾਂਗੀ
ਮੈ ਤੇਰੇ ਪਾਸ ਕੀਤੇ ਭਜਨ ਹੀ ਗਾਵਾਂਗੀ
ਮੈਂ ਹੋਰ ਸਾਰੇ ਧਰਮਾਂ ਨੂੰ ਨਿਗੂਣੇ ਕਿਹਾ ਕਰੂੰ
ਮੇਰੀ ਪਰ ਇਕੋ ਇਕ ਜ਼ੁਬਾਨ ਬਚੀ ਹੈ ਧਰਮ-ਗੁਰੂ !
ਮੇਰੇ ਬੱਚੇ ਦੀ- ਤੇ ਮਰਦ ਵਿਚਾਰਾ ਸਿਰਤੇ ਨਹੀਂ ਰਿਹਾ।

ਇਹ ਉਹਨਾਂ ਦਿਨਾਂ ਦੇ ਹਾਲਾਤ ਸਨ, ਕਿਵੇਂ ਬੱਚਿਆਂ ਨੂੰ ਮਜ਼ਬੂਰ ਕੀਤਾ ਜਾ ਰਿਹਾ ਸੀ, ਉਹਨਾਂ ਦੇ ਹੱਥਾਂ ਵਿਚ ਏ ਕੇ 47 ਫੜਾਈਆਂ ਜਾ ਰਹੀਆਂ ਸਨ ਕਿ ਉਹਨਾਂ ਨੂੰ ਜਾ ਕੇ ਮਾਰ ਦਿਓ ਜਿਹਨਾਂ ਲੋਕਾਂ ਨਾਲ ਤੁਹਾਡੀ ਕੋਈ ਦੁਸ਼ਮਣੀ ਨਹੀਂ ਹੈ। ਸੋ ਉਹਨਾਂ ਦਿਨਾਂ ਵਿਚ (ਭਾਵ 1997) ਵੀ ਅਸੀਂ ਇਹ ਗੱਲਾਂ ਕਰਦੇ ਹੁੰਦੇ ਸੀ, ਹੁਣ ਤਾਂ ਇਹ ਦਹਿਸ਼ਤਵਾਦ ਸਾਡੇ ਘਰਾਂ ਤੀਕ ਆ ਪੁੱਜਾ ਹੈ। ਉਸ ਸਮੇਂ ਤੱਕ ਸੁਮੀਤ ਦਾ, ਵਿਸ਼ਵਾਨਾਥ ਤਿਵਾੜੀ ਦਾ ਕਤਲ ਹੋ ਚੁੱਕਾ ਸੀ, ਦਰਸ਼ਨ ਸਿੰਘ ਕੈਨੇਡੀਅਨ ਦਾ ਕਤਲ ਹੋ ਚੁੱਕਾ ਸੀ, ਜੈਮਲ ਪੱਡਾ, ਡਾ. ਰਵਿੰਦਰ ਸਿੰਘ ਰਵੀ ਅਤੇ ਹੋਰ ਅਨੇਕਾਂ ਸਿਆਸੀ-ਸਮਾਜਕ-ਸੱਭਿਆਚਾਰਕ ਕਾਰਕੁੰਨ, ਸਾਹਿਤਕਾਰ, ਪੱਤਰਕਾਰ ਫਿਰਕੂ ਜਨੂੰਨ ਦੀ ਭੇਂਟ ਚੜ੍ਹੇ- ਸੋ ਅਸੀਂ ਉਸ ਦਿਨ ਵੀ ਇਹੀ ਗੱਲਾਂ ਕਰ ਰਹੇ ਸੀ ਕਿ ਜੇ ਅਸੀਂ ਹੁਣ ਵੀ ਨਾ ਉੱਠੇ ਤਾਂ ਇਸਦਾ ਹਸ਼ਰ ਭੈੜਾ ਹੀ ਹੋਵੇਗਾ।

**ਪਾਸ਼ ਬਾਰੇ ਲਿਖੀਆਂ ਆਪਣੀਆਂ ਕਵਿਤਾਵਾਂ ਬਾਰੇ ਦੱਸੋ, ਕਿਸੇ ਰਚਨਾ ਸਮੇਤ !**

- ਮੈਂ ਦਰਅਸਲ ਇੱਕ ਕਾਵਿ-ਸੰਗ੍ਰਹਿ ਪਾਸ਼ ਦੀ ਯਾਦ ਵਿਚ: ਦਸ ਕਵਿਤਾਵਾਂ ਲਿਖਿਆ ਹੈ। ਇਹ ਮੇਰੀ ਹੱਥ ਲਿਖਤ ਵਿਚ ਹੀ ਮਾਰਚ 1988 ਵਿਚ ਛਪਿਆ ਸੀ। ਫਿਰ ਅਸੀਂ ਪਾਸ਼ ਤਾਂ ਸੂਰਜ ਸੀ ਨਾਮ ਦੀ ਪੁਸਤਕ ਪਾਸ਼ ਯਾਦਗਾਰੀ ਕੌਮਾਂਤਰੀ ਟ੍ਰਸਟ ਵੱਲੋਂ ਪ੍ਰਕਾਸ਼ਿਤ ਕੀਤੀ ਸੀ, ਉਸ ਵਿਚ ਵੀ ਮੇਰੀਆਂ ਕਈ ਕਵਿਤਾਵਾਂ ਹਨ। ਇਕ ਹੋਰ ਪੁਸਤਕ ਪਾਸ਼ ਦੇ ਅੰਗ-ਸੰਗਅਗਲੇ ਸਾਲਾਂ ਵਿਚ ਸੰਪੂਰਨ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ। ਪਾਸ਼ ਬਾਰੇ ਮੇਰੀਆਂ ਇਕ ਦਰਜਨ ਤੋਂ ਉੱਪਰ ਨਜ਼ਮਾਂ ਹਨ। ਮੇਰੇ ਨਵੇਂ ਕਾਵਿ-ਸੰਗ੍ਰਹਿ ਕਵਿਤਾ ਦੀ ਲਾਟਵਿਚ ਵੀ ਦੋ ਕਵਿਤਾਵਾਂ ਪਾਸ਼ ਬਾਰੇ ਸ਼ਾਮਿਲ ਹਨ। ਉਹਨਾਂ ਵਿਚੋਂ ਇਕ ਕਵਿਤਾ ਮਿੱਤਰ-ਹਾਜ਼ਰ ਹੈ:

ਮਿੱਤਰ
ਪਾਸ਼ ਅਤੇ ਉਦਾਸੀ ਦੇ ਨਾਂ ॥

ਮਹਿਕ ਤੇਰੀ ਕਵਿਤਾ ਦੀ ਜਿਸ ਦਿਨ,
ਤਲ਼ੀ ਧਰਨਗੇ ਮਿੱਤਰ
ਫੁੱਲ ਅਤੇ ਕੰਡੇ ਦੀ ਕੱਠੀ,
ਪੀੜ ਜਰਨਗੇ ਮਿੱਤਰ

ਬਰਫ਼ਾਨੀ ਚੋਟੀ ਤੇ ਤੇਰੇ,
ਜ਼ਖ਼ਮਾਂ ਲਿਖੀ ਇਬਾਰਤ
ਜਦ ਦਰਿਆ ਬਣ ਹੇਠਾਂ ਪਹੁੰਚੀ,
ਯਾਦ ਕਰਨਗੇ ਮਿੱਤਰ

ਤੂੰ ਖੇਤਾਂ ਵਿੱਚ ਬੀਜਿਆ ਆਪਣੇ,
ਸ਼ਬਦਾਂ ਦਾ ਗੁਲਦਸਤਾ
ਅਰਥਾਂ ਦਾ ਨਿੱਘ ਮਾਣ ਲੈਣਗੇ,
ਜਦੋਂ ਠਰਨਗੇ ਮਿੱਤਰ

ਤੂੰ ਕਵਿਤਾ ਦੇ ਹਰ ਅੱਖਰ ਨੂੰ,
ਨਦੀਆਂ ਤਰਨ ਸਿਖਾਇਆ
ਖੂਹਾਂ, ਟੋਭਿਆਂ, ਢਾਬਾਂ ਵਿੱਚ ਇਹ,
ਨਹੀਂ ਖਰਨਗੇ ਮਿੱਤਰ

ਤੂੰ ਸਮਿਆਂ ਦੇ ਸੱਚ ਦਾ ਸੁਰਮਾ,
ਕਵਿਤਾ ਦੀ ਅੱਖ ਪਾਇਆ
ਹਰ ਇੱਕ ਜਗਦੀ ਅੱਖ ਨੂੰ
ਤੇਰੇ ਨਾਮ ਕਰਨਗੇ ਮਿੱਤਰ

ਤੇਰੀ ਅਰਥੀ ਵਾਲ਼ੇ ਦਿਨ ਵੀ,
ਤੇਰਾ ਚਿੱਤਰ ਅਧੂਰਾ
ਤੇਰੇ ਵਾਂਗੂੰ ਉਸ ਵਿੱਚ
ਤੇਰੇ ਰੰਗ ਭਰਨਗੇ ਮਿੱਤਰ ॥

**Department of Computing Science, Thompson Rivers University, Kamloops, BC, Canada**

## ਪੇਸ਼ ਨੇ ਪਾਸ਼ ਦੀਆਂ ਕੁਝ ਕਵਿਤਾਵਾਂ



### ਤੁਸੀਂ ਹੈਰਾਨ ਨਾ ਹੋਵੋ

ਤੁਸੀਂ ਹੈਰਾਨ ਹੁੰਦੇ ਹੋ
ਤੇ ਮੇਰੇ ਕੋਲੋਂ ਮੇਰੇ ਸਿਦਕ ਦਾ ਸਬੱਬ ਪੁਛਦੇ ਹੋ ?
ਮੇਰਾ ਹੁਣ ਕਹਿਣ ਨਹੀਂ ਬਣਦਾ-
ਭਲਾ ਕੋਈ ਕਾਸ ਨੂੰ ਮਾਰੂਥਲਾਂ ਦੇ ਵਿਚ ਸੜਦਾ ਹੈ
ਤੇ ਕਾਹਤੋਂ ਫੜਕੇ ਤੇਸਾ ਪਰਬਤਾਂ
'ਚੋਂ ਨਹਿਰ ਕੱਢਦਾ ਹੈ ?

ਤੁਸੀਂ ਬੇਧੜਕ ਹੋਕੇ ਆਵੋ
ਤੇ ਇਕ ਬੇਵਫਾ ਮਾਸ਼ੂਕ ਦੇ ਵਾਂਗੂ
ਮੁਹੱਬਤ ਦਾ ਸਾਨੂੰ ਅੰਜਾਮ ਦੇ ਜਾਵੋ
ਦੇਖੋ-ਤੁਹਾਡੇ 'ਦਿਲਫ਼ਰੇਬ' ਹੁਸਨ ਨੂੰ ਨਿਹਾਰਦੇ ਹੋਇਆਂ
ਮੈਂ 216 ਘੰਟੇ ਜਾਗ ਕੇ ਕੱਟੇ ਹਨ
ਤੇ ਬਿਜਲੀ ਦੀ ਨੰਗੀ ਤਾਰ ਉੱਤੇ ਹੱਥ ਰੱਖਿਆ ਹੈ
ਤੇ ਸੀਰੇ 'ਚ ਲਿਪਟੇ ਅੰਗ
ਕੀੜਿਆਂ ਦੇ ਭੌਣ ਉੱਤੇ ਸੁੱਟ ਛੱਡੇ ਹਨ

ਤੁਹਾਡੇ ਚਿੱਤ 'ਚ ਹੋਵੇਗਾ
ਹੁਣ ਮੈਂ ਗਿੜਗਿੜਾਵਾਂਗਾ
ਅਸੀਂ ਮੰਗਤੇ ਨਹੀਂ-
ਸਾਨੂੰ ਤਾਂ ਐਂਵੇ ਮਰ ਜਾਣ ਦਾ ਠਰਕ ਹੁੰਦਾ ਹੈ
ਅਸੀਂ ਅੱਖਾਂ 'ਚ ਅੱਖਾਂ ਪਾ ਕੇ ਤੱਕਦੇ ਹਾਂ
ਅਸੀਂ ਮਾਸ਼ੂਕ ਦੇ ਪੈਰੀਂ ਨਹੀਂ ਡਿਗਦੇ

ਤੁਸੀਂ ਹੈਰਾਨ ਨਾ ਹੋਵੋ
ਮੇਰਾ ਤਾਂ ਕਹਿਣ ਨਹੀਂ ਬਣਦਾ,
ਕਿ ਉਹ ਰੁੱਤ ਆਉਣ ਵਾਲੀ ਹੈ
ਜਿਹਦੇ ਵਿਚ ਸਰਫ਼ਰੋਸ਼ੀ ਦੇ ਰੁੱਖਾਂ ਨੂੰ ਫੁੱਲ ਪੈਂਦੇ ਹਨ
ਤੁਹਾਡੀ ਚਰਖੜੀ ਦੇ ਅਰਥ ਵੀ ਪਿੰਜੇ ਜਾਂਦੇ ਹਨ

### ਖੁੱਲ੍ਹੀ ਚਿੱਠੀ



ਮਸ਼ੂਕਾਂ ਨੂੰ ਖ਼ਤ ਲਿਖਣ ਵਾਲਿਓ।
ਜੇ ਤੁਹਾਡੀ ਕਲਮ ਦੀ ਨੋਕ ਬਾਂਝ ਹੈ
ਤਾਂ ਕਾਗਜ਼ਾਂ ਦਾ ਗਰਭਪਾਤ ਨਾ ਕਰੋ।
ਤਾਰਿਆਂ ਵੱਲ ਤੱਕ ਕੇ ਕ੍ਰਾਂਤੀ ਲਿਆਉਣ ਦੀ
ਨਸੀਹਤ ਦੇਣ ਵਾਲਿਓ!
ਕ੍ਰਾਂਤੀ, ਜਦ ਆਈ ਤਾਂ
ਤੁਹਾਨੂੰ ਵੀ ਤਾਰੇ ਦਿਖਾ ਦਏਗੀ।
ਬੰਦੂਕਾਂ ਵਾਲਿਓ!
ਜਾਂ ਤਾਂ ਬੰਦੂਕ ਦਾ ਮੂੰਹ ਦੁਸ਼ਮਣ ਵੱਲ ਕਰ ਦਿਓ
ਤੇ ਜਾਂ ਆਪਣੇ ਆਪ ਵੱਲ
ਕ੍ਰਾਂਤੀ ਕੋਈ ਦਾਅਵਤ ਨਹੀਂ ਨੁਮਾਇਸ਼ ਨਹੀਂ
ਮੈਦਾਨ ਵਿਚ ਵਗਦਾ ਦਰਿਆ ਨਹੀਂ
ਵਰਗਾਂ ਦਾ, ਰੁਚੀਆਂ ਦਾ ਦਰਿੰਦਰਾਨਾ ਭਿੜਨਾ ਹੈ
ਮਾਰਨਾ ਹੈ, ਮਰਨਾ ਹੈ
ਤੇ ਮੌਤ ਨੂੰ ਖ਼ਤਮ ਕਰਨਾ ਹੈ
ਅੱਜ ਵਾਰਸ ਸ਼ਾਹ ਦੀ ਲਾਸ਼
ਕੰਡਿਆਲੀ ਥੋਹਰ ਬਣ ਕੇ
ਸਮਾਜ ਦੇ ਪਿੰਡੇ 'ਤੇ ਉੱਗ ਆਈ ਹੈ-
ਉਸ ਨੂੰ ਕਹੋ ਕਿ
ਇਹ ਯੁੱਗ ਵਾਰਸ ਦਾ ਯੁੱਗ ਨਹੀਂ
ਵੀਅਤਨਾਮ ਦਾ ਯੁੱਗ ਹੈ
ਹਰ ਖੇੜੇ ਵਿਚ ਹੱਕਾਂ ਦੇ ਸੰਗਰਾਮ ਦਾ ਯੁੱਗ ਹੈ।


Commitment to Excellent Services
Punjab Insurance Inc
Pii Punjab Insurance Inc
Your Insurance Advisor
Super Visa Insurance
Disability Insurance | Life Insurance| Critical Illness Insurance|
Mortgage Insurance Segregated Funds| RRSP & TFSA | RESP|
Email : dharbans@hotmail.com www.numberoneinsurance.ca



Harbans Singh
416-817-7142



ਸਿੱਖਿਆ ਦਾ ਭਗਵਾਂਕਰਨ

### ਨੈਤਿਕ ਕਦਰਾਂ ਕੀਮਤਾਂ ਦੇ ਨਾਂ ਹੇਠ

# ਧਾਰਮਿਕ ਮੂਲਵਾਦ ਦੀ ਪੁਨਰ-ਸੁਰਜੀਤੀ ਪਿੱਛੇ ਲੁਕੇ ਮਨਸੂਬੇ

ਯਸ਼ਪਾਲ
(ਮੋਬਾ. 98145 35005 )

ਨਿਰੋਲ ਭਾਜਪਾ ਬਹੁਮੱਤ ਵਾਲੀ ਮੋਦੀ ਸਰਕਾਰ ਦੀ ਮਾਨਵ ਸਰੋਤ ਵਿਕਾਸ ਮੰਤਰੀ (ਸਿੱਖਿਆ ਮੰਤਰੀ) ਸ੍ਰੀਮਤੀ ਈਰਾਨੀ ਵੱਲੋਂ ਪਿਛਲੇ ਦਿਨੀਂ ਕੇਂਦਰੀ ਸਕੂਲਾਂ ਅੰਦਰ 6ਵੀਂ ਤੋਂ 8ਵੀਂ ਸ਼੍ਰੇਣੀ ਦੇ 70000 ਵਿਦਿਆਰਥੀਆਂ ਲਈ ਸੈਸ਼ਨ ਦੇ ਅੱਧ ਵਿਚਕਾਰ ਹੀ ਤੀਜੀ ਭਾਸ਼ਾ ਵੱਲੋਂ ਪੜ੍ਹੀ ਜਾ ਰਹੀ ਜਰਮਨ ਭਾਸ਼ਾ ਦੀ ਥਾਂ 'ਤੇ ਸੰਸਕ੍ਰਿਤ ਭਾਸ਼ਾ ਲਾਗੂ ਕਰਨ ਦਾ ਇੱਕ ਬਿਆਨ ਜਾਰੀ ਕੀਤਾ ਗਿਆ। ਫਿਰ ਕੇਂਦਰੀ ਸਿੱਖਿਆ ਰਾਜ ਮੰਤਰੀ ਸ੍ਰੀ ਉਪੇਂਦਰ ਕੁਸ਼ਵਾਹਾ ਦਾ ਇਸ ਫੈਸਲੇ ਨੂੰ ਸੀ. ਬੀ. ਐਸ. ਈ. ਅਧੀਨ ਚਲ ਰਹੇ 11000 ਦੇ ਲਗਭਗ ਪ੍ਰਾਈਵੇਟ ਸਕੂਲਾਂ ਅੰਦਰ ਅਗਲੇ ਸੈਸ਼ਨ ਤੋਂ ਲਾਗੂ ਕਰਨ ਦਾ ਇੱਕ ਹੋਰ ਬਿਆਨ ਲੱਗਿਆ। ਇਨ੍ਹਾਂ ਦੋਹਾਂ ਐਲਾਨਾਂ/ਬਿਆਨਾਂ ਨੇ ਮੁਲਕ ਭਰ ਦੇ ਸਿੱਖਿਆ ਸ਼ਾਸਤਰੀਆਂ, ਵਿਦਵਾਨਾਂ ਤੇ ਸਿਆਸੀ ਹਲਕਿਆਂ ਅੰਦਰ ਇੱਕ ਭਾਰੀ ਵਿਵਾਦ ਖੜ੍ਹਾ ਕਰ ਦਿੱਤਾ।

ਵੱਖ-ਵੱਖ ਕਾਰਪੋਰੇਟ ਘਰਾਣਿਆਂ ਦੀ ਪੂੰਜੀ ਤੇ ਮੀਡੀਏ ਦੀ ਭਰਪੂਰ ਤਾਕਤ ਦੇ ਸਹਾਰੇ ਅਤੇ ਭਾਜਪਾ ਦੀ ਸਿਧਾਂਤਕ ਰਹਿਬਰ ਸੰਸਥਾ ਆਰ. ਐਸ. ਐਸ. ਦੇ ਮੋਢਿਆਂ 'ਤੇ ਸਵਾਰ ਹੋ ਕੇ ਰਾਜਗੱਦੀ ਤੇ ਕਾਬਜ ਹੋਈ ਮੌਜੂਦਾ ਮੋਦੀ ਸਰਕਾਰ ਦੇ ਇਨ੍ਹਾਂ ਬਿਆਨਾਂ ਨੂੰ ਭਾਜਪਾ ਦੇ ਕਾਰਪੋਰੇਟ ਪੱਖੀ ਵਿਕਾਸ ਮਾਡਲ ਦੀ ਅਤੇ ਆਰ. ਐਸ. ਐਸ. ਦੀ 'ਸਿੱਖਿਆ ਦੇ ਭਗਵੇਂਕਰਨ' ਦੀ ਲੰਬੇ ਸਮੇਂ ਤੋਂ ਚੱਲ ਰਹੀ ਐਲਾਨੀਆ ਨੀਤੀ ਦੇ ਜੜ੍ਹੁੱਤ ਚੌਖਟੇ 'ਚ ਰੱਖ ਕੇ ਹੀ ਸਮਝਿਆ ਜਾ ਸਕਦਾ ਹੈ। ਇਸ ਨੀਤੀ ਨੂੰ ਭਾਜਪਾ ਵੱਲੋਂ 'ਤੇਜ ਵਿਕਾਸ ਤੇ ਸੁਸ਼ਾਸਨ' ਵਜੋਂ ਅਤੇ ਆਰ. ਐਸ. ਐਸ. ਵੱਲੋਂ ਮਿਥਿਆ/ਪਾਠਕ੍ਰਮ ਨੂੰ 'ਵਧੇਰੇ ਭਾਰਤੀਕਰਨ, ਵਧੇਰੇ ਰਾਸ਼ਟਰੀਕਨ ਤੇ ਵਧੇਰੇ ਅਧਿਆਤਮੀਕਰਨ' ਦੇ ਪਰੀਪੇਖ (Perspective) 'ਚ ਰੱਖ ਕੇ ਢਾਲਣ ਦੇ ਲਬਾਦੇ 'ਚ ਲਪੇਟ ਕੇ ਪੇਸ਼ ਕੀਤਾ ਜਾ ਰਿਹਾ ਹੈ। ਸ੍ਰੀਮਤੀ ਈਰਾਨੀ ਨੇ ਵੀ ਇਸ ਨੂੰ ਆਰ. ਐਸ. ਐਸ. ਦੇ ਹੂਬਹੂ ਇਨ੍ਹਾਂ ਸ਼ਬਦਾਂ ਰਾਹੀਂ ਦੁਹਰਾਇਆ ਹੈ। ਵਿਦੇਸ਼ ਮੰਤਰੀ ਸ੍ਰੀਮਤੀ ਸੁਸ਼ਮਾ ਸਵਰਾਜ ਵੱਲੋਂ ਵੀ ਤੱਤ-ਭੜੱਥੇ ਹਿੰਦੂ ਧਾਰਮਿਕ ਗ੍ਰੰਥ 'ਗੀਤਾ' ਨੂੰ ਰਾਸ਼ਟਰੀ ਗ੍ਰੰਥ' ਦਾ ਦਰਜਾ ਦੇਣ ਦੀ ਵਜਾਰਤ ਕਰਨ ਅਤੇ ਆਰ. ਐਸ. ਐਸ. ਦੇ ਮੁਖੀ ਸ਼੍ਰੀ ਭਾਗਵਤ ਤੇ ਇਸ ਦੀਆਂ ਸਹਿਯੋਗੀ ਜਥੇਬੰਦੀਆਂ/ਸ਼ਖਾਵਾਂ ਦੇ ਹੋਰ ਕਈ ਆਗੂਆਂ ਵੱਲੋਂ ਭਾਰਤ ਨੂੰ 'ਹਿੰਦੂ ਰਾਸ਼ਟਰ' ਵਜੋਂ ਪ੍ਰੀਭਾਸ਼ਤ ਕਰਨ ਤੇ ਇਸ ਨੂੰ 2021ਤੱਕ ਸੰਪੂਰਨ 'ਹਿੰਦੂ ਰਾਸ਼ਟਰ' ਬਣਾਉਣ ਵਰਗੇ ਦਿੱਤੇ ਗਏ ਬਿਆਨਾਂ ਨੇ ਅਤੇ ਚਲਾਈ ਜਾ ਰਹੀ 'ਧਰਮਾਂਤਰਣ' ਤੇ 'ਘਰ ਵਾਪਸੀ' ਮੁਹਿੰਮ ਨੇ ਇਸ ਵਾਦ-ਵਿਵਾਦ ਨੂੰ ਹੋਰ ਗਰਮਾ ਦਿੱਤਾ ਹੈ।

**ਸਿੱਖਿਆ ਦੇ ਭਗਵੇਂਕਰਨ ਦਾ ਇਹ ਪਰੀਪੇਖ ਕੀ ਹੈ ?**

ਮੋਟੇ ਤੌਰ 'ਤੇ ਤਾਂ ਇਸ ਨੀਤੀ ਨੂੰ ਆਰ. ਐਸ. ਐਸ. ਵੱਲੋਂ ਇਉਂ ਪੇਸ਼ ਕੀਤਾ ਜਾਂਦਾ ਹੈ ਕਿ ਵਿਦਿਆਰਥੀਆਂ ਨੂੰ ਪੜ੍ਹਾਈਆ ਜਾਂਦੀਆਂ ਇਤਿਹਾਸ ਦੀਆਂ ਪੁਸਤਕਾਂ ਨੂੰ ਇਸ ਦਿਸ਼ਾ 'ਚ ਸੋਧਣ ਦੀ ਜਰੂਰਤ ਹੈ ਜਿਸ ਨਾਲ ਉਹ ਪੁਰਾਤਨ ਭਾਰਤ ਦੇ 'ਹਿੰਦੂ ਸੁਨਹਿਰੀ ਯੁੱਗ' ਨੂੰ ਜਾਣ ਸਕਣ ਤੇ ਉਸ ਉਪਰ ਮਾਣ ਕਰ ਸਕਣ। ਪਰੰਤੂ ਸਿੱਖਿਆ ਦੇ ਇਸ 'ਭਾਰਤੀਕਰਨ ਰਾਸ਼ਟਰੀਕਰਨ ਤੇ ਅਧਿਆਤਮੀਕਰਨ' ਦਾ ਇਹ ਪਰੀਪੇਖ ਅਸਲ 'ਚ ਹੈ ਕੀ ? ਇਸ ਦੀ ਆਧਾਰ ਸਿਲਾ ਕੀ ਹੈ ? ਤੇ ਇਸੇ ਪਰੀਪੇਖ ਦੇ ਅਸਲ ਮਨਸੇ-ਮਨਸੂਬੇ ਕੀ ਹਨ ? ਇਨ੍ਹਾਂ ਨੂੰ ਸਮਝਣ ਲਈ ਸਾਨੂੰ ਪਿਛਲੀ ਭਾਜਪਾ ਦੀ ਅਗਵਾਈ ਵਾਲੀ ਐਨ.ਡੀ.ਏ.ਦੀ ਵਾਜਪਾਈ ਸਰਕਾਰ (1998-2004) ਦੇ ਕਾਰਜਕਾਲ ਸਮੇਂ ਸਿੱਖਿਆ ਮੰਤਰੀ ਸ਼੍ਰੀ ਮੁਰਲੀ ਮਨੋਹਰ ਜੋਸ਼ੀ ਵੱਲੋਂ ਇਸੇ ਦਿਸ਼ਾ 'ਚ ਪੁੱਟੇ ਗਏ ਕਦਮਾਂ ਦੀ ਪੈੜ-ਚਾਲ ਫੜਨੀ ਹੋਵੇਗੀ। ਇਹ ਇਸ ਲਈ ਕਿਉਂਕਿ ਮੌਜੂਦਾ ਸਿੱਖਿਆ, ਮੰਤਰੀ ਸ਼੍ਰੀਮਤੀ ਸਮ੍ਰਿਤੀ ਈਰਾਨੀ ਨੇ ਵੀ ਇਸੇ ਭਾਰਤੀਕਰਨ, ਰਾਸ਼ਟਰੀਕਰਨ ਤੇ ਅਧਿਆਤਮੀਕਰਨ ਦੀ ਤੰਦ ਨੂੰ ਉੱਥੋਂ ਹੀ ਫੜਿਆ ਹੈ, ਜਿੱਥੇ ਸ਼੍ਰੀ ਮੁਰਲੀ ਮਨੋਹਰ ਜੋਸ਼ੀ ਨੇ ਛੱਡਿਆ ਸੀ। ਉਸ ਸਮੇਂ ਗੱਠਜੋੜ ਸਰਕਾਰ ਦੀਆਂ ਪੇਚੀਦਗੀਆਂ ਤੇ ਮਜ਼ਬੂਰੀਆਂ ਕਾਰਨ, ਉਹ ਇਸ ਨੀਤੀ ਨੂੰ ਲਾਗੂ ਨਹੀਂ ਸੀ ਕਰਵਾ ਸਕੇ। ਉਸ ਸਮੇਂ ਸੰਸਕ੍ਰਿਤ ਯੂਨੀਵਰਸਿਟੀ ਦੀ ਸਥਾਪਨਾ ਤੇ ਯੂਨੀਵਰਸਿਟੀਆਂ ਦੇ ਪਾਠਕ੍ਰਮ ਅੰਦਰ ਜੋਤਿਸ਼ ਵਿਦਿਆ ਦਾ ਵਿਸ਼ਾ ਲਾਗੂ ਕਰਨ ਦੀਆਂ ਯੋਜਨਾਵਾਂ ਇਸੇ ਨੀਤੀ ਦਾ ਹੀ ਹਿੱਸਾ ਸਨ।

ਉਸ ਸਮੇਂ ਨਵੰਬਰ 1998 'ਚ ਸ਼੍ਰੀ ਜੋਸ਼ੀ ਵੱਲੋਂ ਸਿੱਖਿਆ ਦੇ ਸੁਧਾਰ ਸਬੰਧੀ ਸਮੂਹ ਰਾਜਾਂ ਦੇ ਸਿੱਖਿਆ ਮੰਤਰੀਆਂ ਦੀ ਬੁਲਾਈ ਗਈ ਇੱਕ ਕਾਨਫਰੰਸ ਦੇ ਉਦਘਾਟਨੀ ਸੈਸ਼ਨ ਦੌਰਾਨ ਹੀ ਸਰਕਾਰੀ ਏਜੰਡੇ ਦੇ ਨਾਲ-ਨਾਲ ਇੱਕ 'ਮਾਹਿਰਾਂ ਦੇ ਗਰੁੱਪ' ਵੱਲੋਂ ਤਿਆਰ ਕੀਤਾ ਗਿਆ ਇੱਕ ਗੈਰ ਸਰਕਾਰੀ ਏਜੰਡਾ ਵੀ ਪੇਸ਼ ਕੀਤਾ ਗਿਆ ਸੀ। ਭਾਵੇਂ ਉਹ ਗੈਰ ਸਰਕਾਰੀ ਏਜੰਡਾ ਬਹੁਗਿਣਤੀ ਰਾਜਾਂ ਦੇ ਸਿੱਖਿਆ ਮੰਤਰੀਆਂ ਵੱਲੋਂ ਵਿਰੋਧ ਕਰਨ ਉਪਰੰਤ ਵਾਪਸ ਲੈਣਾ ਪਿਆ ਸੀ ਪਰੰਤੂ ਉਸ ਏਜੰਡੇ ਦੇ ਬਾਹਰ ਆਉਣ ਨਾਲ ਜਿਸਨੂੰ ਮਾਨਵੀ ਸਰੋਤ ਵਿਕਾਸ ਮੰਤਰਾਲੇ ਦੀ ਥਾਪਣਾ ਤੇ ਮਾਨਤਾ ਮਿਲੀ ਹੋਈ ਸੀ। ਮੁਲਕ ਭਰ ਦੇ ਬੁੱਧੀਜੀਵੀਆਂ ਤੇ ਸਿੱਖਿਆ ਸ਼ਾਸਤਰੀਆਂ ਦੇ ਕੰਨ ਖੜ੍ਹੇ ਹੋ ਗਏ ਸਨ। ਉਸ ਏਜੰਡੇ ਦਾ ਸਾਰ ਤੱਤ ਇਹ ਸੀ ਕਿ ਭਾਜਪਾ ਪੂਰੇ ਮੁਲਕ ਦੀ ਸਿੱਖਿਆ ਦਾ 'ਭਾਰਤੀਕਰਨ, ਰਾਸ਼ਟਰੀਕਰਨ ਤੇ ਅਧਿਆਤਮੀਕਰਨ' ਕਰਨਾ ਚਾਹੁੰਦੀ ਹੈ ਜੋ ਕਿ ਭਾਜਪਾ ਦੀ ਸਿਧਾਂਤਕ ਰਹਿਬਰ ਸੰਸਥਾ ਆਰ. ਐਸ. ਐਸ. ਦਾ ਲੰਬੇ ਸਮੇਂ ਤੋਂ ਚੱਲ ਰਿਹਾ ਮੂਲ ਏਜੰਡਾ ਹੈ। ਇਸ ਏਜੰਡੇ ਦੀ ਸੇਧ 'ਚ ਹੀ 'ਮਾਹਰਾਂ ਦੇ ਗਰੁੱਪ' ਵੱਲੋਂ ਸਕੂਲੀ ਪਾਠਕ੍ਰਮ 'ਚ ਭਾਰਤੀ ਵੇਦਾਂ, ਪੁਰਾਣਾ ਉਪਨਿਸ਼ਦਾਂ ਤੇ ਹਿੰਦੂ ਧਾਰਮਿਕ ਗ੍ਰੰਥਾਂ ਰਮਾਇਣ ਤੇ ਮਹਾਂਭਾਰਤ ਨੂੰ ਸ਼ਾਮਿਲ ਕਰਨ ਅਤੇ ਸੰਸਕ੍ਰਿਤ ਭਾਸ਼ਾ ਨੂੰ ਪਹਿਲੀ ਸ਼੍ਰੇਣੀ ਤੋਂ ਲਾਗੂ ਕਰਨ ਦਾ ਸੁਝਾਅ ਦਿੱਤਾ ਗਿਆ ਸੀ। ਇਸ ਤੋਂ ਬਿਨ੍ਹਾਂ ਲੜਕੀਆਂ ਨੂੰ ਉਨ੍ਹਾਂ ਦੀ ਸਰੀਰਕ ਮਨੋਵਿਗਿਆਨਕ ਤੇ ਸਮਾਜਿਕ ਲੋੜਾਂ ਅਨੁਸਾਰ (ਭਾਵ ਘਰ ਦੀ ਸਾਂਭ ਸੰਭਾਲ) ਲੜਕਿਆਂ ਨਾਲੋਂ ਵੱਖਰੇ ਸਿਲੇਬਸ ਵੱਜੋਂ ਗ੍ਰਹਿ-ਵਿਗਿਆਨ ਦਾ ਵਿਸ਼ਾ ਮੁੱਢ ਤੋਂ ਹੀ ਪੜ੍ਹਾਉਣ ਦੀ ਤਜਵੀਜ਼ ਵੀ ਪੇਸ਼ ਕੀਤੀ ਗਈ ਸੀ। ਇਸ ਕਾਨਫਰੰਸ ਦਾ ਉਦਘਾਟਨ ਵੀ 'ਸਰਸਵਤੀ ਵੰਦਨਾ' ਨਾਲ ਕੀਤਾ ਗਿਆ ਸੀ ਜਿਸ ਦਾ ਪੰਜਾਬ ਸਮੇਤ ਕਈ ਰਾਜਾਂ ਦੇ ਸਿੱਖਿਆ-ਮੰਤਰੀਆਂ ਵੱਲੋਂ ਇਸ ਦਾ 'ਧਰਮ ਵਿਸ਼ੇਸ਼' ਨਾਲ ਜੁੜੇ ਹੋਣ ਕਾਰਨ, ਵਾਕ ਆਊਟ ਕਰਕੇ ਬਾਈਕਾਟ ਕੀਤਾ ਗਿਆ ਸੀ।




ਉਂਝ ਉਸ ਸਮੇਂ ਇਸੇ ਦਿਸ਼ਾ 'ਚ ਪਹਿਲਾਂ ਹੀ ਭਾਜਪਾ ਦੀ ਅਗਵਾਈ ਹੇਠਲੀਆਂ ਰਾਜਸਥਾਨ ਤੇ ਉਤਰ ਪ੍ਰਦੇਸ਼ ਦੀਆਂ ਸਰਕਾਰਾਂ ਵੱਲੋਂ ਸਕੂਲੀ ਪਾਠਕ੍ਰਮ ਅੰਦਰ ਆਰ. ਐਸ. ਐਸ. ਦੇ ਸਿਧਾਂਤਕਾਰਾਂ ਦੀਆਂ ਰਚਨਾਵਾਂ ਤੇ ਜੀਵਨੀਆਂ ਸ਼ਾਮਲ ਕਰਨ ਦੇ ਨਾਲ, ਕੇਂਦਰ ਦੀ ਇਤਿਹਾਸ ਲਿਖਣ ਸਬੰਧੀ ਕੌਂਸਲ ਦਾ ਪੁਨਰਗਠਨ ਕਰਕੇ ਉਸ ਅੰਦਰ ਆਰ. ਐਸ. ਐਸ. ਤੇ ਭਾਜਪਾ ਪੱਖੀ ਸਿਧਾਂਤਕਾਰਾਂ ਨੂੰ ਵਾੜਨ ਨਾਲ ਅਤੇ ਆਰ. ਐਸ. ਐਸ. ਦੀ ਸਰਪ੍ਰਸਤੀ ਹੇਠ 1977 ਤੋਂ ਸਥਾਪਿਤ 'ਵਿਦਿਆ ਭਾਰਤੀ ਸੰਸਥਾਨ' ਵੱਲੋਂ ਚਲਾਏ ਜਾ ਰਹੇ ਹਜ਼ਾਰਾਂ 'ਸਰਵ ਹਿਤਕਾਰੀ' ਸਕੂਲਾਂ ਅੰਦਰ (ਪੰਜਾਬ ਅੰਦਰ ਵੀ 150 ਦੇ ਲਗਭਗ) ਪਾਠਕ੍ਰਮ 'ਚ ਬਾਬਰੀ ਮਸਜਿਦ ਨੂੰ ਢਾਹੁਣ ਵਾਲੇ ਕਾਰ ਸੇਵਕਾਂ ਦੀ ਮਹਿਮਾਂ ਗਾਉਂਦੇ ਪਾਠ ਸ਼ਾਮਿਲ ਕਰਨ ਨਾਲ, ਸਿੱਖਿਆ ਦੇ ਇਸ 'ਭਾਰਤੀਕਰਨ, ਰਾਸ਼ਟਰੀਕਰਨ ਤੇ ਅਧਿਆਤਮੀਕਰਨ' ਦਾ ਮੂੰਹ ਮਹਾਂਦਰਾ ਤਾਂ ਸਾਫ਼ ਹੀ ਦਿਸਣ ਲੱਗ ਗਿਆ ਸੀ।

ਇਸ ਤੋਂ ਬਿਨ੍ਹਾਂ ਵਾਜਪਾਈ ਸਰਕਾਰ ਸਮੇਂ ਵੀ ਤੇ ਮੌਜੂਦਾ ਮੋਦੀ ਸਰਕਾਰ ਸਮੇਂ ਵੀ ਰਾਜ ਕਰਨ ਵਾਲੀ ਪਾਰਟੀ ਭਾਜਪਾ ਅਤੇ ਇਸਦੀ ਸਿਧਾਂਤਕ ਰਹਿਬਰ ਸੰਸਥਾ ਆਰ. ਐਸ. ਐਸ. ਦੀਆਂ ਲਿਖਤਾਂ ਤੇ ਆਗੂਆਂ ਦੀਆਂ ਤਕਰੀਰਾਂ ਤੋਂ ਵੀ ਸਪਸ਼ਟ ਹੁੰਦਾ ਹੈ ਕਿ ਇਹ ਭਾਰਤ ਨੂੰ ਵੱਖ-ਵੱਖ ਧਰਮਾਂ ਭਾਸ਼ਾਵਾਂ ਅਤੇ ਸੱਭਿਆਚਾਰਕ ਤੌਰ ਤੇ ਵੱਖਰੀਆਂ ਕੌਮੀਅਤਾਂ ਦੇ ਸੰਗਠਨ ਦੀ ਬਜਾਇ ਇਕੋ ਧਰਮ (ਹਿੰਦੂ), ਇਕੋ ਨਸਲ (ਕੌਮ) ਹਿੰਦੂ, ਇੱਕੋ ਹੀ ਹਿੰਦੂ ਰਾਸ਼ਟਰ ਭਾਸ਼ਾ (ਸੰਸਕ੍ਰਿਤ) ਅਤੇ ਇਕੋ ਹੀ ਸੱਭਿਆਚਾਰ (ਹਿੰਦ ਸੰਸਕ੍ਰਿਤੀ ਤੇ ਰਵਾਇਤਾਂ) ਵਾਲਾ ਮੁਲਕ ਤਸੱਵਰ ਕਰਦੇ ਹਨ ਅਤੇ ਉਸੇ ਹੀ ਧਰਮ, ਕੌਮ, ਨਸਲ, ਭਾਸ਼ਾ ਤੇ ਸੱਭਿਆਚਾਰ ਦੀ ਪ੍ਰਮੁਖਤਾ ਕਾਇਮ ਕਰਨੀ ਚਾਹੁੰਦੇ ਹਨ। ਹੋਰਨਾਂ ਉਪਰ ਉਸ ਨੂੰ ਠੋਸਣਾ ਚਾਹੁੰਦੇ ਹਨ। ਪੁਰਾਤਨ ਮੱਧ ਯੁੱਗੀ ਜਗੀਰੂ ਰੂੜੀਵਾਦੀ ਭਾਰਤੀ ਸੰਸਕ੍ਰਿਤੀ/ਸੱਭਿਆਚਾਰ ਅਤੇ ਜੀਵਨ ਸ਼ੈਲੀ ਅਪਨਾਉਣ ਨੂੰ ਹੀ ਉਹ 'ਭਾਰਤੀਕਰਨ ਤੇ ਰਾਸ਼ਟਰੀਕਰਨ' ਦਾ ਨਾਂ ਦਿੰਦੇ ਹਨ ਤੇ ਇਸੇ ਧਾਰਨਾ ਤੇ ਸਮਝ ਨੂੰ ਸਿੱਖਿਆ ਅੰਦਰ ਨੈਤਿਕ ਕਦਰਾਂ ਕੀਮਤਾਂ ਦੇ ਨਾਂ ਹੇਠ ਘੁਸੇੜ ਕੇ ਵਿਦਿਆਰਥੀਆਂ-ਨੌਜਵਾਨਾਂ ਦੇ ਕੋਮਲ ਮਨਾਂ ਨੂੰ ਇਸ ਦਿਸ਼ਾ 'ਚ ਵਿਚਲਤ ਕਰਨਾ ਚਾਹੁੰਦੇ ਹਨ।

ਇਸ ਖ਼ਤਰਨਾਕ ਧਾਰਨਾ ਸਬੰਧੀ ਇਥੇ ਆਰ. ਐਸ. ਦੇ ਦੂਜੇ ਮੋਢੀ ਸਿਧਾਂਤਕਾਰ ਮੰਨੇ ਜਾਂਦੇ ਸ਼੍ਰੀ ਗੋਲਵਾਲਰ (1906-1973) ਵੱਲੋਂ ਲਿਖੀ ਗਈ ਪੁਸਤਕ ਵਿੱਚ ਕਹੇ ਗਏ ਸ਼ਬਦਾਂ ਦੀ ਇੱਕੋਂ ਹੀ ਮਿਸਾਲ ਦੇਣੀ ਢੁਕਵੀਂ ਉਚਿਤ ਤੇ ਕਾਫੀ ਹੋਵੇਗੀ। ਸ਼੍ਰੀ ਗੋਲਵਾਲਕਰ ਅਨੁਸਾਰ "*... ਹਿੰਦੁਸਤਾਨ ਅੰਦਰ ਰਹਿ ਰਹੀਆਂ ਹੋਰ ਵਿਦੇਸ਼ੀ ਨਸਲਾਂ ਲਈ ਜਾਂ ਤਾਂ ਲਾਜ਼ਮੀ ਹਿੰਦੂ ਸੱਭਿਆਚਾਰ ਤੇ ਭਾਸ਼ਾ (ਭਾਵ ਸੰਸਕ੍ਰਿਤ) ਨੂੰ ਆਪਨਾਉਣਾ ਹੋਵੇਗਾ, ਹਿੰਦੂ ਨਸਲ ਤੇ ਸੱਭਿਆਚਾਰ ਤੋਂ ਇਲਾਵਾ ਹੋਰ ਕਿਸੇ ਵੀ ਨਸਲ ਤੇ ਸੱਭਿਆਚਾਰ ਦੀ ਉਸਤਤ ਜਾਂ ਮਹਿਮਾ ਕਰਨ ਦਾ ਖਿਆਲ ਦਿਮਾਗ 'ਚੋ ਕੱਢਣਾ ਹੋਵੇਗਾ ਅਤੇ ਆਪਣੀ ਵੱਖਰੀ ਹੋਂਦ/ਪਹਿਚਾਣ ਨੂੰ ਲਾਂਭੇ ਰੱਖਕੇ ਆਪਣੇ ਆਪ ਨੂੰ ਹਿੰਦੂ ਨਸਲ 'ਚ ਵਿਲੀਨ ਕਰਨਾ ਹੋਵੇਗਾ। ਨਹੀਂ ਤਾਂ ਫਿਰ ਇਸ ਮੁਲਕ ਅੰਦਰ ਪੂਰੀ ਤਰ੍ਹਾਂ ਹਿੰਦੂ ਕੌਮ ਦੇ ਮਾਤਹਿਤ (ਅਧੀਨ) ਹੋ ਕੇ ਰਹਿਣਾ ਹੋਵੇਗਾ। ਅਤੇ ਉਹ ਵੀ ਬਗੈਰ ਕਿਸੇ ਉਚੇਚੇ ਹੱਕ, ਰਿਆਇਤ ਜਾਂ ਕਿਸੇ ਵਿਸ਼ੇਸ ਤਰਜੀਹੀ ਲਿਹਾਜ ਦਾ ਦਾਅਵਾ ਜਾਂ ਮੰਗ ਕਰੇ-ਇੱਥੋਂ ਤੱਕ ਕਿ ਨਾਗਰਿਕਤਾ ਦੇ ਅਧਿਕਾਰ ਦਾ ਦਾਅਵਾ ਵੀ ਨਹੀਂ*" (ਅਸੀਂ ਜਾਂ ਸਾਡੀ ਪਰੀਭਾਸ਼ਤ ਕੌਮੀਅਤ)।

ਜਦ ਕਿ ਸ਼੍ਰੀ ਗੋਲਵਾਲਕਰ ਦੀ ਇਸ ਧਾਰਨਾ ਨੂੰ ਇਸ ਤੋਂ ਢੇਰ ਸਮਾਂ ਪਹਿਲਾਂ, ਭਾਰਤੀ ਕੌਮੀ ਸਵੈਮਾਨ ਦੇ ਅਸਲੀ ਬਾਨੀ ਦੇ ਤੌਰ ਤੇ ਜਾਣੇ ਜਾਂਦੇ ਵੇਦਾਂਤੀ ਹਿੰਦੂ ਦਾਰਸ਼ਨਿਕ ਸਵਾਮੀ ਵਿਵੇਕਾਨੰਦ (1863-1902) ਵੱਲੋਂ (ਜਿਸਦੀ ਸ਼੍ਰੀ ਮੋਦੀ ਨੇ ਵੀ ਲੋਕ ਸਭਾ ਲਈ ਆਪਣੇ ਚੋਣ ਪ੍ਰਚਾਰ ਅੰਦਰ ਖੂਬਸੂਰਤ ਵਰਤੋਂ ਕੀਤੀ ਸੀ) ਪੂਰੀ ਤਰ੍ਹਾਂ ਨਕਾਰਿਆ ਗਿਆ ਸੀ। ਵਿਵੇਕਾਨੰਦ ਅਨੁਸਾਰ, "*ਪੂਰਵਲੇ ਸਮਿਆਂ 'ਚ ਸ਼ਬਦ ਹਿੰਦੂ' ਤੋਂ ਭਾਵ ਉਨ੍ਹਾਂ ਲੋਕਾਂ ਤੋਂ ਸੀ ਜਿਹੜੇ ਇੰਦੁਸ (ਸਿੰਧੂ) ਦਰਿਆ ਦੇ ਦੂਜੇ (ਪੂਰਬੀ) ਕੰਢੇ 'ਤੇ ਰਹਿੰਦੇ ਸਨ। ਉਸ ਸਮੇਂ 'ਤੇ ਤਾਂ ਇਸ ਸ਼ਬਦ ਦੀ ਕੋਈ ਸਾਰਥਿਕਤਾ ਬਣਦੀ ਸੀ ਪਰੰਤੂ ਹੁਣ ਇਸ ਸਮੇਂ ਇਸਦਾ ਕੋਈ ਅਰਥ ਨਹੀਂ ਰਹਿ ਗਿਆ ਹੈ। ਅੱਜ ਅਸੀਂ ਇਸ ਸ਼ਬਦ ਦਾ ਨਾਂ ਹਿੰਦੂ ਨਸਲ ਅਤੇ ਨਾ ਹੀ ਹਿੰਦੂ ਧਰਮ ਵੱਜੋਂ ਉਲੇਖ ਕਰ ਸਕਦੇ ਹਾਂ। ਇਹ ਇਸ ਕਰਕੇ ਕਿ ਹੁਣ ਇੰਦੁਸ (ਸਿੰਧੂ) ਦਰਿਆ ਦੇ ਪੂਰਬੀ ਕੰਢੇ 'ਤੇ ਵੱਖੋਂ-ਵੱਖਰੇ ਧਰਮਾਂ ਅਤੇ ਵੱਖੋ ਵੱਖਰੀਆਂ ਕੌਮਾਂ ਦੇ ਲੋਕ ਇੱਕਠੇ ਮਿਲਕੇ ਰਹਿ ਰਹੇ ਹਨ।*" (ਸੰਕਲਿਤ ਰਚਨਾ ਗ੍ਰੰਥ 5-ਪੰਨਾ 265)

ਵਿਵੇਕਾਨੰਦ ਨੇ ਤਾਂ ਗੋਲਵਾਲਕ ਦੀ ਧਾਰਨਾ ਦੇ ਉਲਟ ਇਹ ਵੀ ਕਿਹਾ ਸੀ ਕਿ "*ਈਸਾਈਆਂ ਨੂੰ ਬੋਧੀ ਬਣਨ ਦੀ ਕੋਈ ਜਰੂਰਤ ਨਹੀਂ ਹੈ ਅਤੇ ਨਾ ਹੀ ਮੁਸਲਮਾਨਾਂ ਨੂੰ ਹਿੰਦੂ ਬਣਨ ਦੀ ਜ਼ਰੂਰਤ ਹੈ। ਸਗੋਂ ਹਰੇਕ ਧਰਮ ਆਪਣੀ ਨਿਵੇਕਲੀ ਪਹਿਚਾਨ ਨੂੰ ਕਾਇਮ ਰੱਖਦਿਆਂ ਆਪਣੇ ਸੁਭਾਅ ਮੁਤਾਬਕ ਹੋਰਨਾਂ ਧਰਮਾਂ ਦੇ ਮੂਲ-ਤੱਤ ਨੂੰ ਆਪਣੇ ਧਰਮ ਅੰਦਰ ਜਜ਼ਬ ਕਰਕੇ ਤਕੜਾ ਹੋਵੇਗਾ.... ਜੇ ਕੋਈ ਨਿਰੋਲ ਆਪਣੇ ਹੀ ਧਰਮ ਦੇ ਤਾਂ ਸੁਪਨੇ ਪਾਲਦਾ ਹੈ ਪਰ ਦੂਜਿਆਂ ਦੇ ਧਰਮ ਨੂੰ ਤਬਾਹ ਕਰਨ ਦੀ ਗੱਲ ਕਰਦਾ ਹੈ ਤਾਂ ਮੈਨੂੰ ਉਸ 'ਤੇ ਦਿਲੋਂ ਤਰਸ ਆਉਂਦਾ ਹੈ...।*" (11 ਸਤੰਬਰ 1893 ਨੂੰ ਸ਼ਿਕਾਗੋ ਵਿਖੇ 'ਸੰਸਾਰ ਧਰਮ ਸੰਸਦ' ਅੰਦਰ ਕੀਤੀ ਤਕਰੀਰ)

**'ਮਾਹਰਾਂ' ਦੀ ਵਿਚਾਰਧਾਰਾ ਤੇ ਖੁਰਾ-ਖੋਜ-**

ਇਸ ਤੋਂ ਬਿਨਾਂ ਉਸ ਸਮੇਂ ਗੈਰ

ਸਰਕਾਰੀ ਏਜੰਡਾ ਪੇਸ਼ ਕਰਨ ਵਾਲੇ 'ਮਾਹਰਾਂ' ਦਾ ਪਿਛੋਕੜ ਤੇ ਉਨ੍ਹਾਂ ਦੀ ਵਿਚਾਰ ਧਾਰਾ ਅਤੇ ਖੁਰਾ-ਖੋਜ ਵੀ ਸਿਖਿਆ ਦੇ ਇਸ 'ਭਾਰਤੀਕਰਨ, ਰਾਸ਼ਟਰੀਕਰਨ ਤੇ ਅਧਿਆਤਮੀਕਰਨ' ਦੀ ਧਾਰਨਾ ਤੇ ਪਰੀਪੇਖ ਨੂੰ ਸਮਝਣ ਦਾ ਆਧਾਰ ਬਣ ਸਕਦਾ ਹੈ। ਜਦ ਅਸੀਂ ਉਨ੍ਹਾਂ 'ਮਾਹਰਾਂ' ਦੇ ਗਰੁੱਪ ਦਾ ਖੁਰਾ-ਖੋਜ ਲੱਭਣ ਤੁਰਦੇ ਹਾਂ ਤਾਂ ਉਨ੍ਹਾਂ ਵਿੱਚੋਂ ਇੱਕ ਉਭਰਵਾਂ ਨਾਂ ਸ਼੍ਰੀ ਕਿਰੀਤ ਜੋਸ਼ੀ ਦਾ ਹੈ ਜਿਹੜਾ ਉਸ ਸਮੇਂ 'ਧਰਮ ਹਿੰਦੂਜ ਕੌਮਾਂਤਰੀ ਕੇਂਦਰ' ਦੇ ਪ੍ਰਧਾਨ ਸੀ ਅਤੇ ਜਿਸਨੂੰ ਉਸ ਸਮੇਂ ਭਾਜਪਾ ਦੀ ਕੇਂਦਰ ਸਰਕਾਰ ਨੇ ਸ਼ਿਮਲਾ ਸਥਿਤ 'ਭਾਰਤੀ ਉਚੇਰੀ ਸਿੱਖਿਆ ਸੰਸਥਾ' ਦੀ 'ਗਵਰਨਿੰਗ ਕੌਂਸ਼ਲ' ਵਿੱਚ ਸ਼ਾਮਲ ਕੀਤਾ ਹੋਇਆ ਸੀ। ਉਸ 'ਮਾਹਰਾਂ ਦੇ ਗਰੁੱਪ' ਨਾਲ ਜੁੜਿਆ ਇਕ ਨਾਂ ਹੋਰ ਸਾਹਮਣੇ ਆਇਆ ਹੈ ਜਿਹੜਾ ਉਸ ਸਮੇਂ ਸ਼੍ਰੀ ਮੁਰਲੀ ਮਨੋਹਰ ਜੋਸ਼ੀ ਦੀਆਂ ਵਿਦਿਅਕ ਯੋਜਨਾਵਾਂ ਪਿੱਛੇ ਅਸਲੀ ਦਿਮਾਂਗ ਮੰਨਿਆ ਜਾਂਦਾ ਸੀ, ਉਹ ਹੈ ਸ਼੍ਰੀ ਦੀਨਾ ਨਾਥ ਬੱਤਰਾ ਦਾ ਜਿਹੜਾ ਆਰ.ਐਸ.ਐਸ. ਦਾ ਸਿਧਾਂਤਕ ਪ੍ਰਚਾਰਕ ਹੈ, ਸੰਘ ਪ੍ਰੀਵਾਰ ਵੱਲੋਂ ਸਥਾਪਿਤ 'ਸ਼ਿਕਸ਼ਾ ਬਚਾਓ ਅੰਦੋਲਨ ਸਮਿਤੀ' ਦਾ ਕਨਵੀਨਰ ਹੈ ਅਤੇ ਸੰਘ ਵੱਲੋਂ ਹੀ ਸੰਚਾਲਿਤ 'ਵਿਦਿਆ ਭਾਰਤੀ ਸੰਸਥਾਨ' ਦੀ ਕੌਮੀ ਕਾਰਜਕਾਰਨੀ ਦਾ ਮੈਂਬਰ ਹੈ ਅਤੇ ਜਿਸ ਦੀਨਾ ਨਾਥ ਬਤਰਾ ਦੀਆਂ ਹਿੰਦੀ 'ਚ ਲਿਖੀਆਂ ਨੌਂ ਪੁਸਤਕਾਂ 'ਵਿਦਿਆ ਭਾਰਤੀ ਸੰਸਥਾਨ' ਦੇ ਸਕੂਲਾਂ ਅੰਦਰ ਪੜ੍ਹਾਈਆਂ ਜਾਂਦੀਆਂ ਹਨ ਅਤੇ ਇਨ੍ਹਾਂ ਦਾ ਗੁਜਰਾਤੀ 'ਚ ਤਰਜਮਾਂ ਕਰਕੇ ਤਤਕਾਲੀ ਮੁੱਖ ਮੰਤਰੀ ਸ਼੍ਰੀ ਨਰਿੰਦਰ ਮੋਦੀ ਵੱਲੋਂ ਸਰਕਾਰੀ ਪ੍ਰਾਇਮਰੀ ਤੇ ਸੈਕੰਡਰੀ ਸਕੂਲਾਂ ਦੇ ਪਾਠਕ੍ਰਮਾਂ 'ਚ ਇਹ ਲਾਜ਼ਮੀ ਕੀਤੀਆਂ ਹੋਈਆਂ ਹਨ।

ਦੀਨਾ ਨਾਥ ਬਤਰਾ ਵੱਲੋਂ ਲਿਖੀਆਂ ਹੋਈਆਂ ਪੁਸਤਕਾਂ 'ਸਿੱਖਿਆ ਦਾ ਭਾਰਤੀਕਰਨ' 'ਚਮਕਦਾ ਭਾਰਤ' 'ਪ੍ਰੇਰਣਾ ਦੀਪ' ਆਦਿ ਅੰਦਰ ਹਿੰਦੂ ਧਰਮ ਦੇ ਗ੍ਰੰਥਾਂ 'ਰਮਾਇਣ' ਤੇ 'ਮਹਾਂਭਾਰਤ' ਅੰਦਰਲੇ ਮਿਥਿਹਾਸ ਨੂੰ ਇਤਿਹਾਸ ਵੱਜੋਂ ਪੇਸ਼ ਕਰਕੇ, ਉਸਦੇ ਆਧਾਰ ਤੇ ਪੁਰਾਤਨ ਭਾਰਤ ਅੰਦਰ 'ਹਜ਼ਾਰਾਂ ਸਾਲ ਪਹਿਲਾਂ' (ਭਾਵ ਹਿੰਦੂ ਭਾਰਤ ਅੰਦਰ) ਟੈਲੀਵਿਜ਼ਨ, ਮੋਟਰਕਾਰ, ਹਵਾਈ ਜ਼ਹਾਜ, ਉਪ ਗ੍ਰਹਿ (ਰਾਕਟ) ਆਦਿ ਦੀਆਂ ਖੋਜਾਂ ਅਤੇ 'ਸਟੈਮ ਸੈਂਲ' ਵਿਧੀ ਰਾਹੀਂ (ਜਿਹੜੀ ਅਜੇ ਆਧੁਨਿਕ ਵਿਗਿਆਨ ਰਾਹੀਂ ਵੀ ਪੂਰੀ ਤਰ੍ਹਾਂ ਵਿਕਸਤ ਨਹੀਂ ਹੋਈ) 100 ਕੌਰਵ ਪੁੱਤਰਾਂ ਨੂੰ ਪੈਦਾ ਕਰਵਾਉਣ ਦਾ ਗਿਆਨ ਹੋਣ ਦਾ ਫੂਹੜ ਦਾਅਵਾ ਕੀਤਾ ਗਿਆ ਹੈ। ਪਾਕਿਸਤਾਨ, ਅਫਗਾਨਿਸਤਾਨ, ਨੇਪਾਲ, ਭੂਟਾਨ, ਤਿੱਬਤ ਸ਼੍ਰੀ ਲੰਕਾ ਬੰਗਲਾ ਦੇਸ਼ ਤੇ ਮੀਆਂਮਾਰ ਮੁਲਕਾਂ ਨੂੰ 'ਅਖੰਡ ਭਾਰਤ' ਦਾ ਹਿੱਸਾ ਕਿਹਾ ਗਿਆ ਹੈ। 'ਅਖੰਡ ਭਾਰਤ' ਨੂੰ ਇੱਕ 'ਸਚਾਈ' ਤੇ 'ਖੰਡਿਤ ਭਾਰਤ' ਨੂੰ 'ਝੂਠ' ਤੇ ਗੈਰ ਕੁਦਰਤੀ ਵੰਡ ਦੱਸਕੇ ਇਸ ਨੂੰ ਮੁੜ ਇੱਕਠਾ ਕਰਨ ਦੀ ਗੱਲ ਕਹੀ ਗਈ ਹੈ। ਦੀਨਾ ਨਾਥ ਬੱਤਰਾ ਇਨ੍ਹਾਂ ਪੁਸਤਕਾਂ ਅੰਦਰ ਨੈਤਿਕ ਕਦਰਾਂ ਕੀਮਤਾਂ ਦੇ ਨਿਘਾਰ ਨੂੰ ਪੱਛਮੀ ਸੱਭਿਆਤਾ ਨਾਲ ਜੋੜ ਕੇ ਇਸ ਦੇ ਇਲਾਜ ਲਈ ਪਾਠਕ੍ਰਮ ਅੰਦਰ ਸੰਸਕ੍ਰਿਤ ਭਾਸ਼ਾ ਅਤੇ ਹਿੰਦੂ ਧਾਰਮਿਕ ਗ੍ਰੰਥਾਂ ਨੂੰ ਸ਼ਾਮਲ ਕਰਨ ਦਾ ਸੁਝਾਅ ਦਿੰਦਾ ਹੈ। ਉਹ ਇਹ ਵੀ ਦਸਦਾ ਹੈ ਕਿ ਕਿਵੇਂ 'ਗਊ ਸੇਵਾ' ਕਰਨ ਨਾਲ ਇਕ ਬੇਔਲਾਦ ਜੋੜੇ ਦੇ ਬੱਚੇ ਪੈਦਾ ਹੋ ਗਏ ਅਤੇ ਅਜਿਹਾ ਕਿੰਨਾ ਹੀ ਕੂੜ-ਕਬਾੜ ਤੇ ਫੂਹੜ ਗਿਆਨ ਦੀਨਾ ਨਾਥ ਬੱਤਰਾ ਦੀਆਂ ਇਨ੍ਹਾਂ ਪੁਸਤਕਾਂ ਅੰਦਰ ਭਰਿਆ ਪਿਆ ਹੈ ਜਿਨ੍ਹਾਂ ਪੁਸਤਕਾਂ ਨੂੰ ਐਨ.ਸੀ.ਈ. ਆਰ.ਟੀ. 1996 'ਚ ਹੀ 'ਧਾਰਮਿਕ ਕੱਟੜਪੰਥੀ ਤੇ ਤੰਗ ਨਜ਼ਰੀ' ਨੂੰ ਉਤਸ਼ਾਹਿਤ ਕਰਨ ਵਾਲੀਆਂ ਪੁਸਤਕਾਂ ਕਰ ਚੁੱਕੀ ਹੈ ਤੇ ਇਹੋ ਦੀਨਾ ਨਾਥ ਬੱਤਰਾ ਹੁਣ ਵੀ ਮੋਦੀ ਸਰਕਾਰ ਸਮੇਂ ਮੁੜ ਸਰਗਰਮ ਹੋਇਆ ਹੈ। ਭਾਜਪਾ ਦੀ ਹਰਿਆਣਾ ਦੀ 'ਖੱਟਰ' ਸਰਕਾਰ ਵੱਲੋਂ ਇਸ ਬੱਤਰਾ ਨੂੰ ਸਿੱਖਿਆ ਸਲਾਹਕਾਰ ਬਣਾ ਦਿੱਤਾ ਹੈ। ਇਸ ਨੇ ਸ਼੍ਰੀਮਤੀ ਈਰਾਨੀ ਨਾਲ ਮੁਲਾਕਾਤ ਕਰਕੇ ਮੁਲਕ ਭਰ ਅੰਦਰ ਪਾਠ ਕ੍ਰਮ ਦੀ ਆਪਣੀ ਉਕਤ ਧਾਰਨਾ ਤੇ ਦਿਸ਼ਾ ਅਨੁਸਾਰ ਸੋਧ ਕਰਨ ਦਾ ਭਰੋਸਾ ਵੀ ਹਾਸਲ ਕਰ ਲਿਆ ਹੈ। ਬੱਤਰਾ ਦੀ ਅਗਵਾਈ ਹੇਠ ਚਲਣ ਵਾਲੀ 'ਸ਼ਿਕਸ਼ਾ ਬਚਾਓ ਅੰਦੋਲਨ ਸਮਿਤੀ' ਭਾਰਤ ਦੀਆਂ ਤਿੰਨ ਯੂਨੀਵਰਸਿਟੀਆਂ, ਪੰਜਾਬ ਟੈਕਨੀਕਲ ਯੂਨੀਵਰਸਿਟੀ, ਕਾਲੀਦਾਸ ਸੰਸਕ੍ਰਿਤ ਯੂਨੀਵਰਸਿਟੀ ਨਾਗਪੁਰ ਤੇ ਵਾਜਪਾਈ ਹਿੰਦੀ ਯੂਨੀਵਰਸਿਟੀ ਭੂਪਾਲ ਨਾਲ ਅਗਲੇ ਸਾਲ ਫਰਵਰੀ 15 ਤੋਂ 'ਵੈਦਿਕ ਗਣਿਤ' ਸਿਖਾਉਣ ਦਾ ਇਕ ਸਰਟੀਫਿਕੇਟ ਕੋਰਸ ਸ਼ੁਰੂ ਕਰਨ ਦਾ ਸਹਿਮਤੀ ਸਮਝੌਤਾ ਵੀ ਸਹੀ ਬੰਦ ਕਰ ਚੁੱਕੀ ਹੈ। ਤਾਜਾ ਖ਼ਬਰਾਂ ਮੁਤਾਬਕ ਹਰਿਆਣਾ ਦੇ ਸਿੱਖਿਆ ਮੰਤਰੀ ਪ੍ਰੋ. ਰਾਮ ਬਿਲਾਸ ਵੱਲੋਂ ਕੁਰੂਕਸ਼ੇਤਰ ਵਿਖੇ ਜਾਰੀ ਕੀਤੇ ਗਏ ਇੱਕ ਐਲਾਨ ਅਨੁਸਾਰ ਹਰਿਆਣਾ ਅੰਦਰ ਪ੍ਰਾਇਮਰੀ ਤੋਂ ਲੈ ਕੇ ਯੂਨੀਵਰਸਿਟੀ ਤੱਕ 'ਗੀਤਾ ਦੇ ਅਧਿਆਏ ਪੜ੍ਹਾਏ ਜਾਣਗੇ, ਕਿਉਂ ਕਿ ਗੀਤਾ ਦੇ ਗਿਆਨ ਬਿਨ੍ਹਾਂ ਜੀਵਨ ਸਫ਼ਲ ਨਹੀਂ ਬਣਾਇਆ ਜਾ ਸਕਦਾ।'

ਹੁਣ ਆਪਾਂ ਆਉਂਦੇ ਹਾਂ 'ਮਾਹਰਾਂ ਦੇ ਗਰੁੱਪ' ਦੇ ਮੋਢੀ ਸ਼੍ਰੀ ਕਿਰੀਤ ਜੋਸ਼ੀ ਵੱਲ। ਇਹ ਉਹੀ ਕਿਰੀਤ ਜੋਸ਼ੀ ਹੈ ਜਿਹੜਾ ਸਾਬਕਾ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਦੇ ਕਾਰਜਕਾਲ ਸਮੇਂ ਵੀ ਸਿੱਖਿਆ ਸਲਾਹਕਾਰ ਸੀ ਅਤੇ ਜਿਸ ਦੀ ਅਗਵਾਈ ਹੇਠ ਉਸ ਸਮੇਂ ਵੀ ਇਸੇ ਤਰ੍ਹਾਂ ਦਾ ਹੀ ਇੱਕ 'ਵਰਕਿੰਗ ਗਰੁੱਪ' ਬਣਾਇਆ ਗਿਆ ਸੀ। 'ਸਿੱਖਿਆ ਸੁਧਾਰ' ਸਬੰਧੀ ਗਠਿਤ ਕੀਤੇ ਇਸ 'ਵਰਕਿੰਗ ਗਰੁੱਪ' ਵੱਲੋਂ 1983 'ਚ ਪੇਸ਼ ਕੀਤੀ ਗਈ ਰਿਪੋਰਟ 'ਕਦਰਾਂ ਕੀਮਤਾਂ ਦੀ ਸੇਧ ਸਬੰਧੀ ਅਧਿਆਪਕ ਸਿਖਲਾਈ ਪ੍ਰੋਗਰਾਮ' ਭਾਰਤ ਸਰਕਾਰ ਵੱਲੋਂ ਛਪਵਾਈ ਗਈ ਸੀ। ਇਸੇ ਰਿਪੋਰਟ ਦੇ ਆਧਾਰ ਤੇ ਹੀ 1985 ਦਾ ਚਟੋਪਧਿਆਏ ਸਿਖਿਆ ਕਮਿਸ਼ਨ ਸਥਾਪਿਤ ਕੀਤਾ ਗਿਆ ਸੀ ਜਿਸ ਦੀ ਰਿਪੋਰਟ ਤੇ ਸਿਫ਼ਾਰਸ਼ ਤੇ ਹੀ ਪ੍ਰਧਾਨ ਮੰਤਰੀ ਸ਼੍ਰੀ ਰਾਜੀਵ ਗਾਂਧੀ ਦੇ ਕਾਰਜਕਾਲ ਸਮੇਂ ਉਸਨੂੰ ਲਾਗੂ ਕੀਤਾ ਗਿਆ ਸੀ। 1986 ਦੀ 'ਨਵੀ ਸਿਖਿਆ ਨੀਤੀ (NEP) ਆਧਾਰ-ਸ਼ਿਲਾ ਬਣੀ' ਤੇ ਜਿਸ ਨੀਤੀ ਨੇ ਜਿਥੇ ਸਿੱਖਿਆ ਦੇ 'ਨਿਜੀਕਰਨ ਤੇ ਵਪਾਰੀਕਰਨ' ਦੀ ਨਕਸ਼-ਤਬਦੀਲੀ (Paradigm Shift) ਕਰਨ ਦਾ ਮੁੱਢ ਬੰਨ੍ਹਿਆ ਉੱਥੇ ਭਾਰਤ ਦੀਆਂ 'ਪੁਰਾਤਨ ਕਦਰਾਂ-ਕੀਮਤਾਂ ਅਤੇ ਤਕਨੌਲੋਜੀ ਦਾ ਸੁਮੇਲ' ਕਰਨ ਦੀ ਦਿਸ਼ਾ ਸੇਧ ਵੀ ਸੁਝਾਈ। ਵੈਸੇ ਤਾਂ 1949 ਦੇ ਰਾਧਾਕ੍ਰਿਸ਼ਨਨ ਸਿਖਿਆ ਕਮਿਸ਼ਨ ਅਤੇ 1964-66 ਦੇ ਕੋਠਾਰੀ ਕਮਿਸ਼ਨ ਨੇ ਵੀ ਆਪਣੀਆਂ ਰਿਪੋਰਟਾਂ 'ਚ ਪਾਠਕ੍ਰਮ ਅੰਦਰ ਧਾਰਮਿਕ ਸਿੱਖਿਆ ਸ਼ਾਮਲ ਕਰਨ ਦਾ ਸੁਝਾਅ ਦਿੱਤਾ ਸੀ ਕਿਉਂਕਿ ਉਨ੍ਹਾਂ ਅਨੁਸਾਰ ਵੀ 'ਸਮਾਜ ਅੰਦਰ ਖੁਰ ਰਹੀਆਂ ਨੈਤਿਕ ਕਦਰਾਂ-ਕੀਮਤਾਂ ਦਾ ਸੰਚਾਰ ਧਰਮ ਤੋਂ ਬਿਨ੍ਹਾਂ ਸੰਭਵ ਨਹੀਂ ਹੈ' ਪਰੰਤੂ ਕਿਰੀਤ ਜੋਸ਼ੀ ਦੀ ਅਗਵਾਈ ਹੇਠਲੇ ਵਰਕਿੰਗ ਦੀ ਉਕਤ ਰਿਪੋਰਟ ਅੰਦਰ ਤਾਂ ਨੈਤਿਕ ਕਦਰਾਂ-ਕੀਮਤਾਂ ਤੇ ਅਧਿਆਤਮਿਕ ਕਦਰਾਂ ਦਾ ਵਖਰੇਵਾ ਵੀ ਕੀਤਾ ਗਿਆ ਸੀ। ਅਧਿਆਤਮਿਕਤਾ (Spirtuality) ਨੂੰ ਨੈਤਿਕਤਾ (Morality) ਨਾਲੋਂ ਉਚੇਚੀ ਤੇ ਉੱਤਮ ਅਵਸਥਾ ਕਿਹਾ ਗਿਆ ਸੀ ਤੇ ਉਸ ਅੰਦਰ ਕਿਰੀਤ ਜੋਸ਼ੀ ਦੀ ਅਧਿਆਤਮਿਕਤਾ ਸਿਰਫ਼ ਕਿਸੇ ਧਰਮ ਦੀ ਵਿਆਖਿਆ ਜਾਂ ਉਪਦੇਸ਼ਾਂ ਤੱਕ ਹੀ ਸੀਮਿਤ ਨਹੀਂ ਸੀ ਜਿਵੇਂ ਕਿ ਕੋਠਾਰੀ ਕਮਿਸ਼ਨ ਦੀ ਰਿਪੋਰਟ ਅੰਦਰ 'ਸਭਨਾਂ ਧਰਮਾਂ ਦਾ ਸਹਿਜ ਅਧਿਐਨ' ਕਰਨ ਦੀ ਗੱਲ ਕਹੀ ਗਈ ਸੀ ਸਗੋਂ ਕਿਰੀਤ ਜੋਸ਼ੀ ਦੀ ਰਿਪੋਰਟ ਅੰਦਰ ਤਾਂ ਭਾਰਤੀ ਸੰਵਿਧਾਨ ਅੰਦਰ ਦਰਜ ਧਰਮ ਨਿਰਪੱਖਤਾ (Secularism) ਸ਼ਬਦ ਦਾ ਵੀ 'ਭਾਰਤੀਕਰਨ' ਇਸ ਤਰ੍ਹਾਂ ਕੀਤਾ ਗਿਆ ਸੀ ਜਿਸ ਦੇ ਅਰਥ ਇੰਨੇ ਵਿਸ਼ਾਲ ਤੇ ਮੋਕਲੇ ਹੋ ਜਾਂਦੇ ਹਨ ਕਿ ਉਸ ਅੰਦਰ ਭੂਤ-ਪ੍ਰੇਤ, ਵਿਦਿਆ, ਜੋਤਿਸ਼-ਵਿਦਿਆ, ਨਰਕ-ਸਵਰਗ, ਆਕਾਸ਼-ਪਾਤਾਲ ਲੋਕ, ਜਾਦੂ-ਟੂਣੇ, ਝਾੜ-ਫੂਕ ਆਦਿ ਸਭ ਕੂੜ-ਕਬਾੜ ਸਮਾਂ ਸਕਦੇ ਹਨ ਤੇ ਜਿਨ੍ਹਾਂ ਨੂੰ ਉਸ 'ਭਾਰਤੀਕਰਨ' ਦੇ ਅਰਥ ਅਨੁਸਾਰ ਪਾਠਕ੍ਰਮਾਂ ਦਾ ਹਿੱਸਾ ਬਣਾਇਆ ਜਾ ਸਕਦਾ ਹੈ। ਇਸੇ ਸਭ ਕੁਝ ਨੂੰ ਹੀ ਸ਼੍ਰੀ ਮੁਰਲੀ ਮਨੋਹਰ ਜੋਸ਼ੀ ਵੱਲੋਂ ਯੂਨੀਵਰਸਿਟੀਆਂ ਦੇ ਪਾਠਕ੍ਰਮ ਅੰਦਰ ਸ਼ਾਮਲ ਕਰਨ ਦੀ ਯੋਜਨਾ ਬਣਾਈ ਗਈ ਸੀ।

**ਧਰਮ ਨਿਰਪੱਖਤਾ (Secularism) ਦੇ ਸੰਕਲਪ ਦਾ 'ਭਾਰਤੀਕਰਨ'**

ਜਦ ਇਹ ਸੁਆਲ ਖੜ੍ਹਾ ਹੁੰਦਾ ਹੈ ਕਿ ਭਾਰਤੀ ਸੰਵਿਧਾਨ ਅੰਦਰ ਦਰਜ ਧਰਮ ਨਿਰਪੱਖਤਾ; ਧਰਮ ਨਿਰਪੱਖ ਰਾਜ ਤੇ ਧਰਮ ਨਿਰਪੱਖ ਕਦਰਾਂ ਕੀਮਤਾਂ ਪ੍ਰਤੀ ਵਚਨਬੱਧਤਾ ਦਾ ਕੀਤੇ ਗਏ ਉਲੇਖ ਨਾਲ ਸਿਖਿਆ ਅੰਦਰ ਧਾਰਮਿਕ ਦਖਲਅੰਦਾਜੀ ਪੁਰਾਤਨ ਸੰਸਕ੍ਰਿਤੀ/ਰਵਾਇਤਾਂ ਦਾ ਸੁਮੇਲ ਅਤੇ ਕਿਸੇ ਦਿਨ ਧਰਮ ਵਿਸ਼ੇਸ਼ ਦੀ ਪੁੱਗਤ ਕਿਵੇਂ ਚਲ ਸਕਦੀ ਹੈ ਤਾਂ ਕਿਰੀਤ ਜੋਸ਼ੀ ਆਪਣੀ ਰਿਪੋਰਟ 'ਚ ਅਧਿਆਧਤਮਿਕਤਾ ਦੇ ਧਰਮ ਨਿਰਪੱਖਤਾ ਦੇ ਇਸ ਸੁਮੇਲ ਦੀ ਵਾਜ਼ਬੀਅਤ ਜਚਾਉਣ ਲਈ ਧਰਮ ਨਿਰਪੱਖਤਾ (Secularism) ਦੇ ਸਰਵਪ੍ਰਵਾਨਿਤ ਸੰਕਲਪ ਨੂੰ ਪੱਛਮੀ ਸੰਕਲਪ ਕਹਿੰਦਾ ਹੈ। ਉਸ ਅਨੁਸਾਰ ਧਰਮ ਨਿਰਪੱਖਤਾ ਦਾ ਭਾਰਤੀ ਸੰਕਲਪ ਪੱਛਮੀ ਸੰਕਲਪ ਨਾਲੋਂ ਵੱਖਰਾ ਹੈ। ਪੱਛਮੀ ਸੰਕਲਪ ਹਰ ਕਿਸਮ ਦੇ ਧਾਰਮਿਕ ਵਿਸ਼ਵਾਸ ਤੇ ਪਾਠ-ਪੂਜਾ ਨੂੰ ਰੱਦ ਕਰਦਾ ਹੈ ਜਦਕਿ ਭਾਰਤੀ ਸੰਕਲਪ ਅਨੁਸਾਰ 'ਧਰਮ ਨਿਰਪੱਖਤਾ ਦਾ ਭਾਵ ਸਭਨਾਂ ਧਰਮਾਂ ਦਾ ਸਮਾਨਤਾ, ਸਭਨਾਂ ਦਾ ਮਾਨ ਸਤਿਕਾਰ ਤੇ ਸਾਮਾਨ ਸੁਰੱਖਿਆ ਹੈ' ਇਸੇ 'ਭਾਰਤੀ ਸੰਕਲਪ' ਦੀ ਆੜ 'ਚ ਹੀ ਅਸਲ 'ਚ ਸਾਡੀਆਂ ਸਾਰੀਆਂ ਹਾਕਮ ਪਾਰਟੀਆਂ ਲੰਬੇ ਸਮੇਂ ਤੋਂ ਹੀ ਸਿਧਾਂਤਕ ਪੱਖੋਂ ਇਸੇ 'ਬਹੁ ਧਰਮਵਾਦ' ਦੇ ਨਾਂ ਤੇ ਪਰੰਤੂ ਵਿਹਾਰਕ ਤੌਰ ਤੇ ਰਾਜ ਤੇ ਸਿਖਿਆ ਨੂੰ ਧਰਮ ਨਾਲੋਂ ਅਲਹਿਦਾ ਰੱਖਕੇ ਚਲਣ ਦੀ ਬਜਾਇ ਸਗੋਂ ਰਾਜ ਭਾਗ ਚਲਾਉਣ ਲਈ ਧਰਮ ਦੀ ਖੁੱਲ੍ਹੀ ਵਰਤੋਂ ਤੇ ਦਖ਼ਲ ਅੰਦਾਜ਼ੀ ਕਰ ਰਹੀਆਂ ਹਨ ਅਤੇ ਮੌਜੂਦਾ ਪ੍ਰਸੰਗ 'ਚ ਸਿਖਿਆ ਦੇ 'ਭਾਰਤੀਕਰਨ, ਰਾਸ਼ਟਰੀਕਰਨ ਤੇ ਅਧਿਆਤਮੀਕਰਨ ਦੇ ਲਬਾਂਦੇ ਹੇਠ ਇਕ ਧਰਮ ਵਿਸ਼ੇਸ਼ ਦਾ ਖੁੱਲਾ ਪ੍ਰਚਾਰ-ਪਸਾਰ ਕਰਨ ਦੀ ਨੀਤੀ ਕਾਰਜਸ਼ੀਲ ਹੈ। ਜਦ ਕਿ 'ਧਰਮ-ਨਿਰਪੱਖ ਰਾਜ ਤੇ ਧਰਮ ਨਿਰਪੱਖ ਸਿਖਿਆ ਦੇ ਸਰਵ ਪ੍ਰਵਾਨਿਤ ਸੰਕਲਪ ਅਨੁਸਾਰ ਧਾਰਮਿਕ ਪੂਜਾ ਪਾਠ ਤੇ ਵਿਸ਼ਵਾਸ਼ ਨਿਰੋਲ ਨਿਜੀ ਇੱਛਾ ਤੇ ਨਿੱਜੀ ਜੀਵਨ ਤਕ ਹੀ ਰਹਿਣੇ ਚਾਹੀਦੇ ਹਨ। ਰਾਜ ਸਿੱਖਿਆ ਤੇ ਜਨਤਕ ਜੀਵਨ ਅੰਦਰ ਇਸ ਦਾ ਕੋਈ ਦਖ਼ਲ ਨਹੀਂ ਚਾਹੀਦਾ।

ਪਰ ਜਦ ਅਸੀਂ ਮੌਜੂਦਾ ਹਕੂਮਤੀ ਪਾਰਟੀ ਬੀਜੇਪੀ ਤੇ ਉਸਦੀ ਸਿਧਾਂਤਕ ਰਹਿਬਰ ਸੰਸਥਾ ਆਰ. ਐੱਸ. ਐੱਸ. ਦੇ ਸਿੱਖਿਆ ਦੇ ਇਸ 'ਭਾਰਤੀਕਰਨ, ਰਾਸ਼ਟਰੀਕਰਨ ਤੇ ਅਧਿਆਤਮੀਕਰਨ' ਦੀ ਨੀਤੀ ਅਧੀਨ ਪਾਠਕ੍ਰਮਾਂ 'ਚ ਧਾਰਮਿਕ ਸਿੱਖਿਆ ਸ਼ਾਮਲ ਕਰਨ ਦੀ ਆਪਣੇ ਸਮੇਂ ਦੇ ਵਿਦਵਾਨ ਕਵੀ ਰਾਬਿੰਦਰ ਨਾਥ ਟੈਗੋਰ (ਜੋ ਖੁਦ ਵੀ ਧਾਰਮਿਕ ਆਸਥਾ ਰੱਖਦਾ ਸੀ) ਦੇ 'ਧਰਮ ਤੇ ਆਧੁਨਿਕ ਸਿੱਖਿਆ' ਸਬੰਧੀ ਕਹੇ ਗਏ ਸ਼ਬਦਾਂ ਦੀ ਕਸਵੱਟੀ ਤੇ ਵੀ ਰੱਖਕੇ ਦੇਖਦੇ ਹਾਂ ਤਾਂ ਇਸ ਨੀਤੀ ਦੇ ਪਰਖਚੈ ਉਡਦੇ ਨਜ਼ਰ ਆਉਂਦੇ ਹਨ। ਟੈਗੋਰ ਵੱਲੋਂ ਆਪਣੇ ਇੱਕ ਲੇਖ ਅੰਦਰ ਕਹੇ ਗਏ ਹੇਠ ਲਿਖੇ ਸ਼ਬਦਾਂ ਦੀ ਮੌਜੂਦਾ ਪ੍ਰਸੰਗ ਤੇ ਸਥਿਤੀ ਅੰਦਰ ਵੀ ਬੇਹੱਦ ਪ੍ਰਸੰਗਿਕਤਾ ਤੇ ਸਾਰਥਿਕਤਾ ਬਣਦੀ ਹੈ। ਟੈਗੋਰ ਨੇ ਕਿਹਾ ਸੀ, "*...ਬਦਲੀਆਂ ਹੋਈਆਂ ਸਥਿਤੀਆਂ ਅੰਦਰ ਹੁਣ ਧਾਰਮਿਕ ਸੱਤਾਧਾਰੀਆਂ ਵੱਲੋਂ ਖਿੱਚੀਆਂ ਗਈਆਂ ਲਕੀਰਾਂ ਤੇ ਹੱਦ ਬੰਦੀਆਂ ਅੰਦਰ ਬੰਦ ਨਹੀਂ ਕੀਤਾ ਜਾ ਸਕਦਾ ਕਿਉਂਕਿ ਇਤਿਹਾਸ ਦਰਸਾਉਂਦਾ ਹੈ ਕਿ ਜਿੱਥੇ ਕਿਸੇ ਸਮੇਂ ਇਨ੍ਹਾਂ ਧਾਰਮਿਕ ਪੁਜਾਰੀਆਂ ਨੇ ਸਿੱਖਿਆ ਦੇ ਅਮਲ ਨੂੰ ਉਗਾਸਾ ਦਿੱਤਾ ਸੀ ਉੱਥੇ ਬਾਅਦ 'ਚ ਜਾ ਕੇ ਉਹੋ ਹੀ ਸਿੱਖਿਆ ਦੇ ਰਾਹ 'ਚ ਮੁੱਖ ਰੋੜਾ ਬਣ ਗਏ... ਜਿਉਂ-ਜਿਉਂ ਗਿਆਨ ਦਾ ਪਸਾਰਾ ਹੁੰਦਾ ਜਾਂਦਾ ਹੈ ਤਿਉਂ-ਤਿਉਂ ਉਹ ਪ੍ਰੰਪਰਾਗਤ ਧਾਰਮਿਕ ਗ੍ਰੰਥਾਂ ਰਾਹੀ ਮਿੱਥੀਆਂ ਹੱਦਬੰਦੀਆਂ ਨੂੰ ਉਲੰਘਦਾ ਜਾਂਦਾ ਹੈ। ਜਦ ਇਹ ਨਾ ਸਿਰਫ਼ ਇਤਿਹਾਸ ਤੇ ਬ੍ਰਹਿਮੰਡ ਸਬੰਧੀ ਹੀ ਪ੍ਰੰਪਰਾਗਤ ਧਾਰਮਿਕ ਵਿਸ਼ਵਾਸ ਤੇ ਧਾਵਾ ਬੋਲਦਾ ਹੈ, ਸਗੋਂ ਇੱਕ ਅਜਿਹੀ ਸਥਿਤੀ ਪੈਦਾ ਕਰ ਦਿੰਦਾ ਹੈ ਜਿੱਥੇ ਸਦਾਚਾਰ ਦੇ ਨਵੇਰੇ ਅਰਥ ਪੁਰਾਤਨ ਸੰਸਾਰ ਅੰਦਰਲੇ ਕਥਨਾਂ/ਉਪਦੇਸ਼ਾਂ ਨਾਲ ਵੀ ਟਕਰਾਉ, 'ਚ ਆ ਖੜ੍ਹਦੇ ਹਨ। ਅਜਿਹੀ ਸਥਿਤੀ 'ਚ ਧਾਰਮਿਕ ਸਿੱਖਿਆ ਨੂੰ ਗਲਤ ਮੰਨਣਾ ਹੀ ਪੈਣਾ ਹੈ ਜਾਂ ਫਿਰ ਨਵਾਂ ਗਿਆਨ ਬਗਾਵਤ ਕਰਕੇ ਸ.ਫਲ ਹੋ ਜਾਂਦਾ ਹੈ। (ਜਿਸ ਤਰ੍ਹਾਂ ਤਾਰਾ ਵਿਗਿਆਨੀ ਗੈਲੀਲੀਓ ਨੂੰ ਉਸ ਦੇ ਇਸ ਕਥਨ ਬਦਲੇ ਕਿ 'ਧਰਤੀ ਸੂਰਜ ਦੁਆਲੇ ਘੁੰਮਦੀ ਹੈ' ਸਜਾ ਦੇਣ ਵਾਲੀ ਚਰਚ ਨੂੰ 300 ਸਾਲ ਬਾਅਦ ਜਾ ਕੇ ਉਸ ਨੂੰ ਖੁੱਲ੍ਹੇ ਤੌਰ ਤੇ ਸਵੀਕਾਰ ਕਰਨਾ ਪਿਆ-ਲੇਖਕ) ਦੋਹਾਂ ਦਾ ਸੁਮੇਲ ਨਹੀਂ ਹੋ ਸਕਦਾ .... ਪਰੰਤੂ ਸਮੱਸਿਆ ਇਹ ਹੈ ਕਿ ਜੇ ਧਰਮ ਇੱਕ ਦ.ਫਾ ਇਹ ਸਵੀਕਾਰ ਕਰ ਲੈਂਦਾ ਹੈ ਕਿ ਜੋ ਕੁਝ ਉਸ ਨੇ ਪ੍ਰਚਾਰਿਆ/ਸਿਖਾਇਆ ਹੈ ਉਸ ਦੇ ਕੁਝ ਪਹਿਲੂ ਸੰਪੂਰਨ ਨਹੀਂ ਸਨ ਜਾਂ ਗਲਤ ਸਨ ਤਾਂ ਉਸ ਦੀ (ਧਰਮ ਦੀ) ਸਤਾ ਡੋਲਦੀ ਹੈ ਕਿਉਂਕਿ ਧਰਮ ਦਾ ਦਾਅਵਾ ਹੈ ਕਿ ਜੋ ਕੁਝ ਵੀ ਉਸ ਵੱਲੋਂ ਪ੍ਰਚਾਰਿਆ ਗਿਆ ਹੈ, ਉਹ ਇਲਾਹੀ ਗਿਆਨ ਹੈ ਅਤੇ ਸਾਰੇ ਧਾਰਮਿਕ ਗ੍ਰੰਥਾਂ ਉਪਰ ਖੁਦ ਉਸ ਜਾਣੀ-ਜਾਣ 'ਰੱਬ' ਦੀ ਮੋਹਰ ਲੱਗੀ ਹੋਈ ਹੈ। ਇਸੇ ਉਪਰ ਹੀ ਉਸ ਦੀ ਸਤਾ ਟਿਕੀ ਹੋਈ ਹੈ। ਆਧੁਨਿਕ ਗਿਆਨ ਇਸ ਸੰਸਾਰ ਦੀ ਹਕੀਕਤ ਉਪਰ ਟਿਕਿਆ ਹੋਇਆ ਹੈ ਜਦ ਕਿ ਧਰਮ ਆਪਣੇ ਪੁਰਾਤਨ ਗ੍ਰੰਥਾਂ ਦੇ ਸਹਾਰੇ ਖੜ੍ਹਾ ਹੈ- ਇਸ ਹਾਲਤ 'ਚ ਧਰਮ ਤੇ ਆਧੁਨਿਕ ਸਿੱਖਿਆ ਦਾ ਸੁਮੇਲ ਕਰਨਾ ਦੰਭ ਤੇ ਮੂਰਖਤਾ ਤੋਂ ਸਿਵਾਏ ਹੋਰ ਕੁਝ ਨਹੀਂ ਹੋਵੇਗਾ।*" (ਧਾਰਮਿਕ ਸਿੱਖਿਆ- ਸੰਕਲਿਤ ਰਚਨਾ ਗ੍ਰੰਥ 4 ਪੰਨਾ 608-09 -ਬੰਗਾਲੀ)

ਅਗਲੀਆਂ-ਪਿਛਲੀਆਂ ਸਭ ਹਾਕਮ ਪਾਰਟੀਆਂ ਤੇ ਨੀਤੀ ਘਾੜਿਆ ਵੱਲੋਂ ਧਰਮ ਨਿਰਪੱਖਤਾ ਦੇ ਇਸ ਵਿਗਾੜੇ ਗਏ ਸੰਕਲਪ ਨੂੰ ਲਾਗੂ ਕਰਨ ਕਾਰਨ ਹੀ ਵਿਦਿਆਰਥੀਆਂ-ਨੌਜੁਆਨਾਂ ਤੇ ਸਮਾਜ ਦੇ ਹੋਰਨਾਂ ਹਿੱਸਿਆਂ ਅੰਦਰ ਨਾ ਸਿਰਫ਼ ਅੰਧਵਿਸ਼ਵਾਸ, ਧਾਰਮਿਕ ਜਨੂੰਨ ਤੇ ਅਤਰਕਸ਼ੀਲ ਤੇ ਗੈਰਵਿਗਿਆਨਕ ਸੋਚ ਦਾ ਪਸਾਰਾ ਹੋਇਆ ਹੈ ਸਗੋਂ ਉਨ੍ਹਾਂ ਅੰਦਰ ਫਿਰਕੂ ਤੇ ਜਾਤੀਵਾਦੀ ਨਜ਼ਰੀਏ ਨੇ ਵੀ ਜੜ ਫੜੀ ਹੈ ਜਿਹੜਾ ਅਕਸਰ ਹੀ ਫਿਰਕੂ ਜਾਂ ਜਾਤੀਵਾਦੀ ਦੰਗਿਆਂ ਦੀ ਮੁਲਕ ਅੰਦਰ ਹੋ ਰਹੀ ਭਰਮਾਰ 'ਚ ਝਲਕ ਰਿਹਾ ਹੈ ਪਰ ਹਾਕਮ ਪਾਰਟੀਆਂ ਨੂੰ ਇਹ ਖੂਬ ਰਾਸ ਬੈਠਦਾ ਹੈ। ਉਹ ਇਸ ਨੂੰ ਆਪਣੀ ਰਾਜ ਗੱਦੀ ਹਥਿਆਉਣ ਜਾਂ ਬਚਾਉਣ ਖਾਤਰ ਚੋਣਾਂ ਦੌਰਾਨ ਖੂਬ ਵਰਤਦੇ ਹਨ। ਅਗੋਂ ਪਿੱਛੋਂ ਵੀ ਆਪਣੀਆਂ ਲੁਟੇਰੀਆਂ ਲੋਕ ਵਿਰੋਧੀ ਨੀਤੀਆਂ ਤੇ ਪਰਦਾ ਪਾਉਣ ਤੇ ਉਨ੍ਹਾਂ ਵਲੋਂ ਲੋਕਾਂ ਦਾ ਧਿਆਨ ਪਰ੍ਹੇ ਤਿਲਕਾਉਣ ਖਾਤਰ ਵੀ ਵਰਤਦੀਆਂ ਹਨ ਤੇ ਇਸੇ ਨੂੰ ਹੀ ਮੌਜੂਦਾ ਹਾਕਮ ਪਾਰਟੀ ਹੁਣ



ਸਿੱਖਿਆ ਦੇ 'ਭਾਰਤੀਕਰਨ, ਰਾਸ਼ਟਰੀਕਰਨ ਤੇ ਅਧਿਆਤਮੀਕਰਨ' ਦੇ ਨਾਂ ਹੇਠ ਹੋਰ ਉਗਾਸਾ ਦੇਣਾ ਚਾਹੁੰਦੀਆਂ ਹਨ। ਖੁਦ ਵੀ ਸਾਡੇ ਇਹ ਹਾਕਮ (ਵਿਧਾਇਕਾਂ ਤੋਂ ਲੈ ਕੇ ਰਾਸ਼ਟਰਪਤੀ ਤੱਕ) ਧਾਰਮਿਕ ਰਸਮਾਂ-ਰਿਵਾਜ਼ਾਂ, ਯੱਗਾਂ-ਹਵਨਾਂ-ਮਹੂਰਤਾਂ ਤੇ ਮੇਲਿਆਂ-ਸਮਾਗਮਾਂ ਦੇ ਉਦਘਾਟਨ ਕਰਨ ਜਾਂਦੇ ਹਨ। ਜੋਤਸ਼ੀਆਂ ਤੋਂ ਆਪਣੀਆਂ ਜਨਮ ਪੱਤਰੀਆਂ ਬਣਵਾਉਂਦੇ ਹਨ ਤੇ ਹੱਥ ਦੀਆਂ ਰੇਖਾਵਾਂ ਪੜ੍ਹਾਉਂਦੇ ਹਨ (ਸਿੱਖਿਆ ਮੰਤਰੀ ਸ਼੍ਰੀਮਤੀ ਈਰਾਨੀ ਦੀ ਤਾਜਾ ਘਟਨਾ ਮੀਡੀਏ ਦੀ ਚਰਚਾ ਦਾ ਵਿਸ਼ਾ ਬਣੀ ਹੀ ਹੋਈ ਹੈ।) ਉਥੇ ਰੱਖੇ ਗਏ ਗੈਬੀ ਦੇਵੀ-ਦੇਵਤਿਆਂ ਨੂੰ ਪੂਜਦੇ ਹਨ, ਤਰ੍ਹਾਂ ਤਰ੍ਹਾਂ ਦੇ ਬਾਬਿਆਂ, ਸੰਤਾਂ -ਸਾਧਾਂ ਤਾਂਤਰਿਕਾਂ, ਸਵਾਮੀਆਂ ਦਾ ਆਸ਼ੀਰਵਾਦ ਲੈਂਦੇ ਹਨ ਤੇ ਉਨ੍ਹਾਂ ਨੂੰ ਆਪਣਾ ਧੰਦਾ ਚਲਾਉਣ ਲਈ ਥਾਪੜਾ ਵੀ ਦਿੰਦੇ ਹਨ (ਜਿਨ੍ਹਾਂ ਵਿੱਚੋਂ ਕਿੰਨੇ ਹੀ ਆਪਣੇ ਕੁਕਰਮਾਂ ਕਾਰਨ ਅੱਜ ਕਲ੍ਹ ਜੇਲ੍ਹ ਦੀ ਹਵਾ ਵੀ ਖਾ ਰਹੇ ਹਨ)। ਇੱਥੋਂ ਤੱਕ ਕਿ ਸਾਡੇ ਪੁਲਾੜ ਵਿਗਿਆਨੀ ਵੀ ਲੰਬੀਆਂ ਵਿਗਿਆਨਕ ਖੋਜਾਂ ਤੋਂ ਬਾਅਦ ਤਿਆਰ ਕੀਤੇ ਗਏ ਰਾਕਟਾਂ ਨੂੰ ਪੁਲਾੜ 'ਚ ਦਾਗਣ ਤੋਂ ਪਹਿਲਾਂ ਉਨ੍ਹਾਂ ਦੇ ਸਫ਼ਲ ਪੁਲਾੜੀ-ਮਿਸ਼ਨ ਲਈ ਧਾਰਮਿਕ ਸਥਾਨਾਂ (ਵਿਸ਼ੇਸ਼ ਕਰਕੇ ਮੰਦਿਰਾਂ) 'ਚ ਜਾ ਕੇ ਨਾਰੀਅਲ ਤੋੜਨ ਦੀ ਧਾਰਮਿਕ ਰਸਮ ਅਦਾ ਕਰਦੇ ਹਨ ਅਤੇ ਇਉਂ ਕਰਕੇ ਸਾਡੇ ਇਹ ਹਾਕਮ ਤੇ ਨੀਤੀ ਘਾੜੇ ਰਾਜਭਾਗ ਚਲਾਉਣ ਲਈ ਧਰਮ ਦੀ ਖੁਲ੍ਹੀ ਦਖ਼ਲ ਅੰਦਾਜ਼ੀ ਕਰਦੇ ਹਨ ਤੇ ਖੁੱਲ੍ਹੀ ਵਰਤੋਂ ਵੀ ਕਰਦੇ ਹਨ।

**ਨੈਤਿਕਤਾ ਨੂੰ ਧਰਮ ਨਾਲ ਜੋੜਨਾ-ਹਾਕਮਾਂ ਦੀ ਮਜ਼ਬੂਰੀ ਤੇ ਡੂੰਘੀ ਸਾਜਿਸ਼-**

ਇਹ ਸੁਆਲ ਵੀ ਡੂੰਘੀ ਸੋਚ-ਵਿਚਾਰ ਦੀ ਮੰਗ ਕਰਦਾ ਹੈ ਕਿ ਮੌਜੂਦਾ ਦੌਰ ਅੰਦਰ ਨੈਤਿਕਤਾ ਨੂੰ ਧਰਮ ਨਾਲ ਜੋੜਨ ਤੇ 'ਨੈਤਿਕ ਕਦਰਾਂ ਕੀਮਤਾਂ ਦੇ ਸੰਕਟ ਨੂੰ ਹੱਲ ਕਰਨ ਲਈ ਪਾਠਕ੍ਰਮਾਂ ਅੰਦਰ ਧਾਰਮਿਕ ਸਿੱਖਿਆ ਸ਼ਾਮਲ ਕਰਨ ਦੀ ਸੁਰ ਕਿਉਂ ਉੱਚੀ ਹੋ ਰਹੀ ਹੈ ਸਾਡੇ ਹਾਕਮਾਂ ਦੀ। ਪਰ ਇਸ ਨੂੰ ਸਮਝਣ ਲਈ ਜਰੂਰੀ ਹੈ ਇਹ ਜਾਨਣਾ ਕਿ ਨੈਤਿਕ ਕਦਰਾਂ-ਕੀਮਤਾਂ ਦਾ ਇਹ ਸੰਕਟ ਕੀ ਹੈ? ਇਸ ਦਾ ਜਿੰਮੇਵਾਰ ਕੌਣ ਹੈ? ਜਦ ਅਸੀਂ ਅਜੋਕੇ ਸਮਾਜਿਕ-ਆਰਥਿਕ ਤੇ ਸਿਆਸੀ ਭੂ ਦ੍ਰਿਸ਼ ਉਪਰ ਨਜ਼ਰ ਮਾਰਦੇ ਹਾਂ ਤਾਂ ਸਾਨੂੰ ਘੋਰ ਗਰੀਬੀ, ਬੇਰੁਜ਼ਗਾਰੀ ਰਿਸ਼ਵਤਖੋਰੀ, ਭ੍ਰਿਸ਼ਟਾਚਾਰ, ਕੁਨਬਾਪ੍ਰਵਰੀ, ਭਾਈਭਤੀਜਾਵਾਦ, ਜ਼ੋਰਾ-ਜ਼ਬਰੀ ਤੇ ਲੁੱਟਮਾਰ ਹੱਦਾਂ ਬੰਨ੍ਹੇ ਟੱਪ ਚੁੱਕੇ ਦਿਸਦੇ ਹਨ। ਅਸੀਂ ਦੇਖਦੇ ਹਾਂ ਰਾਜਗੱਦੀ ਦੀ ਹਵਸ ਖ਼ਾਤਰ ਸਾਡੀਆਂ ਹਕੂਮਤੀ ਪਾਰਟੀਆਂ ਦੇ ਵਿਧਾਇਕ ਤੇ ਵਜ਼ੀਰ ਵੀ ਵਿਕਾਊ ਬਣ ਚੁੱਕੇ ਹਨ, ਪਾਰਟੀਆਂ ਆਪਣਾ ਦੀਨ-ਈਮਾਨ, ਸਿਧਾਂਤ, ਅਸੂਲ ਸਭ ਕੁਝ ਤਿਆਗ ਚੁੱਕੀਆਂ ਹਨ ਤੇ ਮੌਕਾਪ੍ਰਸਤੀ ਦੀ ਡੂੰਘੀ ਖੱਡ 'ਚ ਡਿੱਗ ਚੁਕੀਆਂ ਹਨ ਤੇ ਇਸ ਆਰਥਿਕ ਸਮਾਜਿਕ ਤੇ ਸਿਆਸੀ ਸੰਕਟ ਲਈ (ਜਿਹੜਾ ਉਨ੍ਹਾਂ ਲਈ ਕਿਸੇ ਨੈਤਿਕਤਾ ਦੇ ਜਾਂ ਨੈਤਿਕ ਕਦਰਾਂ ਕੀਮਤਾਂ ਦੇ ਘੇਰੇ 'ਚ ਨਹੀਂ ਆਉਂਦਾ) ਆਮ ਸਾਧਾਰਨ ਲੋਕ ਜਿੰਮੇਵਾਰ ਨਹੀਂ ਹਨ ਸਗੋਂ ਇਨ੍ਹਾਂ ਹਾਕਮ ਪਾਰਟੀਆਂ ਦੀਆਂ ਕਾਰਪੋਰੇਟ ਘਰਾਣਿਆਂ ਤੇ ਜਗੀਰੂ ਧਨਾਢਾਂ ਪੱਖੀ ਨੀਤੀਆਂ ਹੀ ਜਿੰਮੇਵਾਰ ਹਨ ਤੇ ਇਨ੍ਹਾਂ ਵਲੋਂ ਪੈਦਾ ਕੀਤਾ ਗਿਆ ਇਹੋ ਆਰਥਿਕ-ਸਮਾਜਿਕ ਤੇ ਸਿਆਸੀ ਸੰਕਟ ਹੀ ਨੈਤਿਕ ਕਦਰਾਂ ਕੀਮਤਾਂ ਦੇ ਨਿਘਾਰ ਦੇ ਸੰਕਟ ਦਾ ਜਨਮ ਦਾਤਾ ਹੈ ਤੇ ਇਸ ਸੰਕਟ ਲਈ ਇਹੋ ਪਾਰਟੀਆਂ ਹੀ ਜਿੰਮੇਵਾਰ ਹਨ। ਅਜੋਕੇ ਸਾਮਰਾਜੀ ਵਿਸ਼ਵੀਕਰਨ ਦੇ ਮੌਜੂਦਾ ਦੌਰ ਅੰਦਰ ਇਨ੍ਹਾਂ ਹਾਕਮ ਪਾਰਟੀਆਂ ਵੱਲੋਂ ਲਾਗੂ ਕੀਤੇ ਜਾ ਰਹੇ 'ਖੁੱਲ੍ਹੀ ਮੰਡੀ-ਖੁੱਲ੍ਹਾ ਵਪਾਰ' ਦੇ ਸੰਸਾਰ ਬੈਂਕ-ਮੁਦਰਾ ਕੋਸ਼ ਦੇ ਨਵਉਦਾਰਵਾਦੀ ਏਜੰਡੇ ਨੇ ਇਸ ਸੰਕਟ ਨੂੰ ਹੋਰ ਡੂੰਘਾ ਕਰ ਦਿੱਤਾ ਹੈ। ਇਸ ਏਜੰਡੇ ਤਹਿਤ ਹੋਰਨਾਂ ਜਨਤਕ ਖੇਤਰਾਂ ਨੂੰ ਨਿੱਜੀਕਰਨ ਦੇ ਘੇਰੇ 'ਚ ਲਿਆ ਕੇ ਮੰਡੀ ਨਾਲ ਜੋੜਨ ਵਾਂਗ ਸਿੱਖਿਆ ਨੂੰ ਵੀ ਇਸਦੇ ਮਨੁੱਖੀ ਨਿਰਮਾਣ, ਸਮਾਜਿਕ ਭਲਾਈ ਤੇ ਪਰਉਪਕਾਰ ਦੇ ਮੂਲ ਉਦੇਸ਼ਾਂ ਨਾਲੋਂ ਤੋੜ ਕੇ ਇੱਕ ਖਰੀਦੀ-ਵੇਚੀ ਜਾਣ ਵਾਲੀ ਜਿਨਸ ਬਣਾ ਕੇ ਕਾਰਪੋਰੇਟ ਘਰਾਣਿਆਂ ਲਈ ਮੁਨਾਫ਼ੇ ਤੇ ਲੁੱਟ ਦਾ ਇੱਕ ਧੰਦਾ ਬਣਾ ਦਿੱਤਾ ਹੈ।

ਤੇ ਜਿੱਥੇ ਇਸ ਹਕੀਕਤ ਤੋਂ ਅਣਜਾਣ ਕਿ ਨੈਤਿਕ ਕਦਰਾਂ ਕੀਮਤਾਂ ਦੇ ਸੰਕਟ ਲਈ ਜਿੰਮੇਵਾਰ ਸਾਡੀ ਸਿੱਖਿਆ ਪ੍ਰਣਾਲੀ ਨਹੀਂ ਸਗੋਂ ਸਾਡੀ ਹਾਕਮ ਪਾਰਟੀਆਂ ਦੀਆਂ ਉਕਤ ਨੀਤੀਆਂ ਜਿੰਮੇਵਾਰ ਹਨ, ਸਾਡੇ ਵਿਦਿਅਕ ਮਾਹਰ ਤੇ ਬੁੱਧੀਜੀਵੀ ਸਾਡੀਆਂ ਸਿੱਖਿਆ ਪ੍ਰਣਾਲੀ/ਪਾਠਕ੍ਰਮਾਂ ਅੰਦਰ ਧਾਰਮਿਕ ਸਿੱਖਿਆ ਸ਼ਾਮਲ ਕਰਕੇ ਇਸ ਸੰਕਟ ਨੂੰ ਟਾਲਣ ਦਾ ਇੱਕ ਭਰਮ ਪਾਲ ਰਹੇ ਹਨ। ਉੱਥੇ ਕਾਰਪੋਰੇਟ ਘਰਾਣਿਆਂ ਤੇ ਜਗੀਰੂ ਧਨਾਢਾਂ ਦੇ ਹਿੱਤਾਂ ਦੀ ਰਾਖੀ ਕਰਨ ਵਾਲੀਆਂ ਮੌਜੂਦਾ ਹਾਕਮ ਪਾਰਟੀਆਂ ਨੈਤਿਕਤਾ ਤੇ ਨੈਤਿਕ ਕਦਰਾਂ ਕੀਮਤਾਂ ਦੇ ਇਸ ਸੰਕਟ ਨੂੰ ਧਰਮ ਨਾਲ ਜੋੜ ਕੇ ਸੋਚੀ ਸਮਝੀ ਸਾਜਿਸ਼ ਤਹਿਤ ਇਸੇ ਹਕੀਕਤ ਤੋਂ ਆਮ ਲੁਟੇ ਜਾ ਰਹੇ ਲੋਕਾਂ ਦਾ ਧਿਆਨ ਪਰ੍ਹੇ ਹਟਾ ਕੇ ਉਨ੍ਹਾਂ ਨੂੰ ਗੁੰਮਰਾਹ ਕਰ ਰਹੀਆਂ ਹਨ। ਦੂਜੇ ਪਾਸੇ ਸਿੱਖਿਆ ਪ੍ਰਣਾਲੀ ਅੰਦਰ ਧਾਰਮਿਕ ਸਿੱਖਿਆ ਸ਼ਾਮਲ ਕਰਨ ਦੇ ਨਾਂ ਤੇ ਪੁਰਾਤਨ ਮੱਧਯੁਗੀ ਜਾਗੀਰੂ-ਰੂੜੀਵਾਦੀ ਸੰਸਕਾਰ-ਰਵਾਇਤਾਂ ਤੇ ਅੰਧਵਿਸ਼ਵਾਸ ਨੂੰ ਮੁੜ ਸੁਰਜੀਤ ਕਰਕੇ ਵਿਦਿਆਰਥੀਆਂ-ਨੌਜੁਆਨਾਂ ਨੂੰ ਵਿਗਿਆਨਕ, ਤਰਕਸ਼ੀਲ ਤੇ ਆਲੋਚਨਾਤਮਿਕ ਦ੍ਰਿਸ਼ਟੀਕੋਣ ਵਿਕਸਤ ਕਰਨ ਤੋਂ ਵਿਰਵੇ ਕਰਨ ਇੱਕ ਹੋਰ ਡੂੰਘੀ ਸਾਜਿਸ ਰਚ ਰਹੀਆਂ ਹਨ ਤਾਂ ਜੋ ਉਹ ਇਨ੍ਹਾਂ ਦੀ ਲੁੱਟ ਪਿੱਛੇ ਕੰਮ ਕਰਦੀ ਇਸ ਹਕੀਕਤ ਨੂੰ ਸਮਝਣ ਤੇ ਇਸ ਨੂੰ ਬਦਲਣ ਦੀ ਸਮਰਥਾ ਗੁਆ ਬੈਠਣ ਤੇ ਇਸ ਕਾਰਜ ਲਈ ਸਿੱਖਿਆ ਦੇ ਹਥਿਆਰ ਤੋਂ ਵਧੇਰੇ ਕਾਰਗਰ ਹਥਿਆਰ ਹੋਰ ਕਈ ਨਹੀਂ ਹੋ ਸਕਦਾ ਜਿਸਨੂੰ ਹਰ ਦੌਰ ਅੰਦਰ ਹਾਕਮ ਪਾਰਟੀਆਂ ਆਪਣੇ ਉਦੇਸ਼ਾਂ ਤੇ ਹਿੱਤਾਂ ਦੀ ਪੂਰਤੀ ਲਈ ਵਰਤਦੀਆਂ ਆਈਆਂ ਹਨ। ਇਸ ਤੋਂ ਬਿਨ੍ਹਾਂ ਇਨ੍ਹਾਂ ਹਾਕਮ ਜਮਾਤਾਂ ਦੀ ਹੀ ਸਰਪ੍ਰਸਤੀ ਹੇਠ ਚਲਾਏ ਜਾ ਰਹੇ ਟੈਲੀਵਿਜ਼ਨ, ਸਿਨੇਮਾ ਤੇ ਇਲੈਕਟ੍ਰਾਨਿਕ ਮੀਡੀਏ ਰਾਹੀ ਪਰੋਸਿਆ ਜਾ ਰਿਹਾ 'ਪੁਰਾਤਨ ਜਾਗੀਰੂ ਸੱਭਿਆਚਾਰ' ਅਤੇ ਨੰਗੇਜ ਭਰਪੂਰ 'ਖਾਓ-ਪੀਓ, ਹੰਢਾਓ' ਦੇ ਖਪਤਕਾਰੀ ਸੱਭਿਆਚਾਰ ਦਾ ਸੁਮੇਲ ਵੀ ਇਸੇ ਡੂੰਘੀ ਸਾਜ਼ਿਸ਼ ਦਾ ਹੀ ਹਿੱਸਾ ਹੈ।

ਭਾਜਪਾ ਦੀ ਅਗਵਾਈ ਹੇਠਲੀ ਵਾਜਪਾਈ ਸਰਕਾਰ ਸਮੇਂ ਬਾਦਲ ਸਰਕਾਰ ਦੇ ਪੰਜਾਬ ਦੇ ਉਚੇਰੀ ਸਿੱਖਿਆ ਦੇ ਮੰਤਰੀ ਸ਼੍ਰੀ ਮਨਜੀਤ ਸਿੰਘ ਕਲਕੱਤਾ ਜਦ "ਕੌਮੀ ਤੇ ਨੈਤਿਕ ਕਦਰਾਂ-ਕੀਮਤਾਂ ਦੇ ਨਿਘਾਰ ਦਾ ਮੁੱਖ ਕਾਰਨ ਸਿੱਖਿਆ ਦੇ ਧਰਮ ਨਾਲੋਂ ਟੁਟਣ" 'ਚ ਦੇਖਦੇ ਹਨ, ਸਕੂਲੀ ਸਿੱਖਿਆ ਮੰਤਰੀ ਜਥੇਦਾਰ ਤੋਤਾ ਸਿੰਘ ਇਸ ਗਿਰਾਵਟ ਨੂੰ ਮੁੰਡੇ-ਕੁੜੀਆਂ ਦੀ 8ਵੀਂ ਸ਼੍ਰੇਣੀ ਤੋਂ ਬਾਅਦ ਸਹਿ ਸਿੱਖਿਆ ਵਾਲੇ ਸਾਂਝੇ ਸਕੂਲ ਬੰਦ ਕਰਕੇ ਦੂਰ ਕਰਨ ਦਾ ਸੁਝਾਅ ਦਿੰਦੇ ਹਨ ਅਤੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਹਾਕਮਾਂ ਦੇ ਉਕਤ ਦੰਭ ਤੇ ਹਕੀਕਤ ਨੂੰ ਨੰਗਾ ਕਰਨ ਵਾਲੇ ਉੱਘੇ ਮਰਹੂਮ ਨਾਟਕਕਾਰ ਭਾਅ ਜੀ ਗੁਰਸ਼ਰਨ ਸਿੰਘ ਦੇ ਨਾਟਕਾਂ ਉਪਰ ਸਿੱਖਿਆ ਸੰਸਥਾਵਾਂ ਅੰਦਰ ਪਾਬੰਦੀ ਲਾਉਣ ਦੀ ਧਮਕੀ ਦਿੰਦੇ ਹਨ ਤਾਂ ਉਹ ਵੀ ਉਸ ਸਮੇਂ ਇਸੇ ਕੁਟਲ ਨੀਤੀ ਦੀ ਪੈਰਵੀ ਕਰ ਰਹੇ ਸਨ। ਮੌਜੂਦਾ ਮੋਦੀ ਸਰਕਾਰ ਦੇ ਗ੍ਰਹਿ ਮੰਤਰੀ ਸ਼੍ਰੀ ਰਾਜ ਨਾਥ ਦੀ ਜਦ ਪਿਛਲੇ ਦਿਨੀਂ ਸੋਨੀਪਤ ਵਿਖੇ 'ਹਿੰਦੂ ਸਿੱਖਿਆ, ਧਰਮਾਰਥ ਸੰਸਥਾ' ਦੇ ਇੱਕ ਪ੍ਰੋਗਰਾਮ 'ਚ ਇਹ ਤਕਰੀਰ ਕਰਦੇ ਹਨ ਕਿ "ਹਿੰਦੂ ਮਹਿਜ਼ ਇੱਕ ਧਰਮ ਨਹੀਂ ਹੈ- ਇਹ ਤਾਂ ਇੱਕ ਜੀਵਨ ਸ਼ੈਲੀ ਹੈ- ਨਕਸਲਾਈਟ ਪੜ੍ਹੇ ਲਿਖੇ ਹਨ ਪਰ ਉਨ੍ਹਾਂ ਨੇ ਕਦਰਾਂ ਕੀਮਤਾਂ ਦੀ ਘਾਟ ਕਾਰਨ ਹੀ ਹਥਿਆਰ ਚੁੱਕੇ ਹੋਏ ਹਨ-ਨੌਜੁਆਨਾਂ ਨੂੰ ਕਦਰਾਂ-ਕੀਮਤਾਂ ਦੀ ਸਿੱਖਿਆ ਦੇਣ ਦੀ ਲੋੜ ਹੈ...।' ਤਾਂ ਉਹ ਵੀ ਇਸੇ ਧਾਰਨਾ ਤੇ ਸੱਚ ਦੀ ਤਰਜਮਾਨੀ ਕਰ ਰਹੇ ਹਨ।

**ਸਦੀਵੀ ਤੇ ਅਮੂਰਤ ਸਦਾਚਾਰ-ਨੈਤਿਕਤਾ ਦਾ ਕੋਈ ਸਰੂਪ ਨਹੀਂ ਹੈ-**

ਮਨੁੱਖੀ ਸਭਿਅਤਾ ਤੇ ਸੱਭਿਆਚਾਰ ਦਾ ਇਤਿਹਾਸ ਇਹ ਦਰਸਾਉਂਦਾ ਹੈ ਕਿ ਸਦਾਚਾਰ-ਨੈਤਿਕਤਾ ਅਤੇ ਹੱਕਾਂ-ਫਰਜ਼ਾਂ ਦੇ ਸੰਕਲਪ ਵੱਖੋ ਵੱਖਰੇ ਸਮਿਆਂ ਦੀਆਂ ਵੱਖੋਂ ਵੱਖਰੀਆਂ ਆਰਥਿਕ ਸਮਾਜਿਕ ਤੇ ਰਾਜਸੀ ਹਾਲਤਾਂ ਦੀ ਤਰਜ਼ਮਾਨੀ ਹੀ ਕਰਦੇ ਹਨ। ਇਨ੍ਹਾਂ ਹਾਲਤਾਂ ਦੇ ਬਦਲਣ ਨਾਲ ਇਹ ਵੀ ਬਦਲਦੇ ਰਹੇ ਹਨ। ਸਦੀਵੀਂ ਤੇ ਅਮੂਰਤ ਸਦਾਚਾਰ ਨੈਤਿਕਤਾ ਦਾ ਕੋਈ ਸਰੂਪ ਨਹੀਂ ਹੈ। ਪੁਰਾਤਨ ਕਬੀਲਾ ਤੇ ਸਮਾਜਿਕ ਸੱਭਿਆਚਾਰ ਦੀ ਆਪਣੀ ਨੈਤਿਕਤਾ ਤੇ ਸਦਾਚਾਰ ਜਾਗੀਰੂ ਸਮਾਜਿਕ-ਸੱਭਿਆਚਾਰ ਦੀ ਆਪਣੀ ਸੀ ਪਰੰਤੂ ਜੋ ਸਦਾਚਾਰ ਅਤੇ ਨੈਤਿਕਤਾ ਕਿਸੇ ਸਮੇਂ ਸਮਾਜ ਤੇ ਸੱਭਿਅਤਾ ਦੇ ਵਿਕਾਸ 'ਚ ਸਹਾਈ ਹੋਇਆ ਸੀ ਉਹੋ ਹੀ ਬਦਲੀਆ ਹੋਈਆਂ ਆਰਥਿਕ-ਸਮਾਜਿਕ ਤੇ ਰਾਜਸੀ ਹਾਲਤਾਂ ਅੰਦਰ ਸਮਾਜ ਤੇ ਸੱਭਿਅਤਾ ਦੇ ਵਿਕਾਸ 'ਚ ਰੋੜਾ ਬਣਦਾ ਰਿਹਾ ਹੈ। ਉਸਨੂੰ ਬਦਲਣ ਦੀ ਅਤੇ ਨਵਾਂ ਸਦਾਚਾਰ-ਨੈਤਿਕਤਾ ਪੈਦਾ ਕਰਨ ਦੀ ਲੋੜ ਸਦਾ ਹੀ ਬਣਦੀ ਰਹੀ ਹੈ ।

ਜਿਸ ਤਰ੍ਹਾਂ ਯੂਰਪ ਅੰਦਰ ਸਰਮਾਏਦਾਰੀ ਦੇ ਆਗਮਨ ਸਮੇਂ ਬਦਲੇ ਹੋਏ ਆਰਥਿਕ-ਸਮਾਜਿਕ ਤੇ ਰਾਜਸੀ ਸੰਦਰਭ ਦੀ ਲੋੜ ਅਨੁਸਾਰ ਵਿਗਿਆਨਕ ਤੇ ਸਨਅਤੀ ਇਨਕਲਾਬ ਤੋਂ ਪਹਿਲਾਂ ਇੱਕ ਸਮਾਜਿਕ-ਸੱਭਿਆਚਾਰਕ ਉਭਾਰ ਆਇਆ ਜਿਹੜਾ ਪੁਨਰ ਜਾਗਰਣ ਦੇ ਤੌਰ ਤੇ ਜਾਣਿਆ ਜਾਂਦਾ ਹੈ। ਇਸ ਨੇ ਪੁਰਾਤਨ ਜਾਗੀਰੂ ਧਾਰਮਿਕ ਰੂੜੀਵਾਦੀ ਕਦਰਾਂ-ਕੀਮਤਾਂ ਨੂੰ ਢਾਹ ਕੇ ਜਮਹੂਰੀਅਤ, ਮਾਨਵਤਾ, ਸਮਾਨਤਾ, ਧਰਮ ਨਿਰਪੱਖਤਾ ਤੇ ਕੌਮੀਅਤ ਤੇ ਆਧਾਰਿਤ ਨਵੀਆਂ ਕਦਰਾਂ-ਕੀਮਤਾਂ ਦਾ ਪੂਰ ਉਸਾਰਿਆ। ਉਸ ਸਮੇਂ ਜਿਹੜੇ ਲੋਕ ਸਮਾਜ ਰਾਜਨੀਤੀ ਤੇ ਸਿੱਖਿਆ ਅੰਦਰ ਇਨ੍ਹਾਂ ਕਦਰਾਂ ਕੀਮਤਾਂ ਲਈ ਲੜੇ ਉਨ੍ਹਾਂ ਨੇ ਨਾਲ ਹੀ ਨਵੀਂ ਤੇ ਉਚੇਰੀ ਨੈਤਿਕਤਾ ਤੇ ਸਦਾਚਾਰ ਵਾਲੇ ਰੂਸੋ ਤੇ ਵੋਲਟੈਅਰ ਵਰਗੇ ਪਾਤਰ ਵੀ ਪੈਦਾ ਕੀਤੇ। ਸਾਡੇ ਮੁਲਕ ਭਾਰਤ ਅੰਦਰ ਵੀ ਆਜਾਦੀ ਦੀ ਲਹਿਰ ਦੌਰਾਨ 'ਭਾਰਤੀ ਪੁਨਰ ਜਾਗਰਣ' ਦੀ ਮਹਾਨ ਸਖਸ਼ੀਅਤ, ਸੰਸਕ੍ਰਿਤ ਭਾਸ਼ਾ ਤੇ ਗ੍ਰੰਥਾਂ ਦੇ ਵੱਡੇ ਵਿਦਵਾਨ ਈਸ਼ਵਰ ਚੰਦਰ ਵਿਦਿਆ ਸਾਗਰ (1820-1891) ਨੇ ਵੀ ਹਿੰਦੂ ਵੇਦਾਂਤ ਦਰਸ਼ਨ ਨੂੰ ਇੱਕ ਭਰਮਾਊ ਦਰਸ਼ਨ ਦੱਸ ਕੇ ਪਾਠਕ੍ਰਮ ਅੰਦਰ ਆਸਤਿਕ ਦਾਰਸ਼ਨਿਕ ਬਰਕਲੇ ਦੀ ਪੁਸਤਕ 'ਤਹਿਕੀਕਾਤ' (Enquiry) ਦੀ ਜਗ੍ਹਾ ਮਨੁੱਖੀ ਆਜਾਦੀ ਦੇ ਝੰਡਾ ਬਰਦਾਰ ਜੇ.ਐਸ.ਮਿੱਲ ਦੀ ਪੁਸਤਕ 'ਤਰਕ' (Logic) ਨੂੰ ਸ਼ਾਮਲ ਕਰਨ ਦੀ ਵਕਾਲਤ ਕੀਤੀ ਅਤੇ ਵਿਦਿਆਰਥੀਆਂ ਨੂੰ ਭੌਤਿਕ ਵਿਗਿਆਨ, ਰਸਾਇਣਕ ਵਿਗਿਆਨ, ਭੂਗੋਲ, ਇਤਿਹਾਸ, ਗਣਿਤ, ਜੁਮੈਟਰੀ, ਕੁਦਰਤੀ ਵਿਗਿਆਨ, ਨੈਤਿਕ ਦਰਸ਼ਨ ਤੇ ਰਾਜਨੀਤਿਕ ਆਰਥਿਕ ਵਿਸ਼ਿਆ ਦਾ ਗਿਆਨ ਦੇਣ ਤੇ ਜੋਰ ਦਿੱਤਾ। ਉਨ੍ਹਾਂ ਨੇ ਖੁਦ ਵੀ ਕਿਸੇ ਕਿਸਮ ਦੀ ਧਾਰਮਿਕ ਰੰਗਤ ਤੇ ਲੱਗ ਲਪੇਟ ਤੋਂ ਨਿਰਲੇਪ ਵਿਗਿਆਨਕ ਤੇ ਧਰਮ ਨਿਰਪੱਖ ਸਿੱਖਿਆ ਦਾ ਸੰਚਾਰ ਕਰਨ ਵਾਲੇ ਅਨੇਕਾਂ ਹੀ ਆਦਰਸ਼ ਸਕੂਲਾਂ ਦੀ ਸਥਾਪਨਾ ਵੀ ਕੀਤੀ। ਸ਼ਹੀਦੇ ਆਜਮ ਭਗਤ ਸਿੰਘ ਵਰਗਾ ਇਨਕਲਾਬੀ ਕੌਮੀ ਨਾਇਕ ਜਿਹੜਾ ਕਿਸੇ ਵੀ ਧਾਰਮਿਕ ਅਕੀਦੇ 'ਚ ਵਿਸ਼ਵਾਸ਼ ਨਹੀਂ ਸੀ ਰਖਦਾ ਅਤੇ ਜਿਸਨੇ ਫਾਂਸੀ ਲੱਗਣ ਤੋਂ ਪਹਿਲਾਂ ਇਹ ਐਲਾਨ ਕੀਤਾ ਸੀ ਕਿ 'ਮੈਂ ਨਾਸਤਿਕ ਹਾਂ' ਅਤੇ ਇਸ ਦੀ ਵਿਆਖਿਆ ਲਈ ਇੱਕ ਪੁਸਤਕ 'ਮੈਂ ਨਾਸਤਿਕ ਕਿਉਂ ਹਾਂ?' ਲਿਖੀ ਸੀ ਕੀ ਉਚੇਰੀ ਸਦਾਚਾਰ ਤੇ ਨੈਤਿਕਤਾ ਦੀ ਜਿਊਂਦੀ ਜਾਗਦੀ ਮਿਸਾਲ ਨਹੀਂ ਸੀ। ਇਸ ਤੋਂ ਬਿਨਾਂ ਕੀ ਰੂਸ, ਚੀਨ, ਵੀਅਤਨਾਮ ਆਦਿ ਮੁਲਕਾਂ ਦੇ ਲੋਕ ਇਨਕਲਾਬਾਂ ਅੰਦਰ ਕਮਿਊਨਿਸਟ ਪਾਰਟੀਆਂ (ਜਿਨ੍ਹਾਂ ਨੂੰ ਨਾਸਤਿਕ ਸਮਝਿਆ ਜਾਂਦਾ ਹੈ) ਦੀ ਅਗਵਾਈ ਹੇਠ ਆਪਣੇ ਮੁਲਕ/ਕੌਮ ਦੀ ਅਜਾਦੀ ਖਾਤਰ ਅਥਾਹ ਕੁਰਬਾਨੀਆਂ ਕਰਨ ਵਾਲੇ ਅਤੇ ਅਜੇ ਵੀ ਆਪਣੀ ਕੌਮੀ ਮੁਕਤੀ ਲਈ ਜੂਝ ਰਹੇ ਹੋਰਨਾਂ ਮੁਲਕਾਂ ਦੇ ਅਜਿਹੇ ਲੋਕਾਂ ਨੂੰ ਨੈਤਿਕਤਾ ਤੋਂ ਸੱਖਣੇ ਕਿਹਾ ਜਾ ਸਕਦਾ ਹੈ ਜਿਨ੍ਹਾਂ ਨੇ ਆਪਣੇ ਆਦਰਸ਼ ਦੀ ਪੂਰਤੀ ਲਈ ਧਰਮ ਤੋਂ ਪ੍ਰੇਰਣਾ ਨਹੀਂ ਸੀ ਲਈ ਸਗੋਂ ਧਰਮ ਤੋਂ ਅਲਹਿਦਾ ਹੋ ਕੇ ਲੜੇ ਸਨ ਜਾਂ ਲੜ ਰਹੇ ਹਨ।

ਤੇ ਅਜੋਕੀਆਂ ਬਦਲੀਆਂ ਹੋਈਆ ਹਾਲਤਾਂ ਅੰਦਰ, ਸੰਕਟ ਹੇਠ ਆਈ ਸਰਮਾਏਦਾਰੀ ਵੀ ਜਿਹੜੀ ਕਿਸੇ ਸਮੇਂ ਆਪਣੇ ਵਿਕਾਸ ਖਾਤਰ ਜਾਗੀਰੂ, ਧਾਰਮਿਕ ਰੂੜੀਵਾਦੀ ਕਦਰਾਂ ਕੀਮਤਾਂ ਵਿਰੁੱਧ ਧਰਮ ਨਿੱਰਪੱਖਤਾ ਤੇ ਵਿਗਿਆਨਿਕ ਸੋਚ, ਖਾਤਰ ਲੜੀ ਸੀ ਖੁਦ ਆਪਣੇ ਸੰਕਟ ਨੂੰ ਟਾਲਣ ਲਈ ਅਤੇ ਆਪਣੇ ਢਹਿੰਦੇ ਕਿੰਗਾਰਿਆਂ ਨੂੰ ਬਚਾਉਣ ਖਾਤਰ ਲੋਕਾਂ ਅੰਦਰ ਵਿਗਿਆਨਿਕ ਤੇ ਤਰਕਸ਼ੀਲ ਵਿਚਾਰਧਾਰਾ ਦੇ ਫੈਲਣ ਤੋਂ ਤ੍ਰਹਿ ਰਹੀ ਹੈ। ਇੰਗਲੈਂਡ, ਫਰਾਂਸ, ਅਮਰੀਕਾ ਵਰਗੇ ਵਿਕਸਤ ਸਰਮਾਏਦਾਰ ਮੁਲਕਾਂ ਅੰਦਰ ਜਿਨ੍ਹਾਂ ਮੁਲਕਾਂ ਦਾ ਧਰਮ ਨਿੱਰਪਖਤਾ ਦੀ ਲਹਿਰ ਦਾ ਇਕ ਅਮੀਰ ਵਿਰਸਾ ਹੈ, ਨਿੱਜੀ ਤੇ ਰਾਜਕੀ ਸੰਸਥਾਵਾਂ ਵਲੋਂ ਧਾਰਮਿਕ ਪੁਨਰ ਸੁਰਜੀਤੀ ਨੂੰ ਉਭਾਰਿਆ ਜਾ ਰਿਹਾ ਹੈ। ਡਾਰਵਿਨ ਦੇ ਵਿਗਿਆਨਕ ਵਿਕਾਸਵਾਦ ਦੇ ਸਿਧਾਂਤ ਨੂੰ ਰੱਦ ਕਰਨ ਤੇ ਰੱਬੀ ਹੁਕਮ ਦੇ ਸਿਧਾਂਤ ਨੂੰ ਪ੍ਰਚਾਰਨ ਦੀਆਂ ਲਹਿਰਾਂ ਨੂੰ ਉਗਾਸਾ ਦਿੱਤਾ ਜਾ ਰਿਹਾ ਹੈ। ਕਿਉਂਕਿ ਮੌਜੂਦਾ ਬਦਲੀਆਂ ਹੋਈਆਂ ਹਾਲਤਾਂ ਅੰਦਰ ਜਮਹੂਰੀਅਤ ਮਾਨਵਤਾ, ਸਮਾਨਤਾ ਤੇ ਧਰਮ ਨਿਰਪੱਖਤਾ ਵਰਗੀਆਂ ਕਦਰਾਂ-ਕੀਮਤਾਂ ਉਨ੍ਹਾਂ ਦੇ ਉਦੇਸ਼ਾਂ ਤੇ ਮਨਸੂਬਿਆਂ ਦੀ ਪੂਰਤੀ ਦੇ ਰਾਹ 'ਚ ਰੋੜਾ ਬਣ ਰਹੀਆਂ ਹਨ ਇਸੇ ਲਈ ਸਗੋਂ ਇਨ੍ਹਾਂ ਨੂੰ ਛਾਂਗਿਆ-ਤਰਾਸ਼ਿਆ ਜਾ ਰਿਹਾ ਹੈ।

**ਫ਼ਾਸ਼ੀਵਾਦ ਵੱਲ ਜਾਂਦਾ ਰਾਹ**

ਉਕਤ ਸਾਰੀ ਵਿਚਾਰ ਚਰਚਾ ਦੇ ਪ੍ਰਸੰਗ 'ਚ 1964-66 ਦੇ ਕੋਠਾਰੀ ਸਿੱਖਿਆ ਕਮਿਸ਼ਨ ਵਲੋਂ ਆਪਣੀ ਰਿਪੋਰਟ ਵਿੱਚ ਕਹੇ ਇਨ੍ਹਾਂ ਸ਼ਬਦਾਂ ਨੂੰ "ਵਿਗਿਆਨ ਤੇ ਤਕਨੋਲੋਜੀ ਰਾਹੀ ਹਾਸਲ ਕੀਤੇ ਗਿਆਨ ਤੇ ਕਲਾ-ਕੁਸ਼ਲਤਾ ਨੂੰ ਸਦਾਚਾਰ ਦੀ ਧਾਰਨਾ ਨਾਲ ਜੁੜੀਆਂ ਕਦਰਾਂ-ਕੀਮਤਾਂ ਤੇ ਧਰਮ ਨਾਲ ਮੇਲਣਾ ਜਰੂਰੀ ਹੈ..।" ਆਪਣੇ ਸਮੇਂ ਦੇ ਮਹਾਨ ਦਾਰਸ਼ਨਿਕ ਵਿਦਵਾਨ ਬਰਟਰੰਡ ਰਸਲ ਵਲੋਂ ਲਿਖੇ ਗਏ ਆਪਣੇ ਇਕ ਲੇਖ ਵਿੱਚ ਕਹੀਆਂ ਗੱਲਾਂ ਦੇ ਸੰਦਰਭ 'ਚ ਰੱਖਕੇ ਦੇਖਣਾ ਚਾਹੀਦਾ ਹੈ ਜਿਸ ਮੁਤਾਬਕ ਅਜਿਹੇ ਯਤਨ ***"ਵਿਦਿਆਰਥੀਆਂ ਨੂੰ ਸੋਚਣ ਦੀ ਆਦਤ ਤੋਂ ਵਿਰਵੇ ਕਰਨ" ਦਾ ਸਾਧਨ ਹਨ। ਕਿਉਂਕਿ ਰਸਲ ਅਨੁਸਾਰ 'ਸਰਮਾਏਦਾਰ, ਫੌਜੀ ਜੁੰਡਲੀਆਂ ਤੇ ਧਾਰਮਿਕ ਉਪਦੇਸ਼ਕ, ਸਿੱਖਿਆ ਅੰਦਰ ਇੱਕ ਦੂਜੇ ਦੇ ਸਹਿਯੋਗੀ ਹਨ ਕਿਉਂਕਿ ਇਹ ਸਾਰੇ ਹੀ ਆਪਣੀ ਸਤਾ ਖ਼ਾਤਰ ਭਾਵਕੁਤਾ ਉਪਰ ਤੇ ਆਲੋਚਨਾਤਮਿਕ ਸੋਚਣੀ ਦੀ ਅਣਹੋਂਦ ਉਪਰ ਹੀ ਨਿਰਭਰ ਕਰਦੇ ਹਨ।"*** (ਮੈਂ ਈਸਾਈ ਕਿਉਂ ਨਹੀਂ ਹਾਂ-ਪੰਨਾ 56)

ਇਸ ਤੋਂ ਬਿਨਾਂ ਪਾਠਕ੍ਰਮ ਅੰਦਰ ਧਾਰਮਿਕ ਸਿੱਖਿਆ ਸ਼ਾਮਲ ਕਰੇ ਬਿਨ੍ਹਾਂ ਵੀ ਇਸ 'ਚ ਭਾਸ਼ਾ, ਸਾਹਿਤ, ਸਮਾਜ ਵਿਗਿਆਨ ਇਤਿਹਾਸ, ਫਿਲਾਸਫੀ, ਕੁਦਰਤੀ ਵਿਗਿਆਨ ਵਰਗੇ ਬੁਨਿਆਦੀ ਵਿਸ਼ਿਆਂ ਨੂੰ ਹੌਲੀ ਹੋਲੀ ਕੱਢਕੇ (ਜਿਹੜੇ ਵਿਸ਼ੇ ਗਿਆਨ ਤੇ ਆਜਾਦਾਨਾ ਚਿੰਤਨ ਦਾ ਸੋਮਾ ਹਨ) ਉਨ੍ਹਾਂ ਦੀ ਜਗ੍ਹਾ ਪੇਸ਼ਾਵਰਾਨਾ ਯੋਗਤਾ ਵਧਾਉਣ ਵਾਲੇ ਸਮਾਜਿਕ ਤੌਰ ਤੇ ਉਪਯੋਗੀ ਵਿਸ਼ਿਆ ਨੂੰ ਸ਼ਾਮਲ ਕਰਨਾ ਵੀ ਇਸੇ ਸਾਜਿਸ਼ ਦਾ ਹਿੱਸਾ ਹੈ। ਕਾਂਗਰਸੀ ਪ੍ਰਧਾਨ ਮੰਤਰੀ ਸ਼੍ਰੀ ਰਾਜੀਵ ਗਾਂਧੀ ਦੇ ਕਾਰਜ ਕਾਲ ਸਮੇਂ 1986 ਦੀ ਨਵੀਂ ਸਿੱਖਿਆ ਨੀਤੀ ਸਮੇਂ ਭਾਰਤ ਦਾ ਕਿੱਤਾਕਕਰਨ 'ਤੇ ਮੌਜੂਦਾ ਭਾਜਪਾ ਦੀ ਮੋਦੀ ਸਰਕਾਰ ਸਮੇਂ 'ਭਾਰਤ ਦਾ ਹੁਨਰ (Skilling of India) ਦਾ ਨਾਹਰਾ ਵੀ ਹਾਕਮਾਂ ਵੱਲੋਂ ਭਾਰਤ ਅੰਦਰ ਮੌਜੂਦ ਕਰੋੜਾਂ ਲੋਕਾਂ ਦੀ ਬੇਰੁਜਗਾਰੀ ਨੂੰ ਮੌਜੂਦਾ ਆਰਥਿਕ-ਸਮਾਜਿਕ ਢਾਂਚੇ ਨਾਲੋਂ ਤੋੜ ਕੇ ਕੇਵਲ ਸਿੱਖਿਆ ਪ੍ਰਣਾਲੀ ਅੰਦਰ ਇਸ ਕਿਸਮ ਦੀ ਸਿਖਲਾਈ ਦੀ ਘਾਟ ਨਾਲ ਜੋੜ ਕੇ ਪੇਸ਼ ਕਰਨਾ ਵੀ ਇਨ੍ਹਾਂ ਲੁਟੇਰੀਆਂ ਹਾਕਮ ਜਮਾਤਾਂ ਦੀ ਹੀ ਹਿਤਪੂਰਤੀ ਕਰਦਾ ਹੈ। ਬੁੱਧੀਮਾਨ ਤੇ ਚਿੰਤਨਸ਼ੀਲ ਮਨੁੱਖ ਦੇ ਨਿਰਮਾਣ ਦੀ ਜਗ੍ਹਾਂ ਹਾਕਮ ਜਮਾਤਾਂ ਦੇ ਹਿੱਤਾਂ ਤੇ ਉਦੇਸ਼ਾਂ ਦੇ ਹੱਕਾਂ 'ਚ ਭੁਗਤਣ ਵਾਲੇ ਇੱਕ ਮਸ਼ੀਨੀ ਮਨੁੱਖ ਪੈਦਾ ਕਰਨ ਦੀ ਭੂਮਿਕਾ ਵੀ ਨਿਭਾਉਂਦੇ ਹਨ ਅਜਿਹੇ ਸਿਖਲਾਈ ਕੋਰਸ।

ਤੇ ਦੂਜੇ ਪਾਸੇ ਸਿੱਖਿਆ ਦੇ ਭਾਰਤੀਕਰਨ, ਰਾਸ਼ਟਰੀਕਰਨ ਤੇ ਅਧਿਆਤਮੀਕਰਨ ਦੇ ਨਾਂ ਹੇਠ ਰਾਸ਼ਟਰੀ ਵਿਰਸੇ ਦੀ ਆੜ 'ਚ ਕੌਮੀ ਸ਼ਾਵਨਵਾਦ (ਹੰਕਾਰਵਾਦ) ਦਾ ਪਸਾਰ ਅਤੇ ਨੈਤਿਕ ਕਦਰਾਂ-ਕੀਮਤਾਂ ਦੀ ਆੜ 'ਚ ਪੁਰਾਤਨ ਧਾਰਮਿਕ ਰੂੜੀਵਾਦ ਰਵਾਇਤਾਂ ਦਾ ਪੁਨਰ ਸੁਰਜੀਤੀਕਰਨ ਇਹ ਇਕੋ ਸਿੱਕੇ ਦੇ ਹੀ ਦੋ ਪਾਸੇ ਹਨ ਇੱਕੋਂ ਹੀ ਉਦੇਸ਼ ਪੂਰਤੀ ਦਾ ਸਾਧਨ ਹਨ। ਫਾਸ਼ੀਵਾਦ ਵੀ ਇਸੇ ਰਾਹੀਂ ਆਉਂਦਾ ਹੈ।

ਭਾਵੇ ਸਿੱਖਿਆ ਦੇ ਮੂਲ 'ਕਲਿਆਣਕਾਰੀ ਤੇ ਪਰ ਉਪਕਾਰੀ ਉਦੇਸ਼ ਤਾਂ ਮੌਜੂਦਾ ਆਰਥਿਕ-ਸਮਾਜਿਕ ਢਾਂਚੇ ਦੇ ਲੋਕ ਕਲਿਆਣਕਾਰੀ ਬਣਨ ਨਾਲ ਹੀ ਹੋ ਸਕਣਗੇ ਪਰੰਤੂ ਮੌਜੂਦਾ ਦੌਰ ਅੰਦਰ ਸਿੱਖਿਆ ਦੇ ਨਿੱਜੀਕਰਨ ਤੇ ਵਪਾਰੀਕਰਨ ਵਿਰੁੱਧ ਸੰਘਰਸ਼ੀਲ ਰਹਿੰਦੇ ਹੋਏ ਇਸ ਨੂੰ ਨਾ ਸਿਰਫ ਉਕਤ ਮੂਲਵਾਦੀ ਹਮਲੇ ਤੋਂ ਬਚਾਉਣਾ ਹੀ ਬੇਹੱਦ ਜਰੂਰੀ ਹੈ ਸਗੋਂ ਇਸ ਨੂੰ ਜਮਹੂਰੀ ਧਰਮ ਨਿਰੱਪਖ ਤੇ ਵਿਗਿਆਨਕ ਲੀਹਾਂ ਤੇ ਪਾਉਣ ਲਈ ਵੀ ਜ਼ੋਰਦਾਰ ਉਪਰਾਲੇ ਕਰਨ ਦੀ ਬੇਹੱਦ ਲੋੜ ਹੈ।

# ਦਿੱਲੀ ਹੁਣ ਦੂਰ ਨਹੀਂ



ਮਾਸਟਰ ਮਲਕੀਤ ਸਿੰਘ ਬਰਮ੍ਹੀ



ਦਿੱਲੀ ਜਪਾਨ ਦੀ ਰਾਜਧਾਨੀ ਟੋਕੀਓ ਤੋਂ ਬਾਅਦ ਦੁਨੀਆਂ ਦਾ ਦੂਜਾ ਵੱਡਾ ਸ਼ਹਿਰ ਹੈ। ਇਸ ਦੀ ਅਬਾਦੀ ਜਨਵਰੀ 2015 ਵਿੱਚ ਢਾਈ ਕਰੋੜ ਦੇ ਲਗਭਗ ਹੈ। ਇਸ ਦਾ ਅੰਦਾਜ਼ਨ ਰਕਬਾ 1500 ਵਰਗ ਕਿਲੋਮੀਟਰ ਹੈ। ਇਸ ਦੀ ਅੱਧੀ ਤੋਂ ਵੱਧ ਅਬਾਦੀ 55% ਝੁੱਗੀਆਂ, ਝੌਂਪੜੀਆਂ ਅਤੇ ਅਣਵਿਕਸਿਤ ਬਸਤੀਆਂ ਵਿੱਚ ਰਹਿੰਦੀ ਹੈ। ਇਹਨਾਂ ਬਸਤੀਆਂ ਵਿੱਚ ਸਹੂਲਤਾਂ ਨਾਓ ਦੀ ਕੋਈ ਨਿਸ਼ਾਨੀ ਨਹੀਂ ਹੈ। ਦੇਸ਼ ਦੇ ਮੱਥੇ ਤੇ ਇਹ ਇੱਕ ਵੱਡਾ ਕਲੰਕ ਹੈ।

ਦਿੱਲੀ ਸ਼ਹਿਰ ਅਸਲ ਵਿੱਚ 5 ਵੱਡੀਆਂ ਕਰਪੋਰੇਸ਼ਨਾਂ ਦਾ ਸਮੂਹ ਹੈ। ਇਸ ਨੂੰ ਕੌਮੀ ਰਾਜਧਾਨੀ ਖੇਤਰ ਆਖਿਆ ਜਾਂਦਾ ਹੈ। ਇਸ ਵਿੱਚ 1. ਉਤਰੀ ਦਿੱਲੀ ਮਿਉਂਸਿਪਲ ਕਾਰਪੋਰੇਸ਼ਨ। 2. ਦੱਖਣੀ ਦਿੱਲੀ ਮਿਉਂਸਿਪਲ ਕਾਰਪੋਰੇਸ਼ਨ। 3. ਪੂਰਬੀ ਦਿੱਲੀ ਮਿਉਂਸਿਪਲ ਕਾਰਪੋਰੇਸ਼ਨ। 4.ਨਵੀਂ ਦਿਲੀ ਮਿਉਂਸਪਲ ਕਾਰਪੋਰੇਸ਼ਨ। 5.ਦਿਲੀ ਛਾਉਣੀ ਬੋਰਡ ਸ਼ਾਮਲ ਹਨ। ਇਹ ਦੁਨੀਆਂ ਦੀ ਸਭ ਤੋਂ ਵੱਡੀ ਸਥਾਨਕ ਸਰਕਾਰ ਹੈ। ਇਸ ਵਿੱਚ 11 ਜ਼ਿਲ੍ਹੇ, 27 ਤਹਿਸੀਲਾਂ, 59 ਕਸਬੇ ਅਤੇ 300 ਪਿੰਡ ਸ਼ਾਮਲ ਹਨ। ਪੂਰੀ ਦਿੱਲੀ 7 ਪੁਲਿਸ ਜੋਨਾ ਅਤੇ 95 ਥਾਨਿਆਂ ਵਿੱਚ ਵੰਡੀ ਹੈ। ਦਿੱਲੀ ਵਿੱਚ 43 ਅੱਗ ਬਝਾਉ ਸਟੇਸ਼ਨ ਹਨ। ਕੇਂਦਰੀ ਰਾਜਧਾਨੀ ਖੇਤਰ ਹੋਣ ਕਰਕੇ ਦਿੱਲੀ ਨੂੰ ਨਾ ਤਾਂ ਪੂਰੇ ਸੂਬੇ ਦਾ ਦਰਜਾ ਹਾਸਲ ਹੈ ਅਤੇ ਨਾ ਹੀ ਦਿੱਲੀ ਦਾ ਵਿਸ਼ਾਲ ਪੁਲਿਸਤੰਤਰ ਦਿੱਲੀ ਸਰਕਾਰ ਦੇ ਅਧੀਨ ਹੈ।

2015 ਦੀਆਂ ਛੇਵੀਆਂ ਦਿੱਲੀ ਵਿਧਾਨ ਸਭਾ ਚੋਣਾ – ਇੱਕ ਸੁਨਾਮੀ:- 07 ਫਰਵਰੀ 2015 ਦਾ ਦਿਨ ਭਾਰਤ ਦੇ ਇਤਿਹਾਸ ਵਿੱਚ ਇੱਕ ਮੀਲ ਪੱਥਰ ਵਾਂਗ ਯਾਦ ਕੀਤਾ ਜਾਵੇਗਾ। ਇਸ ਦਿਨ ਦਿੱਲੀ ਵਾਸੀਆਂ ਨੇ ਵੋਟ ਦੀ ਤਾਕਤ ਦੇ ਬਲ ਬੂਤੇ ਇਹ ਸਿੱਧ ਕਰ ਦਿੱਤਾ ਕਿ ਭਾਰਤ ਵਿੱਚ ਸਥਾਪਤ ਪਾਰਟੀਆਂ ਦੇ ਕੰਮ ਢੰਗ ਤੇ ਰਾਜਨੀਤੀ ਨੂੰ ਰੱਦ ਕਰਕੇ ਇੱਕ ਬਦਲਵਾਂ ਮਾਡਲ; ਜਿਸ ਨੂੰ ਚਿੰਤਕਾਂ ਨੇ ਸਮਾਜਿਕ, ਰਾਜਨੀਤਕ ਵਿਕਾਸ ਲਹਿਰ ਦਾ ਨਾਂ ਦਿੱਤਾ ਹੈ, ਸਥਾਪਤ ਕੀਤਾ ਜਾ ਸਕਦਾ ਹੈ। 10 ਫਰਵਰੀ ਨੂੰ ਜਦੋਂ ਚੋਣ ਨਤੀਜੇ ਸਾਹਮਣੇ ਆਏ ਤਾਂ ਲੋਕਾਂ ਨੂੰ ਲੱਗਿਆ ਕਿ ਇਹ ਤਾਂ ਇੱਕ ਸੁਨਾਮੀ ਹੈ। ਜਿਸ ਨੇ ਭਾਰਤੀ ਜਨਤਾ ਪਾਰਟੀ, ਕਾਂਗਰਸ, ਬੀ. ਐਸ. ਪੀ. ਅਤੇ ਖੱਬੀਆਂ ਧਿਰਾਂ ਨੂੰ ਕੱਖੋਂ ਹੋਲਿਆਂ ਕਰਕੇ ਆਮ ਆਦਮੀ ਦੇ ਪੈਰਾਂ ਵਿੱਚ ਪਟਕਾ ਕੇ ਰੋਲ ਦਿੱਤਾ। ਵੱਡੀਆਂ-ਵੱਡੀਆਂ ਤੋਪਾਂ ਗਿਰ ਗਈਆਂ। ਸਥਾਪਤ ਪਾਰਟੀਆਂ ਦੇ ਥੰਮ ਹਿੱਲ ਗਏ। ਕਾਂਗਰਸ ਤਾਂ ਨਹਿਰੂ ਗਾਂਧੀ ਪ੍ਰੀਵਾਰ ਅਤੇ ਉਸ ਦੇ ਦਿੱਲੀ ਕਮਾਂਡਰ ਅਜੇ ਮਾਕਨ ਸਮੇਤ ਇਤਿਹਾਸਿਕ ਰਾਜਨੀਤਕ ਹਾਸ਼ੀਏ ਤੇ ਸੁੱਟ ਦਿੱਤੀ ਗਈ। ਇਸ ਤੋਂ ਉਹ ਮੁੜਕੇ ਸ਼ਇਦ ਹੀ ਉੱਭਰ ਸਕੇ। ਭਾਜਪਾ ਦੇ ਜੇਤੂ ਰੱਥ, ਜਿਸ ਦਾ ਗਾਡੀਵਾਨ ਆਰ.ਐਸ.ਐਸ. ਦਾ ਥਾਪਿਆਂ ਆਗੂ ਮੋਦੀ ਅਤੇ ਉਸਦਾ ਜੋਟੀਦਾਰ ਅਮਿਤ ਸ਼ਾਹ ਸੀ; ਨੂੰ ਵੀ ਬਰੇਕਾਂ ਲੱਗ ਗਈਆਂ।

ਹਾਂ ਇਹ ਸੱਚ ਹੈ ਕਿ ਦਿੱਲੀ ਦੀ ਛੇਵੀਂ ਵਿਧਾਨ ਸਭਾ ਲਈ ਹੋਈਆਂ ਚੋਣਾਂ ਦੇ ਨਤੀਜੇ ਜਪਾਨ ਦੀ 2011 ਵਿੱਚ ਆਈ ਸੁਨਾਮੀ ਤੋਂ ਘੱਟ ਨਹੀਂ। ਇਹ ਇੱਕ ਵੱਡਾ ਤੂਫ਼ਾਨ ਸੀ। ਅਤੇ ਇਸ ਤੂਫ਼ਾਨ ਦੀਆਂ ਨਿਸ਼ਾਨੀਆਂ ਪਹਿਲਾਂ ਤੋਂ ਹੀ ਪ੍ਰਗਟ ਹੋ ਰਹੀਆਂ ਸਨ। 2014 ਦੀਆ ਪਾਰਲੀਮੈਂਟ ਚੋਣਾਂ ਵਿੱਚ ਭਾਜਪਾ ਸਿਰਫ 31% ਵੋਟਾ ਲੈ ਕੇ ਸੱਤਾ ਤੇ ਪਹੁੰਚੀ ਸੀ।ਪਰ ਇਸ ਤੋਂ ਬਾਅਦ ਕਈ ਸੂਬਿਆਂ ਵਿੱਚ ਹੋਈਆਂ ਚੋਣਾਂ/ਉਪ ਚੋਣਾਂ ਵਿੱਚ ਇਸ ਦੀ ਕਾਰਗੁਜਾਰੀ ਨਿਸ਼ਾਨੇ ਤੋ ਹੇਠਾਂ ਹੀ ਰਹੀ ਹੈ। ਜੰਮੂ ਕਸ਼ਮੀਰ ਦੀ ਹੀ ਉਦਾਹਰਨ ਲੈ ਲਓ। ਮੋਦੀ ਨੇ ਮਿਸ਼ਨ 44 ਦੇ ਨਾਹਰੇ ਹੇਠ ਮੁਹਿਮ ਚਲਾਈ ਸੀ। ਕਿ ਭਾਜਪਾ ਆਪਣੇ ਬਲ ਤੇ ਸੱਤਾ ਪ੍ਰਾਪਤ ਕਰੇਗੀ। ਪਰ ਮਿਸ਼ਨ 44 ਸਿਰਫ 25 ਸੀਟਾਂ ਹੀ ਹਾਸ਼ਲ ਕਰਕੇ ਠੁੱਸ ਹੋ ਗਿਆ। ਇਹ 25 ਸੀਟਾਂ ਵੀ ਕੇਵਲ ਜੰਮੂ ਖੇਤਰ ਵਿਚੋ ਹੀ ਮਿਲੀਆਂ। ਬਾਕੀ ਦੋ ਖੇਤਰਾਂ ਕਸ਼ਮੀਰ ਵਾਦੀ ਅਤੇ ਲਦਾਖ ਵਿੱਚ ਭਾਜਪਾ ਆਪਣਾ ਖਾਤਾ ਵੀ ਨਾ ਖੋਲ੍ਹ ਸਕੀ।

ਦਿੱਲੀ ਵਿਸ਼ਵ ਪ੍ਰਸਿਧ ਯੂਨੀਵਰਸਟੀ, ਜਵਾਹਰ ਲਾਲ ਨਹਿਰੂ ਯੂਨੀਵਰਸਟੀ ਹੈ। 2014 ਦੇ ਅੰਤ ਵਿੱਚ ਇਥੇ ਵਿਦਿਆਰਥੀ ਚੋਣਾਂ ਹੋਈਆਂ ਜਿਸ ਵਿੱਚ ਭਾਜਪਾ ਦੇ ਵਿਦਿਆਰਥੀ ਵਿੰਗ – ਅਖਿਲ ਭਾਰਤੀਯ ਪ੍ਰੀਸ਼ਦ ਨੂੰ ਸ਼ਰਮਨਾਕ ਹਾਰ ਹੋਈ। ਇਸ ਦੇ ਅਹੁਦੇਦਾਰੀਆ ਦੇ ਪੰਜੇ ਉਮੀਦਵਾਰ – ਪਰਧਾਨ, ਉਪ ਪ੍ਰਧਾਨ, ਸਕੱਤਰ, ਸਹਿ-ਸਕੱਤਰ ਅਤੇ ਖਜਾਨਚੀ ਹਾਰ ਗਏ। ਇਥੋ ਤੱਕ ਕਿ ਉਸ ਦਾ ਜਨਰਲ ਕਾਊਂਸਲ ਵਾਸਤੇ ਵੀ ਕੋਈ ਉਮੀਦਵਾਰ ਜਿੱਤ ਨਾ ਸਕਿਆ। ਇਸੇ ਤਰ੍ਹਾਂ ਹਿਮਾਚਲ ਯੂਨੀਵਰਸਿਟੀ ਸ਼ਿਮਲਾ ਅਤੇ ਸ਼ਿਮਲਾ ਮਿਉਂਸਿਪਲ ਕਾਰਪੋਰੇਸ਼ਨ ਚੋਣਾਂ ਵਿੱਚ ਵੀ ਇਸ ਦੇ ਉਮੀਦਵਾਰ ਐਸ.ਐਫ.ਆਈ. ਅਤੇ ਖੱਬੇ ਮੋਰਚੇ ਤੋਂ ਬੁਰੀ ਤਰ੍ਹਾਂ ਹਾਰ ਗਏ।

ਦਿੱਲੀ ਦੀਆਂ ਹੋਣ ਵਾਲੀਆਂ ਚੋਣਾਂ ਤੋਂ ਪਹਿਲਾ ਦਸੰਬਰ 2014 ਵਿੱਚ ਹਿਦੋਸਤਾਨ ਭਰ ਦੀ ਮਜਦੂਰ ਜਮਾਤ ਨੇ ਖੱਬੇ ਪੱਖੀ ਸੰਗਠਨਾਂ ਦੀ ਅਗਵਾਈ ਵਿੱਚ ਜੋ ਦੇਸ਼ ਵਿਆਪੀ ਹੜਤਾਲ ਕੀਤੀ ਉਸ ਵਿੱਚ ਭਾਜਪਾ ਪੱਖੀ ਮਜਦੂਰ ਸੰਘ ਨੂੰ ਮਜਬੂਰਨ ਸ਼ਾਮਲ ਹੋਣਾ ਪਿਆ ਸੀ। ਭਾਜਪਾ ਵੱਲੋਂ ਬੈਕਿੰਗ ਸੈਕਟਰ, ਬੀਮਾ ਅਤੇ ਪਬਲਿਕ ਸੈਕਟਰ ਨੂੰ ਕੋਡੀਆਂ ਦੇ ਭਾਅ ਦੇਸ਼ੀ -ਵਿਦੇਸ਼ੀ ਸਮਾਏਦਾਰਾਂ ਨੂੰ ਵੇਚਣਾ/ ਖੋਲਣਾ ਦੇ ਵਿਰੋਧ ਵਿੱਚ ਉਪਰੋਕਤ ਹੜਤਾਲ ਬੜਾ ਸਫਲ ਮਜਦੂਰ ਮੁਲਾਜਮ ਐਕਸ਼ਨ ਸੀ। ਸੋ ਅਸੀਂ ਆਖ ਸਕਦੇ ਹਾਂ ਕਿ ਹਿੰਦ ਮਹਾਂ ਸਾਗਰ ਦੇ ਅਸ਼ਾਂਤ ਪਾਣੀਆਂ ਵਿੱਚ ਉੱਠ ਰਿਹਾ ਤੁਫਾਨ ਆਮ ਆਦਮੀ ਪਾਰਟੀ ਦੇ ਆਗੂਆਂ ਨੇ ਭਾਂਪ ਲਿਆ ਸੀ। ਇਸ ਦਾ ਟਾਕਰਾ ਕਰਨ ਵਾਸਤੇ ਭਾਜਪਾ ਨੇ ਜਿਹੜੀਆਂ ਵੀ ਚਾਲਾਂ ਚੱਲੀਆਂ ਉਸ ਨੂੰ ਇਕ ਤੋਂ ਬਾਅਦ ਇੱਕ ਪੁਠੀਆਂ ਹੀ ਪੈਦੀਆਂ ਰਹੀਆਂ। ਕਿਰਨ ਬੇਦੀ ਦਾ ਤਾਂ ਉਹ ਹਾਲ ਹੋਇਆ ਜਿਵੇਂ ਪੰਜਾਬੀ ਕਹਾਵਤ ਹੈ, "ਆਪ ਤਾਂ ਡੁੱਬੇ ਜਜ਼ਮਾਨ ਵੀ ਡੋਬੇ" ਸ਼ਾਜੀਆ ਇਲਮੀ ਵੀ ਕੋਈ ਚਮਤਕਾਰ ਨਾ ਕਰ ਸਕੀ। ਭਾਜਪਾ ਵੱਲੋਂ ਦੂਸ਼ਣ ਬਾਜੀ, ਹੰਕਾਰ ਪ੍ਰਗਟਾਅ ਅਤੇ ਝੂਠ ਮਹਿੰਮ ਨੇ ਲੋਕਾ ਨੂੰ ਆਪਣੇ ਆਪ ਆਮ ਆਦਮੀ ਪਾਰਟੀ ਉਮੀਦਵਾਰਾਂ ਦੇ ਪੱਖ ਵਿੱਚ ਡੱਟ ਕਿ ਖਲੋਣ ਲਈ ਉਤਸ਼ਾਹਿਤ ਕਰ ਦਿੱਤਾ।

**ਦਿੱਲੀ ਹਿੰਦੋਸਤਾਨ ਦਾ ਦਿਲ:-** ਦਿੱਲੀ ਹਿੰਦੋਸਤਾਨ ਦਾ ਦਿਲ ਹੈ। ਇਥੋਂ ਦੀ ਢਾਈ ਕਰੋੜ ਵਸੋਂ ਵਿੱਚ ਹਰ ਸੂਬੇ, ਹਰ ਇਲਾਕੇ ਦੇ ਲੋਕ ਵਸਦੇ ਹਨ। ਦਿੱਲੀ ਬਹੁ- ਨਸਲੀ, ਬਹੁ ਸਭਿਆਚਾਰਕ ਅਤੇ ਬਹੁ-ਭਾਸ਼ੀ ਸ਼ਹਿਰ ਹੈ। ਹਿੰਦੀ, ਪੰਜਾਬੀ, ਅਤੇ ਉਰਦੂ ਮੁੱਖ ਬੋਲੀਆਂ ਹਨ। ਅੰਗਰੇਜੀ ਮੁੱਖ ਵਪਾਰਕ ਭਾਸ਼ਾ ਹੈ। ਦੁਨੀਆਂ ਦੇ ਵੱਡੀ ਗਿਣਤੀ ਦੇਸ਼ਾਂ ਨਾਲੋਂ ਖਾਸ ਕਰ ਯੂਰਪ ਦੇ ਦੇਸ਼ਾਂ ਨਾਲੋ ਦਿੱਲੀ ਦੀ ਵਸੋਂ ਜਿਆਦਾ ਹੈ। ਬਲਕਿ ਦਿੱਲੀ ਵੋਟਰ ਸੰਖਿਆ ਹੀ ਜਿਆਦਾ ਦੇਸ਼ਾਂ ਦੀਆਂ ਅਬਾਦੀਆਂ ਨਾਲੋਂ ਜਿਆਦਾ ਹੈ। ਦਿੱਲੀ ਵਿੱਚ ਇੱਕ ਕਰੋੜ, ਤੈਂਤੀ ਲੱਖ ਨੌ ਹਜ਼ਾਰ ਅਠੱਤਰ ਵੋਟਰ ਹਨ- ਜਾਨੀ 13 ਮਿਲੀਅਨ, 309 ਹਜ਼ਾਰ, ਅਠੱਤਰ। ਇਸ ਵਿੱਚ ਮਰਦ – 73 ਲੱਖ ਉਨੱਨਵੇਂ ਹਜ਼ਾਰ, 089। ਔਰਤ ਉਨਾਹਠ ਲੱਖ, ਉਨੀ ਹਜ਼ਾਰ ਇੱਕ ਸੌ ਸਤਾਈ, ਅਤੇ ਅੱਠ ਸੌ ਬਾਹਟ ਤੀਜਾ ਲਿੰਗ ਵੋਟਰ ਹਨ। ਕਨੇਡਾ ਦੀ ਅੱਧੀ ਅਬਾਦੀ ਦੇ ਬਰਾਬਰ ਤਾਂ ਦਿੱਲੀ ਦੀ ਵੋਟਰ ਸੰਖਿਆ ਹੈ।

ਇਸ ਵੋਟਰ ਸਮੂਹ ਨੇ 7 ਫਰਵਰੀ ਨੂੰ ਦਿਲ ਖੋਹਲ ਕੇ ਵੋਟਾਂ ਪਾਈਆਂ। ਵੋਟ ਫੀਸਦੀ 67.08 ਰਹੀ। ਵੋਟਰਾਂ ਨੇ ਜਾਤ ਪਾਤ, ਇਲਾਕਾਵਾਦ, ਧਰਮ, ਨਸਲ, ਭਾਸ਼ਾਈ ਵਖਰੇਵੇ ਤੋਂ ਉਪਰ ਉਠ ਕੇ, ਬਿਨਾਂ ਕਿਸੇ ਲਾਲਚ-ਪੈਸਾ, ਦਾਰੂ ਆਦਿ- ਰੱਜ ਕਿ ਵੋਟ ਪਾਈ ਅਤੇ ਗੁਆਢੀਆਂ ਦੀ ਵੀ ਪਵਾਈ। ਨਵੀਂ ਦਿੱਲੀ, ਦਿੱਲੀ ਛਾਉਣੀ, ਚਾਣਕੀਯ ਪੂਰੀ, ਵਸੰਤ ਵਿਹਾਰ ਆਦਿ ਅਮੀਰ ਇਲਾਕਿਆਂ ਤੋਂ ਲੈ ਕਿ ਗਰੀਬ ਬਸਤੀਆਂ, ਝੁਗੀਆਂ, ਝੌਂਪੜੀਆਂ ਜਿਨ੍ਹਾਂ ਵਿੱਚ ਦਿੱਲੀ ਦੀ ਅੱਧ ਤੋਂ ਜ਼ਿਆਦਾ ਅਬਾਦੀ ਗੁਜਰ ਬਸਰ ਕਰਨ ਲਈ ਮਜਬੂਰ ਹੈ; ਸਭ ਥਾਂ ਅੱਜ ਵੋਟ ਪਾਉਣੀ ਹੈ ਦਾ ਨਾਅਰਾ ਉੱਭਰ ਰਿਹਾ ਸੀ। ਉਘੇ ਸੰਗੀਤਕਾਰ ਵਿਸ਼ਾਲ ਡਡਲਾਨੀ ਵੱਲੋਂ ਵਿਸ਼ੇਸ਼ ਤੌਰ 'ਤੇ ਤਿਆਰ ਕੀਤਾ ਗੀਤ- "ਪੰਜ ਸਾਲ ਕੇਜਰੀਵਾਲ-ਪੰਜ ਸਾਲ ਕੇਜਰੀਵਾਲ" -ਗਰੀਬ ਬਸਤੀਆਂ ਅਤੇ ਝੁਗੀਆਂ, ਝੌਂਪੜੀਆਂ ਦੀ ਫ਼ਿਜਾ ਵਿੱਚ ਗੂੰਜ ਰਿਹਾ ਸੀ। ਸੰਗੀਤ ਸੀ, ਗੀਤ ਸੀ ਅਤੇ ਦਿੱਲੀ ਦੀ ਅਤਿ ਗਰੀਬ, ਲੁਟੀ, ਨਿਮਾਣੀ, ਨਿਤਾਨੀ ਜਨਤਾ ਵਾਸਤੇ ਇਹੀ ਗੀਤ ਇੱਕ ਲਲਕਾਰ ਸੀ। ਬੋਲੇ ਸੋ ਨਿਹਾਲ-ਅਲਾ ਹੂ ਅਕਬਰ ਦਾ ਬੁਲੰਦ ਨਾਅਰਾ ਵੀ ਸੀ। ਇਸੇ ਲਲਕਾਰ ਦੇ ਪਿਛੇ ਦਿੱਲੀ ਵਾਸੀ ਵੱਡੀ ਗਿਣਤੀ ਵਿੱਚ ਚੋਣ ਬੂਥਾਂ ਤੱਕ ਪਹੁੰਚੇ। ਦਿੱਲੀ ਵਿੱਚ ਵੋਟ ਭੁਗਤਨ ਤੋਂ ਬਆਦ ਦੇ ਇੱਕ ਸਰਵੇ ਜਿਹੜਾ ਹਿੰਦੋਸਤਾਨ ਦੀ ਇੱਕ ਮਸ਼ਹੂਰ ਸੰਸਥਾ, "ਲੋਕਨੀਤੀ- ਸੀ. ਐਸ. ਡੀ. ਐਸ." ਨੇ ਕੀਤਾ-ਅਨੁਸਾਰ 100 ਭੁਗਤੀਆਂ ਦਲਿਤ ਵੋਟਾਂ ਵਿੱਚੋ 67, ਨੌਜਵਾਨ 18-22 ਉਮਰ ਗੁੱਟ ਵਿੱਚੋ 68 ਅਤੇ ਮੁਸਲਿਮ ਵਿੱਚੋ 77 ਵੋਟਾਂ ਆਮ ਆਦਮੀ ਪਾਰਟੀ ਨੂੰ ਪਈਆਂ।

ਜਿਹਨਾਂ ਹਾਲਤਾਂ ਵਿੱਚ ਦਿੱਲੀ ਦੇ ਲੋਕਾਂ ਨੇ ਇਹ ਕਰਿਸ਼ਮਾਂ ਕੀਤਾ ਉਹ ਵੀ ਧਿਆਨ ਦੀ ਮੰਗ ਕਰਦੀਆਂ ਹਨ। ਮੋਦੀ ਸਰਕਾਰ ਦਾ ਪੂਰਾ ਮੰਤਰੀ ਮੰਡਲ, ਐਮ.ਪੀ., ਐਮ.ਐਲ.ਏ., ਸੂਬਿਆਂ ਦੇ ਮੁੱਖ ਮੰਤਰੀ ਦਿੱਲੀ ਵਿੱਚ ਡੇਰਾ ਲਾਈ ਬੈਠੇ ਸਨ। ਪੰਜਾਬ ਦੀ ਪੂਰੀ ਸਰਕਾਰ, ਮੁੱਖ ਮੰਤਰੀ, ਉਪ -ਮੁੱਖ ਮੰਤਰੀ, ਸਾਰਾ ਮੰਤਰੀ ਮੰਡਲ, ਸਾਰੇ ਐਮ.ਐਲ.ਏ. ਅਤੇ ਇਥੋਂ ਤੱਕ ਕਿ ਹਲਕਾ ਇੰਚਰਾਜ ਵੀ ਦਿੱਲੀ ਦੇ ਵੋਟਰਾਂ ਦੇ ਸਿਰਾਂ ਤੇ ਬੈਠੇ ਸਨ। ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਵੀ ਚੋਣਾਂ ਵਿੱਚ ਸਰਗਰਮ ਸੀ। ਅਕਾਲੀ ਦਲ ਨੇ ਆਪਣੇ ਦਿੱਲੀ ਦੇ ਸਿਪਾਹਸਲਾਰ ਨੂੰ ਜਿਤਾਉਣ ਵਾਸਤੇ ਅੱਡੀ ਚੋਟੀ ਦਾ ਜ਼ੋਰ ਲਾਇਆ। ਖਬਰਾਂ ਤਾਂ ਇਥੋਂ ਤੱਕ ਵੀ ਮਿਲ ਰਹੀਆ ਸਨ ਕਿ ਇੱਕ ਵੋਟ ਦਾ ਮੂਲ ਦਸ ਹਜ਼ਾਰ ਤੱਕ ਤਾਰਿਆ ਜਾ ਰਿਹਾ ਹੈ।ਪਰ ਇਸ ਵਾਰ ਦਿੱਲੀ ਵੋਟਰਾਂ ਵਿੱਚ ਗੁੱਸੇ ਦਾ ਗੁਬਾਰ ਸੀ। ਅੱਜ ਉਹ ਆਪਣੀ ਹੋ ਰਹੀ ਲੁਟ ਚੋਂਘ ਦਾ ਹਿਸਾਬ ਮੰਗ ਰਿਹਾ ਸੀ। ਅੱਜ ਰਿਕਸ਼ੇ ਵਾਲਾ, ਆਟੋ ਰਿਕਸ਼ੇ ਵਾਲਾ ਅਤੇ ਟੈਕਸੀ ਚਾਲਕ ਆਮ ਆਦਮੀ ਦੇ ਸੇਵਾਦਾਰ ਵਜੋਂ ਵਿਚਰ ਰਿਹਾ ਸੀ।

ਅਤੇ ਦਿੱਲੀ ਵਿੱਚ ਵੋਟਰਾਂ ਦੇ ਇਸ ਤੁਫਾਨ ਨੇ ਦਿੱਲੀ ਵਿੱਚ ਕੀ ਕੀਤਾ? – ਇਸ ਵਾਰੇ ਇੱਕ ਮਸ਼ਹੂਰ ਪੱਤਰਕਾਰ – ਰਾਜਦੀਪ ਸਰਡੇਸਾਈ ਨੇ ਲਿਖਿਆ ਹੈ – "2015 ਦਿੱਲੀ ਚੋਣਾਂ ਵਿੱਚ ਅਰਵਿੰਦ ਕੇਜਰੀਵਾਲ ਨੇ ਵਿਰੋਧੀ ਧਿਰਾਂ ਨੂੰ ਹੀ ਨੇਸਤੋਨਾਬੂਦ ਨਹੀਂ ਕੀਤਾ। ਉਸਨੇ ਪੂਰੇ ਭਾਰਤੀ ਮੀਡੀਏ ਨੂੰ ਵੀ ਖੂੰਜੇ ਲਾ ਦਿੱਤਾ। ਕੇਜਰੀਵਾਰ ਸਾਡੀ ਨਿਗਾਹ ਤੋਂ ਪਰੇ-ਪਰੇ ਸ਼ੋਸਲ ਮੀਡੀਏ ਦੀ ਵਰਤੋਂ ਕਰਦਾ ਰਿਹਾ। ਸਭ ਤੋਂ ਅਹਿਮ ਗੱਲ ਇਹ ਕਿ ਕੇਜਰੀਵਾਲ ਨੇ ਉਹਨਾਂ ਲੋਕਾਂ ਤੱਕ ਰਸਾਈ ਕੀਤੀ, ਜਿਹੜੇ ਚੋਣਾਂ ਵਾਸਤੇ ਅਹਿਮ ਸਨ। ਖੁਸ਼ਾਮਦੀ ਐਡੀਟਰ, ਕਾਵਾਂ ਰੌਲੀ ਪਾਉਣ ਵਾਲੇ ਐਂਕਰ ਅਤੇ ਸਰਮਾਏਦਾਰੀ ਮੀਡੀਏ ਦੇ ਮਾਲਕ ਸਭ ਰੜੇ ਮੈਦਾਨ ਹਾਰ ਗਏ"।

70 ਵਿੱਚੋਂ 67 ਸੀਟਾਂ ਦੀ ਜਿੱਤ ਇੱਕ ਰੀਕਾਰਡ ਹੈ। ਆਮ ਆਦਮੀ ਪਾਰਟੀ ਨੇ ਪਹਿਲਾਂ ਵਾਲੀ ਵੋਟ ਪ੍ਰਤੀਸਤ 29.5% ਵਿੱਚ 24.8% ਦਾ ਵਾਧਾ ਕਰਕੇ ਕੁੱਲ 54.3% ਵੋਟ ਪ੍ਰਾਪਤ ਕੀਤੀ ਹੈ। ਭਾਜਪਾ ਨੂੰ 1% ਅਤੇ ਕਾਂਗਰਸ ਨੂੰ 15% ਦਾ ਘਾਟਾ ਦਰਜ ਹੋਇਆ ਹੈ।ਆਮ ਆਦਮੀ ਪਾਰਟੀ ਦੇ 67 ਵਿੱਚੋਂ 27 ਚਿਹਰੇ ਨਵੇਂ ਹਨ। ਬੀ.ਜੇ.ਪੀ ਸਿਰਫ 3 ਸੀਟਾਂ 2 ਪੂਰਬੀ ਦਿੱਲੀ ਵਿੱਚੋਂ ਅਤੇ 1 ਉੱਤਰੀ ਦਿੱਲੀ ਵਿੱਚੋਂ ਹੀ ਜਿੱਤ ਸਕੀ ਹੈ। ਬੀ.ਜੇ.ਪੀ ਦਾ ਵਿਜੇਂਦਰ ਗੁਪਤਾ ਰੋਹਿਨੀ ਤੋਂ ਸਿਰਫ 5367 ਅਤੇ ਜਗਦੀਸ ਪ੍ਰਧਾਨ ਮੁਸਤਫਾਬਾਦ ਤੋਂ 6031 ਅਤੇ ਓਮ ਪ੍ਰਕਾਸ਼ ਸਰਮਾ ਵਿਸ਼ਵਾਸ਼ ਨਗਰ ਤੋਂ 10158 ਵੋਟਾਂ ਦੇ ਫਰਕ ਨਾਲ ਜਿੱਤੇ ਹਨ। ਇਸ ਦੇ ਮੁਕਾਬਲੇ ਆਪ ਦੇ 55 ਐਮ.ਐਲ.ਏ 50% ਤੋਂ ਵੱਧ ਵੋਟਾਂ ਨਾਲ ਜਿੱਤੇ ਹਨ। ਆਪ ਦੇ ਦਿਉਲੀ ਤੋਂ ਐਮ.ਐਲ.ਏ ਪ੍ਰਕਾਸ਼ ਜਰਵਾਲ ਨੇ 71% ਦੀ ਸਾਨਦਾਰ ਜਿੱਤ ਪ੍ਰਾਪਤ ਕੀਤੀ। ਆਪ ਦਾ ਘੱਟ ਤੋਂ ਘੱਟ ਵੋਟ ਪ੍ਰਾਪਤ ਕਰਨ ਵਾਲਾ ਮੈਂਬਰ ਕੈਲਾਸ਼ ਗਹਿਲੋਟ ਨਜਫਗੜ੍ਹ ਤੋਂ 35% ਵੋਟ ਲੈ ਗਿਆ। ਆਪ ਦੇ ਮਹਿੰਦਰ ਯਾਦਵ ਨੇ ਵਿਕਾਸ਼ਪੁਰ ਹਲਕੇ ਤੋਂ 77665 ਵੋਟ ਪ੍ਰਾਪਤ ਕਰਕੇ ਰਿਕਾਰਡ ਬਣਾਇਆ।

ਪਹਿਲੀ ਵਾਰ ਲੰਗੜ੍ਹਾ ਬਹੁਮਤ ਹੋਣ ਕਾਰਨ ਆਪ ਦੇ ਮੁੱਖ ਮੰਤਰੀ ਕੇਜਰੀਵਾਲ ਨੂੰ 49 ਦਿਨਾਂ ਬਾਅਦ ਹੀ ਅਸਤੀਫਾ ਦੇਣਾ ਪਿਆ ਸੀ। ਪਰ ਉਹ ਆਪਣੀ ਪੂਰੀ ਪਾਰਟੀ ਸਮੇਤ ਦਿੱਲੀ ਵਿੱਚ ਸਰਗਰਮ ਰਿਹਾ। ਸਾਰੇ ਹਲਕਿਆਂ ਵਿੱਚ ਪਾਰਟੀ ਦੇ ਮੈਂਬਰ ਵਿਹੜਾ/ ਨੁਕੜ ਮੀਟਿੰਗਾਂ ਕਰਦੇ ਰਹੇ। ਲੋਕਾਂ ਦੀਆਂ ਤੰਗੀਆਂ, ਤੁਰਸ਼ੀਆਂ ਤੋਂ ਜਾਣੂ ਹੁੰਦੇ ਰਹੇ। ਅਨਿਯਮਤ ਬਸਤੀਆਂ ਵਿੱਚ ਪੀਣ ਯੋਗ ਪਾਣੀ ਨਹੀਂ, ਬਿਜਲੀ ਨਹੀਂ, ਜੇ ਹੈ ਤਾਂ ਚੋਰੀ ਦੀ ਹੈ। ਗਲੀਆਂ ਨਾਲੀਆਂ ਦਾ ਨਾਮੋ ਨਿਸ਼ਾਨ ਨਹੀਂ। ਸੜਾਂਦ ਮਾਰਦਾ ਚੌਗਿਰਦਾ ਹੈ। ਟੀਨ ਦੀਆ ਛੱਤਾ ਵਾਲੀਆਂ ਖੋਲ੍ਹੀਆ ਹਨ। ਬਰਸਾਤਾਂ ਦਾ ਮੌਸਮ ਨਰਕ ਭਰਿਆ ਹੁੰਦਾ ਹੈ। ਛੱਤਾਂ ਚੋਦੀਆਂ ਹਨ। ਸਿਹਤ ਤੇ ਸਿੱਖਿਆ ਦੀ ਕੋਈ ਸਹੂਲਤ ਨਹੀਂ। ਪਖਾਨਿਆਂ ਵਿੱਚੋ ਪਾਣੀ ਵਗਦਾ ਹੈ। ਇਹ ਹੈ ਦਿੱਲੀ ਦੀ ਅਸਲੀ ਤਸਵੀਰ ਅਤੇ ਇਸ ਵਿੱਚ ਦਿੱਲੀ ਦੀ ਇੱਕ ਕਰੋੜ 30 ਲੱਖ ਵਸੋਂ ਨਰਕ ਭਰੀ ਜ਼ਿੰਦਗੀ ਜੀ ਰਹੀ ਹੈ। ਅੱਧ ਤੋਂ ਵੱਧ ਵਸੋਂ। ਇਹ ਨੇੜਲੇ ਸੂਬਿਆਂ ਤੋਂ ਆਏ ਗਰੀਬ ਲੋਕਾਂ ਹਨ। ਗਰੀਬਾਂ ਬਾਰੇ ਤੁਸੀਂ ਆਮ ਸੁਣਿਆ ਹੋਵੇਗਾ। ਭਾਰਤ ਵਿੱਚ ਹੀ ਨਹੀਂ ਪੱਛਮੀ ਸਰਮਾਏਦਾਰੀ ਮੁਲਕਾਂ, ਅਮਰੀਕਾ, ਕਨੇਡਾ ਵਿੱਚ ਵੀ। "ਗਰੀਬ ਤਾਂ ਗਰੀਬ ਹਨ ਕਿ ਇਹ ਆਲਸੀ ਹਨ- ਇਹ ਨਸ਼ਈ ਹਨ- ਇਕ ਕੰਮ ਕਰਨਾ ਨਹੀਂ ਚਾਹੁੰਦੇ"। ਸਮਾਜਿਕ ਬੇਇਨਸਾਫੀ ਦੀ ਇਹ ਇੰਤਾਹ ਹੈ। ਭਲਾ ਕੋਈ ਦੱਸੇ ਦਿੱਲੀ ਵਿੱਚ ਇੱਕ ਮਾੜਕੂ ਬੰਦਾ, ਹੱਡੀਆਂ ਦੀ ਮੁੱਠ ਰਿਕਸ਼ੇ ਵਾਲਾ ਜਿਹੜਾਂ ਮੋਟੀਆਂ ਭਾਰੀਆਂ ਸਵਾਰੀਆਂ ਢੋਂਹਦਾ ਹੈ। ਉਹ ਆਲਸੀ ਕਿਵੇਂ ਹੋਇਆ? ਆਟੋ ਵਾਲਾ, ਟੈਕਸੀ ਵਾਲਾ ਜਿਹੜਾ ਦਿਨ-ਰਾਤ ਮਿਹਨਤ ਕਰਦਾ ਹੈ-ਪੁਲਿਸ ਦੀ ਮਾਰ

ਵੀ ਖਾਂਦਾ ਹੈ ਅਤੇ ਮਹੀਨਾ ਵੀ ਤਾਰਦਾ ਹੈ। ਉਹ ਨਿਕਮਾ ਕਿਵੇਂ ਹੋਇਆ?

ਇਹਨਾਂ ਬਸਤੀਆਂ ਵਿੱਚ ਸਾਰੀ ਆਮ ਆਦਮੀ ਪਾਰਟੀ ਦਿਨ ਰਾਤ ਮਿਹਨਤ ਕਰਦੀ ਰਹੀ ਅਤੇ ਜਦੋਂ ਦਿੱਲੀ ਚੋਣਾਂ ਦਾ ਜਨਵਰੀ 2015 ਵਿੱਚ ਐਲਾਨ ਹੋਇਆ ਤਾਂ ਲੋਕਾਂ ਨੂੰ ਆਪ ਦਾ ਏਜੰਡਾ ਚੰਗੀ ਤਰ੍ਹਾਂ ਸਮਝ ਆ ਚੁਕਾ ਸੀ। ਭ੍ਰਿਸ਼ਟਾਚਾਰ, ਸੁਰੱਖਿਆ, ਖਾਸਕਰ ਔਰਤ ਸੁਰੱਖਿਆ, ਵਾਤਾਵਰਣ, ਬੇਰੁਜ਼ਗਾਰੀ, ਇਨਸਾਨੀਅਤ ਦੀ ਬੇਕਦਰੀ ਆਪ ਵੱਲੋਂ ਉਭਾਰੇ ਮੁੱਖ ਮੁੱਦੇ ਸਨ।ਆਪ ਦੇ ਵਰਕਰ ਲੋਕਾਂ ਵਾਸਤੇ ਮੁਫਤ ਕਾਨੂੰਨੀ ਸਹਾਇਤਾ, ਸਿੱਖ ਧਰਮ ਦੀ ਲੰਗਰ ਪ੍ਰਥਾ ਵਾਂਗ ਲੋਕਾਂ ਦੀ ਭੋਜਨ ਸੇਵਾ ਕਰਦੇ ਸਨ। ਉਹ ਸਕੂਲ ਨਾ ਜਾਣ ਵਾਲੇ ਬੱਚਿਆਂ ਵਾਸਤੇ ਮੁਫਤ ਸਿੱਖਿਆ ਵੀ ਪ੍ਰਦਾਨ ਕਰਦੇ ਸਨ। ਇਹਨਾਂ ਦੀ ਸੇਵਾ ਭਾਵਨਾ ਵਿੱਚੋਂ ਬਸਤੀ ਵਾਸੀਆਂ ਨੂੰ ਆਪਣੀ ਬੰਦ ਖਲਾਸੀ ਦਿਸਣ ਲੱਗ ਪਈ। ਇਸੇ ਕਰਕੇ ਉਹਨਾਂ ਨੇ ਭਾਜਪਾ ਅਤੇ ਹੋਰਨਾਂ ਵੱਲੋਂ ਪੈਸੇ ਦਾ ਲਾਲਚ ਅਤੇ ਦਾਰੂ ਸਿੱਕੇ ਨੂੰ ਠੁਕਰਾ ਕੇ ਆਪਣਿਆਂ ਨਾਲ ਨਾਤਾ ਜੋੜ ਲਿਆ।

**ਹਮਾਇਤ ਦੇ ਐਲਾਨ** :- ਹਵਾ ਦੇ ਰੁਖ ਨੂੰ ਭਾਂਪਦੇ ਹੋਏ ਸਭ ਤੋਂ ਪਹਿਲਾਂ ਖੱਬੀਆਂ ਪਾਰਟੀਆਂ ਨੇ ਬੜੀ ਦੇਰ ਬਆਦ ਇੱਕ ਵਧੀਆ ਜਨਤਕ ਫੈਸਲਾ ਲੈਂਦੇ ਹੋਏ ਆਪਣੀਆਂ 15 ਸੀਟਾਂ ਨੂੰ ਛੱਡ ਕਿ ਬਾਕੀ 55 ਸੀਟਾਂ ਤੋਂ ਆਪ ਦੀ ਹਮਾਇਤ ਦਾ ਐਲਾਨ ਕਰ ਦਿੱਤਾ। ਵੈਸੇ ਖੱਬੀਆਂ ਧਿਰਾਂ ਵੱਲੋਂ ਲੜੀਆ 15 ਸੀਟਾਂ ਤੇ ਵੀ ਵੱਧ-ਵੱਧ 949 ਅਤੇ ਘੱਟ ਤੋਂ ਘੱਟ 49 ਵੋਟਾਂ ਨਾਲ ਹੀ ਸਬਰ ਕਰਨਾ ਪਿਆ। ਇਸ ਤੋਂ ਬਾਅਦ ਤਾ ਆਪ ਨੂੰ ਜਿਵੇਂ ਬਾਹਰੀ ਹਮਾਇਤ ਦਾ ਹੜ੍ਹ ਆ ਗਿਆ। ਮਮਤਾ ਬੈਨਰਜੀ ਨੇ ਬੰਗਾਲ ਤੋਂ ਅਤੇ ਜੇ.ਡੀ.ਯੂ. ਨੇ ਬਿਹਾਰ ਤੋਂ ਐਲਾਨ ਕਰ ਦਿੱਤੇ ਹੋਰ ਵੀ ਕਈ ਧਰਮ ਨਿਰਪੱਖ ਲੋਕਤੰਤਰੀ ਤਾਕਤਾਂ ਨੇ ਆਪਣੀ ਹਮਾਇਤ ਆਪ ਨੂੰ ਦੇ ਦਿੱਤੀ। ਦਿੱਲੀ ਦੀ ਹੋਈ 2015 ਦੀ ਚੋਣ ਕਿਉਂਕਿ ਸਿਰਫ ਭਾਰਤ ਦੀ ਹੀ ਨਹੀਂ ਸਗੋਂ ਦੁਨੀਆ ਇਕ ਵੱਡੀ ਰਾਜਨੀਤੀਕ ਘਟਨਾ ਸਾਬਤ ਹੋਈ ਹੈ। ਇਸ ਕਰਕੇ ਇਸ ਨੇ ਪੂਰੇ ਮੀਡੀਏ ਦਾ ਧਿਆਨ ਖਿਚਿਆ ਹੈ।ਭਾਰਤ ਦਾ ਪ੍ਰਿੰਟ/ਇਲੈਕਟ੍ਰਾਨਿਕ ਅਤੇ ਸ਼ੋਸਲ ਮੀਡੀਆ ਇਸ ਘਟਨਾ ਨਾਲ ਜਾਗ ਉਠਿਆ। ਕੋਈ ਚੈਨਲ, ਅਖਬਾਰ ਆਦਿ ਨਹੀਂ ਬਚਿਆ ਜਿਸ ਨੇ ਸੰਪਾਦਕੀ/ਵਸ਼ਲੇਸ਼ਣ ਨਾ ਲਿਖਿਆ/ਨਸਰ ਕੀਤਾ ਹੋਵੇ। ਨਿਊਜ਼ 24, ਐਨ.ਡੀ. ਟੀਵੀ ਦਾ ਰਾਵੀਸ਼ ਕੁਮਾਰ ਟੀਵੀ ਉਪਰ ਅਤੇ ਕੁਲਦੀਪ ਨਈਅਰ, ਰਾਜਿੰਦਰ ਸੱਚਰ, ਇੰਦਰ ਮਲਹੋਤਰਾ, ਹਰੀ ਜੈਇੰਦਰ ਸਿੰਘ, ਇਰਾ ਪਾਂਡੇ, ਗੁਰਬਚਨ ਭੁੱਲਰ ਹਿੰਦੋਸਤਾਨ ਦੇ ਅਤੇ ਸਰਹੱਦ ਪਾਰੋਂ ਉਮੈਰ ਜੁਵੈਦ ਆਦਿ ਨੇ ਦਿੱਲੀ ਦੀ ਇਸ ਘਟਨਾ ਬਾਰੇ ਖੂਬ ਲਿਖਿਆ ਹੈ। ਮੇਰੇ ਸਾਹਮਣੇ 24-02-2015 ਦਾ ਅੰਗ੍ਰੇਜ਼ੀ ਟ੍ਰਿਬਿਊਨ ਹੈ। ਜਿਸ ਵਿੱਚ ਪਾਠਕਾਂ ਦੇ ਖੱਤ ਮਿਲੇ। ਕਾਲਮ ਵਿੱਚ 12 ਚਿੱਠੀਆਂ ਦਿੱਲੀ ਚੋਣਾਂ ਦੀਆਂ ਹੀ ਹਨ। ਸਰਹੱਦ ਪਾਰੋਂ ਉਮੈਰ ਜੁਵੈਦ ਪੰਜਾਬ ਯੂਨੀਵਰਸਟੀ ਲਹੌਰ ਵਿੱਚ ਰਾਜਨੀਤੀ ਸ਼ਾਸ਼ਤਰ ਦਾ ਪ੍ਰੋਫੈਸਰ ਹੈ। ਉਸ ਨੇ ਪ੍ਰਸਿੱਧ ਅੰਗ੍ਰੇਜ਼ੀ ਅਖਬਾਰ "ਡਾਨ" ਵਿੱਚ ਲਿਖਿਆ ਹੈ, "ਪਹਿਲਾਂ 49 ਦਿਨਾਂ ਬਾਅਦ ਅਸਤੀਫਾ ਦੇਣਾ ਲੋਕਾਂ ਨੂੰ ਆਤਮਘਾਤੀ ਲੱਗਦਾ ਸੀ-ਅਸਤੀਫਾ ਵੀ ਸਿਰਫ ਇੱਕ ਕਾਨੂੰਨ-ਰਿਸ਼ਵਤਖੋਰੀ ਖਿਲਾਫ-ਹਮਾਇਤ ਨਾ ਮਿਲਣ ਦੇ ਮੁਦੇ ਤੇ -ਪਰ ਕੁਝ ਸਮੇਂ ਵਿੱਚ ਹੀ ਆਮ ਆਦਮੀ ਪਾਰਟੀ ਦੇ ਵਰਕਰ ਲੋਕਾਂ ਨਾਲ ਅਜਿਹੇ ਜੁੜੇ ਕਿ ਦੁਨੀਆਂ ਨੂੰ ਹਿਲਾ ਦਿੱਤਾ। ਆਪ ਵਰਕਰ ਲੋਕਾਂ ਦੀ ਬਿਜਲੀ ਦੇ ਲੱਕ ਤੋੜ ਬਿਲਾਂ ਖਿਲਾਫ ਕਾਨੂੰਨੀ ਸਹਾਇਤਾ ਕਰਦੇ ਸਨ। ਪੁਲਿਸ ਦੀਆਂ ਲੋਕਾਂ ਉਪਰ ਵਧੀਕੀਆਂ ਖਿਲਾਫ ਡੱਟਦੇ ਸਨ। ਪਾਣੀ ਮਾਫੀਏ ਅਤੇ ਮਹੀਨਾ/ਹਫਤਾ ਉਗਰਾਈਆਂ ਵਿਰੁੱਧ ਲੜਦੇ ਸਨ। ਸਭ ਤੋਂ ਵੱਡੀ ਗੱਲ ਕਿ 49 ਦਿਨਾਂ ਬਾਅਦ ਦਿੱਤੇ ਅਸਤੀਫੇ ਬਾਰੇ ਸਮੁੱਚੇ ਵਰਕਰਾਂ ਨੇ ਲੋਕ ਕਚਹਿਰੀਆਂ ਵਿੱਚ ਮੁਆਫੀ ਮੰਗੀ ਇਸੇ ਕਰਕੇ ਸਮੁੱਚੇ ਬਸਤੀ ਵੋਟਰਾਂ ਨੇ ਉਹਨਾਂ ਨੂੰ ਮੁਆਫ ਕਰ ਦਿੱਤਾ ਅਤੇ ਜਿੱਤਾ ਦਿੱਤਾ"।

ਇੱਕ ਦਿਨ ਮੈਂ ਇੱਕ ਚੈਨਲ ਦੇਖ ਰਿਹਾ ਸੀ ਇਕ ਐਂਕਰ ਨੇ ਇੱਕ ਗਰੀਬ ਮਜਦੂਰ ਨੂੰ ਰੋਕ ਕਿ ਪੁਛ ਲਿਆ ਭਾਈ ਇਸ ਬਾਰ ਵੋਟ ਪਾਓਗੇ ਤਾਂ ਕਿਸ ਨੂੰ ਪਾਓਗੇ। ਉਸ ਦਾ ਉੱਤਰ ਚੌਂਕਾ ਦੇਣ ਵਾਲਾ ਸੀ। ਕੇਜਰੀਵਾਲ ਨੂੰ ਪਾਵਾਂਗੇ। ਐਂਕਰ ਨੇ ਫਿਰ ਹੈਰਾਨ ਹੋ ਕਿ ਪੁਛਿਆ ਭਾਈ ਉਹ ਤਾ ਪਹਿਲਾਂ ਅਸਤੀਫਾ ਦੇ ਕਿ ਭੱਜ ਗਿਆ ਸੀ। ਮਜਦੂਰ ਨੇ ਹਿੱਕ ਠੋਕ ਕੇ ਫਿਰ ਆਖਿਆ ਭੱਜਿਆ ਨਹੀਂ ਭਜਾਇਆ ਗਿਆ ਸੀ। ਰਿਸ਼ਵਤ ਖਿਲਾਫ ਨਾ ਭਾਜਪਾ ਨੇ, ਨਾ ਕਾਂਗਰਸ ਨੇ ਉਸ ਦੀ ਹਮਾਇਤ ਕੀਤੀ। ਇਸੇ ਕਰਕੇ ਉਸ ਨੂੰ ਅਸਤੀਫਾ ਦੇਣਾ ਪਿਆ। ਇਹ ਸੀ ਦਿੱਲੀ ਦੇ ਇੱਕ ਗਰੀਬ ਵੋਟਰ ਦੀ ਬੇਬਾਕੀ ਅਤੇ ਦਲੇਰੀ। ਜਿਸ ਨੇ ਆਪਣੀ ਵੋਟ ਪਸੰਦ ਵੋਟਾਂ ਤੋਂ 20 ਕੁ ਦਿਨ ਪਹਿਲਾ ਜਾਹਰ ਕਰ ਦਿੱਤੀ ਸੀ।

**ਚੋਣਾਂ ਦੇ ਕੁਝ ਸਬਕ**:- ਦਿੱਲੀ ਦੀਆ ਚੋਣਾਂ ਦੇ ਅਮਲ ਵਿੱਚੋਂ ਮੀਡੀਏ ਦੇ ਲੋਕਾਂ ਨੇ ਕੁਝ ਨਤੀਜੇ ਭਾਂਪਣ ਦਾ ਯਤਨ ਕੀਤਾ ਹੈ। ਜਿਹਨਾਂ ਨੂੰ ਅਸੀਂ ਹੇਠ ਲਿਖੇ ਅਨੁਸਾਰ ਆਂਕ ਸਕਦੇ ਹਾਂ:-

ਇਹਨਾਂ ਚੋਣਾਂ ਵਿੱਚ ਕਿਸੇ ਵਿਦੇਸ਼ੀ ਤਾਕਤ ਦਾ ਕਿਧਰੇ ਵੀ ਹੱਥ ਨਜ਼ਰ ਨਹੀਂ ਆਇਆ।

ਭਾਰਤ ਦਾ ਸੰਵਿਧਾਨ ਦੇਸ਼ ਨੂੰ ਬਹੁ ਧਰਮ, ਬਹੁ ਨਸਲ ਅਤੇ ਬਹੁ ਭਸ਼ਾਈ ਮੰਨਦਾ ਹੈ। ਸੰਵਿਧਾਨ ਦਾ ਇਹ ਮੂਲ ਹੈ। ਭਾਜਪਾ ਨੇ ਜਿਹੜੀ ਛੇੜ-ਛਾੜ ਇਸ ਸਿਧਾਂਤ ਨਾਲ ਕਰਨ ਦੀ ਕੋਸ਼ਿਸ਼ ਕੀਤੀ ਉਹ ਦਿੱਲੀ ਵਾਸੀਆ ਨੇ ਰੱਦ ਕਰ ਦਿੱਤੀ।

ਭਾਰਤ ਇੱਕ ਸੰਘ ਰਾਜ ਹੈ। ਕੇਂਦਰ ਹੈ। ਮਜਬੂਤ ਹੈ। ਪਰ ਰਾਜ ਵੀ ਹਨ ਉਹ ਵੀ ਮਜਬੂਤ ਹੋਣ ਤਾਂ ਹੀ ਕੇਂਦਰ ਮਜਬੂਤ ਹੋ ਸਕਦਾ ਹੈ। ਰਾਜ ਪ੍ਰਥਾ ਰਾਜਨੀਤਕ ਪਾਰਟੀਆਂ ਉਪਰ ਨਿਰਭਰ ਹੈ। ਸੰਵਿਧਾਨ ਦੀ ਮੂਲ ਧਾਰਣਾ ਹੈ ਕਿ ਰਾਜਨੀਤਿਕ ਪਾਰਟੀਆ ਵੀ ਸੰਘਵਾਦ ਦੀਆਂ ਧਾਰਨੀ ਹੋਣ। ਜਿਵੇਂ ਮੋਦੀ ਨੇ ਇਕਾਧਿਕਾਰਵਾਦ ਵੱਲ ਤੇਜ਼ੀ ਨਾਲ ਮੋੜਾ ਕੱਟਿਆ ਉਹ ਦਿੱਲੀ ਦੇ ਵੋਟਰਾਂ ਨੇ ਰੱਦ ਕਰ ਦਿੱਤਾ।

ਆਮ ਲੋਕ ਰਾਜਨੀਤਿਕ ਪਾਰਟੀਆਂ ਦੀਆਂ ਕੁਚਾਲਾਂ ਅਤੇ ਘਟੀਆ ਹੱਥ ਕੱਢਿਆਂ ਨੂੰ ਪਛਾਣ ਲੈਂਦੇ ਹਨ। ਇਸੇ ਕਰਕੇ ਜਦੋਂ ਦਿਲੀ ਦੇ ਸ਼ਾਹੀ ਇਮਾਮ ਨੇ ਆਪ ਪਾਰਟੀ ਨੂੰ ਬਿਨ੍ਹਾ ਮੰਗੀ ਹਮਾਇਤ ਦਾ ਐਲਾਨ ਕੀਤਾ ਤਾਂ ਆਪ ਨੂੰ ਲੱਗਿਆ ਕਿ ਫਿਰਕੂ ਸੱਜਾ ਸੈਕਟਰ ਉਸ ਦੇ ਧਰਮ ਨਿਰਪੱਖ ਅਕਸ ਨੂੰ ਗੰਧਲਾ ਕਰਨ ਦੀ ਕੁਚਾਲ ਚੱਲ ਰਿਹਾ ਹੈ। ਇਸੇ ਕਰਕੇ ਆਪ ਨੇ ਤੁਰੰਤ ਉਸ ਨੂੰ ਰੱਦ ਕਰਕੇ ਆਪਣੀ ਧਰਮ ਨਿਰਪੱਖ ਸੋਚ ਦਾ ਸਬੂਤ ਦਿੱਤਾ ਹੈ।

ਦੂਜੀ ਮਿਸਾਲ ਹੈ ਕਿ ਭਾਜਪਾ ਨੇ ਆਪ ਤੇ ਦੋਸ ਲਾਇਆ ਕਿ ਇਸ ਨੇ ਦੋ ਕਰੋੜ ਚੋਣ ਫੰਡ ਕਾਲੇ ਧੰਨ ਵਾਲਿਆਂ ਤੋਂ ਲਿਆ ਹੈ। ਪਰ ਆਪ ਵੱਲੋਂ ਪਹਿਲਾਂ ਹੀ ਚੰਦੇ ਦੇ ਸਾਰੇ ਵੇਰਵੇ ਨੈਟ ਤੇ ਪਾਏ ਹੋਣ ਕਰਕੇ ਇਹ ਚਾਲ ਵੀ ਪੁਠੀ ਪਈ। ਸਗੋਂ ਮੋਦੀ ਸਰਕਾਰ ਨੂੰ ਚੋਣਾਂ ਤੋਂ ਬਾਅਦ ਦੇਸ਼ ਦੀ ਸਰਵ ਉੱਚ ਅਦਾਲਤ ਵਿੱਚ ਹਲਫਨਾਮਾ ਦਾਇਰ ਕਰਨਾ ਪਿਆ ਕੇ ਚੰਦੇ ਦੇ ਮਾਮਲੇ ਵਿੱਚ ਆਪ ਨੇ ਕੁਝ ਵੀ ਗਲਤ ਨਹੀਂ ਕੀਤਾ।

ਉਪਰੋਕਤ ਤੱਥਾਂ ਦੀ ਰੋਸ਼ਨੀ ਵਿੱਚ ਅਸੀਂ ਆਖ ਸਕਦੇ ਹਾਂ ਕਿ ਭਾਰਤ ਦੀ ਜਨਤਾ ਲੋਕਤੰਤਰਿਕ ਰਾਜਨੀਤੀਕ ਵਿਵਸਥਾ ਸਬੰਧੀ ਫੈਸਲੇ ਕਰਨ ਵਿੱਚ ਪ੍ਰੋੜ ਹੋ ਚੁੱਕੀ ਹੈ ਹੁਣ ਇਹ ਜਾਤ ਪਾਤ ਦੇ ਵਖੇੜੇ, ਧਾਰਮਕ ਵੈਰ ਅਤੇ ਇਲਾਕਾਵਾਦ ਵਿੱਚ ਵਿਸ਼ਵਾਸ਼ ਨਹੀਂ ਕਰ ਸਕਦੀ। ਜਿਹੜੀ ਵੀ ਪਾਰਟੀ ਫੋਕੇ ਨਾਹਰੇ ਅਤੇ ਭੁਲਾਵਿਆਂ ਨਾਲ ਜਨਤਾ ਨੂੰ ਫੁਸਲੌਣ ਦਾ ਯਤਨ ਕਰਦੀ ਹੈ ਉਸ ਨੂੰ ਹਾਰ ਨਸੀਬ ਹੁੰਦੀ ਹੈ। ਦੇਸ਼ ਵਾਸੀਆ ਨੇ ਅਜੇ ਤੱਕ 1947 ਦੀ ਵੰਡ ਦਾ ਸੰਤਾਪ ਭੁਲਾਇਆ ਨਹੀਂ। ਉਤਰੀ ਭਾਰਤ ਦੇ ਲੋਕ ਤਾਂ ਇਸ ਵੰਡ ਤੋਂ ਤੀਜੀਆਂ ਪੀਹੜੀਆਂ ਤੱਕ ਅਸਰਅੰਦਾਜ਼ ਹਨ। ਇਸ ਕਰਕੇ ਕੋਈ ਅਜਿਹੀ ਪਾਰਟੀ ਜਿਹੜੀ ਸੰਵਿਧਾਨ ਦੀ ਮੂਲ ਭਾਵਨਾ ਨਾ ਖਿਲਵਾੜ ਕਰਨਾ ਚਾਹੁੰਦੀ ਹੈ ਉਹ ਲੋਕਾਂ ਨੂੰ ਸਵੀਕਾਰ ਨਹੀਂ। ਏਕਾਧਿਕਾਰਵਾਦ ਅਤੇ ਹੰਕਾਰੀ ਰਵਈਆ ਵੀ ਲੋਕਾਂ ਨੂੰ ਨਹੀਂ ਭੌਂਦਾ। 2015 ਦੀ ਦਿੱਲੀ ਚੋਣ ਤੋਂ ਪਹਿਲਾਂ ਵੀ ਲੋਕਾ ਨੇ 1977 ਵਿੱਚ ਇੰਦਰਾ ਗਾਂਧੀ ਵੱਲੋਂ ਕੀਤੀ ਸੰਵਿਧਾਨਕ ਅਦੂਲੀ ਦਾ ਕਰਾਰਾ ਜਵਾਬ ਦਿੱਤਾ ਸੀ।

**ਅੰਤਿਕਾ**: - ਫਿਰ ਵੀ ਬੜਾ ਵੱਡਾ ਸਵਾਲ ਲੋਕਾਂ ਦੇ ਮਨਾਂ ਵਿੱਚ ਹੈ। ਕੀ ਆਪ ਲੋਕਾਂ ਦੀਆਂ ਉਮੀਦਾਂ ਤੇ ਪੂਰਾ ਉਤਰੇਗੀ? ਕੀ ਇਹ ਵੀ ਪਹਿਲਿਆਂ ਵਾਂਗੂ ਚਲਦੇ ਰਾਜਤੰਤਰ ਦੇ ਪੁਰਜੇ ਬਣ ਜਾਣਗੇ? ਇਹਨਾਂ ਸਵਾਲਾ ਦੇ ਜਵਾਬ ਤਾਂ ਭਵਿੱਖ ਦੇ ਗਰਭ ਵਿੱਚ ਹੀ ਹਨ। ਪਰ ਇੱਕ ਗੱਲ ਜਰੂਰ ਹੈ ਕਿ ਇਹ ਰਾਜਤੰਤਰ ਜਿਸ ਨੂੰ ਹਰਾ ਨਹੀਂ ਸਕਦਾ ਉਸ ਨੂੰ ਆਪਣੇ ਵਰਗਾ ਬਣਾਉਣਾ ਸ਼ੁਰੂ ਕਰ ਦਿੰਦਾ ਹੈ। ਬੱਲੇ-ਬੱਲੇ ਹੁੰਦੀ ਹੈ। ਕਲੱਬਾਂ ਕਮੇਟੀਆਂ ਦੀ ਮੈਂਬਰਸ਼ਿਪ ਦਿੱਤੀ ਜਾਂਦੀ ਹੈ। ਇਹ ਵਰਤਾਰਾ ਪੂੰਜੀਵਾਦੀ ਰਾਜਤੰਤਰ ਦਾ ਹੁੰਦਾ ਹੈ।

ਇਹਨਾਂ ਚੋਣਾਂ ਦੇ ਨਤੀਜਿਆਂ ਦਾ ਇੱਕ ਹੋਰ ਬੜਾ ਹੀ ਅਹਿਮ ਪੱਖ ਹੈ ਜਿਸ ਵੱਲ ਆਮ ਮੀਡੀਏ ਨੇ ਧਿਆਨ ਨਹੀਂ ਦਿੱਤਾ ਕਿ ਇਸ ਤਰ੍ਹਾਂ ਦੇ ਰਾਜਤੰਤਰ ਵਿੱਚ ਐਨ.ਜੀ.ਓ. ਜਾਂ ਸੱਭਿਆਚਾਰਕ ਸਮਾਜਿਕ ਜੱਥੇਬੰਦੀਆਂ (ਐਸ.ਸੀ.ਓ.)। ਰਾਜਨੀਤਿਕ ਪਾਰਟੀਆਂ ਦਾ ਬਦਲ ਨਹੀਂ ਬਣ ਸਕਦੀਆਂ। ਕੇਜਰੀਵਾਲ, ਮਨੀਸ਼ ਸ਼ਿਸ਼ੋਦੀਆ, ਜੋਗਿੰਦਰ ਯਾਦਵ ਅਤੇ ਕਿਰਨ ਬੇਦੀ, ਮੇਦਾ ਪਾਟੇਕਰ ਆਦਿ ਅੰਨਾ ਹਜ਼ਾਰੇ ਦੀ "ਇੰਡੀਆ ਅਗੇਨਸਟ ਕੁਰਪਸ਼ਨ" ਦੇ ਆਗੂ ਸਨ। ਕੇਜਰੀਵਾਲ, ਮਨੀਸ਼ ਸ਼ਿਸੋਦੀਆ ਅਤੇ ਜੋਗਿੰਦਰ ਯਾਦਵ ਆਗੂਆ ਨੇ ਅੰਨਾ ਹਜ਼ਾਰੇ ਨਾਲ ਕੰਮ ਕਰਦਿਆ ਤੱਥ ਕੱਢ ਲਿਆ ਕਿ ਇਸ ਤੰਤਰ ਵਿੱਚ ਰਾਜਨੀਤੀਕ ਪਾਰਟੀ ਤੋਂ ਬਿਨ੍ਹਾਂ ਕੁਝ ਸਵਾਰਿਆ ਨਹੀਂ ਜਾ ਸਕਦਾ ਅਤੇ ਉਹਨਾਂ ਨੇ ਫੈਸਲਾ ਕੀਤਾ। ਆਪ ਪਾਰਟੀ ਬਣਾਈ। ਪਾਠਕਾ ਨੂੰ ਯਾਦ ਹੋਵੇਗਾ ਕਿ ਅੰਨਾ ਹਜ਼ਾਰੇ, ਕਿਰਨ ਬੇਦੀ, ਮੇਦਾ ਪਾਟੇਕਰ ਨੇ ਉਦੋਂ ਇਹਨਾਂ ਦਾ ਪੂਰਾ ਵਿਰੋਧ ਕੀਤਾ ਸੀ। ਉਹੀ ਕਿਰਨ ਬੇਦੀ ਭਾਜਪਾ ਵਿੱਚ ਜਾ ਵੜੀ। ਹਕੀਕਤ ਹੈ ਕਿ ਗੈਰ ਸਰਕਾਰੀ ਸੰਸਥਾਵਾਂ ਜਾ ਸੱਭਿਆਚਾਰਕ ਸਮਾਜਿਕ ਸੰਸਥਾਵਾਂ ਜਿਨੀਆਂ ਮਰਜੀ ਤਕੜੀਆਂ ਹੋਣ ਉਹ ਰਾਜਨੀਤੀਕ ਪਾਰਟੀ ਦਾ ਬਦਲ ਨਹੀਂ। ਇਹ ਵੀ ਇੱਕ ਸਬਕ ਹੈ ਜਿਹੜਾ ਖੱਬੇ ਕੁਰਾਹੇ ਵਾਲੇ ਧੜਿਆ ਨੂੰ ਜ਼ਰੂਰ ਸੋਚਣਾ ਚਾਹੀਦਾ ਹੈ। ਕੁਝ ਸਮਾਂ ਪਹਿਲਾ ਯੂਰਪ ਵਿੱਚ ਗਰੀਸ ਪਹਿਲਾ ਮੁਲਕ ਬਣ ਗਿਆ ਜਿਸ ਵਿੱਚ ਚੋਣਾਂ ਰਾਹੀ ਕੋਮਨਿਸ਼ਟ ਪਾਰਟੀ ਜੇਤੂ ਰਹੀ। ਸ਼ਾਲਾ ਦਿੱਲੀ ਦੀ ਆਮ ਆਦਮੀ ਪਾਰਟੀ ਵੀ ਗਰੀਸ ਦੀ ਮਿਸਾਲ ਕਾਇਮ ਕਰੇ।

– ਆਮੀਨ

# ਕਾਮਰੇਡ ਗੁਰਦੇਵ ਲਾਲੀ ਦੀ ਅਚਾਨਕ ਮੌਤ ਅਤੇ ਸਾਡੇ ਚੇਤਿਆਂ 'ਚ ਸਾਡਾ ਸਾਥੀ

ਪਿਆਰੇ ਸਾਥੀ ਗੁਰਦੇਵ ਲਾਲੀ ਦੇ ਨੇੜਲੇ ਸਾਥੀਆਂ ਨੂੰ ਇਹ ਪੂਰੀ ਤਰ੍ਹਾਂ ਯਾਦ ਹੈ ਕਿ ਕਦੇ ਗੁਰਦੇਵ ਲਾਲੀ ਦੀ ਜੀਵਨ ਸਾਥਣ, ਭੈਣ ਅਮਰਜੀਤ ਕੌਰ ਦੀ ਵੀ, ਕੋਈ 18-19 ਸਾਲ ਪਹਿਲਾਂ, ਲਾਲੀ ਦੀ ਮੌਤ ਵਾਂਗ, ਦਿਲ ਦੇ ਦੌਰੇ ਪੈਣ ਕਾਰਨ ਅਚਾਨਕ ਮੌਤ ਹੋ ਗਈ ਸੀ। ਲਾਲੀ ਜੀ ਨੂੰ ਜਾਤੀ ਤੌਰ 'ਤੇ ਜਾਣਦੇ ਸਾਥੀਆਂ ਨੂੰ ਇਹ ਵੀ ਚੰਗੀ ਤਰ੍ਹਾਂ ਪਤਾ ਹੈ ਕਿ ਕਿਵੇਂ ਗੁਰਦੇਵ ਲਾਲੀ ਨੇ, ਆਪਣੀ ਜੀਵਨ ਸਾਥਣ ਦੀਆਂ ਜ਼ੁੰਮੇਵਾਰੀ ਵੀ ਨਿਭਾਉਂਦਿਆਂ ਹੋਇਆਂ ਆਪਣੇ ਪੁਤਰ ਸੰਦੀਪ ਨੂੰ ਟੋਰਾਂਟੋ ਯੂਨੀਵਰਸਿਟੀ ਤੋਂ ਅਤੇ ਬੇਟੀ ਮਨਦੀਪ ਨੂੰ ਵਾਟਰਲੂ ਯੂਨੀਵਰਸਿਟੀ ਤੋਂ ਵਿਦਿਅਕ ਡਿਗਰੀਆਂ ਕਰਵਾਈਆਂ। ਲਾਲੀ ਦੇ ਪਰਿਵਾਰ ਵਿਚ ਉਸ ਦੀ ਇਕ ਨੂੰਹ ਅਤੇ ਇਕ ਪੋਤਰੀ ਵੀ ਹੈ। ਗੁਰਦੇਵ ਲਾਲੀ ਦੇ ਤਿੰਨ ਭਰਾ ਅਤੇ ਇਕ ਭੈਣ ਜੀ ਹਨ ਅਤੇ ਵੱਡੇ ਭਰਾ ਹੋਣ ਦੇ ਨਾਤੇ ਉਸ ਨੇ ਸਭ ਨੂੰ ਕਨੇਡਾ ਮੰਗਵਾਉਣ ਵਿਚ ਆਪਣਾ ਯੋਗਦਾਨ ਪਾਇਆ। ਉਸ ਦਾ ਇਕ ਚਾਚਾ ਵੀ ਕੇਨੇਡਾ ਵਿਚ ਹੈ।



ਗੁਰਦੇਵ ਲਾਲੀ ਇਕ ਬਹੁਤ ਹੀ ਸਖਤ ਮਿਹਨਤੀ ਮਨੁੱਖ ਸੀ। ਉਸ ਨੇ ਜਿਥੇ ਆਪਣੀ ਪ੍ਰਵਾਰਕ ਜ਼ੁੰਮੇਵਾਰੀ ਬਾਖੂਬੀ ਨਾਲ ਨਿਭਾਈ, ਉਥੇ ਉਸ ਨੇ ਆਪਣੇ ਸਮਾਜੀ ਫਰਜ਼ ਨੂੰ ਵੀ ਨਿਭਾਉਣ ਵਿਚ ਕੋਈ ਕਸਰ ਬਾਕੀ ਨਾ ਰਹਿਣ ਦਿੱਤੀ। ਪੰਜਾਬ ਦੇ ਸਤਵੇਂ ਦਹਾਕੇ ਦੀ ਨਕਸਲਬਾੜੀ ਲਹਿਰ ਦੇ ਉਸ ਦੇ ਸਾਥੀ ਦੱਸਦੇ ਹਨ, ਕਿ ਲਾਲੀ ਆਪਣੀ ਭਰ ਜਵਾਨੀ ਵੇਲੇ, ਆਪਣੇ ਜ਼ਿਲ੍ਹੇ ਦੀ ਕਮੇਟੀ ਦਾ ਮੈਂਬਰ ਸੀ। ਨਕਸਲਬਾੜੀ ਲਹਿਰ ਦਾ ਇਹ ਉਹ ਸਮਾਂ ਸੀ ਜਦੋਂ ਸਰਕਾਰ ਨੂੰ ਆਪਣਾ ਲੁਟ ਖਸੁਟ ਕਰਨ ਵਾਲਾ ਤਖਤ ਹਿਲਦਾ ਨਜ਼ਰ ਆ ਰਿਹਾ ਸੀ ਅਤੇ ਸਰਕਾਰ ਬਹਿਫਲ ਹੋ ਕੇ ਲਾਲੀ ਅਤੇ ਉਸ ਵਰਗੇ ਨੇਕ ਸੂਰਮੇ ਸਾਥੀਆਂ ਉਪਰ ਬੇਕਿਰਕ ਤਸ਼ੱਦਦ ਕਰਦੀ ਸੀ। ਲਾਲੀ ਨੇ ਆਪਣੀ ਜਵਾਨੀ ਵੇਲੇ ਹੀ ਇਸ ਦੁਨੀਆਂ ਦੇ ਜਮਾਤੀ ਸਮਾਜ ਦੀ ਸਮਝ ਦੀ ਪੜ੍ਹਾਈ ਕਰ ਲਈ ਸੀ ਅਤੇ ਉਸ ਦੀ ਇਹ ਜਮਾਤੀ ਸਮਝ ਨੇ ਉਸ ਨੂੰ ਸਦਾ ਹੀ ਮਿਹਨਤੀ ਜਮਾਤ ਨਾਲ ਜੋੜੀ ਰੱਖਿਆ। ਪੰਜਾਬ ਦੀ ਪੁਲਿਸ ਦਾ ਲਾਲੀ ਉਪਰ ਕੀਤਾ ਤਸ਼ੱਦਦ ਉਸ ਨੂੰ ਉਸ ਦੇ ਚੁਣੇ ਹੋਏ ਲੋਕ ਹਿੱਤੂ ਰਾਹ ਤੋਂ ਕਦੀ ਵੀ ਪਾਸੇ ਨਾ ਲਿਜਾ ਸਕਿਆ। ਇਹੋ ਕਾਰਣ ਸਨ ਕਿ ਕਨੇਡਾ ਵਿਚ ਲਾਲੀ ਦੇ ਸਮਾਜੀ ਜਮਾਤੀ ਕਾਰਜ ਦੇ ਕਈ ਰੂਪ ਅਤੇ ਰੰਗ ਸਨ।

ਬਰੈਂਪਟਨ, ਟੋਰਾਂਟੋ, ਕੈਨੇਡਾ ਦਾ ਇਕ ਇਲਾਕਾ ਹੈ ਜਿਥੇ ਸਾਥੀ ਗੁਰਦੇਵ ਲਾਲੀ ਰਹਿੰਦਾ ਸੀ। ਦਸ ਬਾਰਾਂ ਸਾਲ ਪਹਿਲਾਂ ਇਕ ਸਮਾਂ ਸੀ, ਜਦੋਂ ਬਰੈਂਪਟਨ ਦੀ ਭੂਤਰੀ ਪੁਲਿਸ ਇਥੇ ਰਹਿੰਦੇ ਇਮੀਗਰੈਂਟ ਲੋਕਾਂ ਨੂੰ ਕਿਸੇ ਮਾਮੂਲੀ ਗਲਤੀ ਕਰਨ 'ਤੇ ਛਲੀਆਂ ਵਾਂਗ ਕੁਟ ਦਿਆ ਕਰਦੀ ਸੀ। ਲੋਕਾਂ ਵਿਚ ਪੁਲਿਸ ਦਾ ਬਹੁਤ ਸਹਿਮ ਸੀ। ਕਈ ਨੌਜਵਾਨ ਪੁਲਿਸ ਦੇ ਤਸ਼ੱਦਦ ਦਾ ਸ਼ਿਕਾਰ ਹੋ ਗਏ ਸਨ। ਲੋਕ ਬਹੁਤ ਤੰਗ ਸਨ। ਬਰੈਂਪਟਨ ਦੇ ਲੋਕਾਂ ਨੇ ਆਪਸ ਵਿਚ ਇਸ ਪੁਲਿਸ ਮਾਰ ਦੀ ਗਲ ਤੋਰੀ। ਲੋਕਾਂ ਨੇ ਪੁਲਿਸ ਵਿਰੁੱਧ ਇਕ ਕਮੇਟੀ ਬਣਾਈ। ਲਾਲੀ ਇਸ ਕਮੇਟੀ ਦਾ ਮੈਂਬਰ ਸੀ। ਲਾਲੀ ਅਤੇ ਇਸ ਕਮੇਟੀ ਦੇ ਮੈਂਬਰਾਂ ਨੇ ਪੁਲਿਸ ਵਿਰੁੱਧ ਪੁਲਿਸ ਦੇ ਠਾਣੇ ਮੂਹਰੇ ਮੁਜ਼ਾਹਰਾ ਕਰਨ ਦਾ ਫੈਸਲਾ ਕੀਤਾ। ਸਰਕਾਰੀ ਟਾਉਟ ਇਸ ਮੁਜ਼ਾਹਰੇ ਨੂੰ ਰੋਕਣ ਲਈ ਪੱਬਾਂ ਭਾਰ ਹੋਏ ਪਏ ਸੀ। ਇਥੋਂ ਦੇ ਲੋਕ ਜਾਣਦੇ ਹਨ ਕਿ ਉਨ੍ਹਾਂ ਨੇ ਠਾਣੇ ਮੂਹਰੇ ਮੁਜ਼ਾਹਰਾ ਕਰਕੇ, ਇਥੋਂ ਦੀ ਪੁਲਿਸ ਨੂੰ ਲੋਕਾਂ ਦੀ ਖਾੜਕੂ ਤਾਕਤ ਦਾ ਸੁਨੇਹਾ ਪਹੁੰਚਾ ਦਿੱਤਾ ਸੀ। ਬਹੁਤ ਘਟ ਲੋਕਾਂ ਨੂੰ ਹੀ ਇਹ ਪਤਾ ਹੈ ਕਿ ਜਿਸ ਬੇਦੋਸ਼ੇ ਪੰਜਾਬੀ ਦੀ ਪੁਲਿਸ ਦੀ ਕੁਟਮਾਰ ਕਰਕੇ, ਲੋਕਾਂ ਨੇ ਅੱਕ ਕੇ, ਪੁਲਿਸ ਦੇ ਠਾਣੇ ਮੂਹਰੇ ਮੁਜ਼ਾਹਰਾ ਕੀਤਾ ਸੀ, ਉਸ ਦਾ ਕੋਰਟ ਕੇਸ, ਲਾਲੀ ਨੇ ਉਸ ਬੇਦੋਸ਼ੇ ਪੰਜਾਬੀ ਨਾਲ ਮਿਲ ਕੇ ਅਖੀਰ ਤੱਕ ਲੜਿਆ। ਅੰਤ ਵਿਚ ਪੁਲਿਸ ਨੂੰ ਸਮਝੌਤਾ ਕਰਕੇ ਉਸ ਬੇਦੋਸ਼ੇ ਪੰਜਾਬੀ ਨੂੰ ਕਾਫੀ ਵੱਡੀ ਰਕਮ ਅਦਾ ਕਰਨੀ ਪਈ ਸੀ। ਸਮਝੌਤੇ ਦੀਆਂ ਸਖਤ ਪਾਬੰਦੀਆ ਕਰਕੇ ਇਹ ਖਬਰ ਭਾਈਚਾਰੇ ਨਾਲ ਉਸ ਵੇਲੇ ਜੱਗ ਜ਼ਾਹਿਰ ਨਹੀਂ ਕੀਤੀ ਗਈ ਸੀ। ਅੱਜ ਵੀ ਸਾਡੇ ਕਈ ਲੋਕ ਉਸ ਪੁਲਿਸ ਵਿਰੁੱਧ ਕੀਤੇ ਮੁਜ਼ਾਹਰੇ ਦਾ ਮਾਣ ਕਰਦੇ ਹਨ।

ਟੋਰਾਂਟੋ ਇਲਾਕੇ ਦੇ ਕਈ ਲੋਕ, ਜਿਨ੍ਹਾਂ '84 ਦੇ ਹਰਿਮੰਦਰ ਸਾਹਿਬ ਉਪਰ ਹੋਏ ਹਮਲੇ ਤੋਂ ਬਾਅਦ, ਕੇਨੇਡਾ ਵਿਚ ਰਾਜਸੀ ਸ਼ਰਨ ਲਈ ਹੈ, ਉਹ ਦੱਸਦੇ ਹਨ ਕਿ ਗੁਰਦੇਵ ਲਾਲੀ ਨੇ ਧਾਰਮਿਕ ਅਦਾਰਿਆਂ ਅਤੇ ਸੈਕੂਲਰ ਖਿਆਲਾਂ ਦੇ ਲੋਕਾਂ ਨਾਲ ਮਿਲ ਕੇ ਕਈਆਂ ਨੂੰ ਜੇਲਾਂ ਵਿਚੋਂ ਜ਼ਮਾਨਤਾਂ ਭਰਵਾ ਕੇ ਬਾਹਰ ਲਿਆਂਦਾ। ਇਹਨਾਂ ਸ਼ਰਨਾਰਥੀਆਂ ਵਿਚੋਂ ਕਈਆਂ ਨੂੰ ਆਪਣੇ ਘਰ ਰੱਖ ਕੇ ਸੰਭਾਲਿਆ। ਇਨ੍ਹਾਂ ਸ਼ਰਨਾਰਥੀਆਂ ਦੇ ਆਪ ਸ਼ਰਨਾਰਥੀ ਫਾਰਮ ਭਰੇ, ਆਪ ਇਮੀਗਰੇਸ਼ਨ ਦਫਤਰਾਂ ਵਿਚ ਜਾ ਕੇ ਕਈ ਇਮੀਗਰੇਸ਼ਨ ਅਫਸਰਾਂ ਨੂੰ ਮਿਲਦਾ ਰਿਹਾ। ਇਹ ਸ਼ਰਨਾਰਥੀਆਂ ਅਤੇ ਇਮੀਗਰੇਸ਼ਨ ਅਫਸਰਾਂ ਵਿਚਕਾਰ ਪੰਜਾਬੀ ਤੋਂ ਅੰਗਰੇਜ਼ੀ ਅਤੇ ਅੰਗਰੇਜ਼ੀ ਤੋਂ ਪੰਜਾਬੀ ਵਿਚ ਤਰਜਮਾਂ ਕਰਦਾ। ਕਈਆਂ ਦੀਆਂ ਫੀਸਾਂ ਆਪ ਭਰਦਾ। ਗੁਰਦੇਵ ਲਾਲੀ ਨੂੰ ਅਸੀਂ ਅਕਸਰ ਇਹ ਦਸਦੇ ਸੁਣਿਆ ਹੈ ਕਿ ਲੋਕ ਬਹੁਤ ਇਮਾਨਦਾਰ ਹਨ। ਉਹ ਕਹਿੰਦਾ ਸੀ ਕਿ ਲੋਕ ਕਦੇ ਕਿਸੇ ਦਾ ਬਕਾਇਆ ਨਹੀਂ ਰੱਖਦੇ। ਇਸ ਸਮੇਂ ਲਾਲੀ ਸ਼ਾਮ ਨੂੰ ਕੰਮ ਤੇ ਜਾਂਦਾ ਸੀ, ਸਿਰਫ ਲੋੜ ਮੁਤਾਬਕ ਸੌਦਾ ਸੀ ਅਤੇ ਬਾਕੀ ਸਾਰਾ ਦਿਨ ਸਰਕਾਰੀ ਦਫਤਰਾਂ ਵਿਚ ਰਾਜਸੀ ਸ਼ਰਨਾਰਥੀਆਂ ਨੂੰ ਨਾਲ ਲੈ ਕੇ ਉਨ੍ਹਾਂ ਦੇ ਕੰਮ ਕਰਦਾ ਕਰਾਉਂਦਾ ਰਹਿੰਦਾ ਸੀ। ਲਾਲੀ ਕਦੀ ਕਦੀ ਉਸ ਸਮੇਂ ਬਾਰੇ ਇਸ ਤਰ੍ਹਾਂ ਕਹਿੰਦਾ ਹੁੰਦਾ ਸੀ ਕਿ "ਉਸ ਨੂੰ ਉਨ੍ਹੀਂ ਦਿਨੀਂ ਕੰਮ ਕਰਦੇ ਨੂੰ ਥਕੇਵਾਂ ਹੁੰਦਾ ਹੀ ਨਹੀਂ ਸੀ।"

ਅਦਾਰਾ "ਸਰੋਕਾਰਾਂ ਦੀ ਆਵਾਜ਼" ਕਾਮਰੇਡ ਗੁਰਦੇਵ ਲਾਲੀ ਦੇ ਪਰਿਵਾਰ ਅਤੇ ਸਾਥੀਆਂ ਨਾਲ, ਇਸ ਦੁਖ ਦੀ ਘੜੀ ਵਿਚ ਸ਼ਰੀਕ ਹੁੰਦਾ ਹੈ।

# ਪਾਸ਼ ਦੀਆਂ ਕੁਝ ਹੋਰ ਕਵਿਤਾਵਾਂ



## ਸਭ ਤੋਂ ਖ਼ਤਰਨਾਕ

ਕਿਰਤ ਦੀ ਲੁੱਟ ਸਭ ਤੋਂ ਖ਼ਤਰਨਾਕ ਨਹੀਂ ਹੁੰਦੀ
ਪੁਲਿਸ ਦੀ ਕੁੱਟ ਸਭ ਤੋਂ ਖ਼ਤਰਨਾਕ ਨਹੀਂ ਹੁੰਦੀ
ਗੱਦਾਰੀ-ਲੋਭ ਦੀ ਮੁੱਠ ਤੋਂ ਖ਼ਤਰਨਾਕ ਨਹੀਂ ਹੁੰਦੀ

ਬੈਠੇ ਸੁੱਤਿਆਂ ਫੜੇ ਜਾਣਾ-ਬੁਰਾ ਤਾਂ ਹੈ
ਡਰੂ ਜਿਹੀ ਚੁੱਪ ਵਿਚ ਮੜ੍ਹੇ ਜਾਣਾ-ਬੁਰਾ ਤਾਂ ਹੈ
ਸਭ ਤੋਂ ਖ਼ਤਰਨਾਕ ਨਹੀਂ ਹੁੰਦਾ

ਕਪਟ ਦੇ ਸ਼ੋਰ ਵਿਚ
ਸਹੀ ਹੁੰਦਿਆਂ ਵੀ ਦਬ ਜਾਣਾ, ਬੁਰਾ ਤਾਂ ਹੈ
ਕਿਸੇ ਜੁਗਨੂੰ ਦੀ ਲੋਅ ਵਿਚ ਪੜ੍ਹਨ ਲੱਗ ਜਾਣਾ-ਬੁਰਾ ਤਾਂ ਹੈ
ਸਭ ਤੋਂ ਖ਼ਤਰਨਾਕ ਨਹੀਂ ਹੁੰਦਾ।

ਸਭ ਤੋਂ ਖ਼ਤਰਨਾਕ ਹੁੰਦਾ ਹੈ
ਮੁਰਦਾ ਸ਼ਾਂਤੀ ਨਾਲ ਭਰ ਜਾਣਾ,
ਨਾ ਹੋਣਾ ਤੜਪ ਦਾ, ਸਭ ਸਹਿਣ ਕਰ ਜਾਣਾ
ਘਰਾਂ ਤੋਂ ਨਿਕਲਣਾ ਕੰਮ ਤੇ
ਤੇ ਕੰਮ ਤੋਂ ਘਰ ਜਾਣਾ,
ਸਭ ਤੋਂ ਖ਼ਤਰਨਾਕ ਹੁੰਦਾ ਹੈ
ਸਾਡੇ ਸੁਪਨਿਆਂ ਦਾ ਮਰ ਜਾਣਾ।

ਸਭ ਤੋਂ ਖ਼ਤਰਨਾਕ ਉਹ ਘੜੀ ਹੁੰਦੀ ਹੈ
ਤੁਹਾਡੇ ਗੁੱਟ 'ਤੇ ਚਲਦੀ ਹੋਈ ਵੀ ਜੋ
ਤੁਹਾਡੀ ਨਜ਼ਰ ਦੇ ਲਈ ਖੜ੍ਹੀ ਹੁੰਦੀ ਹੈ।

ਸਭ ਤੋਂ ਖਤਰਨਾਕ ਉਹ ਅੱਖ ਹੁੰਦੀ ਹੈ
ਜੋ ਸਭ ਦੇਖਦੀ ਹੋਈ ਵੀ ਨੰਦੀ ਯੱਖ਼ ਹੁੰਦੀ ਹੈ
ਜਿਸ ਦੀ ਨਜ਼ਰ ਦੁਨੀਆ ਨੂੰ ਮੁਹੱਬਤ ਨਾਲ ਚੁੰਮਣਾ ਭੁੱਲ ਜਾਂਦੀ ਹੈ
ਜੋ ਚੀਜ਼ਾਂ 'ਚੋਂ ਉਠਦੀ ਅੰਨ੍ਹੇਪਣ ਦੀ ਭਾਫ਼ ਉਤੇ ਡੁਲ੍ਹ ਜਾਂਦੀ ਹੈ
ਜੋ ਨਿੱਤ ਦਿਸਦੇ ਦੀ ਸਾਧਾਰਣਤਾ ਨੂੰ ਪੀਂਦੀ ਹੋਈ
ਇਕ ਮੰਤਕਹੀਣ ਦੁਹਰਾਅ ਦੇ ਗਧੀ-ਗੇੜ ਵਿਚ ਹੀ ਰੁਲ ਜਾਂਦੀ ਹੈ।

ਸਭ ਤੋਂ ਖ਼ਤਰਨਾਕ ਉਹ ਚੰਨ ਹੁੰਦਾ ਹੈ
ਜੋ ਹਰ ਕਤਲ ਕਾਂਡ ਦੇ ਬਾਅਦ
ਸੁੰਨ ਹੋਏ ਵਿਹੜਿਆਂ ਵਿਚ ਚੜ੍ਹਦਾ ਹੈ
ਪਰ ਤੁਹਾਡੀਆਂ ਅੱਖਾਂ ਨੂੰ ਮਿਰਚਾਂ ਵਾਂਗ ਨਹੀਂ ਲੜਦਾ ਹੈ।

ਸਭ ਤੋਂ ਖ਼ਤਰਨਾਕ ਉਹ ਗੀਤ ਹੁੰਦਾ ਹੈ
ਤੁਹਾਡੇ ਕੰਨਾਂ ਤੱਕ ਪਹੁੰਚਣ ਲਈ
ਜਿਹੜਾ ਕੀਰਨਾ ਉਲੰਘਦਾ ਹੈ
ਡਰੇ ਹੋਏ ਲੋਕਾਂ ਦੇ ਬਾਰ ਮੂਹਰੇ-
ਜੋ ਵੈਲੀ ਦੀ ਖੰਘ ਖੰਘਦਾ ਹੈ।

ਸਭ ਤੋਂ ਖ਼ਤਰਨਾਕ ਉਹ ਰਾਤ ਹੁੰਦੀ ਹੈ
ਜੋ ਪੈਂਦੀ ਹੈ ਜੀਊਂਦੀ ਰੂਹ ਦਿਆਂ ਆਕਾਸ਼ਾਂ 'ਤੇ
ਜਿਹਦੇ ਵਿਚ ਸਿਰਫ਼ ਉੱਲੂ ਬੋਲਦੇ ਗਿੱਦੜ ਹਵਾਂਕਦੇ
ਚਿਮਟ ਜਾਂਦੇ ਸਦੀਵੀ ਨੇਰ੍ਹ ਬੰਦ ਬੂਹਿਆਂ ਚੁਗਾਠਾਂ 'ਤੇ

ਸਭ ਤੋਂ ਖਤਰਨਾਕ ਉਹ ਦਿਸ਼ਾ ਹੁੰਦੀ ਹੈ
ਜਿਹਦੇ ਵਿਚ ਆਤਮਾ ਦਾ ਸੂਰਜ ਡੁੱਬ ਜਾਵੇ
ਤੇ ਉਸ ਦੀ ਮਰੀ ਹੋਈ ਧੁੱਪ ਦੀ ਕੋਈ ਛਿਲਤਰ
ਤੁਹਾਡੇ ਜਿਸਮ ਦੇ ਪੂਰਬ 'ਚ ਖੁਭ ਜਾਵੇ।
ਕਿਰਤ ਦੀ ਲੁੱਟ ਸਭ ਤੋਂ ਖ਼ਤਰਨਾਕ ਨਹੀਂ ਹੁੰਦੀ
ਪੁਲਿਸ ਦੀ ਕੁੱਟ ਸਭ ਤੋਂ ਖ਼ਤਰਨਾਕ ਨਹੀਂ ਹੁੰਦੀ
ਗੱਦਾਰੀ-ਲੋਭ ਦੀ ਮੁੱਠ ਸਭ ਤੋਂ ਖ਼ਤਰਨਾਕ ਨਹੀਂ ਹੁੰਦੀ।

## ਚਿੜੀਆਂ ਦਾ ਚੰਬਾ

ਚਿੜੀਆਂ ਦਾ ਚੰਬਾ ਉਡ ਕੇ ਕਿਤੇ ਨਹੀਂ ਜਾਵੇਗਾ
ਐਥੇ ਹੀ ਕਿਤੇ ਉਰੇ ਪਰੇ ਬੰਨਿਆਂ ਤੋਂ ਘਾਹ ਖੋਤੇਗਾ,
ਰੁੱਖੀਆਂ ਮਿੱਸੀਆਂ ਰੋਟੀਆਂ ਢੋਇਆ ਕਰੇਗਾ
ਤੇ ਮੈਲੀਆਂ ਚੁੰਨੀਆਂ ਭਿਉਂ ਕੇ
ਲੋਆਂ ਨਾਲ ਲੂਸੇ ਚਿਹਰਿਆਂ ਤੇ ਫੇਰੇਗਾ।

ਚਿੜੀਆਂ ਦਾ ਚੰਬਾ ਉੱਡ ਕੇ ਕਿਤੇ ਨਹੀਂ ਜਾਵੇਗਾ
ਐਥੇ ਹੀ ਕਿਤੇ ਉਰੇ ਪਰੇ ਲੁਕ ਕੇ
ਕਲਮ ਕੱਲਿਆਂ ਰੋਇਆ ਕਰੇਗਾ
ਸਰਾਪੇ ਜੋਬਨਾਂ ਦੇ ਮਰਸੀਏ ਗਾਇਆ ਕਰੇਗਾ।

ਚਿੜੀਆਂ ਦੇ ਚੰਬੇ ਨੂੰ ਭੋਰਾ ਵੀ ਖ਼ਬਰ ਨਾ ਹੋਵੇਗੀ
ਅਚਾਨਕ ਕਿਤਿਉਂ ਲੋਹੇ ਦੀਆਂ ਚੁੰਝਾਂ ਦਾ ਜਾਲ
ਉਸ ਜੋਗੇ ਆਸਮਾਨ ਉਤੇ ਵਿਛ ਜਾਵੇਗਾ
ਅਤੇ ਲੰਮੀ ਉਡਾਰੀ ਦਾ ਉਹਦਾ ਸੁਫ਼ਨਾ
ਉਹਦੇ ਹਰਨੋਟਿਆਂ ਨੈਣਾਂ ਤੋਂ ਭੈਅ ਖਾਵੇਗਾ।

ਚਿੜੀਆਂ ਦਾ ਚੰਬਾ ਮੁਫ਼ਤ ਹੀ ਪ੍ਰੇਸ਼ਾਨ ਹੁੰਦਾ ਹੈ
ਬਾਬਲ ਤਾਂ ਡੋਲੇ ਨੂੰ ਤੋਰ ਕੇ
ਉੱਖੜੇ ਬੂਹੇ ਨੂੰ ਇੱਟਾਂ ਲਵਾਏਗਾ
ਤੇ ਗੁੱਡੀਆਂ ਪਾੜ ਕੇ
ਪਸੀਨੇ ਨਾਲ ਗਲੇ ਹੋਏ ਕੁੜਤੇ ਉਤੇ ਟਾਕੀ ਸੰਵਾਏਗਾ
ਜਦੋਂ ਉਹ ਆਪ ਹੀ ਗਲੋਟਿਆਂ ਜਿਉਂ ਕੱਤਿਆ ਜਾਵੇਗਾ
ਚਿੜੀਆਂ ਦੇ ਚੰਬੇ ਨੂੰ ਮੋਹ ਚਰਖੇ ਦਾ ਉੱਕਾ ਨਹੀਂ ਸਤਾਏਗਾ।

ਚਿੜੀਆਂ ਦਾ ਚੰਬਾ ਉੱਡ ਕੇ
ਕਿਸੇ ਵੀ ਦੇਸ਼ ਨਹੀਂ ਜਾਏਗਾ
ਸਾਰੀ ਉਮਰ ਕੰਡ ਚਰ੍ਹੀਆਂ ਦੀ ਹੰਢਾਏਗਾ
ਤੇ ਚਿੱਟੇ ਚਾਦਰੇ 'ਤੇ ਲੱਗਿਆ
ਉਹਦੀ ਮਾਹਵਾਰੀ ਦਾ ਖ਼ੂਨ ਉਸ ਦਾ ਮੂੰਹ ਚਿੜਾਏਗਾ।

## ਬੇਦਖ਼ਲੀ ਲਈ ਬਿਨੈ-ਪੱਤਰ

ਮੈਂ ਉਮਰ ਭਰ ਉਸ ਦੇ ਖਿਲਾਫ਼ ਸੋਚਿਆ ਤੇ ਲਿਖਿਆ
ਜੇ ਉਸ ਦੇ ਸੋਗ ਵਿਚ ਸਾਰਾ ਹੀ ਦੇਸ਼ ਸ਼ਾਮਲ ਹੈ
ਤਾਂ ਇਸ ਦੇਸ਼ 'ਚੋਂ ਮੇਰਾ ਨਾਮ ਕੱਟ ਦੇਵੋ

ਮੈਂ ਖ਼ੂਬ ਜਾਣਦਾ ਹਾਂ ਨੀਲੇ ਸਾਗਰਾਂ ਤੱਕ ਫ਼ੈਲੇ ਹੋਏ
ਇਸ ਖੇਤਾਂ, ਖਾਨਾਂ, ਭੱਠਿਆਂ ਦੇ ਭਾਰਤ ਨੂੰ-
ਉਹ ਠੀਕ ਇਸੇ ਦੀ ਸਾਧਾਰਣ ਜਿਹੀ ਕੋਈ ਨੁੱਕਰ ਸੀ
ਜਿਥੇ ਪਹਿਲੀ ਵਾਰ
ਜਦ ਦਿਹਾੜੀਦਾਰ ਤੇ ਉਲਰੀ ਚਪੇੜ ਮਚਕੋੜੀ ਗਈ
ਕਿਸੇ ਦੇ ਖੁਰਦਰੇ ਬੇਨਾਮ ਹੱਥਾਂ ਵਿਚ
ਠੀਕ ਉਹ ਵਕਤ ਸੀ
ਜਦ ਇਸ ਕਤਲ ਦੀ ਸਾਜ਼ਿਸ਼ ਰਚੀ ਗਈ
ਕੋਈ ਵੀ ਪੁਲਿਸ ਨਹੀਂ ਲੱਭ ਸਕੂ ਇਸ ਸਾਜ਼ਿਸ਼ ਦੀ ਥਾਂ
ਕਿਉਂਕਿ ਟਿਊਬਾਂ ਕੇਵਲ ਰਾਜਧਾਨੀ ਵਿਚ ਜਗਦੀਆਂਹਨ
ਤੇ ਖੇਤਾਂ, ਖਾਨਾਂ, ਭੱਠਿਆਂ ਦਾ ਭਾਰਤ ਬਹੁਤ ਹਨੇਰਾ ਹੈ।

ਤੇ ਠੀਕ ਏਸੇ ਸਰਦ ਹਨੇਰੇ ਵਿਚ ਸੁਰਤ ਸੰਭਾਲਣ ਤੇ
ਜੀਣ ਦੇ ਨਾਲ-ਨਾਲ
ਜਦ ਪਹਿਲੀ ਵਾਰ ਇਸ ਜੀਵਨ ਬਾਰੇ ਸੋਚਣਾ ਸ਼ੁਰੂ ਕੀਤਾ
ਮੈਂ ਖ਼ੁਦ ਨੂੰ ਇਸ ਕਤਲ ਦੀ ਸਾਜ਼ਿਸ਼ ਵਿਚ ਸ਼ਰੀਕ ਪਾਇਆ,
ਜਦੋਂ ਵੀ ਵੀਭੱਤਸੀ ਸ਼ੋਰ ਦਾ ਨੱਪ ਕੇ ਖੁਰਾ
ਮੈਂ ਲੱਭਣਾ ਚਾਹਿਆ ਟਰਕਦੇ ਹੋਏ ਟਿੱਡੇ ਨੂੰ
ਸ਼ਾਮਲ ਤੱਕਿਆ ਹੈ, ਆਪਣੀ ਪੂਰੀ ਦੁਨੀਆ ਨੂੰ
ਮੈਂ ਸਦਾ ਹੀ ਉਸ ਨੂੰ ਕਤਲ ਕੀਤਾ ਹੈ
ਹਰ ਵਾਕਿਫ਼ ਜਣੇ ਦੀ ਹਿੱਕ 'ਚੋਂ ਲੱਭ ਕੇ
ਜੇ ਉਸ ਦੇ ਕਾਤਲਾਂ ਨੂੰ ਇੰਜ ਹੀ ਸੜਕਾਂ 'ਤੇ ਸਿੱਝਣਾ ਹੈ
ਤਾਂ ਬਣਦੀ ਸਜ਼ਾ ਮੈਨੂੰ ਵੀ ਮਿਲੇ।
ਮੈਂ ਨਹੀਂ ਚਾਹੁੰਦਾ ਕਿ ਸਿਰਫ਼ ਇਸ ਬਿਨਾਅ 'ਤੇ ਬਚਦਾ ਰਹਾਂ
ਕਿ ਮੇਰਾ ਪਤਾ ਨਹੀਂ ਹੈ ਭਜਨ ਲਾਲ ਬਿਸ਼ਨੋਈ ਨੂੰ-

ਇਸ ਦਾ ਜੋ ਵੀ ਨਾਂ ਹੈ-ਗੁੰਡਿਆਂ ਦੀ ਸਲਤਨ ਦਾ
ਮੈਂ ਇਸ ਦਾ ਨਾਗਰਿਕ ਹੋਣ 'ਤੇ ਥੁੱਕਦਾ ਹਾਂ।
ਮੈਂ ਉਸ ਪਾਇਲਟ ਦੀਆਂ
ਮੀਸਣੀਆਂ ਅੱਖਾਂ ਵਿਚ ਰੜਕਦਾ ਭਾਰਤ ਹਾਂ
ਹਾਂ, ਮੈਂ ਭਾਰਤ ਹਾਂ ਰੜਕਦਾ ਹੋਇਆ ਉਹਦੀਆਂ ਅੱਖਾਂ ਵਿਚ
ਜੇ ਉਸ ਦਾ ਆਪਣਾ ਕੋਈ ਖ਼ਾਨਦਾਨੀ ਭਾਰਤ ਹੈ
ਤਾਂ ਮੇਰਾ ਨਾਮ ਉਸ 'ਚੋਂ ਹੁਣੇ ਕੱਟ ਦੇਵੋ।

## ਤੀਸਰਾ ਮਹਾਂ ਯੁੱਧ

ਕਚਹਿਰੀਆਂ ਦੇ ਬਾਹਰ ਖੜ੍ਹੇ
ਬੁੱਢੇ ਕਿਰਸਾਨ ਦੀਆਂ ਅੱਖਾਂ 'ਚ ਮੋਤੀਆ ਉਤਰ ਆਏਗਾ
ਸ਼ਾਮ ਤੱਕ ਹੋ ਜਾਏਗੀ ਧੌਲੀ
ਰੁਜ਼ਗਾਰ ਦਫ਼ਤਰ ਦੇ ਵਿਹੜੇ 'ਚ ਅੰਬ ਰਹੀ ਕੱਕੀ ਲੂਈ
ਬਹੁਤ ਛੇਤੀ ਭੁੱਲ ਜਾਏਗਾ ਪੁਰਾਣੇ ਢਾਬੇ ਦਾ ਨਵਾਂ ਨੌਕਰ
ਆਪਣੀ ਮਾਂ ਦੇ ਸਦਾ ਈ ਪੁੱਤ ਮੈਲੇ ਰਹਿਣ ਵਾਲੇ
ਪੋਣੇ ਦੀ ਮਿੱਠੀ ਮਹਿਕ
ਢੂੰਡਦਾ ਰਹੇਗਾ ਕੰਢੇ ਸੜਕ ਦੇਉਹ ਨਿੰਮੋਝੂਣਾ ਜੋਤਸ਼ੀ
ਆਪਣੇ ਹੀ ਹੱਥ ਤੋਂ ਮਿੱਟੀ ਹੋਈ ਭਾਗ ਦੀ ਰੇਖਾ
ਤੇ ਪੈਨਸ਼ਨ ਲੈਣ ਆਏ ਕਾਰ ਥੱਲੇ ਕੁਚਲੇ ਗਏ
ਪੁਰਾਣੇ ਫੌਜੀ ਦੀ ਟੁੱਟੀ ਹੋਈ ਸਾਈਕਲ
ਤੀਸਰਾ ਮਹਾਂ ਯੁੱਧ ਲੜਨ ਦੀ ਸੋਚੇਗਾ

ਤੀਸਰਾ ਮਹਾਂ ਯੁੱਧ
ਜੋ ਨਹੀਂ ਲੜਿਆ ਜਾਏਗਾ ਹੁਣ
ਜਰਮਨੀ ਤੇ ਭਾੜੇ ਦੀਆਂ ਫੌਜਾਂ ਵਿਚਾਲੇ
ਤੀਸਰਾ ਮਹਾਂ ਯੁੱਧ ਹਿੱਕਾਂ 'ਚ ਖੁਰ ਰਹੀ
ਜੀਣ ਦੀ ਬਾਦਸ਼ਾਹਤ ਲੜੇਗੀ
ਤੀਸਰਾ ਮਹਾਂ ਯੁੱਧ ਗੋਹੇ ਨਾਲ ਲਿੱਪੇ
ਕੋਠਿਆਂ ਦੀ ਸਾਦਗੀ ਲੜੂ
ਤੀਸਰਾ ਮਹਾਂ ਯੁੱਧ ਝੁੱਗੇ ਤੋਂ ਧੁੱਪ ਨਾ ਸਕਣ ਵਾਲੇ
ਬਰੋਜ਼ੇ ਦੇ ਛਿੱਟੇ ਲੜਨਗੇ
ਤੀਸਰਾ ਮਹਾਂ ਯੁੱਧ
ਮੂਤ ਦੇ ਫੰਬੇ 'ਚ ਲਿਪਟੀ ਵੱਢੀ ਗਈ ਉਂਗਲ ਲੜੇਗੀ-

ਬਣੇ ਸੰਵਰੇ ਜ਼ੁਲਮ ਦੇ ਚਿਹਰੇ ਉਤੇ ਲਿਸ਼ਕਦੀ
ਨਜ਼ਾਕਤ ਦੇ ਖਿਲਾਫ਼,
ਧਰਤੀ ਨੂੰ ਕੈਦ ਕਰਨਾ, ਚਾਹੁੰਦੇ ਚਾਬੀ ਦੇ ਛੱਲੇ ਖਿਲਾਫ਼
ਤੀਸਰਾ ਮਹਾਂ ਯੁੱਧ
ਕਦੇਵੀ ਨਾ ਖੁੱਲ੍ਹਣ ਵਾਲੀ ਮੁੱਠ ਦੇ ਖਿਲਾਫ਼ ਲੜਿਆ ਜਾਏਗਾ
ਤੀਸਰਾ ਮਹਾਂ ਯੁੱਧ
ਕੂਲੀਆਂ ਸ਼ਾਮਾਂ ਦੇ ਪਿੰਡੇ 'ਤੇ ਰੀਂਗਣ ਵਾਲੇ
ਭੂੰਚਰ ਜਹੇ ਕੰਡੇਰਨੇ ਦੇ ਖਿਲਾਫ਼ ਲੜਿਆ ਜਾਏਗਾ
ਤੀਸਰਾ ਮਹਾਂ ਯੁੱਧ ਉਸ ਸਹਿਮ ਦੇ ਖਿਲਾਫ਼ ਲੜਿਆ ਜਾਏਗਾ
ਜਿਦ੍ਹਾ ਅਕਸ ਮੇਰੀ ਦੰਦੀਆਂ ਕੱਢਦੀ ਧੀ ਦੀਆਂ ਅੱਖਾਂ 'ਚ ਹੈ

ਤੀਸਰਾ ਮਹਾਂ ਯੁੱਧ
ਕਿਸੇ ਖਸਤਾ ਜਹੇ ਖੀਸੇ 'ਚ ਮਚਕੋੜੇ ਗਏ
ਨਿੱਕੇ ਜਹੇ ਸੰਸਾਰ ਲਈ ਜਾਏਗਾ ਲੜਿਆ

## ਅਰਥਾਂ ਦਾ ਅਪਮਾਨ

ਤੁਸਾਂ ਨੇ ਜਾਣ ਬੁਝ ਕੇ ਅਰਥਾਂ ਦਾ ਅਪਮਾਨ ਕੀਤਾ ਹੈ
ਆਵਾਰਾਂ ਸ਼ਬਦਾਂ ਦਾ ਇਲਜ਼ਾਮ
ਹੁਣ ਕਿਸ ਨੂੰ ਦੇਵੋਗੇ?
ਮੈਨੂੰ ਇਹ ਰੁੱਖ ਪੁੱਛਦੇਹਨ
ਕਿ ਉਸ ਸੂਰਜ ਨੂੰ ਕੀ ਕਹੀਏ
ਜਿਹੜਾ ਕਿ ਗਰਮ ਨਾ ਹੋਵੇ
ਜ਼ਿਦ੍ਹਾ ਰੰਗ ਲਾਲ ਨਾ ਹੋਵੇ।
ਮੈਂ ਰੁੱਖਾਂ ਵੱਲ ਤੱਕਦਾ ਹਾਂ
ਹਵਾ ਦੇ ਰੰਗ ਗਿਣਦਾ ਹਾਂ
ਤੇ ਰੁੱਤ ਦਾ ਨਾਪ ਕਰਦਾ ਹਾਂ
ਤੇ ਮੈਥੋਂ ਫੇਰ ਸੂਰਜ ਨੂੰ ਬੇਦੋਸ਼ਾ ਆਖ ਨਹੀਂ ਹੁੰਦਾ।
ਮੈਂ ਸੂਰਜ ਵਾਸਤੇ
ਗੁਸਤਾਖ਼ ਸ਼ਬਦਾਂ ਨੂੰ ਸੁਅੰਬਰ 'ਚ ਬਿਠਾਉਂਦਾ ਹਾਂ,
ਤੁਸੀਂ ਸਮਝੋਗੇ
ਮੈਂ ਚੋਟੀ 'ਤੇ ਖੜ੍ਹ ਕੇ ਖੱਡ ਦੇ ਵਿਚ ਛਾਲ ਮਾਰੀ ਹੈ
ਅਸਲ ਵਿਚ ਹੋਰ ਹੈ
ਮੈਂ ਤਾਂ ਖੱਡਾਂ ਦੇ ਅਰਥ ਬਦਲੇ ਹਨ
ਹਵਾ ਨੂੰ ਪੀਂਘ ਮੰਨਿਆ ਹੈ
ਤੇ ਪਰਬਤ ਨੂੰ ਪੜੁੱਲ ਦਾ ਰੂਪ ਦਿੱਤਾ ਹੈ
ਮੈਂ ਤੁਸਾਂ ਲਈ ਖੁਦਕਸ਼ੀ ਦੇ ਅਰਥ ਬਦਲੇ ਹਨ
ਮੇਰੇ ਸਾਥੀ
ਤੁਸਾਂ ਲਈ ਜ਼ਿੰਦਗੀ ਦੇ ਅਰਥ ਬਦਲਣਗੇ
ਤੁਸਾਂ ਜੇ ਮਰਨ ਲੱਗਿਆਂ
ਜ਼ਿੰਦਗੀ ਨੂੰ ਜਾਣ ਵੀ ਲੀਤਾ
ਤੁਹਾਡੀ ਕੌਣ ਮੰਨੇਗਾ?
ਤੁਹਾਨੂੰ ਕੌਣ ਬਖਸ਼ੇਗਾ
ਜਿਨ੍ਹਾਂ ਨੇ ਜਾਣ ਬੁਝ ਕੇ
ਅਰਥਾਂ ਦਾ ਅਪਮਾਨ ਕੀਤਾ ਹੈ।

## ਸੱਚ

ਤੁਸਾਂ ਦੇ ਮੰਨਣ ਜਾਂ ਨਾ ਮੰਨਣ ਵਿਚ,
ਸੱਚ ਨੂੰ ਕੋਈ ਫ਼ਰਕ ਨਹੀਂ ਪੈਂਦਾ।
ਇਨ੍ਹਾਂ ਦੁਖਦੇ ਅੰਗਾਂ ਤੇਸੱਚ ਨੇ ਇਕ ਜੂਨ ਭੋਗੀ ਹੈ।
ਤੇ ਹਰ ਸੱਚ ਜੂਨ ਭੋਗਣ ਬਾਅਦ,
ਯੁੱਗ ਵਿਚ ਬਦਲ ਜਾਂਦਾ ਹੈ,
ਤੇ ਇਹ ਯੁੱਗ ਹੁਣ ਖੇਤਾਂ ਤੇ ਮਿੱਲਾਂ ਵਿਚ ਹੀ ਨਹੀਂ,
ਫੌਜਾਂ ਦੀਆਂ ਕਤਾਰਾਂ ਵਿਚ ਵਿਚਰ ਰਿਹਾ ਹੈ।
ਕੱਲ੍ਹ ਜਦ ਇਹ ਯੁੱਗ,
ਲਾਲ ਕਿਲ੍ਹੇ ਉਪਰ ਸਿੱਟਿਆਂ ਦਾ ਤਾਜ ਪਹਿਨੀ,
ਸਮੇਂ ਦੀ ਸਲਾਮੀ ਲਏਗਾ,
ਤਾਂ ਤੁਸਾਂ ਨੂੰ ਸੱਚ ਦੇ ਅਸਲ ਅਰਥ ਸਮਝ ਆਵਣਗੇ।
ਹੁਣ ਸਾਡੀ ਉਪਦਰੀ ਜ਼ਾਤ ਨੂੰ,
ਇਸ ਯੁੱਗ ਦੀ ਫ਼ਿਤਰਤ ਤਾਂ ਭਾਵੇਂ ਆਖ ਸਕਦੇ ਹੋ;
ਇਹ ਕਹਿ ਛੱਡਣਾ,
ਕਿ ਝੁੱਗੀਆਂ ’ਚ ਪਸਰਿਆ ਸੱਚ,
ਕੋਈ ਸ਼ੈਅ ਨਹੀਂ!
ਕੇਡਾ ਕੁ ਸੱਚ ਹੈ?
ਤੁਸਾਂ ਦੇ ਮੰਨਣ ਜਾਂ ਨਾ ਮੰਨਣ ਵਿਚ,
ਸੱਚ ਨੂੰ ਕੋਈ ਫ਼ਰਕ ਨਹੀਂ ਪੈਂਦਾ।

## ਦੋ ਤੇ ਦੋ ਤਿੰਨ

ਮੈਂ ਸਿੱਧ ਕਰ ਸਕਦਾ ਹਾਂ–
ਕਿ ਦੋ ਤੇ ਦੋ ਤਿੰਨ ਹੁੰਦੇ ਹਨ
ਵਰਤਮਾਨ ਮਿਥਿਹਾਸ ਹੁੰਦਾ ਹੈ
ਮਨੁੱਖੀ ਸ਼ਕਲ ਚਮਚੇ ਵਰਗੀ ਹੁੰਦੀ ਹੈ।
ਤੁਸੀਂ ਜਾਣਦੇ ਹੋ–
ਕਚਹਿਰੀਆਂ, ਬੱਸ ਅੱਡਿਆਂ ਤੇਪਾਰਕਾਂ ਵਿਚ
ਸੌ ਸੌ ਦੇ ਨੋਟ ਤੁਰਦੇ ਫਿਰਦੇ ਹਨ
ਡਾਇਰੀਆਂ ਲਿਖਦੇ, ਤਸਵੀਰਾਂ ਲੈਂਦੇ
ਤੇ ਰਿਪੋਰਟਾਂ ਭਰਦੇ ਹਨ,
ਕਾਨੂੰਨ–ਰੱਖਿਆ ਕੇਂਦਰ ਵਿਚ
ਪੁੱਤਰ ਨੂੰ ਮਾਂ ’ਤੇ ਚੜ੍ਹਾਇਆ ਜਾਦਾ ਹੈ।
ਖੇਤਾਂ ਵਿਚ ‘ਡਾਕੂ’ ਦਿਹਾੜੀਆਂ ’ਤੇ ਕੰਮ ਕਰਦੇ ਹਨ।
ਮੰਗਾਂ ਮੰਨੀਆਂ ਜਾਣ ਦਾ ਐਲਾਨ,
ਬੰਬਾਂ ਨਾਲ ਕੀਤਾ ਜਾਂਦਾ ਹੈ।
ਆਪਣੇ ਲੋਕਾਂ ਦੇ ਪਿਆਰ ਦਾ ਅਰਥ
‘ਦੁਸ਼ਮਣ ਦੇਸ਼’ ਦੀ ਏਜੰਟੀ ਹੁੰਦਾ ਹੈ
ਅਤੇ
ਵੱਧ ਤੋਂ ਵੱਧ ਗੱਦਾਰੀ ਦਾ ਤਗ਼ਮਾ
ਵੱਡੇ ਤੋਂ ਵੱਡੇ ਰੁਤਬਾ ਹੋ ਸਕਦਾ ਹੈ
ਤਾਂ–
ਦੋ ਤੇ ਦੋ ਤਿੰਨ ਵੀ ਹੋ ਸਕਦੇ ਹਨ।
ਵਰਤਮਾਨ ਮਿਥਿਹਾਸ ਹੋ ਸਕਦਾ ਹੈ
ਮਨੁੱਖੀ ਸ਼ਕਲ ਵੀ ਚਮਚੇ ਵਰਗੀ ਹੋ ਸਕਦੀ ਹੈ।

## ਇੰਜ ਹੀ ਸਹੀ

ਅਸੀਂ ਬੱਕਰੇ ਬੁਲਾਉਂਦੇ ਉਨ੍ਹਾਂ ਨੂੰ ਚੰਗੇ ਨਹੀਂ
ਲੱਗਦੇ
ਚੋ ਇੰਜ ਹੀ ਸਹੀ
ਉਹ ਤਾਂ ਬਸ ਸ਼ੁਗਲ ਫਰਮਾਉਂਦੇ ਰਹੇ
ਵੈਣ ਸੁਣਦੇ ਆਏ
ਦਾਦ ਦਿੰਦੇ ਰਹੇ...

ਜ਼ਿੰਦਗੀ ਜੇ ਕਵਿਤਾ ਜੇਹੀ ਹੁੰਦੀ
ਅਸੀਂ ਖਾਮੋਸ਼ ਹੀ ਰਹਿੰਦੇ
ਸੁਫ਼ਨੇ ਜੇ ਪੱਥਰ ਦੇ ਹੁੰਦੇ
ਗੀਟਿਆਂ ਸੰਗ ਹੀ ਪਰਚ ਛੱਡਦੇ
ਪਾਣੀ ਨਾਲ ਜੇ ਢਿੱਡ ਭਰ ਸਕਦਾ
ਤਾਂ ਪੀ ਕੇ ਸੌਂ ਰਹਿੰਦੇ
ਚਾਂਦਨੀ ਜੇ ਓੜੀ ਜਾ ਸਕਦੀ
ਸਿਊਂ ਕੇ ਪਾ ਲੈਂਦੇ....

ਏਥੇ ਪਰ ਕੁਝ ਨਹੀਂ ਦਿਸਦਾ
ਅਮਨ ਦੀਆਂ ਘੁੱਗੀਆਂ ਵਰਗਾ
ਗੀਤਾਂ ਦੇ ਦਰਖਤ ਨਹੀਂ ਲੱਭਦੇ
ਜਿਨ੍ਹਾਂ ਸੰਗ ਪੀਂਘ ਪਾ ਲਈਏ....

ਅਸੀਂ ਤਾਂ ਖੋਹਣੀ ਹੈ
ਆਪਣੀ ਚੋਰੀ ਹੋਈ ਰਾਤਾਂ ਦੀ ਨੀਂਦ
ਅਸੀਂ ਟੋਹਣਾ ਹੈ ਜ਼ੋਰ
ਖ਼ੂਨ ਲਿੱਬੜੇ ਹੱਥਾਂ ਦਾ
ਉਨ੍ਹਾਂ ਨੂੰ ਭਲੇ ਲੱਗਣ ਲਈ
ਅਸੀਂ ਹੁਣ ਵੈਣ ਨਹੀਂ ਪਾਉਣੇ....

## ਸ਼ਰਧਾਂਜਲੀ

ਇਸ ਵਾਰ ਪਾਪ ਜੀ ਜੰਞ ਬੜੀ ਦੂਰੋਂ ਆਈ ਹੈ
ਪਰ ਅਸਾਂ ਬੇਰੰਗ ਮੋੜ ਦੇਣੀ ਹੈ
ਮਾਸਕੋ ਜਾਂ ਵਸ਼ਿੰਗਟਨ ਦੀ ਮੋਹਰ ਵੀ ਨਹੀਂ ਤੱਕਣੀ
ਜੋਰੀ ਦਾ ਦਾਨ ਕੀ
ਅਸਾਂ ਅੱਡੀਆਂ ਹੋਈਆਂ ਤਲੀਆਂ ’ਤੇ ਵੀ ਥੁੱਕ ਦੇਣਾ ਹੈ
ਤਲਖੀਆਂ ਨੇ ਸਾਨੂੰ ਬੇਲਿਹਾਜ਼ ਕਰ ਦਿੱਤਾ ਹੈ
ਅਣਖ ਨੇ ਸਾਨੂੰ ਵਹਿਸ਼ੀ ਬਣਾ ਦਿੱਤਾ ਹੈ...
ਸਾਡੀ ਤਲਵਾਰ ਨੂੰ ਬਾਬਾ ਜੀ
(ਭਾਵੇਂ ਅਸਾਂ ਕੌਡੇ ਰਾਖਸ਼ ਤੋਂ ਖੋਹੀ ਸੀ)
ਜਦ ਦਾ ਤੇਰਾ ਸਪਰਸ਼ ਹੋਇਆਹੈ
ਸ਼ਹਿਰ ਸ਼ਹਿਰ ਵਿਚ ਸੱਚਾ ਸੌਦਾ ਕਰਦੀ ਹੈ
ਜੇਲ੍ਹਜੇਲ੍ਹ ਵਿਚ ਚੱਕੀ ਇਸ ਤੋਂ ਡਰ ਕੇ ਆਪੋ ਫਿਰਦੀ ਹੈ
ਬਾਬਾ ਤੂੰ ਤਾਂ ਜਾਣੀ ਜਾਣ ਏਂ
ਅਸੀਂ ਤੈਥੋਂ ਕਦੇ ਨਾਬਰ ਨਹੀਂ
ਅਸੀਂ ਭਾਗੋ ਦੇ ਭੋਗ ਨੂੰ ਠੁਕਰਾ ਦਿੱਤਾ ਹੈ
ਅਸੀਂ ਤਲਵੰਡੀ ਦਾ ਮੋਹ ਛੱਡ ਕੇ
ਝੁੱਗੀਆਂ, ਛੱਪਰਾਂ ਤੇ ਜੰਗਲਾਂ ਵਿਚ ਨਿਕਲ ਆਏ ਹਾਂ
ਸਿਰਫ਼ ਇਕ ਅਨਹੋਣੀ ਕਰਨ ਲੱਗੇ ਹਾਂ
ਇਹ ਸੱਜਣਾ, ਭੂਮੀਆਂ ਦੀ ਫੌਜ
ਹੱਥਾਂ ਵਿਚ ਐਤਕੀਂ ਮਸ਼ੀਨਗੰਨਾਂ ਲੈਕੇ ਨਿਕਲ ਆਈ ਹੈ
ਹੁਣ ਲੈਕਚਰ ਦਾ ਅੰਮ੍ਰਿਤ ਕਾਰਗਰ ਨਹੀਂ ਹੋਣਾ
ਤੇ ਤੈਥੋਂ ਕਦੇ ਨਾਬਰ ਨਹੀਂ ਤੂੰ ਜਾਣੀ ਜਾਣ ਏਂ....
ਅਸੀਂ ਲੋਹੇ ਦੇ ਪਾਣੀ ਦੀ ਬਰਖਾ ਕਰਨ ਲੱਗੇ ਹਾਂ
ਤੇ ਤੈਥੋਂ ਕਦੇਨਾਬਰ ਨਹੀਂ ਤੂੰ ਜਾਣੀ ਜਾਣ ਏਂ...

## ਮੇਰੀ ਬੁਲਬੁਲ

ਸਮਾਂ ਬੜਾ ਕੁੱਤਾ ਹੈ ਮੇਰੀ ਬੁਲਬੁਲ
ਬਾਗਾਂ ’ਚੋਂ ਬਾਹਰ ਆ
ਅਤੇ ਸੜਕਾਂ ’ਤੇ ਭਟਕਦੀਆਂ ਰੂਹਾਂ ਵੱਲ ਵੇਖ ਕੇ
ਭੌਂਕਣਾ ਜਾਂ ਰੋਣਾ ਸ਼ੁਰੂ ਕਰ
ਹੁਣ ਤੇਰੇ ਗੀਤ ਨੂੰ ਸੁਣ ਕੇ
ਕੋਈ ਵੀ ਬੀਮਾਰ ਰਾਜ਼ੀ ਨਹੀਂ ਹੋਏਗਾ
ਆਖਰ ਏਹੀਓ ਸੀ ਨਾ ਗੀਤ
ਜੋ ਰੁੱਖ ਦੀਆਂ ਟਾਹਣੀਆਂ ’ਤੇ ਤਰੇਲ ਵਾਂਗ ਜੰਮ ਗਿਆ
ਤੇ ਸੂਰਜ ਦੀ ਮਾਮੂਲੀ ਜਿਹੀ ਚਿੱਪਰ ਤੋਂ ਝਉਂ ਕੇ
ਭਾਫ਼ ਬਣ ਕੇ ਉੱਡ ਗਿਆ

ਸਮਾਂ ਬੜਾ ਕੁੱਤਾ ਹੈ ਮੇਰੀ ਬੁਲਬੁਲ–
ਇਹਨੇ ਘੜੀ ਦੀਆਂ ਸੂਈਆਂ ਨੂੰ ਵੱ ਖਾਧਾ ਹੈ
ਦੀਵਾਰਾਂ ਨੂੰ ਚੱਕ ਮਾਰੇ ਹਨ ਅਤੇ ਗਮਲਿਆਂ ਤੇ ਮੂਤਿਆ ਹੈ
ਇਹ ਖਵਰੇ ਹੋਰ ਕੀ ਕਰਦਾ, ਜੇ ਸਰਕਾਰ ਦੇ ਬੰਦੇ ਏਸ ਨੂੰ ਪਟਾ ਪਾ
ਕੇ
ਬੰਗਲਿਆਂ ਦੇ ਫਾਟਕਾਂ ’ਤੇ ਨਾ ਬੰਨ੍ਹਦੇ
ਮੇਰੀ ਬੁਲਬੁਲ ਆਪਣੇ ਕੰਮ ਹੁਣ ਕੁਝ ਹੋਰ ਤਰ੍ਹਾਂ ਦੇ ਹਨ
ਹੁਣ ਆਪਾਂ ਜੀਣ ਵਰਗੀ ਹਰ ਸ਼ਰਤ ਨੂੰ ਹਾਰ ਚੁੱਕੇ ਹਾਂ
ਮੈਂ ਹੁਣ ਬੰਦੇ ਦੀ ਬਜਾਇ ਘੋੜਾ ਬਣਨਾ ਚਾਹੁੰਦਾ ਹਾਂ
ਇਨ੍ਹਾਂ ਇਨਸਾਨੀ ਹੱਡਾਂ ਤੇ ਤਾਂ ਕਾਠੀ ਬਹੁਤ ਚੁਭਦੀ ਹੈ
ਮੇਰੀ ਬਰਾਤਾਂ ਤੇ ਕੜਿਆਲਾ ਪੀੜ ਕਰਦਾ ਹੈ
ਮੇਰੀ ਇਨਸਾਨੀ ਪੈਰ ਗ਼ਜ਼ਲ ਦੇ ਪਿੰਗਲ ਵਰਗੀ ਟਾਪ ਨਹੀਂ ਕਰਦੇ
ਸਮਾ ਬੜਾ ਕੁੱਤਾ ਹੈ ਮੇਰੀ ਬੁਲਬੁਲ

## ਇਨਕਾਰ

ਮੇਰੇ ਤੋਂ ਆਸ ਨਾ ਕਰਿਓ ਕਿ ਮੈਂ ਖੇਤਾਂ ਦਾ ਪੁੱਤ ਹੋ ਕੇ
ਤੁਹਾਡੇ ਚਗਲੇ ਹੋਏ ਸਵਾਦਾਂ ਦੀ ਗੱਲ ਕਰਾਂਗਾ
ਜਿਨ੍ਹਾਂ ਦੇ ਹੜ੍ਹ ’ਚ ਰੁੜ੍ਹ ਜਾਂਦੀ ਹੈ
ਸਾਡੇ ਬੱਚਿਆਂ ਦੀ ਤੋਤਲੀ ਕਵਿਤਾ
ਤੇ ਸਾਡੀਆਂ ਧੀਆਂ ਦਾ ਕੰਜਕ ਜਿਹਾ ਹਾਸਾ

ਮੈਂ ਤਾਂ ਜਦ ਵੀ ਕੀਤੀ–ਖਾਦ ਦੇ ਘਾਟੇ
ਕਿਸੇ ਗਰੀਬੜੀ ਦੀ ਹਿੱਕ ਵਾਂਗੂੰ ਪਿਚਕ ਗਏ ਗੰਨਿਆਂ ਦੀ ਗੱਲ ਹੀ ਕਰਾਂਗਾ
ਮੈਂ ਦਲਾਨ ਦੇ ਖੂੰਜੇ ’ਚ ਪਈ ਸੌਣੀ ਦੀ ਫਸਲ
ਤੇ ਦਲਾਨ ਦੇ ਬੂਹੇ ’ਤੇ ਖੜ੍ਹੇ ਸਿਆਲ ਦੀ ਹੀ ਗੱਲ ਕਰਾਂਗਾ
ਮੇਰੇ ਤੋਂ ਆਸ ਨਾ ਕਰਿਓ ਕਿ ਮੈਂ ਸਰਦੀ ਦੀ ਰੁੱਤ ਖਿੜਣ ਵਾਲੇ
ਫੁੱਲਾਂ ਦੀਆਂ ਕਿਸਮਾਂ ਦੇ ਨਾਂ ’ਤੇ
ਪਿੰਡ ਦੀਆਂ ਕੁੜੀਆਂ ਦੇ ਨਾਂ ਕੁਨਾਂ ਧਰਾਂਗਾ

ਮੈਂ ਬੈਂਕ ਦੇ ਸੈਕਟਰੀ ਦੀਆਂ ਖਚਰੀਆਂ ਮੁੱਛਾਂ
ਸਰਪੰਚ ਦੀ ਥਾਣੇ ਤੱਕ ਲੰਮੀ ਪੂਛ ਦੀ
ਤੇ ਉਸ ਪੂਰੇ ਚਿੜੀਆ ਘਰ ਦੀ
ਜੋ ਮੈਂ ਆਪਣੀ ਹਿੱਕ ਉਤੇ ਪਾਲ ਰੱਖਿਆ ਹੈ
ਜਾਂ ਉਸ ਅਜਾਇਬ ਘਰ ਦੀ
ਜੋ ਮੈਂ ਆਪਣੀ ਹਿੱਕ ਅੰਦਰ ਸਾਂਭ ਰੱਖਿਆ ਹੈ
ਜਾਂਏਦਾਂ ਦੀ ਹੀ ਕੋਈ ਕਰੜ ਬਰੜੀ ਗੱਲ ਕਰਾਂਗਾ
ਮੇਰੇ ਲਈ ਦਿਲ ਤਾਂ ਬੱਸ ਇਕ ਪਾਨ ਦੇ ਪੱਤੇ ਵਰਗਾ ਲੋਥੜਾ ਹੈ
ਮੇਰੇ ਲਈ ਹੁਸਨ ਕੋਈ ਮੱਕੀ ਦੀ ਲੂਣ ਭੁੱਕੀ ਹੋਈ ਰੋਟੀ ਜਿਹੀ ਲੱਜ਼ਤ ਹੈ
ਮੇਰੇ ਲਈ ਜ਼ਿੰਦਗੀ ਘਰ ਦੀ ਸ਼ਰਾਬ ਵਾਂਗ
ਲੁਕ ਲੁਕ ਪੀਣ ਦੀ ਕੋਈ ਸ਼ੈਅ ਹੈ
ਮੇਰੇ ਤੋਂ ਆਸ ਨਾ ਕਰਿਓ ਕਿ ਮੈਂ ਖਰਗੋਸ਼ ਵਾਂਗ
ਰੋਹੀਆਂ ਦੀ ਕੂਲੀ ਮਹਿਕ ਨੂੰ ਪੋਲੇ ਜਹੇ ਸੁੰਘਾ
ਮੈਂ ਹਰ ਕਾਸੇ ਨੂੰ ਜੋਤਾ ਲੱਗੇ ਹੋਏ ਬਲਦਾਂ ਦੇ ਵਾਂਗ
ਖੁਰਲੀ ਉਤੇ ਸਿੱਧਾ ਹੋ ਕੇ ਟੱਕਰਿਆ ਹਾਂ

ਮੈਂ ਜੱਟਾਂ ਦੇ ਸਾਧ ਹੋਵਣ ਤੋਂ ਉਰ੍ਹਾਂ ਦਾ ਸਫ਼ਰ ਹਾਂ
ਮੈਂ ਬੁੱਢੇ ਮੋਚੀ ਦੀ ਗੁੰਮੀ ਹੋਈ ਅੱਖਾਂਦੀ ਲੋਅ ਹਾਂ
ਮੈਂ ਟੁੰਡੇ ਹੌਲਦਾਰ ਦੇ ਸੱਜੇ ਹੱਥ ਦੀ ਯਾਦ ਹਾਂ ਕੇਵਲ
ਮੈਂ ਪਿੰਡੇ ਵਕਤ ਦੇ, ਚੱਪਾ ਸਦੀ ਦਾ ਦਾਗ਼ ਹਾਂ ਕੇਵਲ
ਤੇ ਮੇਰੀ ਕਲਪਣਾ, ਉਸ ਲੁਹਾਰ ਦੇ ਥਾਂ ਥਾਂ ਤੋਂ ਲੂਸੇ ਮਾਸ ਵਰਗੀ ਹੈ
ਜੋ ਬੇਰਹਿਮੀ ਅਸਮਾਨ ਤੇ ਖਿਝਿਆ ਰਹੇ, ਇਕ ਹਵਾ ਦੇ ਬੁੱਲ੍ਹੇ ਲਈ
ਜੀਹਦੇ ਹੱਥ ਵਿਚਲਾ ਚਊ ਦਾ ਫਾਲਾ
ਕਦੀ ਤਲਵਾਰ ਬਣ ਜਾਵੇ, ਕਦੀ ਬੱਸ ਪੱਠਿਆਂ ਦੀ ਪੰਡ ਰਹਿ ਜਾਵੇ
ਮੈਂ ਹੁਣੇ ਤੁਹਾਡੇ ਲਈ ਕਿਸੇ ਹਰਮੋਨੀਅਮ ਦਾ ਪੱਖਾ ਨਹੀਂ ਹੋ ਸਕਦਾ
ਮੈਂ ਭਾਂਡੇ ਮਾਂਜਰੀ ਝੀਰੀ ਦੀਆਂ ਉਂਗਲੀਆਂ ’ਚੋਂ ਸਿੰਮਦਾ ਰਾਗਹਾਂ ਕੇਵਲ
ਮੇਰੇ ਕੋਲ ਸੁਹਜ ਦੀ ਉਸ ਸੁਪਨ ਸੀਮਾ ਤੋਂ ਉਰ੍ਹੇ
ਹਾਲਾਂ ਕਰਨ ਨੂੰ ਬਹੁਤ ਗੱਲਾਂ ਹਨ
ਅਜੇਮੈਂ ਧਰਤ ਤੇ ਛਾਈ
ਕਿਸੇ ਸੀਰੀ ਦੇ ਕਾਲੇ ਸ਼ਾਹ ਬੁੱਲ੍ਹਾਂ ਜਹੀ ਰਾਤ ਦੀ ਹੀ ਗੱਲ ਕਰਾਂਗਾ
ਉਸ ਇਤਿਹਾਸ ਦੀ
ਜੋ ਮੇਰੇ ਬਾਪ ਦੇ ਧੁੱਪ ਨਾਲ ਲੂਸੇ ਮੌਰਾਂ ਉਤੇ ਉੱਕਰਿਆ ਹੈ
ਜਾਂ ਆਪਣੀ ਮਾਂ ਦੇ ਪੈਰੀਂ ਪਾਟੀਆਂ ਬਿਆਈਆਂ ਦੇ ਭੂਗੋਲ ਦੀ ਹੀ ਗੱਲ ਕਰਾਂਗਾ
ਮੇਰੇ ਤੋਂ ਆਸ ਨਾ ਕਰਿਓ ਕਿ ਮੈਂ ਖੇਤਾਂ ਦਾ ਪੁੱਤ ਹੋ ਕੇ
ਤੁਹਾਡੇ ਚਗਲੇ ਹੋਏ ਸਵਾਦਾਂ ਦੀ ਕੋਈ ਗੱਲਕਰਾਂਗਾ
ਜਿਨ੍ਹਾਂ ਦੇ ਹੜ੍ਹ ’ਚ ਰੂੜ੍ਹ ਜਾਂਦੀ ਹੈ ਸਾਡੇ ਬੱਚਿਆਂ ਦੀ ਤੋਤਲੀ ਕਵਿਤਾ
ਤੇ ਸਾਡੀਆਂ ਧੀਆਂ ਦਾ ਕੰਜਕ ਜਿਹਾ ਹਾਸਾ।

## ਹਰ ਬੋਲ ਤੇ ਮਰਦਾ ਰਹੀਂ

ਜਦੋਂ ਮੈਨ ਜਨਮਿਆ
ਤਾਂ ਜਿਉਣ ਦੀ ਸਹੁੰ ਖਾ ਕੇ ਜੰਮਿਆ
ਤੇ ਹਰ ਵਾਰ ਜਦੋਂ ਮੈਂ ਤਿਲਕ ਕੇ ਡਿੱਗਿਆ,
ਮੇਰੀ ਮਾਂ ਲਾਹਨਤਾਂ ਪਾਉਂਦੀ ਰਹੀ
ਕੋਈ ਸਾਹਿਬਾਂ ਮੇਰੇ ਕਾਇਦੇ ਤੇਗ਼ਲਤ
ਪੜ੍ਹਦੀ ਰਹੀ,
ਅੱਖਰਾਂ ਤੇ ਡੋਲ੍ਹ ਕੇ ਸਿਆਹੀ
ਤਖ਼ਤੀ ਮਿਟਾਉਂਦੀ ਰਹੀ।
ਹਰ ਜਸ਼ਨ ’ਤੇ
ਹਾਰ ਮੇਰੀ ਕਾਮਯਾਬੀ ਦੇ
ਉਸ ਨੂੰ ਪਹਿਨਾਏ ਗਏ
ਮੇਰੀ ਗਲੀ ਦੇ ਮੋੜ ਤੱਕ
ਆ ਕੇ ਉਹ ਮੁੜ ਜਾਂਦੀ ਰਹੀ।
ਮੇਰੀ ਮਾਂ ਦਾ ਵਚਨ ਹੈ
ਹਰ ਬੋਲ ਤੇ ਮਰਦਾ ਰਹੀਂ,
ਤੇਰੇ ਜ਼ਖ਼ਮੀ ਜਿਸਮ ਨੂੰ
ਬੱਕੀ ਬਚਾਉਂਦੀ ਰਹੇਗੀ,
ਜਦ ਵੀ ਮੇਰੇ ਸਿਰ ’ਤੇ
ਕੋਈ ਤਲਵਾਰ ਲਿਸ਼ਕੀ ਹੈ,
ਮੈਂ ਕੇਵਲ ਮੁਸਕਰਾਇਆ ਹਾਂ
ਤੇ ਮੈਨੂੰ ਨੀਂਦ ਆ ਜਾਂਦੀ ਰਹੀ ਹੈ
ਜਦ ਮੇਰੀ ਬੱਕੀ ਨੂੰ,
ਮੇਰੀ ਲਾਸ਼ ਦੇ ਟੁਕੜੇ
ਉਠਾ ਸਕਣ ਦੀ ਸੋਝੀ ਆ ਗਈ,
ਓਦੋਂ ਮੈਂ ਮਿਰਜ਼ਾ ਨਹੀਂ ਰਹਾਂਗਾ।

## ਗੀਤ

ਸੋਨੇ ਦੀ ਸਵੇਰ ਜਦੋਂ ਆਊ ਹਾਣੀਆਂ
ਨੱਚੇਗਾ ਅੰਬਰ ਭੂਮੀ ਗਾਊ ਹਾਣੀਆਂ

ਮਿਹਨਤਾਂ ਦਾ ਮੁੱਲ ਆਪ ਪਾਉਣਾ ਲੋਕਾਂ ਨੇ
ਧਰਤੀ ’ਤੇ ਸੁਰਗ ਬਣਾਉਣਾ ਲੋਕਾਂ ਨੇ
ਇਕੋ ਜਿੰਨੀ ਖੁਸ਼ੀ ਸਾਰਿਆਂ ਦੇ ਜੀਣ ਨੂੰ
ਬਚੇਗਾ ਨਾ ਲੋਟੂ ਕੋਈ ਲਹੂ ਪੀਣ ਨੂੰ
ਸੂਹਾ ਝੰਡਾ ਉੱਚਾ ਲਹਿਰਾਊ ਹਾਣੀਆਂ

ਭੁੱਖਾ ਨੰਗਾ ਸੌਊਂ ਨਾ ਕੋਈ ਫੁੱਟਪਾਥ ’ਤੇ
ਜੀਣ ਦਾ ਸਮਾਨ ਹੋਊ ਸਭ ਵਾਸਤੇ
ਰੋਲ੍ਹੂ ਨਾ ਕੋਈ ਪੈਰੀਂ ਸੱਧਰਾਂ ਕੁਆਰੀਆਂ
ਦਿਲ ’ਤੇ ਗਰੀਬ ਦੇ ਨਾ ਫੇਰੂ ਆਰੀਆਂ
ਡਰੂ ਨਾ ਕੋਈ ਕਿਸੇ ਨੂੰ ਡਰਾਊਂ ਹਾਣੀਆਂ

ਭੁੱਖਾ ਕਿਸੇ ਮਾਂ ਦਾ ਨਾ ਜਵਾਕ ਰੋਊਗਾ
ਸਾਰਿਆਂ ਦੇ ਨਾਲ ਇਨਸਾਫ਼ ਹੋਊਗਾ
ਜੁੱਗਾਂ ਦੇ ਲਤਾੜੇ ਜ਼ਿੰਦਗੀ ’ਚ ਆਉਣਗੇ
ਜਨਤਾ ਦੇ ਦੋਖੀ ਪੂਰੀ ਸਜ਼ਾ ਪਾਉਣਗੇ
ਤਕੜਾ ਨਾ ਮਾੜੇ ਨੂੰ ਸਤਾਊ ਹਾਣੀਆਂ

ਵੈਰ ਭਾਵ ਅਤੇ ਸਾੜੇ ਮੁੱਕ ਜਾਣਗੇ
ਮਜ਼੍ਹਬਾ ਦੇ ਵੱਟਾਂ ਬੰਨ੍ਹੇ ਟੁੱਟ ਜਾਣਗੇ
ਦੁਨੀਆਂ ’ਤੇ ਇਕੋ ਹੀ ਜਮਾਤ ਹੋਵੇਗੀ
ਰੋਜ਼ ਹੀ ਦੀਵਾਲੀ ਵਾਲੀ ਰਾਤ ਹੋਏਗੀ
ਰੱਜ ਰੱਜ ਖਾਣਗੇ ਕਮਾਊ ਹਾਣੀਆਂ

ਸੋਨੇ ਦੀ ਸਵੇਰ ਜਦੋਂ ਆਊ ਹਾਣੀਆ
ਨੱਚੇਗਾ ਅੰਬਰ ਭੂਮੀ ਗਾਊ ਹਾਣੀਆਂ।

# ਫੀਫਾ ਕੱਪ-2014 ਦੀਆਂ ਕਿੱਕਾਂ ਅਤੇ ਉਲੰਪਿਕ-2016 ਦੀਆਂ ਤਿਆਰੀਆਂ ਨੇ ਬ੍ਰਾਜ਼ੀਲ ਵਿੱਚ ਲੱਖਾਂ ਲੋਕਾਂ ਨੂੰ ਕੀਤਾ ਬੇਘਰੇ

**ਕੁਲਦੀਪ**

ਇਸ ਵਾਰ ਸੰਸਾਰ ਧਨ-ਪਸ਼ੂਆਂ ਨੇ ਜਿੱਥੇ ਇੱਕ ਪਾਸੇ ਮੈਸੀ, ਨੇਮਾਰ ਆਦਿ ਫੁੱਟਬਾਲਰਾਂ ਦੇ ਖੇਡ ਜਲਵਿਆਂ ਦਾ ਆਨੰਦ ਮਾਣਦੇ ਹੋਏ ਤੇ ਚੰਗਾ ਧਮੱਚੜ ਪਾਉਂਦੇ ਹੋਏ ਇੱਕ ਮਹੀਨਾ (12 ਜੂਨ-13 ਜੁਲਾਈ) ਬੁੱਲੇ ਲੁੱਟਦਿਆਂ ਲੰਘਾਇਆ ਉੱਥੇ ਬ੍ਰਾਜ਼ੀਲ ਦੇ ਲੱਖਾਂ ਲੋਕ ਜਿਹਨਾਂ ਦੇ ਘਰ ਫੀਫਾ ਦੇ ਖੇਡ ਮੈਦਾਨਾਂ, ਖਿਡਾਰੀਆਂ ਦੀਆਂ ਰਿਹਾਇਸ਼ਾਂ, ਓਲੰਪਿਕ ਪਾਰਕ, ਅਥਲੈਟਿਕਸ ਪਿੰਡ ਜਾਂ ਫੀਫਾ ਤੇ ਸੰਸਾਰ ਓਲੰਪਿਕ 2016 ਦੇ ਵਿਕਾਸ ਕਾਰਜਾਂ ਲਈ ਜ਼ਬਰੀ ਢਾਅ ਦਿੱਤੇ ਗਏ ਉਹ ਸਿਰ ਲੁਕਾਉਣ ਲਈ ਛੱਤ ਲੱਭਣ ਦੇ ਚੱਕਰ 'ਚ ਦਰ-ਦਰ ਭਟਕਣ ਲਈ ਮਜ਼ਬੂਰ ਹੋਏ ਪਰ ਫਿਰ ਵੀ ਬਹੁਤਿਆਂ ਨੂੰ ਫੁੱਟ-ਪਾਥਾਂ 'ਤੇ ਹੀ ਸੌਣ ਲਈ ਤੇ ਦਰ-ਦਰ ਠੋਕਰਾਂ ਖਾਣ ਲਈ ਮਜ਼ਬੂਰ ਹੋਣਾ ਪਿਆ। ਇਹ ਢਾਹੇ ਹੋਏ ਘਰ ਆਮ ਲੋਕਾਂ ਦੇ ਹੀ ਸਨ ਕਿਉਂਕਿ ਸਰਮਾਏਦਾਰਾ ਸਮਾਜ (ਜਿੱਥੇ ਪੈਦਾਵਾਰ ਮੁਨਾਫ਼ਾ ਕੇਂਦਰਤ ਜਾਂ ਮੁੱਠੀ ਭਰ ਲੋਕਾਂ ਦੇ ਹਿੱਤਾਂ ਅਨੁਸਾਰ ਹੁੰਦੀ ਹੈ) ਵਿੱਚ ਹਰ ਮੰਦੀ, ਘਾਟੇ ਜਾਂ ਵਿਹਲੜਾਂ ਦੁਆਰਾ ਸਮਾਜਿਕ ਸਾਧਨਾਂ ਦੇ ਉਡਾਏ ਤੂਸ਼ਕਿਆਂ ਦੀ ਮਾਰ ਹਮੇਸ਼ਾ ਆਮ ਕਿਰਤੀ ਲੋਕਾਂ ਨੂੰ ਹੀ ਝੱਲਣੀ ਪੈਂਦੀ ਹੈ। ਸੋ ਬ੍ਰਾਜ਼ੀਲ ਦੇ ਮਾਮਲੇ ਵਿੱਚ ਵੀ ਇਹੀ ਗੱਲ ਸੱਚ ਹੈ। ਹੁਣ ਥੋੜ੍ਹੀ ਵਿਸਥਾਰ 'ਚ ਇਸ ਗਿਣੇ-ਮਿਥੇ ਤੇ ਜਾਣ-ਬੁੱਝ ਕੇ ਕੀਤੇ ਉਜਾੜੇ ਦੇ ਮਾਮਲੇ 'ਤੇ ਤੱਥਾਂ ਸਹਿਤ ਗੱਲ ਕਰਦੇ ਹਾਂ।

ਬ੍ਰਾਜ਼ੀਲ ਨੂੰ 2014 ਦੇ ਫੀਫਾ ਸੰਸਾਰ ਫੁੱਟਬਾਲ ਕੱਪ (ਜੋ ਲੰਘੀ 12 ਜੂਨ- 13 ਜੁਲਾਈ ਨੂੰ ਖੇਡਿਆ ਜਾ ਚੁੱਕਿਆ ਹੈ) ਅਤੇ 2016 'ਚ ਹੋ ਰਹੀਆਂ ਓਲੰਪਿਕ ਖੇਡਾਂ ਦੀ ਮੇਜ਼ਬਾਨੀ ਵੀ ਮਿਲ਼ੀ ਹੋਈ ਹੈ ਜਿਸਦੀਆਂ ਤਿਆਰੀ ਬਹੁਤ ਪਹਿਲਾਂ ਹੀ ਸ਼ੁਰੂ ਹੋ ਗਈਆਂ ਸਨ ਜਿਹਨਾਂ ਦੌਰਾਨ ਆਧੁਨਿਕ ਸਹੂਲਤਾਂ ਨਾਲ਼ ਲੈਸ ਖੇਡ ਮੈਦਾਨ, ਖਿਡਾਰੀਆਂ ਤੇ ਸੰਸਾਰ ਭਰ ਤੋਂ ਆ ਰਹੇ ਖੇਡ ਪ੍ਰੇਮੀ ਧਨ-ਪੁਸ਼ੂਆਂ ਲਈ ਹੋਟਲ, ਓਲੰਪਿਕ ਪਿੰਡਾਂ ਤੇ ਵਧੀਆ ਤੋਂ ਵਧੀਆ ਰਿਹਾਇਸ਼-ਥਾਵਾਂ, ਪਾਰਕ ਆਦਿ ਸ਼ਾਮਲ ਸਨ। ਹੈਰਾਨੀ ਵਾਲ਼ੀ ਗੱਲ ਉੱਪਰੋਂ ਇਹ ਹੈ ਕਿ ਇਹਨਾਂ ਥਾਵਾਂ ਦੀਆਂ ਉਸਾਰੀਆਂ ਆਮ ਲੋਕਾਂ ਦੇ ਘਰਾਂ ਨੂੰ ਢਾਹ ਕੇ ਕੀਤੀਆਂ ਗਈਆਂ ਜਿਸ ਦੌਰਾਨ ਲੋਕਾਂ ਨੂੰ ਜ਼ਬਰਦਸਤੀ ਬੇਘਰੇ ਕੀਤਾ ਗਿਆ। ਸ਼ੁਰੂ ਵਿੱਚ ਸਰਕਾਰ ਨੇ ਲੋਕਾਂ ਨਾਲ਼ ਵਾਅਦਾ ਕੀਤਾ ਸੀ ਕਿ ਜਿਹੜੇ ਲੋਕਾਂ ਨੂੰ ਉਠਾਇਆ ਜਾਵੇਗਾ ਉਹਨਾਂ ਲਈ ਸਰਕਾਰ ਹੋਰ ਥਾਵਾਂ 'ਤੇ ਘਰਾਂ ਦਾ ਪ੍ਰਬੰਧ ਕਰ ਕੇ ਦੇਵੇਗੀ ਪਰ ਜਦ ਲੋਕਾਂ ਨੂੰ ਉਠਾ ਦਿੱਤਾ ਗਿਆ ਤਾਂ ਸਰਕਾਰ ਬੜੀ ਬੇਸ਼ਰਮੀ ਨਾਲ਼ ਮੁੱਕਰ ਗਈ। ਕੁੱਝ ਇੱਕ ਲੋਕਾਂ ਨੂੰ ਸਰਕਾਰੀ ਏਜੰਟਾਂ ਆਦਿ ਨੂੰ ਕੁੱਝ ਦੇ ਲੈ ਕੇ ਕੁੱਝ ਕੁੱਕੜ-ਖੁੱਡਿਆਂ ਵਰਗੇ ਘਰ ਮਿਲ਼ੇ। ਸਰਕਾਰ ਨੇ ਸ਼ਾਜਿਸ਼ੀ ਢੰਗ ਨਾਲ਼ ਚੁੱਪੀ ਸਾਧਦੇ ਹੋਏ ਪਹਿਲਾਂ ਤਾਂ ਲੋਕਾਂ ਨੂੰ ਕੁੱਝ ਦੱਸਿਆ ਹੀ ਨਾ ਅਤੇ ਫਿਰ ਕੁੱਝ ਦਿਨ ਪਹਿਲਾਂ ਹੀ ਅਚਾਨਕ ਨੋਟਿਸ ਦੇ ਕੇ ਲੋਕਾਂ ਨੂੰ ਘਰ ਖ਼ਾਲੀ ਕਰਨ ਲਈ ਮਜ਼ਬੂਰ ਕੀਤਾ। ਜਦ ਲੋਕਾਂ ਨੂੰ ਸਰਕਾਰ ਦੀ ਇਸ ਨੀਤ ਦਾ ਪਤਾ ਲੱਗਿਆ ਤਾਂ ਲੋਕਾਂ ਨੇ ਸਰਕਾਰ ਦਾ ਵਿਰੋਧ ਕਰਦੇ ਹੋਏ ਘਰ ਖ਼ਾਲੀ ਕਰਨ ਤੋਂ ਮਨ੍ਹਾਂ ਕਰ ਦਿੱਤਾ। ਪਰ ਫਿਰ ਸਰਕਾਰ ਨੇ ਜ਼ਬਰਦਸਤੀ ਲੋਕਾਂ ਨੂੰ ਕੱਢਿਆ ਜਿਸਦੇ ਲਈ ਪੁਲਿਸ ਤੇ ਫ਼ੌਜ ਦੀ ਵੱਡੇ ਪੱਧਰ 'ਤੇ ਵਰਤੋਂ ਕੀਤੀ ਗਈ। ਸਰਕਾਰ ਦੇ ਇਸ ਤਰ੍ਹਾਂ ਦੇ ਰਵੱਈਏ ਨਾਲ਼ ਅਨੇਕਾਂ ਲੋਕ ਸਰੀਰਕ ਤੇ ਮਾਨਸਿਕ ਪ੍ਰੇਸ਼ਾਨੀ ਦੇ ਸ਼ਿਕਾਰ ਹੋਏ।

ਇਸ ਪੂਰੇ ਉਜਾੜੇ ਦੀ ਖੇਡ ਦੌਰਾਨ ਬ੍ਰਾਜ਼ੀਲ ਵਿੱਚ ਅਮੀਰਾਂ ਦੀ ਨੁਮਾਇੰਦਾ ਬ੍ਰਾਜ਼ੀਲ ਦੀ ਸਰਕਾਰ (ਕਿਉਂਕਿ ਸਰਮਾਏਦਾਰੀ ਵਿੱਚ ਸਰਕਾਰ ਹੁੰਦੀ ਹੀ ਸਰਮਾਏਦਾਰਾਂ ਦੀ ਮਨੇਜਿੰਗ ਕਮੇਟੀ ਹੈ) ਨੇ ਸੰਸਾਰ ਦੇ ਕੁੱਝ ਮੁੱਠੀਭਰ ਧਨ-ਪਸ਼ੂਆਂ ਦੇ ਸ਼ੌਂਕ ਪੂਰਨ ਲਈ ਲਗਪਗ 2,50,000 ਲੋਕਾਂ ਨੂੰ ਬੇਘਰੇ ਕੀਤਾ। ਇਹ ਅੰਕੜੇ ਵੀ ਮੀਡੀਏ ਦੁਆਰਾ ਹੀ ਅਨੁਮਾਨੇ ਗਏ ਹਨ ਪਰ ਅਸਲ ਗਿਣਤੀ ਤਾਂ ਉਸ ਤੋਂ ਵੀ ਵੱਧ ਹੋ ਦੀ ਸੰਭਾਵਨਾ ਹੈ। ਕਿਉਂਕਿ ਕੁੱਝ ਸਮਾਜਿਕ ਕਾਰਕੁਨਾਂ ਦੁਆਰਾ ਪੇਸ਼ ਅੰਕੜੇ ਇਹ ਗਿਣਤੀ ਵੱਧ ਦੱਸ ਰਹੇ ਹਨ। ਲੋਕਾਂ ਨੂੰ ਉਜਾੜਣ ਲਈ ਸਰਕਾਰ ਨੇ ਬਲ ਦੀ ਵੀ ਵਰਤੋਂ ਕੀਤੀ। ਅਰੀਨਾ ਪਰਨਮਬੋਕੋ ਸਟੇਡੀਅਮ ਜਿੱਥੇ ਜਰਮਨੀ, ਇਟਲੀ, ਮੈਕਸੀਕੋ, ਜਪਾਨ ਤੇ ਯੂਐਸਏ ਦੀਆਂ ਟੀਮਾਂ ਖੇਡ ਰਹੀਆਂ ਸਨ ਉੱਥੇ 117 ਪਰਿਵਾਰ ਸਟੇਡੀਅਮ ਦੇ ਓਟ 'ਚ ਰਾਤ ਕੱਟਦੇ ਸਨ ਜਿੱਥੇ ਬਹੁਤੀ ਵਾਰ ਸਕਿਊਰਿਟੀ ਵਾਲ਼ਿਆਂ ਵੱਲੋਂ ਉਹਨਾਂ ਨੂੰ ਅੱਧੀ ਰਾਤ ਨੂੰ ਉਠਾ ਦਿੱਤਾ ਜਾਂਦਾ ਸੀ। ਜਦ ਲੋਕਾਂ ਨੂੰ ਸਮਝ ਨਹੀਂ ਸੀ ਆਉਂਦੀ ਕਿ ਹੁਣ ਕਿੱਥੇ ਜਾਇਆ ਜਾਵੇ।

ਲੋਕਾਂ ਨੇ ਦੱਸਿਆ ਕਿ 2011 'ਚ (ਜਦ ਫੀਫਾ ਕੱਪ ਦੀਆਂ ਤਿਆਰੀਆਂ ਚੱਲ ਰਹੀਆਂ ਸਨ) ਸਰਕਾਰ ਨੇ ਬਸ 5 ਦਿਨ ਪਹਿਲਾਂ ਲੋਕਾਂ ਨੂੰ ਉੱਠਣ ਲਈ ਨੋਟਿਸ ਦਿੱਤਾ 'ਤੇ ਫਿਰ ਜ਼ਬਰਦਸਤੀ ਉੱਠਣ ਲਈ ਮਜ਼ਬੂਰ ਕੀਤਾ। ਲੋਕਾਂ ਕੋਲ਼ ਜਾਣ ਲਈ ਕੋਈ ਥਾਂ ਨਹੀਂ ਸੀ। ਬ੍ਰਾਜ਼ੀਲ ਦੇ ਇੱਕ ਸ਼ਹਿਰੀ ਕਨੂੰਨ ਅਦਾਰੇ ਦੇ ਐਗਜ਼ੀਕਿਉਟਿਵ ਸੈਕਟਰੀ, ਹੈਨਰੀਕੁ ਫਰੋਟਾ ਨੇ ਦੱਸਿਆ, ਬ੍ਰਾਜ਼ੀਲ ਕੋਲ਼ ਬਹੁਤ ਉੱਨਤ ਸ਼ਹਿਰੀ ਨੀਤੀਆਂ ਹਨੜ ਪਰ ਫੀਫਾ ਵਰਲਡ ਕੱਪ ਦੇ ਮੇਜ਼ਬਾਨ ਸ਼ਹਿਰਾਂ ਵਿੱਚ ਬੇਦਖਲੀ ਵੇਲੇ ਜ਼ਬਰਦਸਤੀ ਹੋਈ।

ਇੱਕ ਅਮਰੀਕੀ ਪੱਤਰਕਾਰ ਨੇ ਕਿਹਾ, ਘਰ ਦੇ ਹੱਕ ਸਬੰਧੀ ਕੌਮਾਂਤਰੀ ਨਿਯਮਾਂ ਅਨੁਸਾਰ ਜਦੋਂ ਬੇਦਖਲੀ ਹੋਵੇ ਤਾਂ ਬੇਦਖਲੀ ਦੇ ਸ਼ਿਕਾਰ ਲੋਕਾਂ ਦੀ ਮੁੜ-ਵਸੇਵੇਂ ਵਾਲ਼ੀ ਥਾਂ ਦੀਆਂ ਹਾਲਤਾਂ ਚੰਗੀਆਂ ਜਾਂ ਘੱਟੋ-ਘੱਟ ਉਸ ਵਰਗੀਆਂ ਤਾਂ ਹੋਣ ਜਿੱਥੋਂ ਉਹਨੂੰ ਉਠਾਇਆ ਗਿਆ ਸੀ ਪਰ ਬ੍ਰਾਜ਼ੀਲ ਵਿੱਚ ਸਥਿਤੀਆਂ ਪੂਰੀ ਤਰ੍ਹਾਂ ਉਲਟ ਹਨ। ਕੁੱਝ ਹੋਰ ਲੋਕਾਂ ਨੇ ਮੀਡੀਆ ਨੂੰ ਦੱਸਿਆ ਕਿ ਅਸੀਂ ਸਰਕਾਰੀ ਤੇ ਪ੍ਰਾਇਵੇਟ ਏਜੰਟਾਂ (ਇਹਨਾਂ ਏਜੰਟਾਂ ਨੇ ਭੋਲ਼ੇ-ਭਾਲ਼ੇ ਲੋਕਾਂ ਨੂੰ ਘਰ ਦਵਾਉਣ ਦੇ ਬਹਾਨੇ ਲੋਕਾਂ ਤੋਂ ਬਹੁਤ ਪੈਸੇ ਲੁੱਟੇ) ਦੁਆਰਾ ਸਰੀਰਕ ਤੇ ਮਾਨਸਿਕ ਧੋਖਾਧੜੀ ਦੇ ਸ਼ਿਕਾਰ ਹੋਏ।

ਇੱਕ ਹੋਰ ਬਜ਼ੁਰਗ ਔਰਤ ਮਾਰਲੀ, ਜਿਸਦਾ ਘਰ ਬੇਦਖਲੀ ਸਮੇਂ ਢਾਇਆ ਗਿਆ, ਇੱਕ ਅਖ਼ਬਾਰ ਦੇ ਪੱਤਰਕਾਰ ਨੂੰ ਦੱਸਦੀ ਹੈ, ਅਸੀਂ ਸੰਸਾਰ ਫੀਫਾ ਫੁੱਟਬਾਲ ਕੱਪ ਨੂੰ ਨਹੀਂ ਮਾਣ ਸਕੇ ਕਿਉਂਕਿ ਉਹ ਲੱਖਾਂ ਗ਼ਰੀਬ ਲੋਕਾਂ ਦੀਆਂ ਜ਼ਿੰਦਗੀਆਂ ਦਾ ਨੁਕਸਾਨ ਕਰਨ ਆਇਆ ਸੀ। ਮੈਂ 27 ਸਾਲ ਹਸਪਤਾਲ ਵਿੱਚ ਮਜ਼ਦੂਰੀ ਕਰਕੇ ਤੇ ਫਾਕੇ ਕੱਟ ਕੇ ਬੜੀ ਮੁਸ਼ਕਿਲ ਨਾਲ਼ ਘਰ ਬਣਾਇਆ ਸੀ, ਇਸਨੂੰ ਤਬਾਹ ਹੁੰਦਿਆਂ ਦੇਖ ਮੇਰਾ ਕਾਲਜਾ ਵਲੂੰਧਰਿਆ ਗਿਆ।

ਅਜਿਹੇ ਹੀ ਸੈਂਕੜੇ ਤੱਥ ਹਨ ਜੋ ਬ੍ਰਾਜ਼ੀਲ ਦੇ ਆਮ ਕਿਰਤੀ ਲੋਕਾਂ ਦੇ ਵਸਦੇ-ਰਸਦੇ ਘਰਾਂ ਦੇ ਉਜਾੜੇ ਦੀ ਕਹਾਣੀ ਬਿਆਨ ਕਰਦੇ ਹਨ। ਬ੍ਰਾਜ਼ੀਲ ਸਰਕਾਰ ਦੁਆਰਾ ਕੀਤੀ ਗਈ ਜ਼ਬਰਨ ਬੇਦਖਲੀ ਦੌਰਾਨ ਬ੍ਰਾਜ਼ੀਲ ਵਿੱਚ ਲਗਪਗ 2,50,000 ਲੋਕ ਬੇਘਰ ਹੋਏ ਹਨ। ਜਿਸ ਦੌਰਾਨ ਬ੍ਰਾਜ਼ੀਲ ਦੀ ਰਾਜਧਾਨੀ ਬ੍ਰਾਜ਼ੀਲੀਆ ਵਿੱਚ 2000, ਰਿਓ ਡੇ ਜਨੇਰਿਓ ਵਿਖੇ 38,297, ਸਾਓ ਪਾਓਲੋ ਵਿਖੇ 89,200 ਬੇਲੋ ਹੋਰੀਜ਼ੋਨਟੇ ਵਿਖੇ 14,000, ਪੋਰਟੋ ਐਲੀਜ਼ਰੇ ਵਿਖੇ 32,000, ਸਲਵਾਡੋਰ ਵਿਖੇ 24,000, ਫੋਰਟਾਲਾਜ਼ਾ ਵਿਖੇ 20,000 ਅਤੇ ਇਹਨਾਂ ਤੋਂ ਬਿਨਾਂ ਹੋਰ ਅਨੇਕਾਂ ਸ਼ਹਿਰਾਂ ਵਿੱਚ ਵੱਡੀ ਪੱਧਰ 'ਤੇ ਲੋਕਾਂ ਨੂੰ ਬੇਘਰੇ ਕੀਤਾ ਗਿਆ। ਸਰਕਾਰ ਉਜਾੜੇ ਦੇ ਅੰਕੜੇ ਨਾ-ਮਾਤਰ ਹੀ ਦੱਸਦੀ ਹੈ ਪਰ ਬ੍ਰਜ਼ੀਲ ਵਿਖੇ ਸਰਗਰਮ ਸਮਾਜ-ਸੇਵੀ ਸੰਸਥਾਵਾਂ ਦੁਆਰਾ ਸਰਵੇਖਣ ਰਾਹੀਂ ਹਾਲ ਹੀ ਵਿੱਚ ਨਸ਼ਰ ਕੀਤੇ ਗਏ ਅੰਕੜਿਆਂ ਨਾਲ਼ ਅਸਲ ਸਥਿਤੀ ਸਮਝ ਪੈਂਦੀ ਹੈ ਜੋ ਬਹੁਤ ਗੰਭੀਰ ਹੈ।

ਬ੍ਰਾਜ਼ੀਲ ਨੇ ਇਕੱਲੇ ਹੀ ਫੀਫਾ ਕੱਪ 'ਤੇ ਹੀ ਲਗਪਗ 50 ਅਰਬ ਡਾਲਰ ਦੀ ਵੱਡੀ ਰਕਮ ਖ਼ਰਚ ਕੀਤੀ ਹੈ। ਜਦਕਿ 2013 ਦੌਰਾਨ ਬ੍ਰਜ਼ੀਲ ਨੇ ਸਿਹਤ ਤੇ ਸਿੱਖਿਆ 'ਤੇ ਕੇਵਲ 40 ਅਰਬ ਡਾਲਰ ਹੀ ਖਰਚਿਆ ਸੀ ਜੋ ਕਿ ਬ੍ਰਾਜ਼ੀਲ ਵਰਗੇ ਵੱਡੇ ਮੁਲਕ ਦੇ ਲੋਕਾਂ ਲਈ ਬਹੁਤ ਹੀ ਨਿਗੂਣੀ ਜਿਹੀ ਰਕਮ ਬਣਦੀ ਹੈ। ਬ੍ਰਾਜ਼ੀਲ ਵਿੱਚ ਗ਼ਰੀਬੀ, ਬੇਰੁਜ਼ਗਾਰੀ, ਸਿਹਤ ਸਬੰਧੀ ਸਮੱਸਿਆਵਾਂ ਆਦਿ ਭਿਅੰਕਰ ਹਨ ਪਰ ਸਰਕਾਰ ਨੇ ਆਮ ਲੋਕਾਂ ਤੋਂ ਮੂੰਹ ਫੇਰ ਕੇ ਬੜੀ ਬੇਸ਼ਰਮੀ ਨਾਲ਼ ਆਪਣੇ ਚਹੇਤਿਆਂ ਨੂੰ ਸੰਸਾਰ ਵਰਲਡ ਕੱਪ ਦੇ ਦਰਸ਼ਨ ਕਰਵਾਏ ਭਾਵੇਂ ਉਹਦੇ ਲਈ ਬ੍ਰਾਜ਼ੀਲ ਸਰਕਾਰ ਨੂੰ ਲੱਖਾਂ ਆਮ ਲੋਕਾਂ ਨੂੰ ਬੇਘਰੇ ਕਿਉਂ ਨਾ ਕਰਨਾ ਪਿਆ। ਇਸੇ ਕਰਕੇ ਹੀ ਆਮ ਲੋਕਾਂ ਵੱਲੋਂ ਆਲਮੀ ਕੱਪ ਦੇ ਵਿਰੋਧ ਵਿੱਚ ਵੱਡੇ-ਵੱਡੇ ਮੁਜ਼ਾਹਰੇ ਹੋਏ। ਜਿਹਨਾਂ ਵੀ ਸ਼ਹਿਰਾਂ ਵਿੱਚ ਫੁੱਟਬਾਲ ਦੇ ਮੈਚ ਖੇਡੇ ਜਾਣੇ ਸਨ ਉਹਨਾਂ ਵਿੱਚ ਹੀ ਵਿਰੋਧ ਹੋਏ। ਬ੍ਰਾਜ਼ੀਲ ਦੀ ਰਾਜਧਾਨੀ ਬ੍ਰਜ਼ੀਲਿਆ, ਰਿਓ ਡੇ ਜਨੇਰਿਓ, ਸਾਓ ਪਾਓਲੋ, ਬੇਲੋ ਹੋਰੀਜ਼ੋਨਟੇ, ਪੋਰਟੋ ਐਲੀਜ਼ਰੇ ਆਦਿ ਸ਼ਹਿਰਾਂ ਵਿੱਚ ਫੀਫਾ-ਫੁੱਟਬਾਲ ਕੱਪ ਵਿਰੋਧੀ ਮੁਜਾਹਰਿਆਂ ਵਿੱਚ ਹਜ਼ਾਰਾਂ ਲੋਕਾਂ ਨੇ ਭਾਗ ਲਿਆ। ਸਾਓ ਪਾਓਲੋ ਦੇ ਕੋਰੀਥਿਅਨ ਸਟੇਡੀਅਮ ਦੇ ਬਾਹਰ ਮੈਚ ਖੇਡੇ ਜਾਣ ਤੋਂ ਇੱਕ ਦਿਨ ਪਹਿਲਾਂ 10,000 ਲੋਕਾਂ ਨੇ ਵੱਡਾ ਵਿਰੋਧ-ਪ੍ਰਦਰਸ਼ਨ ਕੀਤਾ। ਇਸ ਕਰਕੇ ਪੁਲਿਸ ਤੇ ਫ਼ੌਜ ਨਾਲ਼ ਲੋਕਾਂ ਦੀਆਂ ਝੜਪਾਂ ਹੋਈਆਂ ਅਤੇ ਸੈਂਕੜੇ ਲੋਕ ਜਖ਼ਮੀ ਹੋਏ। ਇਸ ਤੋਂ ਬਿਨਾਂ ਸਰਕਾਰ ਨੇ ਲੋਕ ਰੋਹ ਨੂੰ ਦਬਾਉਣ ਲਈ ਸੈਂਕੜੇ ਪੁਲਿਸ ਤੇ ਫ਼ੌਜੀ ਮੁਲਾਜ਼ਮ ਤੈਨਾਤ ਕੀਤੇ ਅਤੇ ਉਹਨਾਂ ਦੀ ਸਿਖਲਾਈ ਤੇ ਹਥਿਆਰ ਮੁਹੱਈਆ ਕਰਵਾਉਣ 'ਤੇ ਹੀ 1 ਬਿਲੀਅਨ ਡਾਲਰ ਖਰਚ ਕੀਤੇ। ਥਾਂ-ਥਾਂ 'ਫੀਫਾ ਵਾਪਸ ਜਾਓ', 'ਭ੍ਰਿਸ਼ਟਾਚਾਰ ਦਾ ਵਰਲਡ ਕੱਪ', 'ਸਾਨੂੰ ਰੋਟੀ ਚਾਹੀਦੀ ਹੈ ਫੁੱਟਬਾਲ ਨਹੀਂ' ਆਦਿ ਨਾਅਰੇ ਲਿਖੇ ਹੋਏ ਦਿਸਦੇ ਸਨ।

ਇਸ ਤੋਂ ਬਿਨਾਂ ਫੀਫਾ-ਫੁੱਟਬਾਲ ਕੱਪ-2014 ਅਤੇ 2016 ਵਿੱਚ ਹੋਣ ਜਾ ਰਹੀਆਂ ਉਲੰਪਿਕ ਖੇਡਾਂ ਦੀਆਂ ਤਿਆਰੀਆਂ ਦੌਰਾਨ ਹੁਣ ਤੱਕ ਬ੍ਰਾਜ਼ੀਲ ਵਿੱਚ ਵੱਖ-ਵੱਖ ਦੁਰਘਟਨਾਵਾਂ ਦੌਰਾਨ 9 ਮਜ਼ਦੂਰਾਂ ਦੀ ਮੌਤ ਹੋ ਚੁੱਕੀ ਹੈ ਜਦਕਿ ਸੈਂਕੜੇ ਜਖ਼ਮੀ ਹੋ ਚੁੱਕੇ ਹਨ।

ਦੂਜਾ ਉਲੰਪਿਕ ਖੇਡਾਂ ਜਾਂ ਫੀਫਾ ਕੱਪ ਦੌਰਾਨ ਹੋਏ ਲੋਕਾਂ ਦੇ ਉਜਾੜੇ ਜਾਂ ਮਜ਼ਦੂਰਾਂ ਦੀਆਂ ਮੌਤਾਂ ਦੀ ਕਹਾਣੀ ਕੋਈ ਨਵੀਂ ਨਹੀਂ ਹੈ ਸਗੋਂ ਪਿਛਲੀਆਂ ਉਲੰਪਿਕ ਖੇਡਾਂ ਵਿੱਚ ਵੀ ਆਮ ਲੋਕਾਂ ਨੂੰ ਉਜਾੜੇ ਦਾ ਸੰਤਾਪ ਹੰਢਾਉਣਾ ਪਿਆ। ਐਟਲਾਂਟਾ ਉਲੰਪਿਕ (1996) ਦੌਰਾਨ 30,000 ਲੋਕ ਬੇਘਰੇ ਹੋਏ, ਬੀਜਿੰਗ ਉਲੰਪਿਕ (2008) ਦੀਆਂ ਤਿਆਰੀ ਨੇ 15 ਲੱਖ ਲੋਕਾਂ ਨੂੰ ਬੇਘਰੇ ਕੀਤਾ ਸੀ ਅਤੇ ਇਸੇ ਤਰ੍ਹਾਂ ਹੀ ਏਥਨ ਉਲੰਪਿਕ ਹਜ਼ਾਰਾਂ ਲੋਕਾਂ ਦੇ ਉਜਾੜੇ ਦਾ ਕਾਰਨ ਬਣਿਆ ਸੀ।

ਇਸ ਸਮੱਸਿਆ ਨੂੰ ਸਮਝਣ ਲਈ – ਕਿ ਕਿਉਂ ਲੱਖਾਂ ਲੋਕਾਂ ਨੂੰ ਇਸ ਲਈ ਬੇਘਰੇ ਕਰ ਦਿੱਤਾ ਜਾਂਦਾ ਹੈ ਕਿ ਕੁੱਝ ਪਿਲਪਿਲੇ ਢਿੱਡਾਂ ਵਾਲ਼ੀਆਂ ਲੋਥਾਂ ਆਪਣੇ ਕਿਰਾਏ ਦੇ ਬਾਂਦਰਾਂ ਦਾ ਨਾਚ ਦੇਖ ਕੇ ਮਨੋਰੰਜਨ ਕਰ ਸਕਣ ਸਾਨੂੰ ਸਮਾਜਿਕ ਸਬੰਧਾਂ ਤੇ ਸਮਾਜ ਦੇ ਜਮਾਤੀ ਖਾਸੇ ਨੂੰ ਸਮਝਣਾ ਪਵੇਗਾ। ਕਿਸੇ ਵੀ ਜਮਾਤੀ ਸਮਾਜ, ਜਿਸ ਵਿੱਚ ਜ਼ਿਆਦਾਤਰ ਪਦਾਰਥਕ ਪੈਦਾਵਾਰ ਸਮੂਹਿਕਤਾ ਤੇ ਲੋਕ-ਹਿੱਤ ਨੂੰ ਧਿਆਨ 'ਚ ਰੱਖ ਕੇ ਹੋਣ ਦੀ ਬਜਾਏ ਕੁੱਝ ਮੁੱਠੀ ਭਰ ਲੋਕਾਂ ਦੀਆਂ ਲੋੜਾਂ ਤੇ ਨਿੱਜੀ ਮੁਨਾਫ਼ਿਆਂ ਨੂੰ ਧਿਆਨ 'ਚ ਰੱਖ ਕੇ ਹੁੰਦੀ ਹੈ ਤਾਂ ਅਜਿਹੇ ਸਮਾਜਾਂ ਵਿੱਚ ਬੌਧਿਕ ਪੈਦਾਵਾਰ ਵੀ ਮੁੱਖ ਤੌਰ 'ਤੇ ਉਹਨਾਂ ਹੀ ਮੁੱਠੀ ਭਰ ਲੋਕਾਂ ਦੇ ਹਿੱਤਾਂ ਦੇ ਅਨੁਸਾਰੀ ਹੁੰਦੀ ਹੈ। ਇਹ ਗੱਲ ਸਰਮਾਏਦਾਰਾ ਸਮਾਜ ਬਾਰੇ ਤਾਂ ਹੋਰ ਵੀ ਸੱਚ ਹੈ ਜਿੱਥੇ ਪੈਦਾਵਾਰ ਹੁੰਦੀ ਹੀ ਮੁਨਾਫ਼ੇ ਲਈ ਹੈ। ਜਿੱਥੇ ਪਦਾਰਥਕ ਪੈਦਾਵਾਰਾਂ ਦੇ ਨਾਲ਼ ਬੌਧਿਕ ਪੈਦਾਵਾਰਾਂ ਵੀ ਸੁਚੇਤ ਜਾਂ ਅਚੇਤ ਰੂਪ 'ਚ ਮੰਡੀ ਦੇ ਮਤਹਿਤ ਹੁੰਦੀਆਂ ਹਨ। ਠੋਸ ਜਿਣਸਾਂ ਦੇ ਨਾਲ਼-ਨਾਲ਼ ਜਿੱਥੇ ਸੱਚ, ਝੂਠ, ਨੈਤਿਕਤਾ ਆਦਿ ਕਦਰਾਂ ਤੇ ਪਿਆਰ, ਹਮਦਰਦੀ, ਸਦਭਾਵਨਾ ਵਰਗੇ ਮਨੁੱਖੀ ਜਜ਼ਬੇ ਵੀ ਮੁਨਾਫ਼ੇ ਦੀ ਤੱਕੜੀ 'ਤੇ ਤੋਲੇ ਜਾਂਦੇ ਹਨ। ਜਿੱਥੇ ਮੁੱਠੀ ਭਰ ਲੋਕਾਂ ਦੀ ਅੱਯਾਸ਼ੀ ਤੇ ਫਜ਼ੂਲ- ਖਰਚੀ ਲਈ ਬਹੁ-ਗਿਣਤੀ ਲੋਕਾਂ ਨੂੰ ਫਾਕੇ ਕੱਟਣੇ ਪੈਂਦੇ ਹਨ, ਬੇਘਰੇ ਹੋਣਾ ਪੈਂਦਾ ਹੈ ਆਦਿ। ਜਿੱਥੇ ਲੋਕ ਚੀਜ਼ਾਂ ਦੀ ਬਹੁਤਾਤ ਦੇ ਹੁੰਦੇ ਭੁੱਖੇ ਮਰਦੇ ਹਨ। ਤਾਂ ਅਜਿਹੇ ਸਮਾਜ ਵਿੱਚ ਇਸ ਸਮੱਸਿਆ ਨੂੰ ਸਮਝਣ ਲਈ – ਕਿ ਕੁੱਝ ਥੋੜ੍ਹੇ ਲੋਕਾਂ ਦੁਆਰਾ ਆਪਣੇ ਭੇਡੂ ਭਿੜਾਉਣ ਲਈ ਲੋਕਾਂ ਦੇ ਘਰ ਕਿਉਂ ਢਾਅ ਦਿੱਤੇ ਹਨ ਸਾਨੂੰ ਖੇਡਾਂ ਨੂੰ ਸਮਾਜਿਕ-ਆਰਥਿਕ ਸਬੰਧਾਂ ਨਾਲ਼ ਜੋੜ ਕੇ ਦੇਖਣਾ ਪਵੇਗਾ। ਅਜੋਕੇ ਸਮਾਜ ਵਿੱਚ ਕਿਰਤ ਤੇ ਸਰਮਾਏ ਦਾ ਸਬੰਧ ਮੁੱਖ ਹੈ। ਭਾਵ ਜਿੱਥੇ ਇੱਕ ਪਾਸੇ ਤਾਂ ਲੋਕਾਂ ਦੀ ਵੱਡੀ ਬਹੁ-ਗਿਣਤੀ ਨੂੰ ਦੋ ਡੰਗ ਦੀ ਰੋਟੀ ਦੇ ਚੱਕਰਾਂ ਤੋਂ ਹੀ ਵਿਹਲ ਨਹੀਂ ਮਿਲ਼ਦੀ ਉੱਥੇ ਦੂਜੇ ਪਾਸੇ ਉਹਨਾਂ ਹੀ ਲੋਕਾਂ ਦੀ ਕਮਾਈ 'ਤੇ ਜਿਉਣ ਵਾਲ਼ਾ ਤੇ ਪੈਦਾਵਾਰੀ ਪ੍ਰਕਿਰਿਆ ਤੋਂ ਕੱਟਿਆ ਹੋਇਆ ਇੱਕ ਹਿੱਸਾ ਇਸ ਪ੍ਰਬੰਧ ਨੇ ਬਿਲਕੁਲ ਵਿਹਲਾ ਕਰ ਹੈ ਜਿਹਦੇ ਲਈ ਲਈ ਵੱਡੀ ਸਮੱਸਿਆ ਟਾਇਮ-ਪਾਸ ਕਰਨ ਦੀ ਹੁੰਦੀ ਹੈ। ਤਾਂ ਉਹਦੇ ਟਾਇਮ ਪਾਸ ਤੇ ਮਨੋਰੰਜਨ ਲਈ ਮੰਡੀ 'ਚ ਇੱਕ ਮੰਗ ਪੈਦਾ ਹੁੰਦੀ ਹੈ। ਜਿਸਦੇ ਤਹਿਤ ਫਿਲਮਾਂ, ਖੇਡਾਂ, ਕਲਾ, ਸਾਹਿਤ,



ਸੰਗੀਤ ਦੀ ਇੱਕ ਮੰਡੀ ਪੈਦਾ ਹੁੰਦੀ ਹੈ। ਭਾਵੇਂ ਕਿ ਇਹਨਾਂ ਸਭਨਾਂ ਦਾ ਮਨੁੱਖੀ ਜੀਵਨ ਵਿੱਚ ਉਸਾਰੂ ਯੋਗਦਾਨ ਹੁੰਦਾ ਹੈ ਤੇ ਇਹਨਾਂ ਦਾ ਮਨੁੱਖ ਦੇ ਬੌਧਿਕ ਵਿਕਾਸ ਵਿੱਚ ਮਹੱਤਵਪੂਰਨ ਯੋਗਦਾਨ ਰਿਹਾ ਹੈ। ਪਰ ਅਜੋਕੇ ਸਰਮਾਏਦਾਰਾ ਸਮਾਜ ਵਿੱਚ ਇਹ ਸਭ ਚੀਜ਼ਾਂ ਮੰਡੀ ਦੇ ਅਧੀਨ ਆ ਜਾਂਦੀਆਂ ਹਨ ਅਤੇ ਜਿਹਨਾਂ ਦਾ ਪ੍ਰਚਲਨ ਵੀ ਉਹਨਾਂ ਕੁੱਝ ਸੀਮਿਤ ਘੇਰਿਆਂ ਦੇ ਅੰਦਰ ਰਹਿੰਦਾ ਹੈ ਜਿਹਨਾਂ ਕੋਲ਼ ਪੈਸਾ ਅਤੇ ਸਮਾਂ ਹੁੰਦਾ ਹੈ। ਜਦ ਕਿ ਇਹ ਸਭ ਦੌਲਤ ਸਾਂਝੀ ਮਨੁੱਖੀ ਮਿਹਨਤ ਦੀ ਪੈਦਾਵਾਰ ਹੈ। ਤਾਂ ਅਜੋਕੇ ਪ੍ਰਬੰਧ ਵਿੱਚ ਖੇਡਾਂ ਤੇ ਇਸ ਨਾਲ਼ ਜੁੜੀ ਉਜਾੜੇ ਦੀ ਸਮੱਸਿਆ ਨੂੰ ਵੀ ਇਸੇ ਸੰਦਰਭ ਵਿੱਚ ਸਮਝਿਆ ਜਾ ਸਕਦਾ ਹੈ ਕਿ ਕਿਵੇਂ ਅਜੋਕੇ ਦੌਰ ਵਿੱਚ ਖੇਡਾਂ ਅਜਿਹੇ ਵਿਹਲੜ ਲੋਕਾਂ ਦੇ ਟਾਇਮ-ਪਾਸ ਦਾ ਵਸੀਲਾ ਮਾਤਰ ਬਣਦੀਆਂ ਜਾ ਰਹੀਆਂ ਹਨ ਅਤੇ ਜਿਵੇਂ-2 ਜਮਾਤੀ ਧਰੁਵੀਕਰਨ ਤਿੱਖ਼ਾ ਹੋ ਰਿਹਾ ਹੈ ਇਹਨਾਂ ਵਿੱਚ ਆਮ ਲੋਕ ਗ਼ੈਰ-ਹਾਜਰ ਹੁੰਦੇ ਜਾ ਰਹੇ ਹਨ ਭਾਵੇਂ ਕਿ ਇਹ ਖੇਡ ਕਿਰਿਆਵਾਂ ਦਾ ਸਾਰਾ ਸਾਜੋ-ਸਮਾਜ ਕਿਰਤੀ ਲੋਕ ਬਣਾਉਂਦੇ ਹਨ। ਪਰ ਇਸ ਗੱਲ ਦਾ ਮਤਲਬ ਮਨੁੱਖੀ ਜੀਵਨ ਵਿੱਚੋਂ ਖੇਡਾਂ ਦੇ ਮਹੱਤਵ ਨੂੰ ਖਾਰਜ ਕਰਨਾ ਨਹੀਂ ਹੈ। ਸਗੋਂ ਖੇਡਾਂ ਮਨੁੱਖ ਦੇ ਸਰੀਰਕ ਤੇ ਮਾਨਸਿਕ ਵਿਕਾਸ ਲਈ ਬਹੁਤ ਹੀ ਮਹੱਤਵਪੂਰਨ ਤੇ ਲਾਜ਼ਮੀ ਹਨ। ਪਰ ਜਮਾਤੀ ਸਮਾਜਾਂ ਵਿੱਚ ਖੇਡਾਂ ਵਰਗੀਆਂ ਕਿਰਆਵਾਂ ’ਚ ਹਿੱਸਾ ਕੁੱਝ ਖ਼ਾਸ ਵਰਗ ਦੇ ਲੋਕ ਹੀ ਲੈ ਸਕਦੇ ਹਨ। ਜਿਵੇਂ ਗ਼ੁਲਾਮਦਾਰੀ ਵਿੱਚ ਖੇਡ ਕਿਰਿਆਵਾਂ (ਜਿਹਨਾਂ ਵਿੱਚ ਮਨੁੱਖ ਨੂੰ ਮਨੁੱਖਾਂ ਨਾਲ਼ ਖ਼ੂਨੀ ਲੜਾਈ ਲੜਾਉਣ ਵਾਲ਼ੀਆਂ ਅਣਮਨੁੱਖੀ ਖੇਡਾਂ ਤੱਕ ਸ਼ਾਮਲ ਸਨ) ਦਾ ਆਨੰਦ ਗ਼ੁਲਾਮਾਂ ਦੇ ਮਾਲਕ ਹੀ ਮਾਣਦੇ ਸਨ, ਜਗੀਰਦਾਰੀ ਵਿੱਚ ਹਰ ਮਨੁੱਖੀ ਮਨੋਰੰਜਨ ਦੀ ਕਿਰਿਆ ਰਾਜਿਆਂ ਦੇ ਮਹਿਲਾਂ ਦੀ ਚਾਰਦਵਾਰੀ ’ਚ ਕੈਦ ਸੀ। ਸਰਮਾਏਦਾਰਾ ਸਮਾਜ ਦਾ ਮਨੁੱਖੀ ਇਤਿਹਾਸ ਵਿੱਚ ਇੱਕ ਅਗਾਂਹਵਧੂ ਪੱਖ ਤਾਂ ਇਹ ਹੈ ਕਿ ਮਨੋਰੰਜਨ, ਕਲਾ-ਸਾਹਿਤ, ਖੇਡਾਂ, ਗੀਤ-ਸੰਗੀਤ ਆਦਿ ਨੂੰ ਮਹਿਲਾਂ ਦੀ ਚਾਰਦੀਵਾਰੀ ’ਚੋਂ ਕੱਢ ਕੇ ਆਮ ਲੋਕਾਂ ਵਿੱਚ ਫੈਲਾਇਆ ਅਤੇ ਮਕਬੂਲ ਬਣਾਇਆ ਤੇ ਸਿਧਾਂਤਕ ਤੌਰ ’ਤੇ ਅਜ਼ਾਦੀ, ਬਰਾਬਰੀ ਦੀ ਗੱਲ ਕੀਤੀ। ਪਰ ਜਿਵੇਂ ਇਤਿਹਾਸ ਦੀ ਗਤੀ ਅੱਗੇ ਵਧੀ ਇਹ ਵੀ ਸਪੱਸ਼ਟ ਹੋਇਆ ਕਿ ਅਸਲੀਅਤ ਦੇ ਪੱਧਰ ’ਤੇ ਇਹ ਅਜ਼ਾਦੀ, ਬਰਾਬਰੀਆਂ ਕੁੱਝ ਖ਼ਾਸ ਜਮਾਤ ਦੇ ਲੋਕਾਂ ਲਈ ਹੀ ਹਨ। ਇਸੇ ਲਈ ਕਲਾ, ਸਾਹਿਤ, ਮਨੋਰੰਜਨ ਆਦਿ ਵੀ ਇਹਨਾਂ ਲੋਕਾਂ ਤੱਕ ਸੀਮਿਤ ਹੁੰਦੇ ਜਾ ਰਹੇ ਹਨ ਅਤੇ ਪੈਦਾਵਾਰੀ ਕੰਮਾਂ ਵਿੱਚ ਲੱਗੇ ਲੋਕ ਇਸ ਵਿੱਚੋਂ ਗਾਇਬ ਹਨ ਕਿਉਂਕਿ ਆਮ ਕਿਰਤੀ ਵਸੋਂ ਲਈ ਤਾਂ ਹਾਲੇ ਵੀ ਰੋਟੀ ਦਾ ਘੋਲ਼ ਵੱਡੀ ਸਮੱਸਿਆ। ਸੋ ਡੂੰਘਾਈ ’ਚ ਦੇਖਿਆਂ ਅਸੀਂ ਦੇਖਦੇ ਹਾਂ ਕਿ ਸਰਮਾਏਦਾਰੀ ਜੋ ਅਜ਼ਾਦੀ ਦੀ ਗੱਲ ਕਰਦੀ ਹੈ ਉਹ ਕੇਵਲ ਇੰਨੀ ਹੈ ਕਿ ਹਰ ਬੰਦਾ ਖੇਡਾਂ, ਸਾਹਿਤ, ਗੀਤ-ਸੰਗੀਤ ਆਦਿ ’ਚ ਹਿੱਸਾ ਲੈ ਸਕਦਾ ਹੈ ਅਤੇ ਪੜ੍ਹ, ਸੁਣ, ਗਾ, ਖੇਡ ਸਕਦਾ ਹੈ ਪਰ ਸ਼ਰਤ ਹੈ ਕਿ ਉਸ ਕੋਲ਼ ਪੈਸਾ ਹੋਵੇ। ਸੋ ਸਰਮਾਏਦਾਰੀ ਦੀ ਅਜ਼ਾਦੀ ਦੀ ਹੱਦ ਇਹ ਹੈ।

ਅਜੋਕੇ ਦੌਰ ਵਿੱਚ ਕਿਰਤੀ ਲੋਕਾਂ ਦੀ ਕਿਰਤ ਸਹਾਰੇ ਜਿਉਂਦੀ ਇੱਕ ਜਮਾਤ ਕੋਲ਼ ਹੀ ਵਿਹਲ ਦਾ ਸਮਾਂ ਹੈ ਅਤੇ ਉਸ ਸਮੇਂ ਨੂੰ ਬਿਤਾਉਣ ਲਈ ਉਹਨਾਂ ਕੋਲ਼ ਕਿਰਤੀਆਂ ਦੀ ਲੁੱਟ ਦਾ ਪੈਸਾ ਵੀ ਬਥੇਰਾ ਹੈ। ਇਸੇ ਲਈ ਸਰਮਾਏ ਲਈ ਇੱਥੇ ਇੱਕ ਮੰਡੀ ਪੈਦਾ ਹੁੰਦੀ ਹੈ ਜਿਸ ਕਾਰਨ ਅੱਜ ਖੇਡਾਂ ਦੀ ਇੱਕ ਵੱਡੀ ਸਨਅਤ ਉੱਭਰੀ ਹੈ। ਖੇਡ ਸਨਅਤ ਸਰਮਾਏਦਾਰਾਂ ਮੁਨਾਫ਼ਿਆਂ ਦਾ ਵੱਡਾ ਵਸੀਲਾ ਬਣ ਕੇ ਉਭਰੀ ਹੈ। ਇਸੇ ਲਈ ਨਵੇਂ-ਨਵੇਂ ਆਧੁਨਿਕ ਸਟੇਡੀਅਮ, ਗਰਾਉਂਡ, ਖੇਡ ਕੰਪਲੈਕਸ ਆਦਿ ਬਣ ਰਹੇ ਹਨ ਅਤੇ ਉਹਨਾਂ ਲਈ ਲੋੜੀਂਦੀ ਥਾਂ ਆਮ ਲੋਕਾਂ ਨੂੰ ਉਜਾੜ ਕੇ ਖੋਹੀ ਜਾ ਰਹੀ ਹੈ। ਖੇਡਾਂ ਦੇ ਸਮਾਨ, ਖੇਡ ਸਟੇਡੀਅਮ, ਵਰਲਡ ਕੱਪਾਂ, ਆਦਿ ’ਚ ਖੇਡ ਸਨਅਤ ਤੇ ਕੁੱਝ ਸਰਮਾਏਦਾਰ ਘਰਾਣੇ ਚੰਗੀ ਮੋਟੀ ਕਮਾਈ ਕਰ ਰਹੇ ਹਨ। ਇਸੇ ਲਈ ਖੇਡਾਂ ਦੀ ਇਸ਼ਤਿਹਾਰਬਾਜ਼ੀ ’ਤੇ ਬੇਹਿਸਾਬਾ ਖਰਚ ਕੀਤਾ ਜਾਂਦਾ ਹੈ, ਪਹਿਲਾਂ ਟੀਮਾਂ ਤੇ ਖਿਡਾਰੀਆਂ ਦੀ ਬੋਲੀ ਲੱਗਦੀ ਹੈ, ਖਿਡਾਰੀਆਂ ਵਿੱਚ ਮਹਿੰਗੇ ਤੋਂ ਮਹਿੰਗਾ ਵਿਕਣ ਦੀ ਹੋੜ ਲੱਗੀ ਹੋਈ ਹੈ। ਇਹ ਐਵੇਂ ਨਹੀਂ ਕਿ ਥੋੜ੍ਹੇ ਸਮੇਂ ਵਿੱਚ ਹੀ ਮੈਸੀ ਤੇ ਧੋਨੀ ਵਗਰੇ ਕੁੱਝ ਖਿਡਾਰੀ ਸੰਸਾਰ ਦੇ ਅਮੀਰ ਲੋਕਾਂ ਵਿੱਚ ਸ਼ਾਮਲ ਹੋਏ ਹਨ। ਸਰਮਾਏਦਾਰ ਮੁਨਾਫ਼ੇ ਦੀ ਦੌੜ ਕਾਰਨ ਹੀ ਆਪਣੇ ਗਾਹਕਾਂ ਨੂੰ ਘੋਲ਼ ਦਿਖਾ ਕੇ ਮਨੋਰੰਜਨ ਕਰਵਾਉਣ ਲਈ ਕਈ ਵਾਰ ਲੋਕਾਂ ਦੇ ਘਰ ਢਾਹ ਕੇ ਵੀ ਅਖਾੜਾ ਬਣਾ ਦੇਣ ਤੋਂ ਗੁਰੇਜ ਨਹੀਂ ਕਰਦੇ। ਸੋ ਅੱਜ ਸਮੱਸਿਆ ਇਹ ਹੈ ਕਿ ਖੇਡਾਂ ਮੰਡੀ ਦੀ ਤਾਕਤ ਦੇ ਪੂਰੀ ਤਰ੍ਹਾਂ ਵੱਸ ਵਿੱਚ ਹਨ ਅਤੇ ਖੇਡਾਂ ਦਾ ਭਵਿੱਖ (ਤੇ ਇਸ ਨਾਲ਼ ਜੁੜੀਆਂ ਲੋਕਾਂ ਦੇ ਉਜਾੜੇ ਤੇ ਲੁੱਟ ਦੀਆਂ ਸਮੱਸਿਆਵਾਂ ਦਾ ਹੱਲ) ਇਸਨੂੰ ਮੰਡੀ ਦੀਆਂ ਤਾਕਤਾਂ ਤੋਂ ਮੁਕਤ ਕਰਾਉਣ ਵਿੱਚ ਹੀ ਸੰਭਵ ਹੈ ਨਹੀਂ ਤਾਂ ਮੁੱਠੀ ਭਰ ਧਨਪਸ਼ੂ ਲੋਕਾਂ ਦੇ ਉਜਾੜੇ ’ਤੇ ਇਸੇ ਤਰ੍ਹਾਂ ਹੀ ਤਮਾਸ਼ੇ ਦੇਖਦੇ ਰਹਿਣਗੇ।

## ਹੁਣ ਨਾ ਭਗਤ ਸਿੰਘ ਯੋਧੇ ਇਥੇ ਜੰਮਣੇ ਮਾਵਾਂ ਨੇ

ਜਦੋਂ ਜਾਲਮਾਂ ਅੱਤ ਮਚਾਈ
ਸਾਡੀ ਧਰਤੀ ਮਾਂ ਕੁਰਲਾਈ
ਉਦੋਂ ਆਪਣੀ ਅਣਖ ਦਿਖਾਈ
ਜ਼ੋਰ ਜਵਾਨੀ ਚਾਵਾਂ ਨੇ
ਹੁਣ ਭਗਤ ਸਿੰਘ ਯੋਧੇ
ਇਥੇ ਜੰਮਣੇ ਮਾਵਾਂ ਨੇ।

ਵਜਦੇ ਇਨਕਲਾਬ ਦੇ ਨਾਰੇ
ਗੋਰੇ ਲੁੱਕਦੇ ਫਿਰਨੇ ਵਿਚਾਰੇ
ਉਹ ਫਿਰਦੇ ਦਰ-ਦਰ ਮਾਰੇ
ਕਿਤੇ ਨਾ ਲੱਭਦੀਆਂ ਥਾਵਾਂ ਨੇ
ਹੁਣ ਨਾ ਭਗਤ ਸਿੰਘ ਯੋਧੇ
ਇਥੇ ਜੰਮਣੇ ਮਾਵਾਂ ਨੇ।

ਵਿਚ ਅਸੈਂਬਲੀ ਬੰਬ ਗਿਰਾਏ
ਸਾਰੇ ਸੁੱਤੇ ਲੋਕ ਜਗਾਏ।
ਭਾਰਤ ਮਾਂ ਦੇ ਕੇਹਰ ਜੋ ਆਏ
ਲੈਂਦੇ ਮੌਤ ਨਾ ਲਾਵਾਂ ਨੇ
ਹੁਣ ਨਾ ਭਗਤ ਸਿੰਘ ਯੋਧੇ
ਇਥੇ ਜੰਮਣੇ ਮਾਵਾਂ ਨੇ

ਕੀਤੇ ਖਤਮ ਯੋਧਿਆਂ ਚੋਗੇ
ਗੋਰੇ ਰਹੇ ਨਾ ਕਾਸੇ ਜੋਗੇ
ਜੋ ਕਰਿਆ ਸੋ ਭੋਗੇ
ਕਰਮ ਵਿਦੇਸ਼ੀ ਕਾਵਾਂ ਨੇ
ਹੁਣ ਨਾ ਭਗਤ ਸਿੰਘ ਯੋਧੇ
ਇਥੇ ਜੰਮਣੇ ਮਾਵਾਂ ਨੇ।

ਨਾ ਗੋਰੇ ਕਬਜ਼ਾ ਕਰਨ ਅਗਾਂਹ ਨੂੰ
ਯੋਧੇ ਹਟੇ ਨਾ ਕਦੇ ਪਛਾਂਹ ਨੂੰ
‘ਬੀਰ’ ਉਹਨਾਂ ਧਰਤੀ ਮਾਂ ਨੂੰ
ਸੀ ਕੀਤੀਆਂ ਹੱਥੀ ਛਾਵਾਂ ਨੇ
ਹੁਣ ਨਾ ਭਗਤ ਸਿੰਘ ਯੋਧੇ
ਇਥੇ ਜੰਮਣੇ ਮਾਵਾਂ ਨੇ।

**ਦਲਬੀਰ ਸਿੰਘ ‘ਬੀਰ**
95010-13036

# ਥੀਏਟਰ ਅਤੇ ਫਿਲਮ ਅਦਾਕਾਰ ਸੈਮੂਅਲ ਜੌਹਨ ਦੀ ਕੈਨੇਡਾ ਫੇਰੀ



ਸੈਮੂਅਲ ਜੌਹਨ ਦਾ ਥਿਏਟਰ ਸਮਾਜ ਦੇ ਦੱਬੇ-ਕੁੱਚਲੇ ਅਤੇ ਹਾਸ਼ੀਆਗ੍ਰਸਤ ਲੋਕਾਂ ਦੇ ਜੀਵਨ ਅਨੁਭਵਾਂ ਦੀ ਬਾਤ ਪਾਉਂਦਾ ਹੈ। ਜਾਤਪਾਤ ਦੇ ਵਿਤਕਰੇ, ਦਲਿਤ ਬਾਈਕਾਟ, ਕਰਜ਼ੇ ਦੇ ਭਾਰ ਹੇਠ ਦੱਬੇ ਕਿਸਾਨਾਂ ਵਲੋਂ ਕੀਤੀਆਂ ਜਾਂਦੀਆਂ ਖ਼ੁਦਕਸ਼ੀਆਂ ਆਦਿ ਵਿਸ਼ਿਆਂ ਨੂੰ ਆਪਣੇ ਨਾਟਕਾਂ ਵਿੱਚ ਪੇਸ਼ ਕਰਕੇ ਉਹ ਸਮਾਜ ਦੇ ਦੱਬੇ ਕੁਚਲੇ ਲੋਕਾਂ ਦੇ ਮਸਲਿਆਂ ਨੂੰ ਸਾਡੀ ਰੋਜ਼ਾਨਾ ਗੱਲਬਾਤ ਦੇ ਕੇਂਦਰ ਵਿੱਚ ਲਿਆਉਂਦਾ ਹੈ। ਉਸ ਦੀ ਕਲਾ ਦਾ ਮਕਸਦ ਪੈਸਾ ਕਮਾਉਣਾ ਨਹੀਂ ਸਗੋਂ ਸਮਾਜ ਵਿੱਚ ਚੇਤਨਾ ਪੈਦਾ ਕਰਨਾ ਹੈ। ਥਿਏਟਰ ਤੋਂ ਬਿਨਾਂ ਸੈਮੂਅਲ ਜੌਹਨ ਨੇ ਨੈਸ਼ਨਲ ਅਵਾਰਡ ਜੇਤੂ ਫਿਲਮ ਅੰਨ੍ਹੇ ਘੋੜੇ ਦਾ ਦਾਨ ਵਿੱਚ ਵੀ ਕੰਮ ਕੀਤਾ ਹੈ।

ਸਾਨੂੰ ਇਸ ਗੱਲ ਦੀ ਬਹੁਤ ਖ਼ੁਸ਼ੀ ਹੈ ਕਿ ਸੈਮੂਅਲ ਜੌਹਨ ਮਾਰਚ ਅਤੇ ਅਪ੍ਰੈਲ ਦੇ ਮਹੀਨਿਆਂ ਵਿੱਚ ਆਪਣਾ ਥਿਏਟਰ ਲੈ ਕੇ ਕੈਨੇਡਾ ਦਾ ਟੂਰ ਕਰੇਗਾ। ਉਹਨਾਂ ਦੀ ਇਸ ਕੈਨੇਡਾ ਫੇਰੀ ਨੂੰ ਯੂ ਬੀ ਸੀ ਦੇ ਏਸ਼ੀਅਨ ਸਟੱਡੀਜ਼ ਡਿਪਾਰਟਮੈਂਟ ਵਿੱਚ ਸਥਾਪਤ ਹਰਜੀਤ ਕੌਰ ਸਿੱਧੂ ਮੈਮੋਰੀਅਲ ਪ੍ਰੋਗਰਾਮ ਅਤੇ ਹਰੀ ਸ਼ਰਮਾ ਮੈਮੋਰੀਅਲ ਫਾਊਂਡੇਸ਼ਨ ਵਲੋਂ ਸਪਾਂਸਰ ਕੀਤਾ ਜਾ ਰਿਹਾ ਹੈ। ਇਸ ਤੋਂ ਬਿਨਾਂ ਇਸ ਨਾਟਕ ਫੇਰੀ ਨੂੰ ਕਾਮਯਾਬ ਬਣਾਉਣ ਲਈ ਰੰਗਮੰਚ ਕੈਨੇਡਾ (ਸਰੀ), ਪਿਕਸ (ਸਰੀ), ਇੰਡੋ-ਕੈਨੇਡੀਅਨ ਵਰਕਰਜ਼ ਐਸੋਸੀਏਸ਼ਨ ਟਰਾਂਟੋ, ਪੰਜਾਬੀ ਲਿਟਰੇਰੀ ਐਂਡ ਕਲਚਰਲ ਐਸੋਸੀਏਸ਼ਨ ਵਿਨੀਪੈੱਗ ਵਲੋਂ ਮੁਕੰਮਲ ਸਹਿਯੋਗ ਦਿੱਤਾ ਜਾ ਰਿਹਾ ਹੈ।

**ਸੈਮੂਅਲ ਜੌਹਨ ਦੇ ਕੈਨੇਡਾ ਭਰ ਵਿੱਚ ਹੋਣ ਵਾਲੇ ਪ੍ਰੋਗਰਾਮਾਂ ਦਾ ਵੇਰਵਾ ਇਸ ਪ੍ਰਕਾਰ ਹੈ:**

ਵੀਰਵਾਰ, 5 ਮਾਰਚ : ਯੂ ਬੀ ਸੀ ਵਿੱਚ ਹਰਜੀਤ ਕੌਰ ਸਿੱਧੂ ਮੈਮੋਰੀਅਲ ਸੈਲੀਵਰੇਸ਼ਨ ਆਫ ਪੰਜਾਬੀ ਸਮਾਗਮ ਵਿੱਚ ਸੈਮੂਅਲ ਜੌਹਨ ਵਲੋਂ ਪੰਜਾਬ ਵਿੱਚ ਕੀਤੇ ਜਾ ਰਹੇ ਆਪਣੇ ਕੰਮ ਬਾਰੇ ਗੱਲਬਾਤ ਕੀਤੀ ਜਾਵੇਗੀ। ਇਸ ਸਮਾਗਮ ਵਿੱਚ ਕੈਨੇਡਾ ਦੀ ਫਸਟ ਨੇਸ਼ਨਜ਼ ਆਰਟਿਸਟ ਮਾਰਗੋ ਕੇਨ ਵੀ ਕੈਨੇਡਾ ਦੀ ਫਸਟ ਨੇਸ਼ਨਜ਼ ਕਮਿਊਨਿਟੀ ਵਿੱਚ ਕੀਤੇ ਜਾ ਰਹੇ ਆਪਣੇ ਕੰਮ ਦੀ ਗੱਲਬਾਤ ਕਰੇਗੀ। ਦੋਹਾਂ ਕਲਾਕਾਰਾਂ ਵਿਚਕਾਰ ਵਿਚਾਰਾਂ ਦਾ ਅਦਾਨ ਪ੍ਰਦਾਨ ਸਾਨੂੰ ਸਮਾਜ ਵਿੱਚ ਤਬਦੀਲੀ ਲਿਆਉਣ ਲਈ ਕਲਾ ਦੀ ਵਰਤੋਂ ਬਾਰੇ ਨਵੀਂ ਸੂਝ ਪ੍ਰਦਾਨ ਕਰੇਗਾ।

**ਵੀਰਵਾਰ, 5 ਮਾਰਚ**
**Time: 6:00 - 7:30 PM**
**Dorothy Somerset Studios Theatre**
**6361 University Boulevard, UBC, Vancouver**

**ਸ਼ਨਿਚਰਵਾਰ, 14 ਮਾਰਚ**
**ਸਰੀ ਵਿੱਚ ਨਾਟਕਾਂ ਦਾ ਪ੍ਰੋਗਰਾਮ।**
**Time: 2:00 PM - 4:00 PM**
**Centre Stage, New City Hall**
**13450 - 104 Ave., Surrey**
(604) 644-2470

**ਐਤਵਾਰ, 29 ਮਾਰਚ: ਟਰਾਂਟੋ ਵਿੱਚ ਨਾਟਕਾਂ ਦਾ ਪ੍ਰੋਗਰਾਮ। ਇਹ ਪ੍ਰੋਗਰਾਮ ਇੰਡੋ-ਕੈਨੇਡੀਅਨ ਵਰਕਰਜ਼ ਐਸੋਸੀਏਸ਼ਨ ਟਰਾਂਟੋ ਵਲੋਂ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਯਾਦ ਵਿੱਚ ਕਰਵਾਇਆ ਜਾ ਰਿਹਾ ਹੈ।**
**Time: 2:00 PM - 4:00 PM**
**Pearson Theatre, Brampton**
416-721-9671 ਜਾਂ 416-704-0745

**ਐਤਵਾਰ 5 ਅਪ੍ਰੈਲ: ਵਿੱਨੀਪੈੱਗ ਵਿੱਚ ਨਾਟਕਾਂ ਦਾ ਪ੍ਰੋਗਰਾਮ। ਇਹ ਪ੍ਰੋਗਰਾਮ ਪੰਜਾਬੀ ਲਿਟਰੇਰੀ ਐਂਡ ਕਲਚਰਲ ਐਸੋਸੀਏਸ਼ਨ ਵਿਨੀਪੈੱਗ ਵਲੋਂ ਕਰਵਾਇਆ ਜਾ ਰਿਹਾ ਹੈ।**
**Time: 2:00 PM**
**The Manitoba Museum, Auditorium, 190 Rupert Avenue**
204-421-1520 ਜਾਂ 204-488-6960

**ਐਤਵਾਰ 12 ਅਪ੍ਰੈਲ: ਕੈਲਗਰੀ ਵਿੱਚ ਨਾਟਕਾਂ ਦਾ ਪ੍ਰੋਗਰਾਮ। ਇਹ ਪ੍ਰੋਗਰਾਮ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵਲੋਂ ਕਰਵਾਇਆ ਜਾ ਰਿਹਾ ਹੈ।**
**Time: ਦੁਪਹਿਰ ਨੂੰ**
**Orpheus Theatre, SAIT College**
403-455-4220

For advertisement and donations contact
**DEVINDER TOOR 416-902-9372**
**HARBANS SINGH 416-817-7142**
Email: ppapmg@gmail.com
**Om Parkash Sharma**
**647-891-8500**
Email : omjagraon@yahoo.com
**Pro-People Arts Project Media Group**
**“Sarokaran Di Awaz” Newspaper**
29 Mapleview Ave Brampton Ontario
Canada L6R 1M2
Email: ppapmg@gmail.com
Website: www.ppapmg.com

## ਸੰਪਾਦਕ ਮੰਡਲ (ਆਨਰੇਰੀ)

ਮਾ. ਭਜਨ ਸਿੰਘ ਕੈਲਗਰੀ, ਅਲਬਰਟਾ
403-455-4220
ਹਰਬੰਸ ਸਿੰਘ
416-817-7142
ਦੇਵਿੰਦਰ ਤੂਰ
416-902-9372
ਸੁਖਵਿੰਦਰ ਸਿੰਘ ਢਿੱਲੋਂ
ਜਸਪ੍ਰੀਤ ਧਾਲੀਵਾਲ
ਸੁਖਦੇਵ ਸਿੰਘ ਸੰਧੂ

ਮਾਸਟਰ ਬਲਬੀਰ ਸਿੰਘ ਗਿੱਲ
ਹਰਨੇਕ ਧਾਲੀਵਾਲ, ਵਿੰਨੀਪੈਗ ਮਾਨੀਟੋਬਾ
204-488-6960
ਗੁਰਬਚਨ ਸਿੰਘ ਬਰਾੜ
403-470-2628
ਬਲਜਿੰਦਰ ਸਿੰਘ
ਗ੍ਰਾਫਿਕਸ ਡਿਜ਼ਾਇਨਰ
+91-92167-29598
akashdeep.1064@gmail.com

**‘ਸਰੋਕਾਰਾਂ ਦੀ ਆਵਾਜ਼’ ਅਖ਼ਬਾਰ ਵਿਚ ਛਪੀਆਂ ਰਚਨਾਵਾਂ ਨਾਲ ਸੰਪਾਦਕੀ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।**

# ਮੋਦੀ ਹਕੂਮਤ ਵੱਲੋਂ ਜ਼ਮੀਨਾਂ, ਜੰਗਲ 'ਤੇ ਝਪਟਣ ਲਈ ਕਾਨੂੰਨੀ ਸ਼ਿਕੰਜਾ ਹੋਰ ਕਸਿਆ



**ਐਨ.ਕੇ. ਜੀਤ**

ਬਰਤਾਨਵੀ ਹਾਕਮਾਂ ਵੱਲੋਂ ਭਾਰਤ ਵਿੱਚ ਜਬਰੀ ਜ਼ਮੀਨਾਂ ਗ੍ਰਹਿਣ ਕਰਨ ਦੀ ਸ਼ੁਰੂਆਤ 1894 ਵਿੱਚ ਬੰਗਾਲ ਕੋਡ ਦੇ ਰੈਗੂਲੇਸ਼ਨ ਨੰ. 1 ਨਾਲ ਹੋਈ। ਇਸ ਰੈਗੂਲੇਸ਼ਨ ਦੇ ਤਹਿਤ ਸਾਮਰਾਜੀ ਸਰਕਾਰ ਦੇ ਅਧਿਕਾਰੀਆਂ ਨੂੰ "ਸੜਕਾਂ, ਨਹਿਰਾਂ ਅਤੇ ਹੋਰ ਜਨਤਕ ਮੰਤਵਾਂ ਲਈ ਵਾਜਬ ਕੀਮਤ 'ਤੇ ਜ਼ਮੀਨਾਂ ਹਾਸਲ ਕਰਨ ਦਾ ਹੱਕ" ਦੇ ਦਿੱਤਾ ਗਿਆ। 1894 ਦਾ ਜ਼ਮੀਨ ਅਧਿਗ੍ਰਹਿਣ ਕਾਨੂੰਨ ਪਾਸ ਕਰਨ ਤੱਕ ਬਰਤਾਨਵੀ ਹਾਕਮਾਂ ਨੇ ਜ਼ਮੀਨ ਗ੍ਰਹਿਣ ਕਰਨ ਦੇ ਵੱਖ ਵੱਖ ਪੱਖਾਂ ਬਾਰੇ ਅੱਠ ਹੋਰ ਕਾਨੂੰਨ ਪਾਸ ਕੀਤੇ। 1894 ਦੇ ਕਾਨੂੰਨ ਦਾ ਮੁੱਖ ਮਕਸਦ ਮੁਆਵਜ਼ੇ ਦੀ ਰਕਮ ਨੂੰ ਘੱਟ ਰੱਖਣਾ ਸੀ। ਇਸ ਕਾਨੂੰਨ ਦੇ ਪਾਸ ਹੋਣ ਤੋਂ ਬਾਅਦ ਸੰਨ 1948 ਤੱਕ ਬਰਤਾਨਵੀ ਹਾਕਮਾਂ ਨੇ ਇਸ ਵਿੱਚ 9 ਵਾਰੀ ਸੋਧਾਂ ਕੀਤੀਆਂ। ਇਸ ਤੋਂ ਬਾਅਦ ਭਾਰਤੀ ਹਾਕਮਾਂ ਨੇ ਸੰਨ 1984 ਤੱਕ ਇਸ ਵਿੱਚ 9 ਵਾਰ ਫਿਰ ਸੋਧਾਂ ਕੀਤੀਆਂ। ਸਾਲ 1984 ਦੀ ਸੋਧ ਸਭ ਤੋਂ ਮਹੱਤਵਪੂਰਨ ਸੀ। ਅਸਲ ਵਿੱਚ ਇਹ ਉਹ ਸਮਾਂ ਸੀ, ਜਦੋਂ 'ਮਿਲੀ-ਜੁਲੀ ਅਰਥ ਵਿਵਸਥਾ' ਅਤੇ 'ਜਨਤਕ ਖੇਤਰ ਨੂੰ ਅਰਥਚਾਰੇ ਦੀਆਂ ਬੁਲੰਦੀਆਂ 'ਤੇ ਰੱਖਣ' ਦੇ ਸੰਕਲਪ ਹੌਲੀ ਹੌਲੀ ਤਿਆਗੇ ਜਾ ਰਹੇ ਸਨ ਅਤੇ 'ਮੰਡੀ ਦੀਆਂ ਸ਼ਕਤੀਆਂ' ਨੂੰ ਖੁੱਲ੍ਹ ਦਿੱਤੀ ਜਾ ਰਹੀ ਸੀ। 'ਸਵੈ-ਨਿਰਭਰਤਾ' ਦੇ ਨਾਅਰਿਆਂ ਦੀ ਥਾਂ ਵਿਦੇਸ਼ੀ ਪੂੰਜੀ, ਵਿਦੇਸ਼ੀ ਤਕਨੀਕ ਅਤੇ ਵਿਦੇਸ਼ੀ ਵਪਾਰ ਨਾਲ ਖੁੱਲ੍ਹ ਕੇ ਹੇਜ ਵਿਖਾਇਆ ਜਾ ਰਿਹਾ ਸੀ। ਨਿੱਜੀਕਰਨ, ਉਦਾਰੀਕਰਨ ਅਤੇ ਸੰਸਾਰੀਕਰਨ ਦੀਆਂ ਨੀਤੀਆਂ ਲਾਗੂ ਕਰਨ ਦਾ ਪੈੜਾ ਬੰਨ੍ਹਿਆ ਜਾ ਰਿਹਾ ਸੀ। ਇਸ ਲਈ 1984 ਵਿੱਚ ਇਸ ਕਾਨੂੰਨ ਵਿੱਚ ਕੀਤੀਆਂ ਸੋਧਾਂ ਰਾਹੀਂ ਇੱਕ ਪੂਰਾ ਚੈਪਟਰ (ਨੰ. 7) ਨਿੱਜੀ ਅਤੇ ਸਰਕਾਰੀ ਕੰਪਨੀਆਂ ਲਈ ਜ਼ਮੀਨ ਗ੍ਰਹਿਣ ਕਰਨ ਦੀ ਪਰਕਿਰਿਆ ਬਾਰੇ, ਜੋੜਿਆ ਗਿਆ।

1894 ਦਾ ਕਾਨੂੰਨ ਸਰਕਾਰ ਨੂੰ ਕਿਸੇ ਵੀ "ਜਨਤਕ ਹਿੱਤ" ਲਈ ਕਿਸਾਨਾਂ ਦੀ ਜ਼ਮੀਨ ਜਬਰੀ ਗ੍ਰਹਿਣ ਕਰਨ ਦਾ ਹੱਕ ਦਿੰਦਾ ਸੀ। "ਜਨਤਕ ਹਿੱਤ" ਦੀ ਕੋਈ ਪਰਿਭਾਸ਼ਾ ਨਹੀਂ ਦਿੱਤੀ ਗਈ ਸੀ। ਹੁਕਮਰਾਨਾਂ ਦੀ ਇੱਛਾ ਹੀ 'ਜਨਤਕ ਹਿੱਤ' ਸੀ। ਇਸ ਕਾਨੂੰਨ ਤਹਿਤ ਜ਼ਮੀਨ ਗ੍ਰਹਿਣ ਕਰਨ ਤੋਂ ਪਹਿਲਾਂ ਇੱਕ ਸਰਕਾਰੀ ਅਧਿਕਾਰੀ ਜ਼ਮੀਨ ਅਧਿਗਰਹਿਣ ਕੁਲੈਕਟਰ, ਵੱਲੋਂ ਪ੍ਰਭਾਵਤ ਜ਼ਮੀਨ ਮਾਲਕਾਂ ਤੋਂ ਦੋ ਵਾਰ ਇਤਰਾਜ਼ ਮੰਗੇ ਜਾਂਦੇ ਸਨ, ਜੋ ਅਕਸਰ ਰਸਮੀ ਸੁਣਵਾਈ ਤੋਂ ਬਾਅਦ ਰੱਦ ਕਰ ਦਿੱਤੇ ਜਾਂਦੇ ਸਨ। ਇਸ ਤੋਂ ਬਾਅਦ ਜ਼ਮੀਨ ਦਾ ਮੁਆਵਜ਼ਾ ਤਹਿ ਕਰਨ ਸਮੇਂ ਵੀ ਪ੍ਰਭਾਵਿਤ ਕਿਸਾਨ ਆਪਣੀ ਰਾਏ ਦੇ ਸਕਦੇ ਸਨ। ਪੰਜਾਬ ਸਰਕਾਰ ਨੇ ਮੁਆਵਜ਼ਾ ਤਹਿ ਕਰਨ ਲਈ ਜ਼ਿਲ੍ਹਾ ਪੱਧਰ 'ਤੇ ਡਿਪਟੀ ਕਮਿਸ਼ਨਰ ਦੀ ਪ੍ਰਧਾਨਗੀ ਹੇਠ ਕਮੇਟੀਆਂ ਬਣਾਈਆਂ ਹੋਈਆਂ ਸਨ, ਜਿਸ ਵਿੱਚ ਪ੍ਰਭਾਵਿਤ ਪਿੰਡਾਂ ਦੇ ਸਰਪੰਚ, ਹਲਕੇ ਦਾ ਵਿਧਾਇਕ ਅਤੇ ਸੰਸਦ ਮੈਂਬਰ ਅਤੇ ਮਾਲ ਮਹਿਕਮੇ ਦੇ ਅਧਿਕਾਰੀ ਸ਼ਾਮਲ ਹੁੰਦੇ ਸਨ। ਮੁਆਵਜ਼ਾ ਤਹਿ ਕਰਨ ਦਾ ਵੀ ਕੋਈ ਨਿਸਚਿਤ ਪੈਮਾਨਾ ਨਹੀਂ ਬਣਾਇਆ ਹੋਇਆ ਸੀ। ਉਜੜਨ ਵਾਲੇ ਕਿਸਾਨਾਂ ਦੇ ਮੁੜ-ਵਸੇਬੇ ਦਾ ਕੋਈ ਪ੍ਰਬੰਧ ਨਹੀਂ ਸੀ। ਆਪਣੀ ਰੋਜ਼ੀ-ਰੋਟੀ ਲਈ ਖੇਤੀਬਾੜੀ 'ਤੇ ਨਿਰਭਰ ਮਜ਼ਦੂਰਾਂ ਦਾ ਰੁਜ਼ਗਾਰ ਖੁੱਸ ਜਾਣ 'ਤੇ ਵੀ ਉਹਨਾਂ ਲਈ ਮੁਆਵਜ਼ੇ ਦੀ ਕੋਈ ਵਿਵਸਥਾ ਨਹੀਂ ਸੀ। ਸਾਂਝੀਆਂ ਜ਼ਮੀਨਾਂ, ਜਿਹਨਾਂ ਦੀ ਮਾਲਕੀ ਸਰਕਾਰ ਜਾਂ ਪੰਚਾਇਤ ਦੇ ਨਾਂ ਬੋਲਦੀ ਹੈ, ਪਰ ਪੰਚਾਇਤੀ ਰਾਜ ਕਾਨੂੰਨ ਤਹਿਤ ਜਿਹਨਾਂ ਦਾ ਇੱਕ ਤਿਹਾਈ ਹਿੱਸਾ ਪਿੰਡ ਦੇ ਬੇਜ਼ਮੀਨੇ ਦਲਿਤ ਖੇਤ ਮਜ਼ਦੂਰਾਂ ਨੂੰ ਠੇਕੇ 'ਤੇ ਦੇਣ ਲਈ ਰਾਖਵਾਂ ਰੱਖਿਆ ਹੋਇਆ ਹੈ, ਗ੍ਰਹਿਣ ਕੀਤੇ ਜਾਣ 'ਤੇ ਵੀ ਬੇਜ਼ਮੀਨੇ ਖੇਤ ਮਜ਼ੂਦਰਾਂ ਲਈ ਕੋਈ ਮੁਆਵਜ਼ਾ ਨਹੀਂ ਸੀ ਦਿੱਤਾ ਜਾਂਦਾ। ਜੇਕਰ ਕੋਈ ਜ਼ਮੀਨ ਮਾਲਕ ਮੁਆਵਜ਼ੇ ਦੀ ਰਕਮ ਜਾਂ ਉਸ ਵਿੱਚੋਂ ਬਣਦੇ ਹਿੱਸੇ ਬਾਰੇ ਸਹਿਮਤ ਨਹੀਂ ਹੁੰਦਾ ਤਾਂ ਮਾਮਲਾ ਫੈਸਲੇ ਲਈ ਜ਼ਿਲ੍ਹਾ ਜੱਜ ਦੀ ਅਦਾਲਤ ਵਿੱਚ ਭੇਜ ਦਿੱਤਾ ਜਾਂਦਾ ਸੀ।

## ਲੋਕ-ਦੋਖੀ ਆਰਥਿਕ ਨੀਤੀਆਂ ਨੂੰ 'ਮਾਨਵੀ ਚਿਹਰਾ' ਪਹਿਨਾਉਣ ਲਈ ਘੜਿਆ ਨਵਾਂ ਕਾਨੂੰਨ

1894 ਦੇ ਜ਼ਮੀਨ ਅਧਿਗ੍ਰਹਿਣ ਕਾਨੂੰਨ ਵਿੱਚ ਸੋਧਾਂ ਕਰਨ ਸਬੰਧੀ ਹੁਕਮਰਾਨ ਹਲਕਿਆਂ ਵਿੱਚ ਵਿਚਾਰ-ਚਰਚਾ 1980ਵਿਆਂ ਵਿੱਚ ਸ਼ੁਰੂ ਹੋ ਗਈ ਸੀ। ਇਸ ਦੀ ਮੁੱਖ ਵਜ੍ਹਾ ਥਾਂ ਪੁਰ ਥਾਂ ਜਬਰੀ ਜ਼ਮੀਨਾਂ ਗ੍ਰਹਿਣ ਕੀਤੇ ਜਾਣ ਵਿਰੁੱਧ ਉੱਠੇ ਲੋਕ-ਸੰਘਰਸ਼ਾਂ ਨਾਲ ਨਜਿੱਠਣ ਦੀ ਮਜਬੂਰੀ ਸੀ। 'ਮੁਲਕ ਦੇ ਵਿਕਾਸ ਲਈ ਕੁਰਬਾਨੀ' ਦੀ ਦਲੀਲ ਕਾਰਗਰ ਨਹੀਂ ਸਾਬਤ ਹੋ ਰਹੀ ਸੀ, ਪ੍ਰੋਜੈਕਟਾਂ ਲਈ ਉਜਾੜੇ ਲੋਕ ਢੁਕਵੇਂ ਮੁਆਵਜੇ ਅਤੇ ਮੁੜ ਵਸੇਬੇ ਦੀ ਮੰਗ ਕਰ ਰਹੇ ਸਨ। ਲੱਗਭੱਗ 30 ਸਾਲ ਦਾ ਲੰਮਾ ਅਰਸਾ ਸਰਕਾਰ, ਪਾਰਲੀਮਾਨੀ ਕਮੇਟੀਆਂ, ਰਾਜੀਨਤਕ ਪਾਰਟੀਆਂ ਅਤੇ ਗੈਰ ਸਰਕਾਰੀ ਸੰਸਥਾਵਾਂ- ਜੋ ਮੁੱਖ ਤੌਰ 'ਤੇ ਇਸ ਲੋਟੂ ਨਿਜ਼ਾਮ ਦਾ ਹੀ ਹਿੱਸਾ ਹਨ, ਅਤੇ ਇਸ ਨੂੰ ਬਣਾਈ ਰੱਖਣ, ਇਸਦਾ ਮੂੰਹ-ਮੱਥਾ ਸੰਵਾਰਨ, ਲੋਕ-ਧਰੋਹੀ ਆਰਥਿਕ ਸੁਧਾਰਾਂ ਦੀ ਜ਼ਹਿਰੀਲੀ ਗੋਲੀ ਖੰਡ ਵਿੱਚ ਲਪੇਟ ਕੇ ਲੋਕਾਂ ਦੇ ਸੰਘਾਂ ਵਿੱਚ ਉਤਾਰਨ ਜਾਂ 'ਮਾਨਵੀ ਮੁਖੌਟੇ ਹੇਠ ਆਰਥਿਕ ਸੁਧਾਰ' ਲਾਗੂ ਕਰਨ ਦੀਆਂ ਮੁਦੱਈ ਹਨ, ਨਾਲ ਵਿਚਾਰ ਵਟਾਂਦਰਾ ਕਰਨ ਤੋਂ ਬਾਅਦ, "ਵਾਜਬ ਮੁਆਵਜ਼ੇ ਦਾ ਹੱਕ ਅਤੇ ਜ਼ਮੀਨ ਅਧਿਗ੍ਰਹਿਣ ਅਤੇ ਮੁੜ ਵਸੇਬੇ ਵਿੱਚ ਪਾਰਦਰਸ਼ਤਾ ਬਾਰੇ ਕਾਨੂੰਨ-2013" ਘੜਿਆ ਗਿਆ। ਵਿਸ਼ੇਸ਼ ਗੱਲ ਇਹ ਹੈ ਕਿ ਪਾਰਲੀਮੈਂਟ ਦੀਆਂ ਜਿਹਨਾਂ ਸਥਾਈ ਕਮੇਟੀਆਂ ਵਿੱਚ ਇਹ ਕਾਨੂੰਨ 7 ਸਾਲ ਵਿਚਾਰੇ ਜਾਣ ਤੋਂ ਬਾਅਦ ਅੰਤਮ ਰੂਪ ਵਿੱਚ ਪਾਸ ਕੀਤਾ ਗਿਆ, ਉਹਨਾਂ ਦੇ ਮੁਖੀ ਭਾਜਪਾ ਦੇ ਆਗੂ ਕਲਿਆਣ ਸਿੰਘ ਅਤੇ ਸ੍ਰੀਮਤੀ ਮੁਮਿਤਰਾ ਮਹਾਜਨ ਸਨ।

ਕਾਂਗਰਸ ਦੀ ਅਗਵਾਈ ਹੇਠਲੀ ਯੂ.ਪੀ.ਏ. ਸਰਕਾਰ ਅਤੇ ਉਸਦੇ ਸਹਿਯੋਗੀਆਂ ਨੇ, 2013 ਵਿੱਚ ਪਾਸ ਕੀਤੇ ਇਸ ਨਵੇਂ ਜ਼ਮੀਨ ਅਧਿਗ੍ਰਹਿਣ ਕਾਨੂੰਨ ਦੇ ਹੇਠ ਲਿਖੇ ਪੱਖਾਂ ਨੂੰ ਉਭਾਰ ਕੇ, ਇਸ ਨੂੰ ਲੋਕ-ਹਿਤੈਸ਼ੀ ਵਜੋਂ ਉਭਾਰਿਆ:

(ੳ) ਕਿਸੇ ਨਿੱਜੀ ਕੰਪਨੀ ਲਈ ਜ਼ਮੀਨ ਗ੍ਰਹਿਣ ਕਰਨ ਲਈ ਘੱਟੋ ਘੱਟ 80 ਫੀਸਦੀ ਅਤੇ ਜਨਤਕ-ਨਿੱਜੀ ਭਾਈਵਾਲੀ ਕੰਪਨੀ ਲਈ 70 ਫੀਸਦੀ ਪ੍ਰਭਾਵਿਤ ਜ਼ਮੀਨ ਮਾਲਕਾਂ ਦੀ ਅਗਾਊਂ ਸਹਿਮਤੀ ਜ਼ਰੂਰੀ;

(ਅ) ਸਬੰਧਤ ਇਲਾਕੇ ਦੀ ਗਰਾਮ ਪੰਚਾਇਤ, ਨਗਰ ਪਾਲਿਕਾ ਜਾਂ ਨਗਰ ਨਿਗਮ ਨਾਲ ਸਲਾਹ ਮਸ਼ਵਰੇ ਰਾਹੀਂ, ਪ੍ਰੋਜੈਕਟ ਦੇ 'ਸਮਾਜਿਕ ਪ੍ਰਭਾਵਾਂ ਬਾਰੇ ਜਾਇਜ਼ਾ ਰਿਪੋਰਟ' ਅਤੇ ਇਹਨਾਂ ਪ੍ਰਭਾਵਾਂ ਦੇ ਪ੍ਰਬੰਧਨ ($ ਬਾਰੇ ਰਿਪੋਰਟ ਤਿਆਰ ਕਰਨਾ ਇਹਨਾਂ ਦੇ ਆਧਾਰ 'ਤੇ ਜਨ-ਸੁਣਵਾਈ ਕਰਨਾ ਅਤੇ ਮਾਹਿਰਾਂ ਦੇ ਇੱਕ ਗਰੁੱਪ ਤੋਂ ਰਾਏ ਲੈਣਾ;

(ੲ) ਸਿੰਜਾਈ ਹੇਠਲੀ ਅਤੇ ਬਹੁ-ਫਸਲੀ ਜ਼ਮੀਨ ਗ੍ਰਹਿਣ ਕਰਨ ਤੋਂ ਪਹਿਲਾਂ ਭੋਜਨ ਸੁਰੱਖਿਆ ਯਕੀਨੀ ਬਣਾਉਣ ਲਈ ਢੁਕਵੇਂ ਕਦਮ ਚੁੱਕਣੇ।

(ਸ) ਮੁੜ-ਵਸੇਬੇ ਸਬੰਧੀ ਰਿਪੋਰਟ ਤਿਆਰ ਕਰਨਾ।

ਭਰਮ ਜਾਲ ਪੈਦਾ ਕਰਨ ਲਈ ਲਿਸ਼ਕ-ਪੁਸ਼ਕ, ਹਕੀਕਤਾਂ ਇਸ ਤੋਂ ਉਲਟ ਬਰਤਾਨਵੀ ਹਾਕਮਾਂ ਦੇ ਵੇਲੇ ਤੋਂ ਲੈ ਕੇ, ਹੁਣ ਤੱਕ ਜ਼ਮੀਨ ਅਧਿਗ੍ਰਹਿਣ ਕਾਨੂੰਨਾਂ ਦੀ ਇੱਕ ਤੰਦ ਸਾਂਝੀ ਰਹੀ ਹੈ- ਇਹਨਾਂ ਨੂੰ ਲਾਗੂ ਕਰਨ ਦੀ ਜ਼ਿੰਮੇਵਾਰੀ ਅਤੇ ਅਧਿਕਾਰ ਮੁਕੰਮਲ ਰੂਪ ਵਿੱਚ ਆਪਾਸ਼ਾਹ ਰਾਜ ਅਤੇ ਉਸਦੀ ਅਫਸਰਸ਼ਾਹੀ ਦੇ ਹੱਥਾਂ ਵਿੱਚ ਰਹੀ ਹੈ। 2013 ਦਾ ਕਾਨੂੰਨ ਵੀ ਇਸ ਤੋਂ ਵੱਖ ਨਹੀਂ। ਉਪਰੋਕਤ "ਲੋਕ ਹਿਤੈਸ਼ੀ" ਪੱਖ ਵੀ ਪੂਰੀ ਤਰ੍ਹਾਂ ਅਫਸਰਸ਼ਾਹੀ ਦੀ ਮਰਜ਼ੀ ਦੇ ਮੁਥਾਜ ਹਨ, ਜਿਵੇਂ:

(ੳ) ਸਮਾਜਿਕ ਪ੍ਰਭਾਵਾਂ ਬਾਰੇ ਜਾਇਜਾ ਅਤੇ ਪ੍ਰਬੰਧਨ ਰਿਪੋਰਟਾਂ ਤੇ ਜਨ-ਸੁਣਵਾਈ ਅਤੇ ਇਹਨਾਂ ਦੀ ਇੱਕ ਮਾਹਰ ਗਰੁੱਪ ਵੱਲੋਂ ਘੋਖ ਪੜਤਾਲ ਕੀਤੇ ਜਾਣ ਦਾ ਪ੍ਰਾਵਧਾਨ ਕੀਤਾ ਗਿਆ ਹੈ, ਮਾਹਰ ਗਰੁੱਪ ਨੂੰ ਇਹ ਵੀ ਹੱਕ ਦਿੱਤਾ ਗਿਆ ਹੈ ਕਿ ਉਹ ਪ੍ਰੋਜੈਕਟ ਦੇ ਸੰਭਾਵਤ ਸਮਾਜਿਕ ਹਰਜੇ ਅਤੇ ਲਾਭਾਂ ਨੂੰ ਧਿਆਨ ਵਿੱਚ ਰੱਖਦਿਆਂ, ਪ੍ਰੋਜੈਕਟ ਬੰਦ ਕਰਨ ਦੀ ਸਿਫਾਰਸ਼ ਵੀ ਕਰ ਸਕਦਾ ਹੈ, ਪਰ ਅਫਸਰਸ਼ਾਹੀ ਲਈ ਇਹ ਸਿਫਾਰਸ਼ ਮੰਨਣਾ ਜ਼ਰੂਰੀ ਨਹੀਂ ਹੈ। ਸਬੰਧਤ ਅਧਿਕਾਰੀ ਇੱਕ ਲਿਖਤੀ ਹੁਕਮ ਜਾਰੀ ਕਰਕੇ ਲੋਕਾਂ ਅਤੇ ਮਾਹਰ ਗਰੁੱਪ ਦੇ ਵਿਰੋਧ ਨੂੰ ਦਫਨ ਕਰ ਸਕਦਾ ਹੈ। ਲਾਜ਼ਮੀ ਹੀ ਪ੍ਰੋਜੈਕਟ ਮਾਲਕਾਂ ਦੀ ਸਿਆਸੀ ਪਹੁੰਚ ਅਤੇ ਦੌਲਤ ਦਾ ਪ੍ਰਭਾਵ ਇਸ ਕੰਮ ਵਿੱਚ ਉਹਨਾਂ ਨੂੰ ਸਹਾਈ ਹੁੰਦਾ ਹੈ।

(ਅ) ਪ੍ਰਭਾਵਿਤ ਜ਼ਮੀਨ ਮਾਲਕਾਂ ਦੀ ਅਗਾਊਂ ਸਹਿਮਤੀ, ਸਮਾਜਿਕ ਪ੍ਰਭਾਵਾਂ ਬਾਰੇ ਜਾਇਜ਼ਾ ਅਤੇ ਪ੍ਰਬੰਧਨ ਰਿਪੋਰਟ, ਜਨ-ਸੁਣਵਾਈ ਅਤੇ ਭੋਜਨ ਸੁਰੱਖਿਆ ਯਕੀਨੀ ਬਣਾਉਣ ਦੀਆਂ ਮਦਾਂ, ਸਰਕਾਰ ਵੱਲੋਂ ਇਸ ਕਾਨੂੰਨ ਦੀ ਧਾਰਾ 40 ਤਹਿਤ ਕਿਸੇ ਵੀ ਪ੍ਰੋਜੈਕਟ ਨੂੰ "ਅਤਿ ਜ਼ਰੂਰੀ" ਐਲਾਨ ਕੇ ਰੱਦ ਕੀਤੀਆਂ ਜਾ ਸਕਦੀਆਂ ਹਨ।

## ਪੂੰਜੀਪਤੀਆਂ ਦੇ ਦਬਾਅ ਹੇਠ ਕਾਨੂੰਨ 'ਚ ਤਬਦੀਲੀਆਂ

26 ਸਤੰਬਰ 2013 ਨੂੰ ਪਾਸ ਹੋਏ "ਵਾਜਬ ਮੁਆਵਜ਼ੇ ਦਾ ਹੱਕ ਅਤੇ ਜ਼ਮੀਨ ਅਧਿਗ੍ਰਹਿਣ ਅਤੇ ਮੁੜ-ਵਸੇਬੇ ਵਿੱਚ ਪਾਰਦਰਸ਼ਤਾ ਬਾਰੇ ਕਾਨੂੰਨ-2013" ਦੀ ਅਜੇ ਸਿਆਹੀ ਵੀ ਨਹੀਂ ਸੁੱਕੀ ਸੀ ਕਿ 31 ਦਸੰਬਰ 2014 ਨੂੰ ਮੋਦੀ ਦੀ ਅਗਵਾਈ ਹੇਠਲੀ ਭਾਜਪਾ ਸਰਕਾਰ ਨੇ ਇੱਕ ਆਰਡੀਨੈਂਸ ਜਾਰੀ ਕਰਕੇ ਇਸ ਨੂੰ ਮੁਕੰਮਲ ਰੂਪ ਵਿੱਚ ਬਦਲ ਦਿੱਤਾ ਅਤੇ 1894 ਵਾਲੇ ਕਾਨੂੰਨ ਨਾਲੋਂ ਵੀ, ਕਿਸਾਨਾਂ ਲਈ ਬਦਤਰ ਸਥਿਤੀ ਪੈਦਾ ਕਰ ਦਿੱਤੀ। ਇਸ ਆਰਡੀਨੈਂਸ ਰਾਹੀਂ ਕੀਤੀਆਂ ਗਈਆਂ ਤਬਦੀਲੀਆਂ ਦੇ ਵੇਰਵੇ ਇਸ ਪ੍ਰਕਾਰ ਹਨ:

—ਪੰਜ ਕਿਸਮ ਦੇ ਪ੍ਰੋਜੈਕਟਾਂ ਲਈ ਗ੍ਰਹਿਣ ਕੀਤੀਆਂ ਜਾਣ ਵਾਲੀਆਂ ਜ਼ਮੀਨਾਂ ਅਤੇ ਨਿੱਜੀ ਅਤੇ ਜਨਤਕ-ਨਿੱਜੀ ਭਾਈਵਾਲੀ ਖੇਤਰ ਦੀਆਂ ਕੰਪਨੀਆਂ ਲਈ ਨਿਸਚਿਤ ਫੀਸਦੀ ਜ਼ਮੀਨ ਮਾਲਕਾਂ ਤੋਂ ਅਗਾਊਂ ਰਜ਼ਾਮੰਦੀ ਹਾਸਲ ਕਰਨ, ਸਮਾਜਿਕ ਪ੍ਰਭਾਵਾਂ ਅਤੇ ਉਹਨਾਂ ਦੇ ਪ੍ਰਬੰਧਨ ਬਾਰੇ ਰਿਪੋਰਟ ਤਿਆਰ ਕਰਨ, ਜਨ-ਸੁਣਵਾਈ ਅਤੇ ਮਾਹਰਾਂ ਦੇ ਗਰੁੱਪ ਤੋਂ ਘੋਖ ਪੜਤਾਲ

(ਬਾਕੀ ਸਫ਼ਾ 23 'ਤੇ)







# ਕੀ ਸਵਾਰਾਜ ਦੀ ਪ੍ਰਾਪਤੀ ਕਰ ਸਕੇਗੀ ਆਪ ?



ਗੁਰਮੀਤ ਸਿੰਘ ਪਲਾਹੀ

ਕੁੱਝ ਗੱਲਾਂ ਤਾਂ ਆਮ ਆਦਮੀ ਪਾਰਟੀ ਦੀ ਦਿੱਲੀ ਵਿਧਾਨ ਸਭਾ ਚੋਣਾਂ ਵਿੱਚ ਜਿੱਤ ਨੇ ਸਾਫ ਕਰ ਦਿੱਤੀਆਂ ਹਨ।

ਪਹਿਲੀ ਇਹ ਕਿ ਦੇਸ਼ ਦਾ ਆਮ ਆਦਮੀ ਦੇਸ਼ ਦੀਆਂ ਰਾਜਨੀਤਕ ਪਾਰਟੀਆਂ ਦੇ ਲਾਰੇ ਲੱਪਿਆਂ ਤੋਂ ਦੁੱਖੀ ਹੋ ਚੁੱਕਾ ਹੈ ਅਤੇ ਦੇਸ਼ ਦੇ ਨੇਤਾਵਾਂ ਉਸਨੂੰ ਇੰਨਾ ਕੁ ਚੂੰਡ ਕੇ ਖਾ ਲਿਆ ਹੈ ਕਿ ਉਸ ਦਾ ਭਰੋਸਾ ਇਨ੍ਹਾਂ ਨੇਤਾਵਾਂ ਤੋਂ ਜਿਵੇਂ ਖਤਮ ਹੋ ਚੁੱਕਾ ਹੈ। ਆਮ ਆਦਮੀ ਭਲਾ ਉਸ ਕਿਸਮ ਦੇ ਨੇਤਾਵਾਂ ਉਤੇ ਆਪਣੀ ਸੁਰੱਖਿਆ ਦਾ ਭਰੋਸਾ ਕਿਵੇਂ ਕਰੇ, ਜਿਹੜੇ ਖੁਦ ਆਪਣੀ ਸੁਰੱਖਿਆ ਲਈ ਆਪਣੇ ਬੋਝੇ ਵਿੱਚ ਪਿਸਤੌਲ, ਰੀਵਾਲਵਰ ਰੱਖਣ ਲਈ ਮਜ਼ਬੂਰ ਹਨ। ਮੋਦੀ ਸਰਕਾਰ ਦੇ 12 ਮੰਤਰੀ ਆਪਣੇ ਕੋਲ ਮਹਿੰਗੇ ਦੇਸੀ ਵਿਦੇਸੀ ਹਥਿਆਰ ਹਰ ਵੇਲੇ ਚੁੱਕੀ ਫਿਰਦੇ ਹਨ। ਆਪਣੀ ਸੁਰੱਖਿਆ ਦੇ ਨਾਮ ਉੱਤੇ 75 ਸੰਸਦ ਮੈਂਬਰ , ਜਿਨ੍ਹਾਂ ਵਿੱਚੋਂ 63 ਭਾਜਪਾ ਨਾਲ ਸਬੰਧਤ ਹਨ ਕੋਲ 3000 ਰੁਪਏ ਦੀ ਕੀਮਤ ਤੋਂ ਲੈਕੇ ਤਿੰਨ ਲੱਖ ਦੀ ਕੀਮਤ ਤੱਕ ਦੇ ਹਥਿਆਰ ਹਨ, ਜਿਨ੍ਹਾਂ ਵਿੱਚ ਸਾਕਸ਼ੀ ਮਹਾਰਾਜ ਅਤੇ ਯੋਗੀ ਅਦਿੱਤਾਨਾਥ ਦੇ ਨਾਮ ਵੀ ਸ਼ਾਮਲ ਹਨ। ਸੰਸਦ ਵਿੱਚ ਸਭ ਤੋਂ ਵੱਧ 12 ਹਥਿਆਰ [ਗੰਨ] ਰਾਜਵਰਧਨ ਸਿੰਘ ਰਾਠੌਰ ਕੋਲ ਹਨ ਅਤੇ ਔਰਤ ਸੰਸਦ ਪਰਤਿਊਸ਼ਾ ਰਜੇਸ਼ਵਰੀ ਕੋਲ 6 ਹਥਿਆਰ ਹਨ।

ਦੂਜੀ ਗੱਲ ਇਹ ਕਿ ਭੁੱਖ , ਨੰਗ ਦੇ ਸਤਾਏ ਆਮ ਪਰਿਵਾਰਾਂ ਦੇ ਲੋਕ, ਆਪਣੇ ਵਰਗੇ ਸਧਾਰਨ ਲੋਕਾਂ ਵਿਚੋਂ, ਰਿਵਾਇਤੀ ਨੇਤਾਵਾਂ ਦਾ ਬਦਲ ਲੱਭਣ ਲੱਗ ਪਏ ਹਨ। ਪੇਸ਼ਾਵਰ ਨੇਤਾ ਨੇਤਾਗਿਰੀ ਨੂੰ ਕਿੱਤੇ ਵਜੋ ਅਪਨਾ ਚੁੱਕੇ ਹਨ ਅਤੇ ਆਪਣੇ ਪਰਿਵਾਰ ਦੇ ਜੀਆਂ ਨੂੰ ਹੀ ਆਪਣੀ ਸਿਆਸਤ ਵਿੱਚ ਅੱਗੇ ਲਿਆਉਣਾ ਚਾਹੁੰਦੇ ਹਨ। ਤਾਂ ਕਿ ਉਨ੍ਹਾਂ ਜੋ ਕੁਝ ਸਾਲਾਂ ਬੱਧੀ ਸਿਆਸਤ'ਚ ਬੀਜਿਆ ਹੈ, ਜੋ ਕੁਝ ਲੋਕਾਂ ਲਈ ਕੀਤਾ ਹੈ ਕਥਿਤ ਸਮਾਜ ਸੇਵਾ ਦੇ ਨਾਮ ਉਤੇ , ਉਨ੍ਹਾਂ ਉਤੇ ਅਹਿਸਾਨ ਜਿਹਾ ਕਰਕੇ, ਉਸਦਾ ਮੁੱਲ ਉਠਾ ਸਕਣ। ਇੰਜ ਕਰਨ ਨਾਲ ਸਮਾਜ ਵਿੱਚ ਨੇਤਾਵਾਂ ਦਾ ਜੋ ਇੱਕ ਵਿਸ਼ੇਸ਼ ਵਰਗ ਪੈਦਾ ਹੋ ਗਿਆ ਹੈ, ਉਸ ਨੂੰ ਆਮ ਆਦਮੀ ਇੱਕ ਚੈਲਿੰਜ ਦੇਣ ਲੱਗੇ ਹਨ।

ਤੀਜੀ ਗੱਲ ਕਿ ਆਮ ਲੋਕ ਕਾਰਪੋਰੇਟ ਜਗਤ ਦੀਆਂ ਚਲਾਕੀਆਂ ਨੂੰ ਸਮਝਣ ਲੱਗ ਪਿਆ ਹੈ ਅਤੇ ਇਹ ਗੱਲ ਵੀ ਉਸਦੇ ਖਾਨੇ ਵਿੱਚ ਘਰ ਕਰ ਚੁੱਕੀ ਹੈ ਕਿ ਸਰਕਾਰੀ ਮੰਡਲੀ, ਕਾਰਪੋਰੇਟ ਜਗਤ ਅਤੇ ਦਿੱਲੀ ਜਾਂ ਦੇਸ਼ ਦੇ ਵੱਡੇ ਸ਼ਹਿਰਾਂ ਵਿੱਚ ਧੌਂਸ ਧੱਕੇ ਨਾਲ ਆਪਣਾ ਹੱਕ ਜਮ੍ਹਾ ਕੇ ਬੈਠੇ ਨੇਤਾਗਨ ਹੀ ਉਨ੍ਹਾਂ ਨੂੰ ਦੋਹੀਂ ਹੱਥੀਂ ਲੁੱਟ ਰਹੇ ਹਨ। ਅਤੇ ਦੇਸ਼ ਵਿਚਲੀ ਇਹ ਤਿੱਕੜੀ ਜਦੋ ਵੀ ' ਚਾਹੁੰਦੀ ਹੈ, ਜਿਵੇਂ ਚਾਹੁੰਦੀ ਹੈ ਦੇਸ਼ ਉਤੇ ਰਾਜ ਕਰਦੀ ਹੈ, ਖਰੀਦੇ ਹੋਏ ਮੀਡੀਆ , ਪੁਲਿਸ, ਪ੍ਰਸ਼ਾਸ਼ਨ ਰਾਹੀ, ਜੋ ਜੀਅ ਆਇਆ, ਅਤੇ ਜਿਵੇਂ ਜੀਅ ਆਇਆ ਉਸੇ ਢੰਗ ਨਾਲ ਦੇਸ਼ ਦੇ ਕਾਨੂੰਨ ਨੂੰ ਤੋੜ ਮਰੋੜਕੇ, ਆਪਣੇ ਹਿੱਤਾਂ ਲਈ ਵਰਤਣ ਦੀ ਹੈ। ਦੇਸ਼ ਦੀ ਸੰਸਦ ਉਤੇ ਕਾਬਜ਼ ਇਨ੍ਹਾਂ ਘਾਗ ਨੇਤਾਵਾਂ ਦੀ ਇਸ ਚੰਡਾਲ ਚੌਕੜੀ ਵਿਰੁੱਧ 186 ਐਮ.ਪੀਆਂ ਵਿਰੁੱਧ ਫੌਜਦਾਰੀ ਕੇਸ ਹਨ। ਜਿਨ੍ਹਾਂ ਵਿੱਚੋਂ 112 ਵਿਰੁੱਧ ਸੰਗੀਨ ਜੁਰਮਾਂ ਦੇ ਕੇਸ ਭਾਰਤੀ ਅਦਾਲਤਾਂ ਵਿੱਚ ਚੱਲਦੇ ਹਨ। ਇਨ੍ਹਾਂ ਸੰਸਦ ਮੈਂਬਰਾਂ ਵਿੱਚ 442 ਕਰੋੜ ਪਤੀ ਹਨ ਅਤੇ ਉਨ੍ਹਾਂ ਦੀ ਔਸਤ ਜਾਇਦਾਦ 14.61 ਕਰੋੜ ਹੈ।

ਚੌਥੀ ਗੱਲ ਕਿ ਆਮ ਲੋਕ ਹੁਣ ਚੰਗੇ ਬੁਰੇ ਦੀ ਪਹਿਚਾਣ ਕਰਨ ਲੱਗ ਪਏ ਹਨ। ਆਪਣੀ ਸੋਝੀ ਅਨੁਸਾਰ ਕੰਮ ਕਰਨ ਦੀ ਜਾਚ ਉਨ੍ਹਾਂ ਨੂੰ ਆਉਣ ਲੱਗ ਪਈ ਹੈ। ਉਹ ਹੁਣ ਨਾ ਅੱਖੀਂ ਦੇਖ ਮੱਖੀ ਨਿਗਲਣ ਲਈ ਤਿਆਰ ਹਨ ਅਤੇ ਨਾ ਹੀ ਕਿਸੇ ਗੰਭੀਰ ਮਸਲੇ ਨੂੰ ਸਿਰਫ "ਹਊ-ਪਰੇ" ਕਰਕੇ ਜਾਣ ਦੇਣਾ ਚਾਹੁੰਦੇ ਹਨ। ਉਹ ਤਤਕਾਲ ਸਿੱਟੇ ਕੱਢਣ ਲਈ ਅੱਗੇ ਆ ਰਹੇ ਹਨ। ਉਨ੍ਹਾਂ ਦੀ ਸਮਝ ਪਕੇਰੀ ਹੋਣ ਲੱਗੀ ਹੈ। ਉਹ ਹਾਲਤਾਂ ਨਾਲ ਸਮਝੌਤਾ ਕਰਕੇ ਆਪਣੀਆਂ ਮੁਸੀਬਤਾਂ'ਚ ਹੋਰ ਵਾਧਾ ਕਰਨ ਦੀ ਥਾਂ , ਉਨ੍ਹਾਂ ਮਸੀਬਤਾਂ, ਦੁੱਖਾਂ ਦੇ ਹੱਲ ਲਈ ਦੋ ਚਾਰ ਹੁੰਦੇ ਜਾਪਦੇ ਹਨ।

ਪੰਜਵੀ ਗੱਲ ਇਹ ਕਿ ਆਮ ਲੋਕ ਸਿਆਸੀ ਝੂਠੇ ਵਾਅਦਿਆਂ, ਲੱਛੇਦਾਰ ਬਿਆਨਾਂ ਦੀ ਵਿਜਾਏ, ਰਾਜਨੀਤਕ ਪਾਰਟੀਆਂ ਦੀ ਅਸਲ ਕਾਰਗੁਜ਼ਾਰੀ ਨੂੰ ਭਾਂਪਣ ਯੋਗ ਹੋ ਗਏ ਹਨ। ਸਿਰਫ ਅੱਠ ਨੌ ਮਹੀਨਿਆਂ ਬਾਅਦ ਹੀ ਲੋਕਾਂ ਵਲੋਂ "ਪਲਟੀ ਮਾਰਨੀ" ਕੀ ਇਸ ਗੱਲ ਦਾ ਸਬੂਤ ਨਹੀਂ ?

ਆਮ ਆਦਮੀ ਪਾਰਟੀ ਨੇ ਪਹਿਲਾਂ ਦਿੱਲੀ'ਚ ਜਿੱਤ ਪ੍ਰਾਪਤ ਕੀਤੀ, ਫਿਰ ਪੰਜਾਬ ਦੀਆਂ ਕੁਝ ਲੋਕ ਸਭਾ ਸੀਟਾਂ ਜਿੱਤੀਆਂ ਅਤੇ ਹੁਣ ਫਰਵਰੀ 2015'ਚ ਤਾਂ ਦਿਲੀ'ਚ ਹੂੰਝਾ ਫੇਰੂ ਜਿੱਤ ਪ੍ਰਾਪਤ ਕੀਤੀ। ਲੋਕਾਂ "ਆਪ" ਨੂੰ ਇਸ ਆਸ ਨਾਲ ਧੜਾ ਧੜ ਵੋਟਾਂ ਪਾਈਆਂ ਕਿ ਉਨ੍ਹਾਂ ਦੀ ਬਿਜਲੀ, ਪਾਣੀ, ਔਰਤ ਸੁਰੱਖਿਆ, ਵਿਦਿਅਕ ਸੰਸਥਾਵਾਂ ਦੀ ਘਾਟ ਨੂੰ ਪੂਰਾ ਕੀਤਾ ਜਾਵੇਗਾ। ਝੁੱਗੀਆਂ ਝੌਂਪੜੀਆਂ ਦੇ ਵਧਦੇ ਪਸਾਰ ਨੂੰ ਰੋਕ ਕੇ ਰਿਹਾਇਸ਼ੀ ਕਾਲੋਨੀਆਂ ਦਾ ਨਿਰਮਾਣ ਹੋਏਗਾ ਅਤੇ ਗੈਰ ਮਨਜ਼ੂਰ ਸ਼ੁਦਾ ਕਾਲੋਨੀਆਂ ਦੀ ਸਮੱਸਿਆ ਦਾ ਯੋਗ ਸਮਾਧਾਨ ਹੋਏਗਾ।

ਥੋੜੇ ਚਿਰ ਤੋਂ ਭਾਰਤ ਦੇ ਨਕਸ਼ੇ ਤੇ ਬਹੁਤ ਹੀ ਤੇਜ਼ੀ ਨਾਲ ਉੱਭਰ ਰਹੀ ਹੈ "ਆਪ"। ਮਹਾਤਮਾ ਗਾਂਧੀ ਦੇ ਸਵਾਰਾਜ ਨੂੰ ਅਪਨਾਉਣ, ਤਾਕਤਾਂ ਦੇ ਵਿਕੇਂਦਰੀ ਕਰਨ ਅਤੇ ਸਥਾਨਕ ਪੱਧਰ ਉਤੇ ਲੋਕਾਂ ਦੀਆਂ ਸਮੱਸਿਆਵਾਂ ਹੱਲ ਕਰਨ ਦੇ ਉਪਰਾਲੇ ਨੂੰ ਤਰਜ਼ੀਹ ਦੇਣ ਦਾ ਟੀਚਾ ਮਿਥਿਆ ਹੈ ਆਪ ਨੇ। ਬਿਜਲੀ , ਪਾਣੀ, ਰੋਟੀ, ਰਿਹਾਇਸ਼, ਕਪੜਾ, ਚੰਗਾ ਸਾਸ਼ਨ, ਦੇਣ ਦਾ ਬੀੜਾ ਚੁੱਕਿਆ ਹੈ ਆਮ ਆਦਮੀ ਪਾਰਟੀ ਦੇ ਨੇਤਾਵਾਂ ਨੇ। ਇੱਕ ਮਾਡਲ ਵਜੋਂ ਦੇਸ਼ ਦੀ ਰਾਜਧਾਨੀ ਦਿੱਲੀ ਨੂੰ ਚੁਣਕੇ ਚੰਗਾ ਸ਼ਾਸ਼ਨ ਦੇਣ ਦਾ ਆਪ ਨੇਤਾਵਾਂ ਦਾ ਯਤਨ ਲੋਕਾਂ ਵਿੱਚ ਉਨ੍ਹਾਂ ਦੀਆਂ ਜੜ੍ਹਾਂ ਡੂੰਘੀਆਂ ਕਰੇਗਾ।ਜੇਕਰ "ਆਪ" ਭਾਰਤੀ ਜਨਤਾ ਦੀਆਂ ਮੁੱਖ ਮੁਸੀਬਤਾਂ ਚੋਰ ਬਜ਼ਾਰੀ, ਮਿਲਾਵਟਖੋਰੀ, ਬੇ-ਰੁਜ਼ਗਾਰੀ, ਭੁੱਖ-ਮਰੀ, ਨਸ਼ਾਖੋਰੀ, ਭਾਈ ਭਤੀਜਾਵਾਦ ਆਦਿ ਨੂੰ ਹੱਲ ਕਰਨ ਵੱਲ ਇੱਕ ਕਦਮ ਵੀ ਅੱਗੇ ਵੱਧੇਗੀ, ਲੋਕ ਚਾਰ ਕਦਮ ਹੋਰ ਅੱਗੇ ਵਧਕੇ ਉਸ ਦਾ ਸਵਾਗਤ ਕਰਨਗੇ, ਪਰ ਜੇਕਰ ਥੋੜ੍ਹੇ ਸਮੇਂ'ਚ "ਆਪ" ਵੱਡੇ ਨਤੀਜੇ ਨਾ ਦੇ ਸਕੀ ਤਾਂ ਲੋਕ ਹੋਰ ਨਿਰਾਸ਼, ਹੋਰ ਉਪਰਾਮ ਹੋਣਗੇ।

ਆਮ ਆਦਮੀ ਪਾਰਟੀ ਦਾ, ਇਸ ਸਮੇਂ ਮੌਜੂਦ ਪਾਰਟੀ ਕਾਡਰ ਉਤਨਾ ਗੁੰਦਵਾਂ ਨਹੀਂ ਹੈ, ਜਿਹਾ ਜਿਹਾ ਖੱਬੇ ਪੱਖੀ ਪਾਰਟੀਆਂ ਅਤੇ ਭਾਜਪਾ ਦਾ ਹੈ। "ਆਪ" ਦੇ ਹਿਮਾਇਤੀ ਮੁੱਖ ਤੌਰ ਤੇ ਨੌਜਵਾਨ ਹਨ, ਜਿਹੜੇ ਮਨ'ਚ ਇੱਕ ਆਦਰਸ਼ ਪਾਲ ਕੇ "ਆਪ" ਦਾ ਸਮਰਥਨ ਕਰਨ ਲਈ ਅੱਗੇ ਆਏ ਹਨ ਕਿ ਉਨ੍ਹਾਂ ਦੀ ਮੁੱਖ ਸਮੱਸਿਆ ਬੇਰੁਜ਼ਗਾਰੀ ਦਾ ਹੱਲ ਆਮ ਆਦਮੀ ਪਾਰਟੀ ਕਰੇਗੀ। ਸਧਾਰਨ ਗਰੀਬ ਵਰਗ ਦੇ ਲੋਕ ਇਸ ਕਰਕੇ "ਆਪ" ਦੇ ਨਾਲ ਖੜੇ ਹੋਏ ਹਨ ਕਿ ਉਨਾਂ ਦੇ ਜੀਵਨ ਦੀਆਂ ਲੋੜਾਂ ਪੂਰੀਆਂ ਕਰਨ ਅਤੇ ਜੀਵਨ ਸੁਰੱਖਿਆ ਦੇਣ ਲਈ "ਆਪ" ਉਨ੍ਹਾਂ ਲਈ ਚਾਨਣ ਮੁਨਾਰਾ ਬਣੇਗੀ।

"ਆਪ" ਨਾਲ ਲੋਕਾਂ ਦੀ ਬਣੀ ਹੋਈ ਸਾਂਝ ਹਾਲ ਦੀ ਘੜੀ ਤੱਕ ਜ਼ਜ਼ਬਾਤੀ ਹੈ। ਇਸਦੇ ਨੇਤਾ, ਭਾਰਤ ਦੇ ਉਨ੍ਹਾਂ ਨੇਤਾਵਾਂ ਵਰਗੇ ਨਹੀਂ ਬਨਣਗੇ, ਕੁਰਸੀ ਨਾਲ ਚਿਪਕਣ ਵਾਲੇ, ਇਸਦੀ ਆਸ ਕਰਕੇ ਹੀ ਲੋਕਾਂ ਖਾਸ ਕਰਕੇ ਦਿੱਲੀ ਦੇ ਲੋਕਾਂ "ਆਪ" ਨੂੰ ਦਿਲ ਨਾਲ ਲਗਾਇਆ ਹੈ। ਸ਼ਾਇਦ ਭਾਰਤੀ ਗਣਤੰਤਰ ਦੀਆਂ ਚੋਣਾਂ'ਚ ਪਹਿਲੀ ਵਾਰੀ ਹੈ ਕਿ ਦੇਸ਼ ਦੀ ਰਾਜਧਾਨੀ ਦਿੱਲੀ ਵਰਗੀ ਵਿਧਾਨ ਸਭਾ ਪਾਰਟੀ'ਚ ,ਕੋਈ ਬਿਲਕੁਲ ਨਵੀਂ ਪਾਰਟੀ 70 ਸੀਟਾਂ ਵਿੱਚੋਂ 67 ਸੀਟਾਂ ਲੈ ਗਈ ਹੋਵੇ ਅਤੇ ਕੁਲ ਵੋਟਾਂ ਵਿਚੋਂ ਜਿਸਨੇ 53.4% ਵੋਟਾਂ ਵੀ ਪ੍ਰਾਪਤ ਕੀਤੀਆ ਹੋਣ। ਦੇਸ਼ ਦੀ ਰਾਜਧਾਨੀ ਦਿਲੀ ਜਿਹੇ ਹਾਲਾਤ ਹਾਲੇ ਦੇਸ਼ ਦੇ ਬਾਕੀ ਸੂਬਿਆਂ, ਵੱਡੇ ਸ਼ਹਿਰਾਂ ਵਿੱਚ ਬਨਣ ਲਈ ਲੰਮਾ ਸਮਾਂ ਲੱਗੇਗਾ। ਭਾਵੇਂ ਕਿ ਪੰਜਾਬ ਵਰਗੇ ਸੂਬੇ'ਚ ਲੋਕ ਸਭਾ ਚੋਣਾਂ'ਚ 13 ਸੀਟਾਂ ਵਿੱਚੋਂ 4 ਲੋਕ ਸਭਾ ਸੀਟਾਂ "ਆਪ" ਨੂੰ ਜਿਤਾਕੇ ਜਿੱਥੇ ਪੰਜਾਬੀਆਂ ਆਪਣੇ ਜਾਗਰਤ ਹੋਣ ਅਤੇ "ਇੱਕੋ ਪਰਿਵਾਰ ਦੇ ਰਾਜ" ਨੂੰ ਅਪ੍ਰਵਾਨ ਕਰਨ ਦਾ ਵੱਡਾ ਸਬੂਤ ਦਿਤਾ। ਪਰ ਇਹ ਸਭ ਕੁਝ ਦੇਸ਼ ਦੇ ਹੋਰ ਰਾਜਾਂ ਜਿਥੋਂ "ਆਪ" ਨੇ 300 ਤੋਂ ਵੱਧ ਲੋਕ ਸਭਾ ਸੀਟਾਂ ਉਤੇ ਚੋਣ ਲੜੀ, ਉਥੇ ਸੰਭਵ ਨਹੀਂ ਹੋ ਸਕਿਆ।

ਆਮ ਆਦਮੀ ਪਾਰਟੀ ਲਗਾਤਾਰ ਲੋਕਾਂ'ਚ ਆਪਣਾ ਅਧਾਰ ਬਨਾਉਣ ਲਈ ਅੱਗੇ ਵੱਧ ਰਹੀ ਹੈ। ਵੱਖੋ ਵੱਖਰੇ ਵਰਗਾਂ ਦੇ ਲੋਕ, ਉਸ ਵੱਲ ਖਿੱਚ ਤੁਰੇ ਆਉਣਗੇ। ਪਰ ਕੁਝ ਉਹ ਖੁਦਗਰਜ਼ ਲੋਕ ਵੀ "ਆਪ" ਦੇ ਵਿਹੜੇ ਦਾ ਸ਼ਿੰਗਾਰ ਬਨਣ ਲਈ ਤਰਲੋ ਮੱਛੀ ਹੋਣਗੇ, ਜਿਹੜੇ ਬਾਕੀ ਪਾਰਟੀਆਂ'ਚ ਆਪਣੇ ਆਧਾਰ ਨਹੀਂ ਬਣਾ ਸਕੇ, ਚੌਧਰ ਨਹੀਂ ਚਮਕਾ ਸਕੇ। ਕੀ ਪਾਰਟੀ ਇਹੋ ਜਿਹੇ ਲੋਕਾਂ ਨੂੰ ਆਪਣੇ ਗਲੇ ਲਗਾ ਲਵੇਗੀ ? ਕੀ ਇਹੋ ਜਿਹੇ ਨੇਤਾਵਾਂ ਨੂੰ ਅਪਨਾ ਲਵੇਗੀ ਜੋ ਦੂਜਿਆਂ ਨੂੰ ਨੀਵਾਂ ਵਿਖਾਕੇ ਆਪ ਉਪਰ ਉਠਣਾ ਚਾਹੁੰਦੇ ਹਨ ਤੇ ਜਿਨ੍ਹਾਂ ਨੂੰ ਦੂਜੇ ਲੋਕਾਂ ਦੀ ਰਤਾ ਵੀ ਪ੍ਰਵਾਹ ਨਹੀਂ ਹੁੰਦੀ। ਆਮ ਆਦਮੀ ਪਾਰਟੀ ਦਾ ਇਕੋ ਇੱਕ ਸੁਪਨਾ ਗਾਂਧੀ ਜੀ ਦੇ ਸਵਾਰਾਜ ਦੀ ਪ੍ਰਾਪਤੀ ਦਾ ਹੈ। ਗਾਂਧੀ ਜੀ ਅਨੁਸਾਰ ਸਵਾਰਾਜ ਦਾ ਅਰਥ "ਆਪਣੇ" ਹੱਥੀਂ ਆਪੇ ਆਪਣੇ ਹੀ ਕਾਜ ਸੁਆਰੀਏ" ਹੈ। ਜਿੱਥੇ ਸਮਾਜ'ਚ ਰਹਿਣ ਵਾਲੇ ਹਰ ਜੀਅ ਦਾ ਆਦਰ ਸਤਿਕਾਰ ਹੋਵੇ, ਬਰਾਬਰ ਦੇ ਹੱਕ ਹੋਣ, ਪਰ ਨਾਲ ਦੀ ਨਾਲ ਹਰੇਕ ਦੀ ਜ਼ਿੰਮੇਵਾਰੀ ਵੀ ਨਿਰਧਾਰਤ ਹੋਵੇ। ਲੋਕ ਆਪ ਹੀ ਆਪਣੇ ਉਤੇ ਰਾਜ ਕਰਨ। ਮਹਾਤਮਾ ਗਾਂਧੀ ਦੇ ਪੈਰੋਕਾਰਾਂ ਅਤੇ ਕਾਂਗਰਸ ਪਾਰਟੀ ਵਲੋਂ ਸਵਾਰਾਜ ਦੇ ਸੁਪਨੇ ਨੂੰ ਪ੍ਰਵਾਨ ਤਾਂ ਕੀਤਾ ਪਰ ਦੇਸ਼ ਵਿੱਚ ਲਾਗੂ ਨਾ ਕੀਤਾ। ਸਮੇਂ ਸਮੇਂ ਸਵਾਰਾਜ ਦੀ ਪ੍ਰਾਪਤੀ ਲਈ ਦੇਸ਼ ਵਿੱਚ ਅੰਦੋਲਨ ਚੱਲੇ, ਜੈ ਪ੍ਰਕਾਸ਼ ਨਰਾਇਣ ਜਿਹੇ ਨੇਤਾਵਾਂ ਇਸ ਦੀ ਪ੍ਰਾਪਤੀ ਲਈ ਵੀ ਅੰਦੋਲਨ ਵਿਢਿਆ, ਪਰ ਦੇਸ਼'ਚ ਫੈਲੇ ਭ੍ਰਿਸ਼ਟਾਚਾਰੀ, ਪਰਿਵਾਰਵਾਦ'ਚ ਗ੍ਰੱਸੇ ਨੇਤਾਵਾਂ ਦੀਆਂ ਆਪਹੁੱਦਰੀਆਂ ਤੇ ਲੁੱਟ ਖੋਹਾਂ, ਘਪਲਿਆਂ, ਘੁਟਾਲਿਆਂ ਅਤੇ ਹਰ ਹਾਲ ਗੱਦੀ ਉਤੇ ਕਬਜ਼ੇ ਦੀ ਲਾਲਸਾ ਨੇ ਸਵਾਰਾਜ ਦੇ ਸੁਪਨੇ ਨੂੰ ਜਿਵੇਂ ਤਹਿਸ਼ ਨਹਿਸ਼ ਕਰ ਦਿਤਾ।

"ਆਪ" ਨੇ ਵੀ ਗਾਂਧੀ ਜੀ ਦੇ ਸੁਪਨੇ ਨੂੰ ਹੀ ਆਪਣੀ ਰਾਜਨੀਤੀ ਦਾ ਅਧਾਰ ਬਣਾਇਆ ਹੈ। ਆਪ ਦੇ ਦ੍ਰਿੜ ਸੰਕਲਪੀ ਧੁੰਨ ਦੇ ਪੱਕੇ ਨੇਤਾ ਕੇਜ਼ਰੀਵਾਲ ਨੇ ਸਵਾਰਾਜ ਲਾਗੂ ਕਰਨ ਦਾ ਬੀੜਾ ਚੁੱਕਿਆ ਹੈ। ਲੋਕਾਂ ਨੇ ਉਸਦਾ ਸਾਥ ਦੇਣ'ਚ ਰਤਾ ਭਰ ਵੀ ਦੇਰੀ ਨਹੀਂ ਕੀਤੀ। ਆਪ ਦੇ ਸਾਹਮਣੇ ਅੱਜ ਪਰਖ ਦੀ ਘੜੀ ਹੈ, ਤਾਕਤ ਨੂੰ ਲੋਕਾਂ ਦੀ ਸੋਚ ਅਨੁਸਾਰ ਵਰਤਣ ਦਾ ਸਮਾਂ ਹੈ। ਕਿਉਂਕਿ ਲੋਕਾਂ ਦੀਆਂ ਸਮੱਸਿਆਵਾਂ ਵੱਡੀਆਂ ਅਤੇ ਗੁੰਝਲਦਾਰ ਹਨ ਅਤੇ ਇਨ੍ਹਾਂ ਨੂੰ ਹੱਲ ਕਰਨ ਵਾਲੇ "ਆਪ" ਦੇ ਨੇਤਾ ਸ਼ਾਇਦ ਉਤਨੇ ਤਜ਼ਰਬੇਦਾਰ ਨਹੀਂ। ਉਂਜ ਵੀ ਲੋਕ ਹਿਤੂ ਫੈਸਲਿਆਂ ਨੂੰ ਲਾਗੂ ਕਰਨ ਵਾਲੀ ਭਾਰਤੀ ਨੌਕਰਸ਼ਾਹੀ, ਬਾਬੂ ਸ਼ਾਹੀ ਅਤੇ ਭ੍ਰਿਸ਼ਟ ਰਾਜਨੀਤਕ ਪ੍ਰਬੰਧ , ਹਰ ਹਾਲ "ਆਪ" ਲਈ ਵੱਡੀ ਚਣੌਤੀ ਬਣਕੇ ਖੜਿਆ ਨਜ਼ਰ ਆਉਂਦਾ ਹੈ।



INSURANCE!
Save up to 51%
• Auto • Home
• Business
Get the best rates with us!
FIVE STAR INSURANCE BROKERS LIMITED
We work with 15 major insurance companies& can get you the best prices guaranteed!
www.fivestarinsurance.ca
*With qualified discounts
Call: Harman Pandher
905.459.0555
270 Orenda Rd., Unit # 200 Brampton, ON L6T 4X6